

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

ਬੌਬੀ ਸਿੰਘ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419

WorldWide Travel, Inc




ਦਿੱਲੀ $895
ਟੈਕਸ ਸਮੇਤ

734 838 9998

Fare shown above is for departure from Jan 15th, 2020 and subject to availability, other conditions apply. Please call for more details

Income Tax & Accounting Services
Business/Personal Taxes
Corporate Accounts Welcome
ਬਹੁਤ ਹੀ ਘੱਟ ਰੇਟ 'ਤੇ ਵਧੀਆ ਸਰਵਿਸ



Karuna Sharma
CPA

IRS e-file

Insurance Services
*Home *Auto *Business

Ph: 718-301-9083
114-11 101 Ave., Richmond Hill, NY 11419



Twenty First Year of Publication ਨਿਊ ਯਾਰਕ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 21, Issue 18, May 2, 2020 20451 N. Plum Grove Rd., Palatine, IL 60074 Ph:847-359-0746, Fax:847-705-9388


## ਫੰਡਾਂ ਬਾਰੇ ਸਿਆਸੀ ਧਿਰਾਂ ਦਾ ਪਿਆ ਪੇਚਾ

### ਪੰਜਾਬ ਸਰਕਾਰ ਅਤੇ ਵਿਰੋਧੀ ਧਿਰਾਂ ਆਪਸ ਵਿਚ ਖਹਿਬੜੀਆਂ

**ਚੰਡੀਗੜ੍ਹ:** ਪੰਜਾਬ ਵਿਚ ਇਕ ਪਾਸੇ ਕਰੋਨਾ ਵਾਇਰਸ ਅਤੇ ਤਾਲਾਬੰਦੀ ਦੇ ਝੰਬੇ ਲੋਕ ਮਦਦ ਲਈ ਸਰਕਾਰ ਦਾ ਰਾਹ ਤੱਕ ਰਹੇ ਹਨ, ਦੂਜੇ ਪਾਸੇ ਸੂਬੇ ਲਈ ਰਾਹਤ ਫੰਡਾਂ ਨੂੰ ਲੈ ਕੇ ਸਿਆਸੀ ਧਿਰਾਂ ਆਪਸ ਵਿਚ ਹੀ ਉਲਝੀਆਂ ਹੋਈਆਂ ਹਨ। ਵਿਰੋਧੀ ਧਿਰਾਂ ਸਵਾਲ ਕਰ ਰਹੀਆਂ ਹਨ ਕਿ ਕੇਂਦਰ ਸਰਕਾਰ ਵਲੋਂ ਮਹਾਮਾਰੀ ਦੇ ਟਾਕਰੇ ਲਈ ਭੇਜੇ ਕਰੋੜਾਂ ਰੁਪਏ ਦੇ ਰਾਹਤ ਫੰਡ ਕੈਪਟਨ ਸਰਕਾਰ ਨੇ ਕਿਹੜੇ ਪਾਸੇ ਖਰਚ ਦਿੱਤੇ? ਹਾਲਾਂਕਿ ਕੈਪਟਨ ਸਰਕਾਰ ਦਾਅਵਾ ਕਰ ਰਹੀ ਹੈ ਕਿ ਕੇਂਦਰ ਸਰਕਾਰ ਨੇ ਇਸ ਔਖੀ ਘੜੀ ਦੇ ਟਾਕਰੇ ਲਈ ਸੂਬੇ ਨੂੰ ਰਾਹਤ ਵਜੋਂ ਧੇਲਾ ਵੀ ਨਹੀਂ ਦਿੱਤਾ। ਫੰਡਾਂ ਨੂੰ ਲੈ ਕੇ ਰੌਲਾ ਇੰਨਾ ਵਧ ਗਿਆ ਹੈ ਸਰਕਾਰ ਅਤੇ ਵਿਰੋਧੀ ਧਿਰਾਂ ਨੂੰ ਮੀਡੀਆ ਸਾਹਮਣੇ ਆਪਣੇ ਵਹੀ-ਖਾਤੇ ਲੈ ਕੇ ਸਫਾਈ ਦੇਣੀ ਪੈ ਰਹੀ ਹੈ।

ਅਕਾਲੀ ਦਲ ਦਾ ਦਾਅਵਾ ਹੈ ਕਿ 3 ਅਪਰੈਲ 2020 ਨੂੰ ਕੇਂਦਰ ਸਰਕਾਰ ਵਲੋਂ 885 ਕਰੋੜ ਰੁਪਏ, ਜਿਸ ਵਿਚ 247 ਕਰੋੜ ਰੁਪਏ ਕੁਦਰਤੀ ਆਫਤ ਫੰਡ ਅਤੇ 638 ਕਰੋੜ ਰੁਪਏ 15ਵੇਂ ਫਾਈਨਾਂਸ ਕਮਿਸ਼ਨ ਵਲੋਂ ਜਾਰੀ ਹੋਏ ਹਨ। ਨੈਸ਼ਨਲ ਹੈਲਥ ਮਿਸ਼ਨ ਅਧੀਨ 113 ਕਰੋੜ ਰੁਪਏ ਕਰੋਨਾ ਬਿਮਾਰੀ ਦੇ ਟਾਕਰੇ ਲਈ ਦਿੱਤੇ ਹਨ, ਜਦਕਿ ਜੀ.ਐਸ.ਟੀ. ਦੀਆਂ ਦੋ ਕਿਸ਼ਤਾਂ ਜਿਨ੍ਹਾਂ ਦੇ 2,366 ਕਰੋੜ ਰੁਪਏ ਬਣਦੇ ਹਨ। ਇਸੇ ਤਰ੍ਹਾਂ ਮਨਰੇਗਾ ਲਈ 72 ਕਰੋੜ ਪੰਜਾਬ ਸਰਕਾਰ ਨੂੰ ਆਏ ਹਨ। ਇਹੀ ਨਹੀਂ, ਪੰਜਾਬ ਦੇ 18 ਲੱਖ ਛੋਟੇ ਕਿਸਾਨਾਂ ਲਈ ਪ੍ਰਤੀ ਮਹੀਨਾ 2 ਹਜ਼ਾਰ ਰੁਪਏ ਦੇਣ ਲਈ ਪਹਿਲੇ ਮਹੀਨੇ ਦੀ ਕਿਸ਼ਤ ਵਜੋਂ 365 ਕਰੋੜ ਰੁਪਏ ਦਿੱਤੇ ਗਏ ਹਨ, ਜਦਕਿ ਜਨ ਧਨ ਯੋਜਨਾ ਅਧੀਨ ਸੂਬੇ ਦੀਆਂ 33 ਲੱਖ ਔਰਤਾਂ ਦੇ ਖਾਤਿਆਂ 'ਚ 165 ਕਰੋੜ ਰੁਪਏ ਦੀ ਅਦਾਇਗੀ ਪਾਈ ਗਈ ਹੈ।

ਉਧਰ, ਕੈਪਟਨ ਨੇ ਦੱਸਿਆ ਹੈ ਕਿ ਕੇਂਦਰ ਨੇ ਜਿਹੜਾ 2,366 ਕਰੋੜ ਰੁਪਏ ਭੇਜਿਆ, ਉਹ ਜੀ.ਐਸ.ਟੀ. ਦੇ ਹਿੱਸੇ ਵਜੋਂ ਸੂਬੇ ਦਾ ਬਕਾਇਆ ਪੈਸਾ ਸੀ ਅਤੇ ਅਜੇ ਵੀ ਸੂਬੇ ਦਾ 4,400 ਕਰੋੜ ਰੁਪਏ ਕੇਂਦਰ ਸਰਕਾਰ ਕੋਲ ਬਕਾਇਆ ਪਿਆ ਹੈ।

ਇਸੇ ਦੌਰਾਨ ਅਕਾਲੀ ਸੰਸਦ ਮੈਂਬਰ ਤੇ ਕੇਂਦਰੀ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰੀ ਹਰਸਿਮਰਤ ਕੌਰ ਬਾਦਲ ਕੇਂਦਰ ਸਰਕਾਰ ਨੇ ਫੰਡਾਂ ਦੇ ਅੰਕੜੇ ਦੇਣ ਦੇ ਨਾਲ-ਨਾਲ ਕੈਪਟਨ ਸਰਕਾਰ ਨੂੰ ਵੀ ਅਪੀਲ ਦਿੱਤੀ ਕਿ ਸੂਬਾ ਆਫਤ ਰਾਹਤ ਫੰਡ ਤਹਿਤ ਕੇਂਦਰ ਕੋਲੋਂ ਲਏ 6 ਹਜ਼ਾਰ ਕਰੋੜ ਰੁਪਏ ਤੋਂ ਇਲਾਵਾ ਹੋਰਨਾਂ ਸਕੀਮਾਂ ਤਹਿਤ ਹਾਸਲ ਕੀਤੇ 5 ਹਜ਼ਾਰ ਕਰੋੜ ਰੁਪਏ ਦਾ ਇਸਤੇਮਾਲ ਕੋਵਿਡ-19 ਕਰਕੇ ਰੁਜ਼ਗਾਰ ਗੁਆ ਚੁੱਕੇ ਲੋਕਾਂ ਦੀ ਵਿੱਤੀ ਸਹਾਇਤਾ ਕਰਨ ਅਤੇ ਸੂਬੇ ਅੰਦਰ ਸਿਹਤ ਢਾਂਚੇ ਦੀ ਮਜ਼ਬੂਤੀ ਲਈ ਖਰਚ ਕਰੇ।

ਫੰਡਾਂ ਦੇ ਇਸ ਝਗੜੇ ਵਿਚ ਹਿੱਸੇਦਾਰ ਬਣਦੇ ਹੋਏ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਦਾਅਵਾ ਹੈ ਕਿ ਸੂਬੇ ਨੂੰ ਕੇਂਦਰ ਨੇ ਨੈਸ਼ਨਲ ਹੈਲਥ ਮਿਸ਼ਨ ਦੇ ਫੰਡਾਂ 'ਚੋਂ ਸਿਰਫ 71 ਕਰੋੜ ਰੁਪਏ ਭੇਜੇ ਹਨ। ਜਿਹੜੇ 832 ਕਰੋੜ ਦੀ ਗੱਲ ਹਰਸਿਮਰਤ ਕਰਦੇ ਹਨ, ਉਹ ਕੇਂਦਰ ਵੱਲ ਪੰਜਾਬ ਦਾ ਬਕਾਇਆ ਖੜ੍ਹਾ ਸੀ। ਇਹ ਪੰਜਾਬ ਦਾ ਹੱਕ ਸੀ। ਵਿੱਤ ਮੰਤਰੀ ਨੇ ਕਿਹਾ ਕਿ ਹਰਸਿਮਰਤ ਬਾਦਲ 1100 ਅਤੇ 1200 ਕਰੋੜ ਬਾਰੇ ਜੋ ਆਖਦੇ ਹਨ, ਇਹ ਪੰਜਾਬ ਦੀ 3 ਸਾਲਾਂ ਤੋਂ ਕੇਂਦਰ ਵੱਲ ਰੁਕੀ ਜੀ.ਐਸ.ਟੀ. ਦੀ ਬਕਾਇਆ ਰਕਮ ਸੀ।

ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਕੇਂਦਰ ਵਲੋਂ ਪੰਜਾਬ ਨੂੰ ਕਰੋਨਾ ਵਾਇਰਸ ਨਾਲ ਨਜਿੱਠਣ ਲਈ ਫੰਡਾਂ ਦੇ ਨਾਂ ਉਤੇ ਹਰਸਿਮਰਤ ਬਾਦਲ ਅਤੇ ਕੈਪਟਨ ਦੇ ਬਿਆਨ ਪੂਰੀ ਸਚਾਈ ਤੋਂ ਦੂਰ ਹਨ। ਇਨ੍ਹਾਂ ਦੋਵਾਂ ਨੂੰ ਚਾਹੀਦਾ ਹੈ ਕਿ ਅਸਲੀ ਸਥਿਤੀ ਲੋਕਾਂ ਨੂੰ ਦੱਸਣ ਤਾਂ ਜੋ ਲੋਕਾਂ 'ਚ ਹੁੰਦੀ ਬੇਲੋੜੀ ਬਹਿਸ ਬੰਦ ਹੋ ਸਕੇ। ਸਿਆਸੀ ਧਿਰਾਂ ਦੇ ਇਸ ਰੌਲੇ ਵਿਚ ਸਰਕਾਰ ਦੀ ਮਦਦ ਦੀ ਆਸ ਲਾਈ ਬੈਠੇ ਲੋਕਾਂ ਦੀਆਂ ਆਸਾਂ ਟੁੱਟੀਆਂ ਜਾਪ ਰਹੀਆਂ ਹਨ।

ਸਭ ਤੋਂ ਵੱਡਾ ਝਟਕਾ ਨੀਲੇ ਕਾਰਡਾਂ ਰਾਹੀਂ ਸਰਕਾਰ ਤੋਂ ਮਦਦ ਲੈਣ ਵਾਲੇ ਗਰੀਬ ਲੋਕਾਂ ਨੂੰ ਲੱਗਾ ਹੈ। ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਤਹਿਤ ਨੀਲੇ ਕਾਰਡ ਹੋਲਡਰਾਂ ਨੂੰ ਤਿੰਨ ਮਹੀਨੇ ਦਾ ਮੁਫਤ ਰਾਸ਼ਨ ਦਿੱਤਾ ਜਾਣਾ ਹੈ। ਪੰਜਾਬ 'ਚ ਕੇਂਦਰੀ ਅਨਾਜ ਦੀ ਕੀੜੀ ਚਾਲ ਵੰਡ ਸ਼ੁਰੂ ਹੋ ਗਈ ਹੈ। ਸਰਕਾਰ ਨੇ ਅਯੋਗ ਆਖ ਕੇ ਬਹੁਤੇ ਕਾਰਡ ਕੱਟੇ ਹਨ, ਜੋ ਹੁਣ ਕੇਂਦਰੀ ਅਨਾਜ ਤੋਂ ਵਿਰਵੇ ਹੋ ਗਏ ਹਨ।

ਕੈਪਟਨ ਸਰਕਾਰ ਨੇ ਜੁਲਾਈ 2019 ਵਿਚ ਆਟਾ-ਦਾਲ ਸਕੀਮ ਦੇ ਸਾਰੇ ਕਾਰਡ ਨਵੇਂ ਸਿਰਿਉਂ ਬਣਾਉਣ ਦੀ ਮੁਹਿੰਮ ਸ਼ੁਰੂ ਕੀਤੀ ਸੀ। ਕਾਂਗਰਸ ਦੇ ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਨੇ ਇਸ ਵਗਦੀ ਗੰਗਾ 'ਚ ਦਾਅ ਲਾ ਲਿਆ ਹੈ। ਬਹੁਤੇ ਗਰੀਬ ਪਰਿਵਾਰ ਨਵੇਂ ਸਿਰਿਉਂ ਫਾਰਮ ਭਰ ਕੇ ਨਹੀਂ ਦੇ ਸਕੇ, ਜਦੋਂ ਕਿ ਕਾਂਗਰਸ ਨੇ ਯੋਜਨਾਬੱਧ ਤਰੀਕੇ ਨਾਲ ਕਾਂਗਰਸ ਪ੍ਰਤੀ ਝੁਕਾਅ ਰੱਖਣ ਵਾਲੇ ਪਰਿਵਾਰਾਂ ਦੇ ਫਾਰਮ ਭਰੇ ਹਨ। ਗੱਠਜੋੜ ਸਰਕਾਰ ਵੇਲੇ ਅਯੋਗ ਨੀਲੇ ਕਾਰਡ ਬਣੇ ਹੋ ਸਕਦੇ ਹਨ ਪਰ ਇਸ ਨਵੀਂ ਪੜਤਾਲ ਦੌਰਾਨ ਬਹੁਤੇ ਯੋਗ ਵੀ ਰਗੜੇ ਹੇਠ ਆ ਗਏ ਹਨ।

ਵੇਰਵਿਆਂ ਅਨੁਸਾਰ ਖੁਰਾਕ ਤੇ ਸਪਲਾਈ ਵਿਭਾਗ ਪੰਜਾਬ ਤਰਫੋਂ ਜੋ ਅਪਰੈਲ ਤੋਂ ਸਤੰਬਰ 2020 ਤੱਕ ਦੀ ਨਵੀਂ ਵੰਡ ਕੀਤੀ ਗਈ ਹੈ, ਉਸ

*(ਬਾਕੀ ਸਫਾ 6 ਉਤੇ)*

## ਸਿੱਖ ਭਾਈਚਾਰੇ ਨੇ ਆਫਤ ਮਾਰਿਆਂ ਦੀ ਬਾਂਹ ਫੜੀ

**ਨਵੀਂ ਦਿੱਲੀ:** ਕਰੋਨਾ ਮਹਾਮਾਰੀ ਨੇ ਪੂਰੇ ਦੁਨੀਆਂ ਵਿਚ ਹਾਹਾਕਾਰ ਮਚਾਈ ਹੋਈ ਹੈ। ਇਸ ਔਖੀ ਘੜੀ ਵਿਚ ਵਿਸ਼ਵ ਵਸੋਂ ਦੇ ਇਕ ਵੱਡੇ ਹਿੱਸੇ ਲਈ ਭੁੱਖਮਰੀ ਵਾਲੇ ਹਾਲਤ ਬਣੇ ਹੋਏ ਹਨ। ਇਸ ਬਿਪਤਾ ਵੇਲੇ ਸਿੱਖ ਭਾਈਚਾਰਾ ਮਦਦ ਲਈ ਖੁੱਲ੍ਹ ਕੇ ਅੱਗੇ ਆਇਆ ਹੈ। ਸਿੱਖਾਂ ਦੇ ਇਸ ਉਪਰਾਲੇ ਦੀ ਪੂਰੇ ਦੁਨੀਆਂ ਵਿਚ ਵਾਹ-ਵਾਹ ਹੋ ਰਹੀ ਹੈ।




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਟਵੀਟ ਕਰਕੇ ਸਿੱਖਾਂ ਦੀ ਲੰਗਰ ਛਕਾਉਣ ਦੀ ਮੁਹਿੰਮ ਦੀ ਤਰੀਫ ਕੀਤੀ ਹੈ। ਇਹੀ ਨਹੀਂ, ਦਿੱਲੀ ਪੁਲਿਸ ਸਿੱਖਾਂ ਵੱਲੋਂ ਮਨੁੱਖਤਾ ਦੀ ਸੇਵਾ ਲਈ ਕੀਤੇ ਉਪਰਾਲਿਆਂ ਤੋਂ ਇੰਨੀ ਪ੍ਰਭਾਵਿਤ ਹੋਈ ਕਿ ਪੂਰੀ ਰਾਜਧਾਨੀ ਵਿਚ ਸਿੱਖ ਭਾਈਚਾਰੇ ਦਾ ਵਿਲੱਖਣ ਤਰੀਕੇ ਨਾਲ ਧੰਨਵਾਦ ਕੀਤਾ ਗਿਆ। ਦਿੱਲੀ ਪੁਲਿਸ ਦੇ ਸੀਨੀਅਰ ਅਫਸਰਾਂ ਦੀ ਅਗਵਾਈ 'ਚ ਪੁਲਿਸ ਦੀਆਂ ਜਿਪਸੀਆਂ, ਕਾਰਾਂ ਤੇ ਮੋਟਰਸਾਈਕਲਾਂ ਰਾਹੀਂ ਇਤਿਹਾਸਕ ਗੁਰਦੁਆਰਾ ਬੰਗਲਾ ਸਾਹਿਬ ਦੀ ਪਰਿਕਰਮਾ ਕੀਤੀ ਅਤੇ ਇਸ ਦੌਰਾਨ ਪੁਲਿਸ ਦੀਆਂ ਗੱਡੀਆਂ 'ਤੇ ਲੱਗੇ ਸਾਇਰਨ ਵੀ ਲਗਾਤਾਰ ਵੱਜਦੇ ਰਹੇ। ਇਸ ਪਰਿਕਰਮਾ ਦਾ ਮਕਸਦ, ਕਰੋਨਾ ਵਰਗੀ ਮੁਸੀਬਤ ਦੌਰਾਨ ਲੰਗਰ ਅਤੇ ਹੋਰਨਾਂ ਵਸੀਲਿਆਂ ਰਾਹੀਂ ਕੀਤੀ ਜਾ ਰਹੀ ਮਨੁੱਖਤਾ ਦੀ ਸੇਵਾ ਦੇ ਮੱਦੇਨਜ਼ਰ ਦਿੱਲੀ ਕਮੇਟੀ ਅਤੇ ਸਿੱਖ ਭਾਈਚਾਰੇ ਦਾ ਧੰਨਵਾਦ ਕਰਨਾ ਸੀ।

ਡੀ.ਸੀ.ਪੀ. ਸਿੰਗਲ ਦਾ ਕਹਿਣਾ ਸੀ ਕਿ ਕੈਲੀਫੋਰਨੀਆ 'ਚ ਵੀ ਪੁਲਿਸ ਵਲੋਂ ਅਜਿਹੇ ਤਰੀਕੇ ਨਾਲ ਹੌਸਲਾ ਅਫਜਾਈ ਕੀਤੀ ਗਈ ਸੀ, ਜਿਸ ਤੋਂ ਪ੍ਰੇਰਿਤ ਹੋ ਕੇ ਹੁਣ ਦਿੱਲੀ ਪੁਲਿਸ ਵਲੋਂ ਸਿੱਖ ਭਾਈਚਾਰੇ ਦਾ ਧੰਨਵਾਦ ਕੀਤਾ ਗਿਆ

*(ਬਾਕੀ ਸਫਾ 6 ਉਤੇ)*


Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832

ਅਨੁਭਵੀ ਕੁੱਕ ਦੀ ਲੋੜ ਹੈ

ਨਿਆਗਰਾ ਫਾਲਜ਼, ਨਿਊ ਯਾਰਕ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਕੁੱਕ ਦੀ ਲੋੜ ਹੈ, ਜੋ ਕੁਕਿੰਗ ਅਤੇ ਤੰਦੂਰ ਦਾ ਕੰਮ ਜਾਣਦਾ ਹੋਵੇ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ

ਫੋਨ: 716-297-2100

10-13

Ad Space Available
Please call
Ph: 847-359-0746

# ਮੌਨਸੂਨ ਦੌਰਾਨ ਕਰੋਨਾ ਵਾਇਰਸ ਦਾ ਖਤਰਾ ਹੋਰ ਵਧਣ ਦਾ ਖਦਸ਼ਾ

**ਨਵੀਂ ਦਿੱਲੀ:** ਦੇਸ਼ ਵਿਚ ਲੌਕਡਾਊਨ ਖਤਮ ਹੋਣ ਤੋਂ ਕੁਝ ਹਫਤਿਆਂ ਬਾਅਦ ਕੋਵਿਡ-19 ਮਾਮਲਿਆਂ ਦੀ ਰਫਤਾਰ ਘੱਟ ਹੋ ਸਕਦੀ ਹੈ ਜਾਂ ਕੁਝ ਹਫਤਿਆਂ ਦੇ ਅੰਦਰ ਇਸ ਨਾਲ ਸਬੰਧ ਕੇਸਾਂ ਵਿਚ ਕਮੀ ਆ ਸਕਦੀ ਹੈ ਪਰ ਜੁਲਾਈ ਦੇ ਅਖੀਰ ਜਾ ਅਗਸਤ ਵਿਚ ਭਾਰਤ ਵਿਚ ਇਸ ਦਾ ਦੂਜਾ ਦੌਰ ਸਾਹਮਣੇ ਆ ਸਕਦਾ ਹੈ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਮੌਨਸੂਨ ਦੌਰਾਨ ਵਾਇਰਸ ਦੇ ਮਾਮਲਿਆਂ ਦੀ ਗਿਣਤੀ ਵਧ ਸਕਦੀ ਹੈ। ਉਨ੍ਹਾਂ ਕਿਹਾ ਕਿ ਵਾਇਰਸ ਦੇ ਕੇਸਾਂ ਦਾ ਸਿਖਰ ਉਤੇ ਪੁੱਜਣਾ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਭਾਰਤ ਸਮਾਜਿਕ ਦੂਰੀ ਨੂੰ ਕਿਵੇਂ ਬਰਕਰਾਰ ਰੱਖਦਾ ਹੈ ਤੇ ਪਾਬੰਦੀਆਂ ਵਿਚ ਢਿੱਲ ਦੇਣ ਬਾਅਦ ਵਾਇਰਸ ਫੈਲਣ ਦੀ ਰਫਤਾਰ ਕਿੰਨੀ ਰਹਿੰਦੀ ਹੈ।

ਸ਼ਿਵ ਨਾਦਰ ਯੂਨੀਵਰਸਿਟੀ ਦੇ ਗਣਿਤ ਵਿਭਾਗ ਦੇ ਪ੍ਰੋਫੈਸਰ ਸਮਿਤ ਭੱਟਾਚਾਰੀਆ ਨੇ ਕਿਹਾ, "ਸਪਸ਼ਟ ਤੌਰ 'ਤੇ ਦਿਖ ਰਿਹਾ ਹੈ ਕਿ ਨਵੇਂ ਮਾਮਲੇ ਘੱਟ ਗਏ ਹਨ ਤੇ ਹੌਲੀ ਹੌਲੀ ਗਰਾਫ ਹੇਠਾਂ ਆ ਰਿਹਾ ਹੈ।" ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਕਰੋਨਾ ਵਾਇਰਸ ਮਾਮਲਿਆਂ ਵਿਚ ਵਾਧਾ ਨਜ਼ਰ ਆ ਸਕਦਾ ਹੈ ਤੇ ਇਸ ਨੂੰ ਦੂਜਾ ਗੇੜ ਮੰਨਿਆ ਜਾਵੇਗਾ। ਇਹ ਗੇੜ ਜੁਲਾਈ ਦੇ ਅਖੀਰ ਜਾਂ ਅਗਸਤ ਵਿਚ ਮੌਨਸੂਨ ਦੌਰਾਨ ਨਜ਼ਰ ਆ ਸਕਦਾ ਹੈ। ਬੰਗਲੌਰ ਵਿਚ ਭਾਰਤੀ ਵਿਗਿਆਨ ਸੰਸਥਾਨ (ਆਈ.ਆਈ.ਐਸੀ.) ਦੇ ਪ੍ਰੋਫੈਸਰ ਰਾਜੇਸ਼ ਸੁੰਦਰਸੇਨ ਨੇ ਵੀ ਇਸ ਗੱਲ ਨਾਲ ਸਹਿਮਤੀ ਪ੍ਰਗਟਾਈ ਹੈ।

## ਤਾਪਮਾਨ ਦੇ ਵਾਧੇ ਨਾਲ ਰੁਕੇਗਾ ਕਰੋਨਾ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਦੇ ਇਕ ਸਿਹਤ ਅਧਿਕਾਰੀ ਨੇ ਦਾਅਵਾ ਕੀਤਾ ਹੈ ਕਿ ਸੂਰਜ ਦੀ ਰੌਸ਼ਨੀ, ਗਰਮੀ ਤੇ ਹੁੰਮਸ ਵਲੋਂ ਮਿਲ ਕੇ ਸਿਰਜੇ ਮੌਸਮੀ ਹਾਲਾਤ ਵਿਚ ਕਰੋਨਾ ਵਾਇਰਸ ਦੇ ਫੈਲਾਅ ਨੂੰ ਠੱਲ੍ਹ ਪੈ ਸਕਦੀ ਹੈ। ਅਮਰੀਕਾ ਦੇ ਹੋਮਲੈਂਡ ਸਕਿਊਰਿਟੀ ਵਿਭਾਗ ਦੇ ਸਾਇੰਸ ਤੇ ਟੈਕਨਾਲੋਜੀ ਡਾਇਰੈਕਟੋਰੇਟ ਵੱਲੋਂ ਕੀਤੇ ਵਿਗਿਆਨਕ ਅਧਿਐਨ ਦੀਆਂ ਲੱਭਤਾਂ, ਜਿਨ੍ਹਾਂ ਦਾ ਵ੍ਹਾਈਟ ਹਾਊਸ ਵਿਚ ਕੀਤੀ ਨਿਯਮਤ ਪ੍ਰੈੱਸ ਕਾਨਫਰੰਸ ਮੌਕੇ ਐਲਾਨ ਕੀਤਾ ਗਿਆ, ਭਾਰਤ ਵਿਚ ਕੋਵਿਡ-19 ਖਿਲਾਫ ਵਿੱਢੀ ਲੜਾਈ ਲਈ ਚੰਗੀ ਖਬਰ ਹੋ ਸਕਦੀ ਹੈ।

# ਕਰੋਨਾ ਦੀ ਦਵਾਈ ਲਈ ਅਜੇ ਉਡੀਕਣਾ ਪਵੇਗਾ

**ਨਵੀਂ ਦਿੱਲੀ:** ਜੇਕਰ ਮਨੁੱਖ ਉਤੇ ਕੀਤੇ ਗਏ ਪ੍ਰੀਖਣ ਸਫਲ ਰਹੇ ਤਾਂ ਅਕਤੂਬਰ ਤੱਕ ਕਰੋਨਾ ਵਾਇਰਸ ਦੀ ਵੈਕਸੀਨ ਬਾਜ਼ਾਰ ਵਿਚ ਆ ਸਕਦੀ ਹੈ। ਸਿਰਮ ਇੰਸਟੀਚਿਊਟ ਆਫ ਇੰਡੀਆ ਨੇ ਕਿਹਾ ਕਿ ਉਹ ਕਰੋਨਾ ਵਾਇਰਸ ਦੀ ਔਕਸਫੋਰਡ ਯੂਨੀਵਰਸਿਟੀ ਵੱਲੋਂ ਅਗਲੇ ਤਿੰਨ ਹਫਤਿਆਂ ਵਿਚ ਬਣਾਈ ਜਾਣ ਵਾਲੀ ਵੈਕਸੀਨ ਨੂੰ ਤਿਆਰ ਕਰਨ ਦੀ ਯੋਜਨਾ ਬਣਾ ਰਹੀ ਹੈ।

ਵੈਕਸੀਨ ਤਿਆਰ ਕਰਨ ਲਈ ਸੱਤ ਆਲਮੀ ਸੰਸਥਾਵਾਂ ਜੁਟੀਆਂ ਹੋਈਆਂ ਹਨ ਅਤੇ ਪੁਣੇ ਆਧਾਰਿਤ ਕੰਪਨੀ ਔਕਸਫੋਰਡ ਯੂਨੀਵਰਸਿਟੀ ਨਾਲ ਭਾਈਵਾਲੀ ਕਰਨ ਵਾਲਿਆਂ ਵਿਚੋਂ ਇਕ ਹੈ। ਸਿਰਮ ਇੰਸਟੀਚਿਊਟ ਦੇ ਸੀ.ਈ.ਓ. ਅਦਾਰ ਪੂਨਾਵਾਲਾ ਨੇ ਕਿਹਾ, "ਸਾਡੀ ਟੀਮ ਔਕਸਫੋਰਡ ਯੂਨੀਵਰਸਿਟੀ ਦੇ ਡਾਕਟਰ ਹਿੱਲ ਨਾਲ ਕੰਮ ਕਰ ਰਹੀ ਹੈ ਅਤੇ ਸਾਨੂੰ ਆਸ ਹੈ ਕਿ 2-3 ਹਫਤਿਆਂ ਵਿਚ ਵੈਕਸੀਨ ਬਣਨੀ ਸ਼ੁਰੂ ਹੋ ਜਾਵੇਗੀ। ਪਹਿਲੇ ਛੇ ਮਹੀਨੇ 50 ਲੱਖ ਖੁਰਾਕ ਹਰ ਮਹੀਨੇ ਤਿਆਰ ਕੀਤੀ ਜਾਵੇਗੀ। ਇਸ ਮਗਰੋਂ ਸਾਨੂੰ ਹਰ ਮਹੀਨੇ ਉਤਪਾਦਨ ਵਧ ਕੇ ਇਕ ਕਰੋੜ ਖੁਰਾਕ ਹੋਣ ਦੀ ਆਸ ਹੈ।"




ਉਨ੍ਹਾਂ ਕਿਹਾ ਕਿ ਇੰਸਟੀਚਿਊਟ ਨੇ ਪਹਿਲਾਂ ਔਕਸਫੋਰਡ ਯੂਨੀਵਰਸਿਟੀ ਦੇ ਵਿਗਿਆਨੀਆਂ ਨਾਲ ਮਿਲ ਕੇ ਮਲੇਰੀਆ ਦੀ ਦਵਾਈ ਦੇ ਪ੍ਰੋਜੈਕਟ ਉਤੇ ਕੰਮ ਕੀਤਾ ਸੀ ਅਤੇ ਆਖਿਆ ਜਾ ਸਕਦਾ ਹੈ ਕਿ ਉਹ ਬਿਹਤਰੀਨ ਵਿਗਿਆਨੀਆਂ ਵਿਚੋਂ ਇਕ ਹਨ। ਪੂਨਾਵਾਲਾ ਨੇ ਆਸ ਜਤਾਈ ਕਿ ਪ੍ਰੀਖਣ ਸਫਲ ਰਹਿਣ 'ਤੇ ਕਰੋਨਾ ਵਾਇਰਸ ਦੀ ਵੈਕਸੀਨ ਸਤੰਬਰ-ਅਕਤੂਬਰ ਤੱਕ ਬਾਜ਼ਾਰ 'ਚ ਆ ਜਾਵੇਗੀ। ਉਨ੍ਹਾਂ ਕਿਹਾ ਕਿ ਭਾਰਤ ਵਿਚ ਪ੍ਰੀਖਣ ਅਗਲੇ ਦੋ-ਤਿੰਨ ਹਫਤਿਆਂ 'ਚ ਸ਼ੁਰੂ ਹੋ ਜਾਣ ਦੀ ਸੰਭਾਵਨਾ ਹੈ। ਕੰਪਨੀ ਕਰੋਨਾ ਦੀ ਵੈਕਸੀਨ ਦਾ ਪੇਟੈਂਟ ਨਹੀਂ ਕਰਵਾਏਗੀ ਤੇ ਦੁਨੀਆਂ ਭਰ 'ਚ ਕੋਈ ਵੀ ਇਸ ਨੂੰ ਤਿਆਰ ਕਰਕੇ ਵੇਚ ਸਕੇਗਾ।

# ਕਰੋਨਾ: ਡਬਲਿਊ.ਐਚ.ਓ. ਤੇ ਆਲਮੀ ਭਾਈਵਾਲ ਇਕਜੁੱਟ

**ਜਨੇਵਾ:** ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਨੇ ਆਲਮੀ ਭਾਈਵਾਲਾਂ ਦੇ ਗਰੁੱਪ ਨਾਲ ਮਿਲ ਕੇ ਕੋਵਿਡ-19 ਲਈ ਲੋੜੀਂਦੀਆਂ ਨਵੀਆਂ ਤਕਨਾਲੋਜੀਆਂ ਵਿਕਸਤ ਕਰਨ ਦਾ ਫੈਸਲਾ ਲਿਆ ਹੈ। ਉਧਰ, ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਟੋਨੀਓ ਗੁਟੇਰੇਜ਼ ਨੇ ਕੋਵਿਡ-19 ਮਹਾਮਾਰੀ ਦਰਮਿਆਨ ਬਹੁ-ਪਰਤੀਵਾਦ (ਮਲਟੀਲੈਟਰਲਿਜ਼ਮ) 'ਤੇ ਜ਼ੋਰ ਦਿੱਤਾ ਹੈ।

ਡਬਲਿਊ.ਐਚ.ਓ. ਦੇ ਡਾਇਰੈਕਟਰ ਜਨਰਲ ਟੈਡਰੋਸ ਅਧਾਨੋਮ ਗੈਬ੍ਰਿਸਸ ਅਤੇ ਹੋਰ ਆਲਮੀ ਆਗੂਆਂ ਨੇ ਵੀਡੀਓ ਕਾਨਫਰੰਸ ਰਾਹੀਂ ਹੋਈ ਬੈਠਕ ਦੌਰਾਨ ਕੋਵਿਡ-19 ਦੇ ਟਾਕਰੇ ਲਈ ਰਲ ਕੇ ਕੰਮ ਕਰਨ ਦੀ ਵਚਨਬੱਧਤਾ ਪ੍ਰਗਟਾਈ। ਉਨ੍ਹਾਂ ਦਵਾਈਆਂ, ਇਲਾਜ ਅਤੇ ਹੋਰ ਸਾਮਾਨ ਦੀ ਬਰਾਬਰ ਵੰਡ 'ਤੇ ਜ਼ੋਰ ਦਿੱਤਾ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਂ ਅਤੇ ਜਰਮਨ ਚਾਂਸਲਰ ਐਂਜਲਾ ਮਰਕਲ ਨੇ ਵੀ ਨਵੀਂ ਸਾਂਝ ਨੂੰ ਹਮਾਇਤ ਦਿੱਤੀ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਟੋਨੀਓ ਗੁਟੇਰੇਜ਼ ਨੇ ਕਿਹਾ ਕਿ ਵਾਇਰਸ ਦੀਆਂ ਦਵਾਈਆਂ ਅਤੇ ਇਲਾਜ ਦਾ ਪੂਰੀ ਦੁਨੀਆਂ ਨੂੰ ਅਧਿਕਾਰ ਮਿਲਣਾ ਚਾਹੀਦਾ ਹੈ ਅਤੇ ਇਹ ਸਿਰਫ



ਇਕ ਮੁਲਕ ਜਾਂ ਖਿੱਤੇ ਤੱਕ ਸੀਮਤ ਨਹੀਂ ਹੋਣਾ ਚਾਹੀਦਾ ਹੈ। ਕੌਮਾਂਤਰੀ ਬਹੁ-ਪਰਤੀਵਾਦ ਦਿਵਸ ਮੌਕੇ ਗੁਟੇਰੇਜ਼ ਨੇ ਕਿਹਾ ਕਿ ਵਾਇਰਸ ਕਿਸੇ ਵੀ ਸਰਹੱਦ ਨੂੰ ਨਹੀਂ ਜਾਣਦਾ ਹੈ ਅਤੇ ਇਹ ਆਲਮੀ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਇਕ ਪਰਿਵਾਰ ਵਜੋਂ ਪੂਰੀ ਦੁਨੀਆਂ ਨੂੰ ਰਲ ਕੇ ਕਰੋਨਾ ਖਿਲਾਫ ਡਟਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਾਨਾਂ ਬਚਾਉਣ ਦੇ ਨਾਲ ਨਾਲ ਆਰਥਿਕ ਤੇ ਸਮਾਜਿਕ ਨਿਘਾਰ ਵਲ ਵੀ ਧਿਆਨ ਦੇਣ ਦੀ ਲੋੜ ਹੈ।

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਟੋਨੀਓ ਗੁਟੇਰੇਜ਼ ਨੇ ਯੂਰਪੀਅਨ ਯੂਨੀਅਨ ਦੇ ਆਗੂਆਂ ਨਾਲ ਸ਼ਾਮਲ ਹੁੰਦਿਆਂ ਸਾਰੇ ਦੇਸ਼ਾਂ ਦੇ ਨੇਤਾਵਾਂ ਦਾ ਕਰੋਨਾ ਮਹਾਮਾਰੀ ਦੇ ਮੁਕਾਬਲੇ ਲਈ ਇੱਕਜੁਟ ਹੋਣ ਦਾ ਸੱਦਾ ਦਿੱਤਾ। ਉਹ ਫਰਾਂਸ ਦੇ ਪ੍ਰਧਾਨ ਮੰਤਰੀ ਇਮੈਨੂਅਲ ਮੈਕਰੋਂ, ਵਿਸ਼ਵ ਸਿਹਤ ਸੰਸਥਾ ਦੇ ਮੁਖੀ ਟੈਡਰੋਸ ਅਧਾਨੋਮ ਗੈਬਰੀਆਸਸ, ਯੂਰਪੀਅਨ ਕਮਿਸ਼ਨ ਦੇ ਪ੍ਰਧਾਨ ਉਰੂਸਲਾ ਵੋਨ ਡਿਰ ਲੇਯੇਨ ਅਤੇ ਬਿੱਲ ਤੇ ਮਲਿੰਡਾ ਗੇਟਸ ਫਾਊਂਡੇਸ਼ਨ ਦੀ ਸਾਂਝੀ ਮੇਜ਼ਬਾਨੀ ਵਾਲੇ ਸਮਾਗਮ 'ਚ ਬੋਲ ਰਹੇ ਸਨ। ਯੂ.ਐਨ. ਮੁਖੀ ਨੇ ਕਿਹਾ ਕਿ ਕਰੋਨਾ ਦੇ ਮੁਕਾਬਲੇ ਲਈ ਕੌਮੀ ਨੇਤਾਵਾਂ ਦਾ ਨਿੱਜੀ ਸੈਕਟਰ, ਮਨੁੱਖਤਾ ਸਬੰਧੀ ਸੰਗਠਨਾਂ ਅਤੇ ਹੋਰ ਸਹਿਯੋਗੀਆਂ ਨਾਲ ਇਕਜੁਟ ਹੋਣਾ ਜ਼ਰੂਰੀ ਹੈ।

## ਚੀਨ ਵਲੋਂ ਡਬਲਿਊ.ਐਚ.ਓ. ਨੂੰ ਤਿੰਨ ਕਰੋੜ ਡਾਲਰ ਦੀ ਗਰਾਂਟ


**ਪੇਈਚਿੰਗ:** ਚੀਨ ਨੇ ਕਰੋਨਾ ਵਾਇਰਸ ਮਹਾਮਾਰੀ ਨਾਲ ਨਜਿੱਠਣ ਲਈ ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਦੀ ਮਦਦ ਵਾਸਤੇ ਤਿੰਨ ਕਰੋੜ ਡਾਲਰ ਦੀ ਵਾਧੂ ਗਰਾਂਟ ਦੇਣ ਦਾ ਐਲਾਨ ਕੀਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਿਸ਼ਵ ਸਿਹਤ ਸੰਸਥਾ ਦੀ ਕਰੋਨਾ ਲਾਗ ਨਾਲ ਸਹੀ ਢੰਗ ਨਾਲ ਨਾ ਨਜਿੱਠੇ ਜਾਣ ਕਾਰਨ ਆਲੋਚਨਾ ਕਰਦਿਆਂ ਸੰਸਥਾ ਨੂੰ ਦਿੱਤੀ ਜਾਂਦੀ ਮਦਦ 'ਤੇ ਰੋਕ ਲਾ ਦਿੱਤੀ ਸੀ। ਪੇਈਚਿੰਗ ਨੇ ਅਮਰੀਕਾ ਦੇ ਇਸ ਕਦਮ ਨੂੰ ਗੰਭੀਰਤਾ ਨਾਲ ਲੈਂਦਿਆਂ ਆਲਮੀ ਸਿਹਤ ਸੰਸਥਾ ਦੀ ਮਦਦ ਦਾ ਐਲਾਨ ਕੀਤਾ ਹੈ। ਇਹ ਐਲਾਨ ਚੀਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਗੇਂਗ ਸ਼ੁਆਂਗ ਵਲੋਂ ਕੀਤਾ ਗਿਆ। ਵਿਸ਼ਵ ਦੀ ਦੂਜੀ ਸਭ ਤੋਂ ਵੱਡੀ ਆਰਥਿਕਤਾ ਵਾਲੇ ਚੀਨ ਵਲੋਂ ਡਬਲਿਊ.ਐਚ.ਓ. ਨੂੰ ਦੋ ਕਰੋੜ ਡਾਲਰ ਦੀ ਮਦਦ ਤੋਂ ਵੱਖਰੇ ਤੌਰ ਉਤੇ ਇਹ ਗਰਾਂਟ ਦਿੱਤੀ ਜਾਵੇਗੀ।

## ਅਖਬਾਰਾਂ ਤੋਂ ਵਾਇਰਸ ਨਹੀਂ ਫੈਲਦਾ: ਹਾਈ ਕੋਰਟ

**ਮੁੰਬਈ:** ਬੰਬੇ ਹਾਈ ਕੋਰਟ ਦੀ ਔਰੰਗਾਬਾਦ ਬੈਂਚ ਨੇ ਮਹਾਰਾਸ਼ਟਰ ਸਰਕਾਰ ਵਲੋਂ ਅਖਬਾਰਾਂ ਵੰਡਣ ਨਾਲ ਕਰੋਨਾ ਫੈਲਣ ਦੇ ਡਰ ਬਾਰੇ ਦਿੱਤੇ ਬਿਆਨ ਉਤੇ ਇਤਰਾਜ਼ ਜ਼ਾਹਿਰ ਕਰਦਿਆਂ ਕਿਹਾ ਹੈ ਕਿ ਉਹ ਸਿਹਤ ਮਾਹਿਰਾਂ ਦੀ ਰਾਏ ਲਏ ਬਿਨਾਂ ਅਜਿਹੇ ਤੱਥਹੀਣ ਬਿਆਨ ਨਾ ਦੇਵੇ।

ਸੂਬਾ ਸਰਕਾਰ ਨੇ ਘਰਾਂ 'ਚ ਅਖਬਾਰਾਂ ਸੁੱਟਣ ਉਤੇ ਪਾਬੰਦੀ ਲਗਾ ਦਿੱਤੀ ਸੀ ਜਿਸ ਦਾ ਜਸਟਿਸ ਪੀ.ਬੀ. ਵਰਾਲੇ ਨੇ ਖੁਦ ਹੀ ਨੋਟਿਸ ਲਿਆ। ਉਂਜ ਸਰਕਾਰ ਨੇ ਬਾਅਦ 'ਚ ਹੁਕਮਾਂ ਵਿਚ ਸੋਧ ਕਰਦਿਆਂ ਅਖਬਾਰਾਂ ਵੰਡਣ ਉਤੇ ਲਾਈ ਪਾਬੰਦੀ ਨੂੰ ਹਟਾ ਲਿਆ। ਜਸਟਿਸ ਵਰਾਲੇ ਨੇ ਕਿਹਾ ਕਿ ਲੌਕਡਾਊਨ ਹੋਣ ਕਰਕੇ ਅਖਬਾਰਾਂ ਦੀ ਅਹਿਮੀਅਤ ਵਧ ਗਈ ਹੈ ਕਿਉਂਕਿ ਲੋਕ ਹਰ ਤਾਜ਼ਾ ਅਤੇ ਮੁਕੰਮਲ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਹਨ ਜੋ ਅਖਬਾਰਾਂ ਤੋਂ ਮਿਲਦੀ ਹੈ। ਅਦਾਲਤੀ ਮਿੱਤਰ ਸਤਿਆਜੀਤ ਬੋਰਾ ਨੇ ਦੱਸਿਆ ਕਿ ਮਦਰਾਸ ਹਾਈ ਕੋਰਟ ਨੇ ਚੇਨੱਈ 'ਚ ਅਖਬਾਰਾਂ ਨੂੰ ਘਰਾਂ ਵਿਚ ਵੰਡਣ ਉਤੇ ਪਾਬੰਦੀ ਦੀ ਪਟੀਸ਼ਨ ਖਾਰਜ ਕਰ ਦਿੱਤੀ ਸੀ।

## ਜੁਲਾਈ ਦੇ ਅੰਤ ਤੱਕ ਘਰਾਂ ਤੋਂ ਕਰਨਾ ਪੈ ਸਕਦਾ ਹੈ ਕੰਮ



**ਗੁਰੂਗ੍ਰਾਮ:** ਹਰਿਆਣਾ ਦੇ ਵਧੀਕ ਮੁੱਖ ਸਕੱਤਰ ਤੇ ਗੁੜਗਾਓਂ ਦੇ ਮੈਟਰੋਪੌਲੀਟਨ ਵਿਕਾਸ ਅਥਾਰਿਟੀ ਦੇ ਸੀ.ਈ.ਓ. ਨੇ ਕਿਹਾ ਕਿ ਮਲਟੀ ਨੈਸ਼ਨਲ ਕੰਪਨੀਆਂ (ਐਮ.ਐਨ.ਸੀ.), ਬੀ.ਪੀ.ਓ. ਤੇ ਆਈ.ਟੀ. ਦੀਆਂ ਸੇਵਾਵਾਂ ਦੇਣ ਵਾਲੇ ਕਰਮਚਾਰੀਆਂ ਨੂੰ ਜੁਲਾਈ ਦੇ ਅੰਤ ਤੱਕ ਘਰਾਂ ਤੋਂ ਕੰਮ ਕਰਨਾ ਪੈ ਸਕਦਾ ਹੈ।

ਵੀਐਸ ਕੁੰਡੋ ਨੇ ਦੱਸਿਆ ਕਿ ਡੀ.ਐਲ.ਐਫ. ਸਮੇਤ ਕਈ ਐਸਟੇਟ ਪ੍ਰੋਜੈਕਟਾਂ ਨੂੰ ਆਪਣਾ ਕੰਮ ਕਰਨ ਦੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ ਤੇ ਉਨ੍ਹਾਂ ਨੂੰ ਸਮਾਜਿਕ ਦੂਰੀ ਕਾਇਮ ਰੱਖ ਕੇ ਕੰਮ ਕਰਨ ਦੇ ਨਿਯਮਾਂ ਦਾ ਪਾਲਣ ਯਕੀਨੀ ਬਣਾਉਣਾ ਪਵੇਗਾ। ਸ੍ਰੀ ਕੁੰਡੂ ਨੇ ਦੱਸਿਆ, 'ਜਿਵੇਂ ਕਿ ਇਹ ਸਲਾਹ ਜਾਰੀ ਹੋ ਚੁੱਕੀ ਹੈ ਕਿ ਮੁਲਾਜ਼ਮਾਂ ਨੂੰ ਜੁਲਾਈ ਦੇ ਅੰਤ ਤੱਕ ਆਪਣੇ ਘਰਾਂ ਤੋਂ ਹੀ ਕੰਮ ਕਰਨਾ ਪਵੇਗਾ, ਇਸ ਲਈ ਇਥੋਂ ਦੇ ਦਫਤਰਾਂ ਨੂੰ ਆਪਣੇ ਮੁਲਾਜ਼ਮਾਂ ਲਈ ਇਸ ਸਬੰਧੀ ਬੰਦੋਬਸਤ ਕਰਨਾ ਚਾਹੀਦਾ ਹੈ।' ਜ਼ਿਕਰਯੋਗ ਹੈ ਕਿ ਕੌਮੀ ਰਾਜਧਾਨੀ ਖੇਤਰ (ਐਨ.ਸੀ.ਆਰ.) ਦੀ ਜ਼ਦ 'ਚ ਆਉਂਦੇ ਗੁਰੂਗ੍ਰਾਮ 'ਚ ਇਨਫੋਸਿਸ, ਗੈਨਪੈਕਟ, ਗੂਗਲ ਤੇ ਮਾਈਕਰੋਸਾਫਟ ਵਰਗੀਆਂ ਤਕਨੀਕੀ ਕੰਪਨੀਆਂ ਦੇ ਦਫਤਰ ਹਨ।

# ਹਵਾਈ ਕੰਪਨੀਆਂ ਨੂੰ 1122 ਕਰੋੜ ਡਾਲਰ ਦਾ ਨੁਕਸਾਨ, ਲੱਖ ਬੇਰੁਜ਼ਗਾਰ

**ਨਵੀਂ ਦਿੱਲੀ:** ਕਰੋਨਾ ਵਾਇਰਸ ਦੇ ਮੱਦੇਨਜ਼ਰ ਲਗਾਈਆਂ ਪਾਬੰਦੀਆਂ ਕਾਰਨ ਇਸ ਸਾਲ ਭਾਰਤੀ ਏਅਰਲਾਈਨਜ਼ ਕੰਪਨੀਆਂ ਨੂੰ 1122 ਕਰੋੜ ਡਾਲਰ ਦਾ ਮਾਲੀਆ ਨੁਕਸਾਨ ਹੋਵੇਗਾ ਅਤੇ 29 ਲੱਖ ਤੋਂ ਵੱਧ ਲੋਕ ਬੇਰੁਜ਼ਗਾਰ ਹੋਣਗੇ। ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ (ਏ.ਆਈ.ਟੀ.ਏ.) ਵਲੋਂ ਜਾਰੀ ਰਿਪੋਰਟ ਅਨੁਸਾਰ ਜੇ ਯਾਤਰੀਆਂ ਦੀ ਹਵਾਈ ਸੇਵਾ 'ਤੇ ਸਖਤ ਪਾਬੰਦੀਆਂ ਤਿੰਨ ਮਹੀਨਿਆਂ ਲਈ ਜਾਰੀ ਰਹੀਆਂ ਤਾਂ ਸਾਲ 2019 ਦੇ ਮੁਕਾਬਲੇ ਇਸ ਸਾਲ ਦੇਸ਼ 'ਚ ਯਾਤਰੀਆਂ ਦੀ ਗਿਣਤੀ ਵਿਚ 8.98 ਕਰੋੜ ਭਾਵ 47 ਫੀਸਦੀ ਗਿਰਾਵਟ ਆਵੇਗੀ।

ਇਸ ਨਾਲ ਕੰਪਨੀਆਂ ਨੂੰ 1,122.1 ਕਰੋੜ ਡਾਲਰ ਦਾ ਮਾਲੀਆ ਨੁਕਸਾਨ ਹੋਵੇਗਾ ਤੇ ਨਾਲ ਹੀ 29,32,900 ਲੋਕਾਂ ਦੀ ਰੋਜ਼ੀ-ਰੋਟੀ ਖਤਮ ਹੋ ਜਾਵੇਗੀ। ਏਸ਼ੀਆ-ਪ੍ਰਸ਼ਾਂਤ ਖੇਤਰ ਲਈ ਜਾਰੀ ਕੀਤੀ ਗਈ ਰਿਪੋਰਟ 'ਚ ਭਾਰਤ ਵਿਚ ਵੱਧ ਤੋਂ ਵੱਧ ਨੌਕਰੀਆਂ ਜਾਣ ਦੀ ਭਵਿੱਖਬਾਣੀ ਕੀਤੀ ਗਈ ਹੈ, ਜਦਕਿ ਮਾਲੀਆ ਘਾਟੇ ਦੇ ਮਾਮਲੇ 'ਚ ਜਾਪਾਨ ਤੇ ਆਸਟਰੇਲੀਆ ਤੋਂ ਬਾਅਦ ਭਾਰਤ ਤੀਜੇ ਨੰਬਰ ਉਤੇ ਰਹੇਗਾ। ਏਅਰਲਾਈਨਜ਼ ਦੀ ਕਮਾਈ 'ਚ ਜਾਪਾਨ ਵਿਚ 2200 ਕਰੋੜ ਡਾਲਰ ਅਤੇ ਆਸਟਰੇਲੀਆ 'ਚ 1400 ਕਰੋੜ ਡਾਲਰ ਤੋਂ ਵੱਧ ਦੀ ਗਿਰਾਵਟ ਹੋਣ ਦੀ ਸੰਭਾਵਨਾ ਜਤਾਈ ਗਈ ਹੈ। ਏਸ਼ੀਆ-ਪ੍ਰਸ਼ਾਂਤ ਖੇਤਰ ਲਈ ਏ.ਆਈ.ਟੀ.ਏ. ਦੇ ਉਪ ਪ੍ਰਧਾਨ ਕੋਨਾਰਡ ਕਲਿਫੋਰਡ ਨੇ ਕਿਹਾ ਕਿ ਪਿਛਲੀ ਰਿਪੋਰਟ ਤੋਂ ਬਾਅਦ ਹੁਣ ਹਾਲਾਤ ਹੋਰ ਵਿਗੜ ਗਏ ਹਨ ਅਤੇ ਜੇ ਸਰਕਾਰਾਂ ਮਦਦ ਨਹੀਂ ਕਰਦੀਆਂ ਤਾਂ ਬਹੁਤ ਸਾਰੀਆਂ ਏਅਰਲਾਈਨਾਂ ਬੰਦ ਹੋ ਸਕਦੀਆਂ ਹਨ।




ਉਧਰ, ਆਰ.ਬੀ.ਆਈ. ਦੇ ਸਾਬਕਾ ਗਵਰਨਰ ਡੀ. ਸੁੱਬਾਰਾਓ ਨੇ ਕਿਹਾ ਕਿ ਕਰੋਨਾ ਵਾਇਰਸ ਦੇ ਮੱਦੇਨਜ਼ਰ ਕੀਤੇ ਗਏ ਲੌਕਡਾਊਨ ਕਾਰਨ ਲੱਖਾਂ ਭਾਰਤੀਆਂ ਦੀ ਜ਼ਿੰਦਗੀ ਹਾਸ਼ੀਏ ਉਤੇ ਜਾ ਸਕਦੀ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਕੋਵਿਡ-19 ਦਾ ਸੰਕਟ ਇਕ ਵਾਰ ਖਤਮ ਹੋਣ ਤੋਂ ਬਾਅਦ ਭਾਰਤ ਦੇ ਅਰਥਚਾਰੇ ਵਲੋਂ ਦੁਨੀਆਂ ਦੇ ਕਈ ਅਰਥਚਾਰਿਆਂ ਨਾਲੋਂ ਤੇਜ਼ੀ ਨਾਲ ਉਭਰਨ ਦੀ ਆਸ ਹੈ। ਉਨ੍ਹਾਂ ਕਿਹਾ, 'ਬਹੁਤ ਸਾਰੇ ਮਾਹਿਰਾਂ ਦਾ ਮੰਨਣਾ ਸੀ ਕਿ ਇਸ ਸਾਲ ਭਾਰਤ ਦੀ ਵਿਕਾਸ ਦਰ ਬਹੁਤ ਘੱਟ ਰਹੇਗੀ। ਸਾਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਕਰੋਨਾ ਸੰਕਟ ਤੋਂ ਦੋ ਮਹੀਨੇ ਪਹਿਲਾਂ ਵੀ ਸਾਡੀ ਵਿਕਾਸ ਦਰ ਬਹੁਤ ਸੁਸਤ ਸੀ। ਇਹ ਸੱਚ ਹੈ ਕਿ ਭਾਰਤ ਦੀ ਸਥਿਤੀ ਇਸ ਸਮੇਂ ਕਈ ਮੁਲਕਾਂ ਮੁਕਾਬਲੇ ਬਿਹਤਰ ਹੈ ਪਰ ਸਾਡਾ ਮੁਲਕ ਬਹੁਤ ਗਰੀਬ ਹੈ ਅਤੇ ਜੇਕਰ ਇਹ ਸੰਕਟ ਲੰਮਾ ਸਮਾਂ ਰਹਿੰਦਾ ਹੈ ਤਾਂ ਸੰਭਵ ਹੈ ਕਿ ਲੱਖਾਂ ਲੋਕਾਂ ਦੀ ਜ਼ਿੰਦਗੀ ਹਾਸ਼ੀਏ ਉਤੇ ਚਲੀ ਜਾਵੇ।' ਸੁੱਬਾਰਾਓ ਨੇ ਕਿਹਾ, 'ਜਿਵੇਂ ਕਿ ਮਾਹਿਰ ਕਹਿ ਰਹੇ ਹਨ ਕਿ ਭਾਰਤ ਦੀ ਆਰਥਿਕਤਾ ਬਹੁਤ ਨਿਘਾਰ 'ਚ ਜਾ ਕੇ ਸਿਖਰ ਵਲ ਜਾਵੇਗੀ ਤਾਂ ਭਾਰਤ ਕੋਲ ਬਹੁਤ ਸਾਰੇ ਮੁਲਕਾਂ ਮੁਕਾਬਲੇ ਹਾਲਾਤ ਸੁਧਾਰਨ ਦਾ ਚੰਗਾ ਮੌਕਾ ਹੈ।'

## ਅਮਰੀਕਾ ਵਿਚ ਬੇਰੁਜ਼ਗਾਰੀ ਦਰ ਸਭ ਤੋਂ ਵੱਧ

**ਨਿਊ ਯਾਰਕ:** ਅਮਰੀਕਾ ਵਿਚ ਜਾਰੀ ਤਾਜ਼ਾ ਅੰਕੜਿਆਂ ਮੁਤਾਬਕ ਬੇਰੁਜ਼ਗਾਰੀ ਦਰ 1930 ਦੀ ਮਹਾਮੰਦੀ ਮਗਰੋਂ ਸਭ ਤੋਂ ਵੱਧ ਹੋ ਗਈ ਹੈ ਤੇ ਕਰੋਨਾ ਵਾਇਰਸ ਕਾਰਨ ਹਰ ਛੇ ਵਿਚੋਂ ਇਕ ਅਮਰੀਕੀ ਕਾਮੇ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਡੂੰਘੇ ਹੁੰਦੇ ਆਰਥਿਕ ਸੰਕਟ ਦਾ ਮੁਕਾਬਲਾ ਕਰਨ ਲਈ ਅਮਰੀਕੀ ਸੰਸਦ ਨੇ 500 ਅਰਬ ਡਾਲਰ ਦੇ ਪੈਕੇਜ ਨੂੰ ਮਨਜ਼ੂਰੀ ਦਿੱਤੀ ਹੈ। ਸਰਕਾਰ ਨੇ ਦੱਸਿਆ ਕਿ ਪਿਛਲੇ ਹਫਤੇ 44 ਲੱਖ ਤੋਂ ਵੱਧ ਲੋਕਾਂ ਨੇ ਬੇਰੁਜ਼ਗਾਰੀ ਭੱਤੇ ਲਈ ਅਰਜ਼ੀਆਂ ਦਿੱਤੀਆਂ ਹਨ। ਇਸ ਦੇ ਨਾਲ ਹੀ ਪਿਛਲੇ ਪੰਜ ਹਫਤਿਆਂ ਵਿਚ ਕਰੀਬ 2. 2.6 ਕਰੋੜ ਲੋਕ ਬੇਰੁਜ਼ਗਾਰ ਹੋਏ ਹਨ। ਅਮਰੀਕਾ ਲਈ ਮਾੜੀ ਖਬਰ ਇਹ ਵੀ ਹੈ ਕਿ ਅਜਿਹੇ ਸਬੂਤ ਵੀ ਮਿਲੇ ਹਨ ਕਿ ਨਿਊ ਯਾਰਕ ਸੂਬੇ ਵਿਚ 27 ਲੱਖ ਲੋਕਾਂ ਨੂੰ ਕਰੋਨਾ ਹੈ।

## ਦੁਨੀਆਂ 'ਚ ਅਕਾਲ ਪੈਣ ਦਾ ਖਤਰਾ: ਸੰਯੁਕਤ ਰਾਸ਼ਟਰ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਖੁਰਾਕ ਰਾਹਤ ਏਜੰਸੀ ਨੇ ਚਿਤਾਵਨੀ ਦਿੱਤੀ ਹੈ ਕਿ ਦੁਨੀਆਂ ਵਿਚ 'ਭੁੱਖਮਰੀ' ਫੈਲਣ ਦਾ ਖਤਰਾ ਹੈ। ਉਨ੍ਹਾਂ ਕਿਹਾ ਕਿ ਜੇਕਰ ਮੁਲਕਾਂ ਨੇ ਕੋਵਿਡ-19 ਕਾਰਨ ਫੰਡਾਂ ਦੀ ਘਾਟ ਅਤੇ ਵਪਾਰ ਦੇ ਅੜਿੱਕਿਆਂ ਨੂੰ ਦੂਰ ਨਾ ਕੀਤਾ ਤਾਂ ਕੁਝ ਮਹੀਨਿਆਂ 'ਚ ਹੀ ਕਈ ਅਕਾਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਵਿਸ਼ਵ ਫੂਡ ਪ੍ਰੋਗਰਾਮ ਦੇ ਕਾਰਜਕਾਰੀ ਨਿਰਦੇਸ਼ਕ ਡੇਵਿਡ ਬੀਸਲੇਅ ਨੇ ਸਲਾਮਤੀ ਪ੍ਰੀਸ਼ਦ ਦੇ ਇਜਲਾਸ ਦੌਰਾਨ ਇਹ ਚਿਤਾਵਨੀ ਦਿੰਦਿਆਂ ਕਿਹਾ ਕਿ ਅਜੇ ਭਾਵੇਂ ਅਕਾਲ ਨਹੀਂ ਹਨ ਪਰ ਜੇਕਰ ਮੁਲਕਾਂ ਨੇ ਹੁਣੇ ਹੀ ਕਦਮ ਨਾ ਉਠਾਏ ਤਾਂ ਕੁਝ ਮਹੀਨਿਆਂ ਦੇ ਅੰਦਰ ਹੀ ਕਈ ਅਕਾਲ ਪੈਣਗੇ।

# ਬਿਪਤਾ ਦੀ ਘੜੀ ਵਿਚ ਵੀ 'ਸਿਆਸੀ ਭਰਤੀਆਂ' ਦੀ ਤਿਆਰੀ

**ਚੰਡੀਗੜ੍ਹ:** ਕੈਪਟਨ ਸਰਕਾਰ ਨੇ ਕਰੋਨਾ ਵਾਇਰਸ ਦੇ ਰੂਪ ਵਿਚ ਆਈ ਕੌਮੀ ਆਫਤ ਮੌਕੇ ਬੋਰਡਾਂ/ਕਾਰਪੋਰੇਸ਼ਨਾਂ 'ਚ ਸੀਨੀਅਰ ਉਪ ਚੇਅਰਮੈਨਾਂ ਅਤੇ ਉਪ ਚੇਅਰਮੈਨਾਂ ਦੇ ਅਹੁਦੇ ਬਹਾਲ ਕਰ ਦਿੱਤੇ ਹਨ, ਜਿਸ ਨਾਲ ਖਜ਼ਾਨੇ ਉਤੇ ਕਰੋੜਾਂ ਰੁਪਏ ਦਾ ਬੋਝ ਪਵੇਗਾ। ਪੰਜਾਬ ਸਰਕਾਰ ਨੇ ਜਦੋਂ ਵਿਭਾਗੀ ਖਰਚਿਆਂ 'ਤੇ 25 ਫੀਸਦੀ ਕੱਟ ਲਾਉਣ ਦਾ ਫੈਸਲਾ ਲਿਆ, ਠੀਕ ਉਸੇ ਦਿਨ ਇਕ ਪੱਤਰ ਜਾਰੀ ਕਰ ਕੇ ਸੀਨੀਅਰ ਉਪ ਚੇਅਰਮੈਨ ਤੇ ਉਪ ਚੇਅਰਮੈਨ ਦੇ ਅਹੁਦਿਆਂ ਨੂੰ ਮੁੜ ਸੁਰਜੀਤ ਕਰ ਦਿੱਤਾ।

ਇਕ ਪਾਸੇ ਜਿਥੇ ਪੰਜਾਬ ਵਿੱਤੀ ਸੰਕਟ ਝੱਲ ਰਿਹਾ ਹੈ, ਉਥੇ ਹੀ ਕਰੋਨਾ ਨਾਲ ਨਜਿੱਠਣ ਲਈ ਮੁਲਾਜ਼ਮਾਂ ਉਤੇ ਬੋਝ ਪਾਉਣ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਵਿੱਤ ਵਿਭਾਗ ਅਧੀਨ ਪੈਂਦੇ ਜਨਤਕ ਉਦਮ ਤੇ ਅੱਪਨਿਵੇਸ਼ ਡਾਇਰੈਕਟੋਰੇਟ ਨੇ 21 ਅਪਰੈਲ ਨੂੰ ਪੱਤਰ ਵਿਭਾਗਾਂ ਦੇ ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਜਾਰੀ ਕੀਤਾ ਹੈ ਜਿਸ 'ਚ ਦਰਜ ਹਦਾਇਤਾਂ ਫੌਰੀ ਲਾਗੂ ਕਰਨ ਲਈ ਕਿਹਾ ਹੈ। ਮੁੱਖ ਮੰਤਰੀ ਦੀ ਪ੍ਰਵਾਨਗੀ ਲੈਣ ਦਾ ਜ਼ਿਕਰ ਬਾਕਾਇਦਾ ਪੱਤਰ 'ਚ ਕੀਤਾ ਹੋਇਆ ਹੈ।

ਇਨ੍ਹਾਂ ਪੱਤਰਾਂ ਅਨੁਸਾਰ ਰਾਜ ਸਰਕਾਰ ਨੇ ਪਹਿਲਾਂ 26 ਦਸੰਬਰ 2018 ਨੂੰ ਪੱਤਰ ਜਾਰੀ ਕਰ ਕੇ ਪੈਰਾ ਨੰਬਰ ਚਾਰ ਤਹਿਤ ਜਨਤਕ ਖੇਤਰ ਦੇ ਅਦਾਰਿਆਂ 'ਚ ਸਿਰਫ ਚੇਅਰਮੈਨ ਦੀ ਅਸਾਮੀ ਰੱਖ ਕੇ ਸੀਨੀਅਰ ਉਪ ਚੇਅਰਮੈਨ/ਉਪ ਚੇਅਰਮੈਨ ਦੀ ਅਸਾਮੀ ਖਤਮ ਕਰ ਦਿੱਤੀ ਸੀ। ਨਵੇਂ ਪੱਤਰਾਂ 'ਚ ਦੋਹਾਂ ਅਸਾਮੀਆਂ ਲਈ ਜੋ ਮਾਣਕ, ਨਿਯਮ ਤੇ ਸ਼ਰਤਾਂ ਤੈਅ ਕੀਤੀਆਂ ਹਨ, ਉਨ੍ਹਾਂ ਮਗਰੋਂ ਹੁਣ ਸਿਆਸੀ ਲੋਕਾਂ ਨੂੰ ਸੀਨੀਅਰ ਉਪ ਚੇਅਰਮੈਨ/ਉਪ ਚੇਅਰਮੈਨ ਲਾਉਣ ਦਾ ਰਾਹ ਪੱਧਰਾ ਹੋ ਗਿਆ ਹੈ।



ਸੀਨੀਅਰ ਉਪ ਚੇਅਰਮੈਨ ਅਤੇ ਉਪ ਚੇਅਰਮੈਨ ਲਈ ਪ੍ਰਤੀ ਮਹੀਨਾ ਭੱਤਾ, ਮੁਫਤ ਸਰਕਾਰੀ ਰਿਹਾਇਸ਼, ਕਾਰ ਦਾ ਖਰਚਾ, ਟੈਲੀਫੋਨ ਦਾ ਖਰਚਾ ਤੈਅ ਕੀਤਾ ਗਿਆ ਹੈ। ਮੋਟੇ ਅੰਦਾਜ਼ੇ ਅਨੁਸਾਰ ਸੀਨੀਅਰ ਉਪ ਚੇਅਰਮੈਨ ਨੂੰ ਪ੍ਰਤੀ ਮਹੀਨਾ ਕਰੀਬ 70,400 ਰੁਪਏ ਅਤੇ ਉਪ ਚੇਅਰਮੈਨ ਨੂੰ 56,800 ਰੁਪਏ ਹਰ ਮਹੀਨੇ ਮਿਲੇਗਾ। ਇਕੱਲੇ ਰਾਜ ਪੱਧਰੀ ਬੋਰਡਾਂ ਤੇ ਕਾਰਪੋਰੇਸ਼ਨਾਂ ਤੇ ਇਹ ਦੋਵੇਂ ਅਹੁਦੇ ਕਰੀਬ 10 ਕਰੋੜ ਰੁਪਏ ਸਾਲਾਨਾ ਦਾ ਬੋਝ ਪਾਉਣਗੇ। ਦੋਵੇਂ ਅਹੁਦਿਆਂ ਦੇ ਨਾਲ ਦੋ ਪੀ.ਏ./ਕਲਰਕ ਅਤੇ ਦੋ ਚਪੜਾਸੀ ਵੱਖਰੇ ਦਿੱਤੇ ਜਾਣੇ ਹਨ। ਇਹ ਵੱਖਰੀ ਗੱਲ ਹੈ ਕਿ ਸਰਕਾਰ ਇਨ੍ਹਾਂ ਬੋਰਡਾਂ ਤੇ ਕਾਰਪੋਰੇਸ਼ਨਾਂ ਉਤੇ ਨਵੇਂ ਅਹੁਦਿਆਂ ਨੂੰ ਕਦੋਂ ਭਰਦੀ ਹੈ ਪਰ ਵਿੱਤੀ ਸੰਕਟ ਮੌਕੇ ਰਾਹ ਜ਼ਰੂਰ ਖੋਲ੍ਹ ਦਿੱਤਾ ਗਿਆ ਹੈ। ਨਜ਼ਰ ਮਾਰੀਏ ਤਾਂ ਇਕੱਲੇ ਸਹਿਕਾਰਤਾ ਮਹਿਕਮੇ ਅਧੀਨ ਹੀ ਮਿਲਕਫੈੱਡ, ਸ਼ੂਗਰਫੈੱਡ, ਮਾਰਕਫੈੱਡ, ਸਹਿਕਾਰੀ ਬੈਂਕ, ਖੇਤੀ ਵਿਕਾਸ ਬੈਂਕ ਆਦਿ ਕਈ ਅਦਾਰੇ ਆਉਂਦੇ ਹਨ। ਇਸੇ ਤਰ੍ਹਾਂ 20 ਦੇ ਕਰੀਬ ਰਾਜ ਪੱਧਰੀ ਕਮਿਸ਼ਨ ਬਣੇ ਹੋਏ ਹਨ। ਹਾਲਾਂਕਿ ਇਨ੍ਹਾਂ ਦੋਵੇਂ ਅਸਾਮੀਆਂ ਉਤੇ ਫੌਰੀ ਕੋਈ ਭਰਤੀ ਨਹੀਂ ਹੋਣ ਲੱਗੀ ਹੈ ਪਰ ਬੂਹਾ ਖੋਲ੍ਹ ਦਿੱਤਾ ਗਿਆ ਹੈ।

ਆਮ ਆਦਮੀ ਪਾਰਟੀ ਦੀ ਕੋਰ ਕਮੇਟੀ ਦੇ ਚੇਅਰਮੈਨ ਪ੍ਰਿੰਸੀਪਲ ਬੁੱਧ ਰਾਮ ਦਾ ਕਹਿਣਾ ਹੈ ਕਿ ਕਰੋਨਾ ਸੰਕਟ ਮੌਕੇ ਆਮ ਲੋਕਾਂ ਦੀ ਜ਼ਿੰਦਗੀ ਦਾਅ ਉਤੇ ਲੱਗੀ ਹੈ ਅਤੇ ਅਜਿਹੇ 'ਚ ਸਰਕਾਰ ਸਿਆਸੀ ਲੋਕਾਂ ਨੂੰ ਨਿਵਾਜਣ ਲਈ ਅਹੁਦੇ ਬਹਾਲ ਕਰ ਰਹੀ ਹੈ। ਇਕ ਪਾਸੇ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਵਿਭਾਗੀ ਭੱਤਿਆਂ ਨੂੰ ਬੌਣਾ ਕੀਤਾ ਜਾ ਰਿਹਾ ਹੈ ਤੇ ਦੂਸਰੇ ਪਾਸੇ ਅਜਿਹੇ ਫੈਸਲੇ ਲੈਣੇ ਸਰਕਾਰ ਦਾ ਅਸਲੀ ਚਿਹਰਾ ਨੰਗਾ ਕਰਦੇ ਹਨ। ਉਧਰ, ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਸਹਿਕਾਰੀ ਬੋਰਡਾਂ/ਕਾਰਪੋਰੇਸ਼ਨਾਂ ਵਿਚ ਇਕੱਲੇ ਚੇਅਰਮੈਨ ਹੀ ਹਨ। ਬਾਕੀ ਵਿੱਤ ਮੰਤਰੀ ਹੀ ਇਸ ਬਾਰੇ ਦੱਸ ਸਕਦੇ ਹਨ। ਉਨ੍ਹਾਂ ਕਿਹਾ ਕਿ ਕਰੋਨਾ ਸੰਕਟ ਦੇ ਮੱਦੇਨਜ਼ਰ ਸਿਆਸੀ ਅਹੁਦਿਆਂ ਉਤੇ ਬੈਠੇ ਲੋਕਾਂ ਦੀ ਤਿੰਨ-ਤਿੰਨ ਮਹੀਨੇ ਦੀ ਤਨਖਾਹ ਜ਼ਰੂਰ ਕੱਟੀ ਗਈ ਹੈ।

# ਡੇਰਾ ਮੁਖੀ ਦੀ ਪੈਰੋਲ ਅਰਜ਼ੀ ਮੁੜ ਖਾਰਜ

**ਚੰਡੀਗੜ੍ਹ:** ਜੇਲ੍ਹ ਪ੍ਰਸ਼ਾਸਨ ਨੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਵੱਲੋਂ ਤਿੰਨ ਹਫਤਿਆਂ ਦੀ ਪੈਰੋਲ ਲਈ ਪਾਈ ਅਰਜ਼ੀ ਖਾਰਜ ਕਰ ਦਿੱਤੀ ਹੈ। ਅਖੌਤੀ ਸਾਧ ਨੇ ਅਰਜ਼ੀ ਵਿਚ ਆਪਣੀ ਮਾਂ ਨਸੀਬ ਕੌਰ (85) ਦੀ ਨਾਸਾਜ਼ ਸਿਹਤ ਦਾ ਹਵਾਲਾ ਦਿੰਦਿਆਂ ਤਿਮਾਰਦਾਰੀ ਕਰਨ ਲਈ ਪੈਰੋਲ ਮੰਗੀ ਸੀ।

ਨਸੀਬ ਕੌਰ ਦਿਲ ਦੇ ਰੋਗ ਤੋਂ ਪੀੜਤ ਹੈ। ਰਾਮ ਰਹੀਮ ਡੇਰੇ ਦੀਆਂ ਦੋ ਸਾਧਵੀਆਂ ਦਾ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਵਿਚ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਵੀਹ ਸਾਲ ਕੈਦ ਦੀ ਸਜ਼ਾ ਕੱਟ ਰਿਹਾ ਹੈ। ਜੇਲ੍ਹ ਪ੍ਰਸ਼ਾਸਨ ਨੇ ਅਰਜ਼ੀ ਰੱਦ ਕਰਨ ਪਿੱਛੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੱਤਾ ਹੈ। ਜੇਲ੍ਹ ਅਧਿਕਾਰੀਆਂ ਨੇ ਕਿਹਾ ਕਿ ਡੇਰਾ ਮੁਖੀ ਨੂੰ ਰਿਹਾਅ ਕਰਨ ਤੇ ਮਗਰੋਂ ਆਤਮ ਸਮਰਪਣ ਮੌਕੇ ਸੂਬੇ ਵਿਚ ਅਮਨ ਤੇ ਕਾਨੂੰਨ ਦੀ ਸਥਿਤੀ ਵਿਗੜ ਸਕਦੀ ਹੈ।

ਜਾਣਕਾਰੀ ਮੁਤਾਬਕ ਰਾਮ ਰਹੀਮ ਨੇ ਪਿਛਲੇ ਹਫਤੇ ਜੇਲ੍ਹ ਪ੍ਰਸ਼ਾਸਨ ਨੂੰ ਪੈਰੋਲ ਲਈ



ਅਰਜ਼ੀ ਦਿੱਤੀ ਸੀ। ਅਦਾਲਤ ਨੇ ਮਗਰੋਂ ਸਿਰਸਾ ਪ੍ਰਸ਼ਾਸਨ ਤੋਂ ਰਿਪੋਰਟ ਮੰਗਣ ਦੇ ਨਾਲ ਸੁਰੱਖਿਆ ਏਜੰਸੀਆਂ ਤੋਂ ਵੀ ਰਾਇ ਮੰਗੀ।

ਸੁਰੱਖਿਆ ਏਜੰਸੀਆਂ ਨੇ ਪੈਰੋਲ ਦੇਣ ਦੀ ਸਥਿਤੀ ਵਿਚ ਸੂਬੇ ਵਿਚ ਅਮਨ ਤੇ ਕਾਨੂੰਨ ਦੀ ਸਥਿਤੀ ਵਿਗੜਨ ਦਾ ਖਦਸ਼ਾ ਜਤਾਇਆ ਸੀ। ਜੇਲ੍ਹ ਸੁਪਰਡੈਂਟ ਸੁਨੀਲ ਸਾਂਗਵਾਨ ਨੇ ਕਿਹਾ ਕਿ ਸੁਰੱਖਿਆ ਕਾਰਨਾਂ ਕਰਕੇ ਪੈਰੋਲ ਅਰਜ਼ੀ ਖਾਰਜ ਕੀਤੀ ਗਈ ਹੈ।

### 'ਰਿਹਾਈ ਨਾਲ ਵਿਗੜ ਸਕਦੀ ਫਿਰਕੂ ਸਦਭਾਵਨਾ'

**ਅੰਮ੍ਰਿਤਸਰ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਹਰਿਆਣਾ ਸਰਕਾਰ ਵੱਲੋਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਪੈਰੋਲ ਉਤੇ ਜੇਲ੍ਹ ਵਿਚੋਂ ਰਿਹਾਅ ਕੀਤੇ ਜਾਣ ਨਾਲ ਦੋਵਾਂ ਸੂਬਿਆਂ 'ਚ ਫਿਰਕੂ ਸਦਭਾਵਨਾ ਤੇ ਮਾਹੌਲ ਵਿਗੜ ਸਕਦਾ ਹੈ। ਵੀਡੀਓ ਸੁਨੇਹੇ ਵਿਚ ਜਥੇਦਾਰ ਨੇ ਆਖਿਆ ਕਿ ਹਰਿਆਣਾ ਸਰਕਾਰ ਦੀ ਇਹ ਕਾਰਵਾਈ ਸਿੱਖ ਭਾਵਨਾਵਾਂ ਨੂੰ ਭੜਕਾਉਣ ਵਾਲੀ ਸਾਬਤ ਹੋਵੇਗੀ। ਕਰੋਨਾ ਮਹਾਮਾਰੀ ਦੇ ਬਹਾਨੇ ਸਰਕਾਰ ਡੇਰਾ ਮੁਖੀ ਨੂੰ ਪੈਰੋਲ 'ਤੇ ਰਿਹਾਅ ਕਰਨ ਦੀ ਯੋਜਨਾ ਬਣਾ ਰਹੀ ਹੈ, ਜੋ ਮੰਦਭਾਗਾ ਹੈ।

# ਮੁਅੱਤਲ ਆਈ.ਜੀ. ਉਮਰਾਨੰਗਲ ਨੂੰ ਸਿਰੋਪਾਉ ਦੇਣ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਪੰਜਾਬ ਪੁਲਿਸ ਦੇ ਮੁਅੱਤਲ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਨੂੰ ਲੰਗਰ ਰਸਦਾਂ ਦਾਨ ਕਰਨ ਵੇਲੇ ਸਿਰੋਪਾਉ ਦੇਣ ਦਾ ਮਾਮਲਾ ਭਖ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਉਮਰਾਨੰਗਲ ਨੂੰ ਸਿਰੋਪਾਉ ਦੇਣ ਦੇ ਮਾਮਲੇ ਦੀ ਜਾਂਚ ਵਾਸਤੇ ਚਾਰ ਮੈਂਬਰੀ ਜਾਂਚ ਕਮੇਟੀ ਕਾਇਮ ਕੀਤੀ ਹੈ।

ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਸਾਬਕਾ ਸਿੱਖ ਜੱਜਾਂ ਕੋਲੋਂ ਕਰਵਾਈ ਜਾਵੇ। ਸ਼੍ਰੋਮਣੀ ਕਮੇਟੀ ਵੱਲੋਂ ਬਣਾਈ 4 ਮੈਂਬਰੀ ਜਾਂਚ ਕਮੇਟੀ ਵਿਚ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਭਲਾਈਪੁਰ ਅਤੇ ਮੋਹਨ ਸਿੰਘ ਬੰਗੀ ਸ਼੍ਰੋਮਣੀ ਕਮੇਟੀ ਮੈਂਬਰ ਸ਼ਾਮਲ ਹਨ ਜਦੋਂਕਿ ਸਕੱਤਰ ਸਿੰਘ ਇਸ ਕਮੇਟੀ ਦੇ ਕੋਆਰਡੀਨੇਟਰ ਹੋਣਗੇ। ਇਹ ਕਮੇਟੀ ਆਪਣੀ ਜਾਂਚ ਰਿਪੋਰਟ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਸੌਂਪੇਗੀ। ਇਸ ਮਾਮਲੇ ਵਿਚ ਦੋ ਮੈਨੇਜਰਾਂ ਦਾ ਤਬਾਦਲਾ ਕੀਤਾ ਜਾ ਚੁੱਕਾ ਹੈ।

ਦੱਸ ਦਈਏ ਕਿ ਇਸ ਤੋਂ ਪਹਿਲਾਂ ਗੋਬਿੰਦ ਸਿੰਘ ਲੌਂਗੋਵਾਲ ਦੇ ਆਦੇਸ਼ 'ਤੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੇ ਮੈਨੇਜਰ ਮਨਜਿੰਦਰ ਸਿੰਘ ਅਤੇ ਵਧੀਕ ਮੈਨੇਜਰ ਗੁਰਾ ਸਿੰਘ ਦਾ ਇਥੋਂ ਤਬਾਦਲਾ ਕਰ ਦਿੱਤਾ ਗਿਆ ਸੀ। ਇਨ੍ਹਾਂ ਵਿਚੋਂ ਇਕ ਨੂੰ ਹਰਿਆਣਾ ਦੇ ਕੁਰੂਕਸ਼ੇਤਰ ਦੇ ਗੁਰਦੁਆਰੇ ਵਿਚ ਅਤੇ ਦੂਜੇ ਨੂੰ ਉੱਤਰ ਪ੍ਰਦੇਸ਼ ਦੇ ਹਾਪੁੜ ਵਿਚ ਤਬਦੀਲ ਕੀਤਾ ਗਿਆ ਹੈ। ਇਨ੍ਹਾਂ ਦੋਵਾਂ ਸਮੇਤ ਸ਼੍ਰੋਮਣੀ ਕਮੇਟੀ ਮੈਂਬਰ ਬੀ.ਐਸ ਸਿਆਲਕਾ ਵੱਲੋਂ ਲੰਗਰ ਰਸਦਾਂ ਭੇਟ ਕਰਨ ਮਗਰੋਂ ਪੁਲਿਸ ਅਧਿਕਾਰੀ ਨੂੰ ਸਿਰੋਪਾਉ ਅਤੇ ਗੁਰੂ ਰਾਮਦਾਸ ਦੀ ਤਸਵੀਰ ਆਦਿ ਦੇ ਕੇ ਸਨਮਾਨਤ ਕੀਤਾ ਗਿਆ ਸੀ, ਜਿਸ ਦਾ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਅਤੇ ਹਵਾਰਾ ਕਮੇਟੀ ਨੇ ਇਹ ਕਹਿ ਕੇ ਵਿਰੋਧ ਕੀਤਾ ਸੀ ਕਿ ਇਸ ਮੁਅੱਤਲ ਪੁਲਿਸ ਅਧਿਕਾਰੀ ਖਿਲਾਫ ਬਹਿਬਲ ਕਲਾਂ ਕਾਂਡ ਦੇ ਦੋਸ਼ ਲੱਗੇ ਹਨ ਤੇ ਉਸ ਖਿਲਾਫ ਕੇਸ ਵੀ ਚੱਲ ਰਿਹਾ ਹੈ, ਇਸ ਲਈ ਸਿੱਖ ਸੰਸਥਾ ਵੱਲੋਂ ਉਸ



ਦਾ ਸਨਮਾਨ ਕਰਨਾ ਜਾਇਜ਼ ਨਹੀਂ ਹੈ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਮੈਂਬਰ ਬੀ.ਐਸ. ਸਿਆਲਕਾ ਨੇ ਵੀ ਇਸ ਸਬੰਧੀ ਸ੍ਰੀ ਅਕਾਲ ਤਖਤ ਵਿਖੇ ਖਿਮਾ ਯਾਚਨਾ ਪੱਤਰ ਦਿੱਤਾ ਹੈ, ਜਿਸ ਵਿਚ ਉਨ੍ਹਾਂ ਨੇ ਇਸ ਭੁੱਲ ਵਾਸਤੇ ਖਿਮਾ ਮੰਗੀ ਹੈ। ਇਸ ਦੀ ਪੁਸ਼ਟੀ ਕਰਦਿਆਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਨੇ ਦੱਸਿਆ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਇਸ ਮਾਮਲੇ ਉਤੇ ਵਿਚਾਰ ਕੀਤਾ ਜਾਵੇਗਾ।

# ਮੁਕਾਬਲੇ 'ਚ ਚਾਰ ਗੈਂਗਸਟਰ ਅਸਲੇ ਸਣੇ ਗ੍ਰਿਫਤਾਰ

**ਮੁਹਾਲੀ:** ਮੁਹਾਲੀ ਦੇ ਫੇਜ਼-9 ਵਿਚ ਕੁਝ ਸਮਾਂ ਪਹਿਲਾਂ ਦੋਧੀ ਉਤੇ ਹੋਏ ਹਮਲੇ ਦੇ ਮੁਲਜ਼ਮਾਂ ਨੂੰ ਪੰਚਕੂਲਾ ਜ਼ਿਲ੍ਹੇ ਦੇ ਬਰਵਾਲਾ ਬਲਾਕ ਦੇ ਪਿੰਡ ਬਿੱਲਾ ਵਿਚ ਫੜਨ ਗਈ ਮੁਹਾਲੀ ਪੁਲਿਸ ਦੀ ਟੀਮ ਉਤੇ ਗੋਲੀਬਾਰੀ ਕਰ ਦਿੱਤੀ। ਦੁਵੱਲੀ ਗੋਲੀਬਾਰੀ ਦੌਰਾਨ ਮੁਹਾਲੀ ਪੁਲਿਸ ਦਾ ਹੌਲਦਾਰ ਰਸ਼ਪ੍ਰੀਤ ਸਿੰਘ ਗੰਭੀਰ ਰੂਪ 'ਚ ਜ਼ਖਮੀ ਹੋ ਗਿਆ। ਉਸ ਦੀ ਖੱਬੀ ਲੱਤ ਵਿਚ ਗੋਲੀ ਲੱਗੀ ਹੈ।

ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਦੋਧੀ ਉਤੇ ਜਾਨਲੇਵਾ ਹਮਲਾ ਕਰਨ ਦੇ ਮਾਮਲੇ ਵਿਚ ਲੋੜੀਂਦੇ ਗੈਂਗਸਟਰ ਹਰਿਆਣਾ ਵਿਚ ਲੁਕੇ ਹੋਏ ਹਨ। ਸੂਚਨਾ ਮਿਲਦਿਆਂ ਹੀ ਸੈਂਟਰਲ ਥਾਣਾ ਫੇਜ਼-8 ਦੇ ਐਸ.ਐਚ.ਓ. ਇੰਸਪੈਕਟਰ ਰਜਨੀਸ਼ ਚੌਧਰੀ ਦੀ ਅਗਵਾਈ ਹੇਠ ਮੁਹਾਲੀ ਪੁਲਿਸ ਦੀ 10 ਮੈਂਬਰੀ ਟੀਮ ਨੇ ਸਵੇਰੇ ਪਿੰਡ ਬਿੱਲਾ ਵਿਚ ਛਾਪਾ ਮਾਰਿਆ। ਇਸ ਦੌਰਾਨ ਗੈਂਗਸਟਰਾਂ ਨੇ ਪੁਲਿਸ ਉਤੇ ਫਾਇਰਿੰਗ ਕਰ ਦਿੱਤੀ। ਹੌਲਦਾਰ ਰਸ਼ਪ੍ਰੀਤ ਸਿੰਘ ਲੱਤ ਵਿਚ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਿਆ ਪਰ ਉਸ ਨੇ ਕਾਬੂ ਕੀਤੇ ਗੈਂਗਸਟਰ ਨੂੰ ਨਹੀਂ ਛੱਡਿਆ।

ਮੁਹਾਲੀ ਦੇ ਐਸ.ਐਸ.ਪੀ. ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਹਰਿਆਣਾ ਪੁਲਿਸ ਦੇ ਸਹਿਯੋਗ ਨਾਲ ਚਾਰ ਗੈਂਗਸਟਰਾਂ ਹਰਸਿਮਰਨ ਸਿੰਘ ਉਰਫ ਸੀਮੂ ਵਾਸੀ ਪਿੰਡ ਨਬੀਪੁਰ (ਅੰਬਾਲਾ), ਧਰੁਵ ਮੋਹਨ ਗਰਗ ਵਾਸੀ ਗਾਜ਼ੀਆਬਾਦ (ਯੂਪੀ), ਗੁਰਚਰਨ ਸਿੰਘ ਉਰਫ ਗੁਨਾ ਵਾਸੀ ਰਾਏਪੁਰ ਰਾਣੀ (ਪੰਚਕੂਲਾ) ਅਤੇ ਗੁਰਪ੍ਰੀਤ ਸਿੰਘ ਉਰਫ ਗੋਪੀ ਵਾਸੀ ਸੈਦਪੁਰ (ਡੇਰਾਬੱਸੀ) ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਕੋਲੋਂ ਅਸਲਾ ਵੀ ਬਰਾਮਦ ਹੋਇਆ ਹੈ। ਉਨ੍ਹਾਂ ਖਿਲਾਫ ਪਹਿਲਾਂ ਹੀ ਸੈਂਟਰਲ ਥਾਣਾ ਫੇਜ਼-8 ਵਿਚ ਧਾਰਾ 307 ਅਤੇ ਅਸਲਾ ਐਕਟ ਤਹਿਤ ਕੇਸ ਦਰਜ ਹੈ।

# 60 ਹਜ਼ਾਰ ਤੋਂ ਵੱਧ ਨਵੇਂ ਨਸ਼ਾ ਪੀੜਤ ਦਰਜ

**ਚੰਡੀਗੜ੍ਹ:** ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਸੂਬੇ ਵਿਚ ਕੋਵਿਡ-19 ਦੀ ਰੋਕਥਾਮ ਤਹਿਤ ਲਗਾਏ ਗਏ ਕਰਫਿਊ ਦੌਰਾਨ ਨਸ਼ਾ ਪੀੜਤਾਂ ਨੂੰ ਨਿਰਵਿਘਨ ਇਲਾਜ ਸੇਵਾਵਾਂ ਮੁਹੱਈਆ ਕਰਵਾਉਣ ਲਈ ਚਲਾਈ ਗਈ ਮੁਹਿੰਮ ਨੂੰ ਵੱਡੀ ਸਫਲਤਾ ਮਿਲੀ ਹੈ ਜਿਸ ਤਹਿਤ ਮਹਿਜ਼ ਇਕ ਮਹੀਨੇ ਦੌਰਾਨ ਹੀ 60 ਹਜ਼ਾਰ ਤੋਂ ਵੱਧ ਨਵੇਂ ਨਸ਼ਾ ਪੀੜਤਾਂ ਨੇ ਓਟ ਕੇਂਦਰਾਂ 'ਚ ਰਜਿਸਟ੍ਰੇਸ਼ਨ ਕਰਵਾਈ ਹੈ।

ਸਿਹਤ ਮੰਤਰੀ ਨੇ ਦੱਸਿਆ ਕਿ ਮਰੀਜ਼ਾਂ ਦੀ ਵਧਦੀ ਗਿਣਤੀ ਨੂੰ ਧਿਆਨ ਵਿਚ ਰੱਖਦਿਆਂ ਓਟ ਕਲੀਨਿਕਾਂ ਦੇ ਖੁੱਲ੍ਹਣ ਦਾ ਸਮਾਂ ਸਵੇਰੇ 8 ਵਜੇ ਕਰ ਦਿੱਤਾ ਗਿਆ ਹੈ। ਸਿਹਤ ਵਿਭਾਗ ਅਨੁਸਾਰ ਉਸ ਕੋਲ 4.14 ਲੱਖ ਮਰੀਜ਼ ਦਰਜ ਸਨ। ਤਾਲਾਬੰਦੀ ਤੋਂ ਪਹਿਲਾਂ ਓਟ ਕੇਂਦਰਾਂ 'ਚ 1.55 ਲੱਖ, ਨਸ਼ਾ ਛੁਡਾਊ ਕੇਂਦਰਾਂ 'ਚ 2.15 ਲੱਖ ਅਤੇ 30 ਹਜ਼ਾਰ ਤੋਂ ਵੱਧ ਨਸ਼ਾ ਪੀੜਤ ਮੁੜ ਵਸੇਬਾ ਕੇਂਦਰਾਂ 'ਚ ਸਨ। ਓਟ ਕੇਂਦਰਾਂ 60 ਹਜ਼ਾਰ ਨਵੇਂ ਮਰੀਜ਼ ਆਉਣ ਨਾਲ ਇਹ ਅੰਕੜਾ 4.74 ਲੱਖ ਹੋ ਗਿਆ ਹੈ।

# ਪਰਵਾਸੀਆਂ ਵਲੋਂ ਭਾਰਤ ਭੇਜੀ ਜਾਂਦੀ ਰਕਮ 23 ਫੀਸਦ ਘਟੇਗੀ

**ਵਾਸ਼ਿੰਗਟਨ:** ਆਲਮੀ ਬੈਂਕ ਨੇ ਕਿਹਾ ਕਿ ਵਿਦੇਸ਼ ਵਸੇ ਭਾਰਤੀਆਂ ਵੱਲੋਂ ਆਪਣੀ ਕਮਾਈ ਵਿਚੋਂ ਕੁਝ ਹਿੱਸਾ ਜਿਹੜਾ ਵਾਪਸ ਆਪਣੇ ਮੁਲਕ ਭੇਜਿਆ ਜਾਂਦਾ ਹੈ, ਕੋਵਿਡ-19 ਮਹਾਮਾਰੀ ਦੇ ਮੱਦੇਨਜ਼ਰ ਮੌਜੂਦਾ ਸਾਲ ਵਿਚ ਇਹ ਰਾਸ਼ੀ 23 ਫੀਸਦ ਦੇ ਨਿਘਾਰ ਨਾਲ ਘੱਟ ਕੇ 64 ਅਰਬ ਅਮਰੀਕੀ ਡਾਲਰ ਰਹਿ ਜਾਵੇਗੀ।

ਪਿਛਲੇ ਸਾਲ ਇਹ ਅੰਕੜਾ 83 ਅਰਬ ਅਮਰੀਕੀ ਡਾਲਰ ਸੀ। ਇਹ ਦਾਅਵਾ ਆਲਮੀ ਬੈਂਕ ਨੇ ਆਪਣੀ ਇਕ ਰਿਪੋਰਟ 'ਚ ਕੀਤਾ ਹੈ। ਵਿਸ਼ਵ ਬੈਂਕ ਨੇ ਕਿਹਾ ਕਿ ਮਹਾਮਾਰੀ ਤੇ ਮਗਰੋਂ ਲੌਕਡਾਊਨ ਕਰਕੇ ਦਰਪੇਸ਼ ਆਰਥਿਕ ਸੰਕਟ ਦੇ ਕਾਰਨ ਪਰਵਾਸੀ ਕਾਮਿਆਂ ਦਾ ਰੁਜ਼ਗਾਰ ਖੁੱਸਣ ਦੇ ਨਾਲ ਉਨ੍ਹਾਂ ਦੀਆਂ ਤਨਖਾਹਾਂ 'ਚ ਹੋਣ ਵਾਲੀ ਕਟੌਤੀ ਕਰਕੇ ਆਲਮੀ ਪੱਧਰ ਉਤੇ ਇਹ ਅੰਕੜਾ 20 ਫੀਸਦ ਤੱਕ ਡਿੱਗ ਸਕਦਾ ਹੈ। ਵਿਸ਼ਵ ਬੈਂਕ ਗਰੁੱਪ ਦੇ ਮੁਖੀ ਡੇਵਿਡ ਮੈਲਪਾਸ ਨੇ ਕਿਹਾ ਕਿ ਪਰਵਾਸੀ ਕਾਮਿਆਂ ਵੱਲੋਂ ਆਪਣੀ ਕਮਾਈ 'ਚੋਂ ਵਾਪਸ ਆਪਣੇ ਮੁਲਕ ਭੇਜਿਆ ਜਾਂਦਾ ਪੈਸਾ ਵਿਕਾਸਸ਼ੀਲ ਮੁਲਕਾਂ ਲਈ 'ਆਮਦਨ ਦਾ ਅਹਿਮ ਸਰੋਤ' ਹੈ। ਮੈਲਪਾਸ ਨੇ ਕਿਹਾ, 'ਕੋਵਿਡ-19 ਕਰਕੇ ਆਈ ਆਰਥਿਕ ਮੰਦੀ ਨਾਲ ਪਰਵਾਸੀਆਂ ਦੀ ਵਾਪਸ ਆਪਣੇ ਘਰਾਂ ਨੂੰ ਪੈਸੇ ਭੇਜਣ ਦੀ ਸਮਰੱਥਾ ਨੂੰ ਵੱਡੀ ਮਾਰ ਪਏਗੀ।' ਉਨ੍ਹਾਂ ਕਿਹਾ ਕਿ ਪਰਵਾਸੀਆਂ ਵੱਲੋਂ ਭੇਜੇ ਪੈਸੇ ਨਾਲ ਉਨ੍ਹਾਂ ਦੇ ਪਰਿਵਾਰਾਂ ਨੂੰ ਨਾ ਸਿਰਫ ਖੁਰਾਕ ਬਲਕਿ ਸਿਹਤ ਸੰਭਾਲ ਤੇ ਬੁਨਿਆਦੀ ਲੋੜਾਂ ਪੂਰੀਆਂ ਕਰਨ ਵਿਚ ਵੀ ਮਦਦ ਮਿਲਦੀ ਹੈ।

ਰਿਪੋਰਟ ਮੁਤਾਬਕ ਯੂਰਪ ਤੇ ਕੇਂਦਰੀ ਏਸ਼ੀਆ ਵਿਚ 27.5 ਫੀਸਦ, ਉਪ ਸਹਾਰਾ ਅਫਰੀਕਾ ਵਿਚ 23.1 ਫੀਸਦ, ਦੱਖਣੀ ਏਸ਼ੀਆ 'ਚ 22.1 ਫੀਸਦ, ਮੱਧ ਪੂਰਬ ਤੇ ਉਤਰੀ ਅਫਰੀਕਾ ਵਿਚ 19.6 ਫੀਸਦ, ਲਾਤੀਨੀ ਅਮਰੀਕਾ ਤੇ ਕੈਰੇਬੀਅਨ 'ਚ 19.3 ਫੀਸਦ ਤੇ ਪੂਰਬੀ ਏਸ਼ੀਆ ਤੇ ਪ੍ਰਸ਼ਾਂਤ ਖਿੱਤੇ ਵਿਚ 13 ਫੀਸਦ ਦਾ ਨਿਘਾਰ ਆਏਗਾ।

# ਪੰਜਾਬ ਪੁਲਿਸ ਨੇ ਹਿਜ਼ਬ ਅਤਿਵਾਦੀ ਫੜਿਆ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਅਤਿਵਾਦੀ ਜਥੇਬੰਦੀ ਹਿਜ਼ਬੁਲ ਮੁਜਾਹਦੀਨ ਦੇ ਇਕ ਕਾਰਕੁਨ ਨੂੰ 29 ਰੁਪਏ ਲੱਖ ਰੁਪਏ ਦੀ ਭਾਰਤੀ ਕਰੰਸੀ ਸਮੇਤ ਗ੍ਰਿਫਤਾਰ ਕੀਤਾ ਹੈ। ਪੰਜਾਬ ਦੇ ਡੀ.ਜੀ.ਪੀ. ਦਿਨਕਰ ਗੁਪਤਾ ਨੇ ਦੱਸਿਆ ਕਿ ਹਿਜ਼ਬੁਲ ਮੁਜਾਹਦੀਨ ਦੇ ਕਾਬੂ ਕੀਤੇ ਇਸ ਕਾਰਕੁਨ ਦੀ ਪਛਾਣ ਹਿਲਾਲ ਅਹਿਮਦ ਵਾਗੇ ਪੁੱਤਰ ਅਬਦੁੱਲ ਸਮਦ ਵਾਗੇ ਵਾਸੀ ਨੌਗਾਮ ਵਜੋਂ ਹੋਈ ਹੈ, ਜੋ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ 'ਚ ਅਵੰਤੀਪੁਰਾ ਥਾਣੇ ਅਧੀਨ ਪੈਂਦਾ ਹੈ।

ਹਿਲਾਲ ਨੂੰ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਦੀ ਟੀਮ ਨੇ 25 ਅਪਰੈਲ ਨੂੰ ਦੇਰ ਸ਼ਾਮ ਸ਼ਹਿਰ ਵਿਚ ਮੈਟਰੋ ਮਾਰਟ ਨੇੜੇ ਗਸ਼ਤ ਦੌਰਾਨ ਕਾਬੂ ਕੀਤਾ ਹੈ। ਉਸ ਵਿਰੁੱਧ ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਤਹਿਤ ਥਾਣਾ



ਸਦਰ, ਅੰਮ੍ਰਿਤਸਰ ਵਿਚ ਕੇਸ ਦਰਜ ਕੀਤਾ ਗਿਆ ਹੈ। ਡੀ.ਜੀ.ਪੀ. ਨੇ ਦੱਸਿਆ ਕਿ ਮੁੱਢਲੀ ਜਾਂਚ ਅਨੁਸਾਰ ਹਿਲਾਲ ਅਹਿਮਦ ਨੂੰ ਰਿਆਜ਼ ਅਹਿਮਦ ਨੈਕੂ ਵਾਸੀ ਬੀਜਬਹੇੜਾ, ਜੋ ਕਿ ਕਸ਼ਮੀਰ ਦੇ ਹਿਜ਼ਬੁਲ ਮੁਜਾਹਦੀਨ ਦਾ ਮੁਖੀ ਹੈ, ਨੇ ਆਪਣੇ ਟਰੱਕ (ਜੇਕੇ 03 ਐਫ-2261) ਉਤੇ ਪੈਸਾ ਲੈਣ ਲਈ ਭੇਜਿਆ ਸੀ। ਉਸ ਨੂੰ ਪੈਸਾ ਸੌਂਪਣ ਵਾਲਾ ਅਣਪਛਾਤਾ ਵਿਅਕਤੀ ਸਫੈਦ ਰੰਗ ਦੀ ਐਕਟਿਵਾ ਉਤੇ ਆਇਆ ਸੀ। ਉਨ੍ਹਾਂ ਦੱਸਿਆ ਕਿ ਟਰੱਕ ਵਿਚ ਉਸ ਦੇ ਨਾਲ ਆਏ ਵਿਅਕਤੀ ਦੀ ਪਛਾਣ ਰਈਸ ਅਹਿਮਦ ਵਾਸੀ ਬੀਜਬਹੇੜਾ ਜ਼ਿਲ੍ਹਾ ਅਨੰਤਨਾਗ ਵਜੋਂ ਹੋਈ ਹੈ।

# ਲੌਕਡਾਊਨ ਨੇ ਭਾਰਤ ਨੂੰ ਮਹਾਮਾਰੀ ਦੀ ਗ੍ਰਿਫਤ ਤੋਂ ਬਚਾਇਆ: ਮਾਹਿਰ

**ਨਵੀਂ ਦਿੱਲੀ:** ਵੱਡੀ ਗਿਣਤੀ ਮਾਹਿਰ ਇਹ ਮੰਨਦੇ ਹਨ ਕਿ ਦੁਨੀਆਂ ਭਰ ਵਿਚ ਵੱਡੇ ਲੋਕਤੰਤਰ ਦੇਸ਼ ਭਾਰਤ ਵੱਲੋਂ ਕਰੋਨਾ ਮਹਾਮਾਰੀ ਖਿਲਾਫ ਸਮੇਂ ਸਿਰ ਚੁੱਕਿਆ ਲੌਕਡਾਊਨ ਦਾ ਫੈਸਲਾ ਬਹੁਤ ਕਾਰਗਰ ਸਿੱਧ ਹੋਇਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕਾ ਅਤੇ ਹੋਰਨਾਂ ਯੂਰਪੀ ਦੇਸ਼ਾਂ ਦੇ ਮੁਕਾਬਲੇ ਇਸ ਮਹਾਮਾਰੀ ਵਿਰੁੱਧ ਭਾਰਤ ਦੀ ਸਥਿਤੀ ਬਹੁਤ ਮਜ਼ਬੂਤ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਕਈ ਦੇਸ਼ਾਂ ਨੇ ਇਸ ਮਹਾਮਾਰੀ ਵਿਰੁੱਧ ਲੌਕਡਾਊਨ ਦਾ ਫੈਸਲਾ ਬਹੁਤ ਪੱਛੜ ਕੇ ਲਿਆ ਜਿਸ ਦਾ ਨਤੀਜਾ ਇਹ ਹੋਇਆ ਕਿ ਇਸ ਮਹਾਮਾਰੀ ਨੇ ਉਨ੍ਹਾਂ ਦੇਸ਼ਾਂ 'ਚ ਆਪਣੀ ਪਕੜ ਮਜ਼ਬੂਤ ਬਣਾ ਲਈ। ਜਦੋਂ ਕਿ ਇਸ ਦੇ ਉਲਟ ਭਾਰਤ ਨੇ ਨਾ ਹੀ ਸਿਰਫ ਲੌਕਡਾਊਨ ਦਾ ਫੈਸਲਾ ਸਹੀ ਸਮੇਂ ਉਤੇ ਲਿਆ ਬਲਕਿ ਇਥੋਂ ਦੇ ਪ੍ਰਸ਼ਾਸਨ ਨੇ ਇਸ ਮਹਾਮਾਰੀ ਨੂੰ ਇਕ ਚੁਣੌਤੀ ਦੇ ਤੌਰ ਉਤੇ ਲਿਆ ਅਤੇ ਡਟ ਇਸ ਦਾ ਸਾਹਮਣਾ ਕੀਤਾ।

ਭਾਰਤ ਵਿਚ ਕਰੋਨਾ ਦਾ ਪਹਿਲਾ ਕੇਸ 30 ਜਨਵਰੀ ਨੂੰ ਆਇਆ ਸੀ ਅਤੇ 54 ਦਿਨਾਂ ਬਾਅਦ 25 ਮਾਰਚ ਨੂੰ ਪਾਜ਼ੇਟਿਵ ਕੇਸਾਂ ਦੀ ਗਿਣਤੀ 519 ਹੋ ਗਈ ਅਤੇ ਮੌਤਾਂ ਦੀ ਗਿਣਤੀ 11 ਸੀ। ਇਸ ਮਗਰੋਂ ਦੇਸ਼ 'ਚ ਲੌਕਡਾਊਨ ਦੀ ਘੋਸ਼ਣਾ ਕੀਤੀ ਗਈ ਅਤੇ ਮਹਾਮਾਰੀ ਵਿਰੁੱਧ ਜੰਗ ਵਿੱਢ ਦਿੱਤੀ ਗਈ। ਅਮਰੀਕਾ ਅਤੇ ਹੋਰ ਕਈ ਯੂਰਪੀ ਦੇਸ਼ਾਂ ਵਿਚ ਇਸ ਮਹਾਮਾਰੀ ਨੇ ਬਹੁਤ ਤਬਾਹੀ ਮਚਾਈ ਹੈ। ਤਿੰਨ ਹਫਤੇ ਦੀ ਤਾਲਾਬੰਦੀ ਮਗਰੋਂ ਪ੍ਰਧਾਨ ਮੰਤਰੀ ਨੇ 19 ਦਿਨਾਂ ਦੀ ਯਾਨਿ 3 ਮਈ ਤੱਕ ਹੋਰ ਲੌਕਡਾਊਨ ਦੀ ਘੋਸ਼ਣਾ ਕਰ ਦਿੱਤੀ। ਇਸ ਵੇਲੇ ਉਨ੍ਹਾਂ ਕਰੋਨਾ ਦੀ ਮਾਰ ਤੋਂ ਬਚੇ ਹੋਏ ਕੁਝ ਖੇਤਰਾਂ ਵਿਚ ਕੁਝ ਰਿਆਇਤਾਂ ਦੀ ਘੋਸ਼ਣਾ ਵੀ ਕੀਤੀ।




ਮਾਹਿਰਾਂ ਦਾ ਮੰਨਣਾ ਹੈ ਕਿ ਅਜੇ ਵੀ ਦੇਸ਼ ਨੂੰ ਚੇਤੰਨ ਰਹਿਣ ਦੀ ਲੋੜ ਹੈ। ਸਰ ਗੰਗਾ ਰਾਮ ਹਸਪਤਾਲ ਦੇ ਡਾ. ਅਰਵਿੰਦ ਕੁਮਾਰ ਨੇ ਕਿਹਾ ਕਿ ਮਹਾਮਾਰੀ ਦੌਰਾਨ ਕੀਤੀ ਤਾਲਾਬੰਦੀ ਨੇ ਭਾਰਤ 'ਚ ਰਾਮ ਬਾਣ ਵਰਗਾ ਕੰਮ ਕੀਤਾ ਹੈ। ਫੋਰਟਿਸ ਹਸਪਤਾਲ ਫਰੀਦਾਬਾਦ ਦੇ ਡਾ. ਰਵੀ ਸ਼ੰਕਰ ਨੇ ਕਿਹਾ ਕਿ ਸਰਕਾਰ ਵੱਲੋਂ ਸਮੇਂ ਸਿਰ ਚੁੱਕੇ ਕਦਮਾਂ ਦੀ ਸ਼ਲਾਘਾ ਕਰਨੀ ਬਣਦੀ ਹੈ ਜਿਸ ਕਾਰਨ ਦੇਸ਼ ਇਸ ਵੱਡੀ ਚੁਣੌਤੀ ਦਾ ਸਾਹਮਣਾ ਕਰਨ ਦੇ ਸਮਰੱਥ ਰਿਹਾ ਹੈ। ਇਸੇ ਤਰ੍ਹਾਂ ਮੈਕਸ ਹੈੱਲਥਕੇਅਰ ਦੇ ਐਸੋਸੀਏਟ ਡਾਇਰੈਕਟਰ ਡਾ. ਰੋਮੇਲ ਟਿੱਕੋ ਤੇ ਹੋਰਨਾਂ ਕਈ ਮਾਹਿਰਾਂ ਨੇ ਸਰਕਾਰ ਦੇ ਇਸ ਮਹਾਮਾਰੀ ਦੌਰਾਨ ਸਹੀ ਸਮੇਂ ਉਤੇ ਚੁੱਕੇ ਕਦਮਾਂ ਦੀ ਸ਼ਲਾਘਾ ਕੀਤੀ ਹੈ।

ਉਧਰ, ਸਿਹਤ ਮੰਤਰਾਲੇ ਨੇ ਦਾਅਵਾ ਕੀਤਾ ਕਿ ਉਹ ਦੇਸ਼ ਵਿਚ ਕੋਵਿਡ-19 ਦੇ ਸੰਚਾਰ ਤੇ ਫੈਲਾਅ ਨੂੰ ਰੋਕਣ ਵਿਚ ਕਾਫੀ ਹੱਦ ਤੱਕ ਸਫਲ ਰਿਹਾ ਹੈ। ਮੰਤਰਾਲੇ ਨੇ ਕਿਹਾ ਕਿ ਕੋਵਿਡ-19 ਕੇਸਾਂ ਦੀ ਗਿਣਤੀ ਦੁੱਗਣੀ ਹੋਣ ਦਾ ਸਮਾਂ ਪਹਿਲਾਂ ਨਾਲੋਂ ਵਧ ਗਿਆ ਹੈ। ਵਾਇਰਸ ਦੀ ਲਾਗ ਤੋਂ ਉਭਰਨ ਵਾਲੇ ਮਰੀਜ਼ਾਂ ਦੀ ਗਿਣਤੀ ਵਧ ਕੇ 20 ਫੀਸਦ ਤੋਂ ਵੱਧ ਹੋ ਗਈ ਹੈ।

ਦੇਸ਼ ਵਿਚ ਕੋਵਿਡ-19 ਹਾਲਾਤ ਬਾਰੇ ਜਾਣਕਾਰੀ ਦੇਣ ਲਈ ਰੱਖੀ ਨਿਯਮਤ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉੱਚ ਤਾਕਤੀ ਸਮੂਹ ਦੋਇਮ ਦੇ ਚੇਅਰਮੈਨ ਸੀ.ਕੇ.ਮਿਸ਼ਰਾ ਨੇ ਕਿਹਾ ਕਿ 23 ਮਾਰਚ ਤੱਕ ਦੇਸ਼ ਭਰ ਵਿਚ 15000 ਦੇ ਕਰੀਬ ਟੈਸਟ ਕੀਤੇ ਗਏ ਸਨ ਤੇ ਹੁਣ 22 ਅਪਰੈਲ ਤੱਕ ਇਹ ਗਿਣਤੀ ਪੰਜ ਲੱਖ ਨੂੰ ਟੱਪ ਚੁੱਕੀ ਹੈ, ਜੋ ਕਿ ਪਿਛਲੇ '30 ਦਿਨਾਂ ਵਿਚ 33 ਗੁਣਾ' ਬਣਦੀ ਹੈ। ਮਿਸ਼ਰਾ ਨੇ ਕਿਹਾ, 'ਪਰ ਅਸੀਂ ਇਸ ਤੱਥ ਤੋਂ ਭਲੀਭਾਂਤ ਜਾਣੂ ਹਾਂ ਕਿ ਇਹ ਗਿਣਤੀ ਵੀ ਥੋੜ੍ਹੀ ਹੈ। ਸਾਨੂੰ ਦੇਸ਼ ਵਿਚ ਲਗਾਤਾਰ ਟੈਸਟਿੰਗ ਦੇ ਕੰਮ ਨੂੰ ਵਧਾਉਣਾ ਹੋਵੇਗਾ। ਕੋਵਿਡ-19 ਕੇਸਾਂ ਵਿਚ ਜੇਕਰ 16 ਗੁਣਾ ਵਾਧਾ ਹੋਇਆ ਹੈ ਤਾਂ ਅਸੀਂ ਟੈਸਟਿੰਗ ਦਾ ਕੰਮ 24 ਗੁਣਾ ਵਧਾ ਦਿੱਤਾ ਹੈ।' ਉਨ੍ਹਾਂ ਕਿਹਾ, 'ਪਿਛਲੇ ਇਕ ਮਹੀਨੇ ਦੇ ਲੌਕਡਾਊਨ ਦੌਰਾਨ ਅਸੀਂ ਆਪਣਾ ਸਾਰਾ ਸਮਾਂ ਭਵਿੱਖ ਦੀਆਂ ਤਿਆਰੀਆਂ ਲਈ ਖਪਾਇਆ ਹੈ ਤਾਂ ਕਿ ਵਾਇਰਸ ਅੱਗੇ ਨਾ ਫੈਲੇ।' ਮਿਸ਼ਰਾ ਨੇ ਕਿਹਾ ਕਿ ਅਜਿਹੇ ਹਸਪਤਾਲ ਜਿਥੇ ਕਰੋਨਾ ਪੀੜਤ ਮਰੀਜ਼ਾਂ ਦਾ ਹੀ ਇਲਾਜ ਹੋਵੇਗਾ, ਦੀ ਗਿਣਤੀ 3.5 ਗੁਣਾ ਅਤੇ ਆਈਸੋਲੇਸ਼ਨ ਬੈੱਡਾਂ ਦੀ ਗਿਣਤੀ 3.6 ਗੁਣਾ ਵਧੀ ਹੈ।

## ਕਰੋਨਾ ਦੇ ਖਤਰੇ ਬਾਰੇ ਗੰਭੀਰ ਹੋਏ ਭਾਰਤੀ: ਸਰਵੇਖਣ

**ਨਵੀਂ ਦਿੱਲੀ:** ਕਰੋਨਾ ਮਹਾਮਾਰੀ ਦੇ ਵਧਦੇ ਖਤਰੇ ਨੂੰ ਲੈ ਕੇ ਭਾਰਤੀ ਲੋਕਾਂ 'ਚ ਗੰਭੀਰਤਾ ਜ਼ਿਆਦਾ ਵਧੀ ਹੈ। ਆਈ.ਏ.ਐਨ.ਐਸ. /ਸੀ-ਵੋਟਰ ਦੇ ਸਰਵੇਖਣ 'ਚ ਇਹ ਗੱਲ ਸਾਹਮਣੇ ਆਈ ਹੈ। 38.4 ਫੀਸਦੀ ਲੋਕਾਂ ਨੇ ਕਿਹਾ ਕਿ ਉਹ ਇਸ ਕਰੋਨਾ ਵਾਇਰਸ ਦੇ ਖਤਰੇ ਨੂੰ ਬੇਹੱਦ ਗੰਭੀਰਤਾ ਨਾਲ ਲੈਂਦੇ ਹਨ, ਜਦੋਂ ਕਿ 16 ਫੀਸਦੀ ਲੋਕਾਂ ਨੇ ਕਿਹਾ ਕਿ ਉਹ ਇਸ ਨੂੰ ਸਿਰਫ ਗੰਭੀਰ ਮੰਨਦੇ ਹਨ। ਇਸ ਦੇ ਚਲਦਿਆਂ 23.4 ਫੀਸਦੀ ਲੋਕਾਂ ਨੇ ਜ਼ਿਆਦਾਤਰ ਆਤਮ ਸੰਤੁਸ਼ਟੀ ਜ਼ਾਹਿਰ ਕੀਤੀ ਹੈ ਜੋ ਇਸ ਗੱਲ ਨਾਲ ਸਹਿਮਤ ਹਨ ਕਿ ਇਸ ਵਾਇਰਸ ਤੋਂ ਖਤਰਾ ਹੈ। ਸਿਰਫ 14.5 ਫੀਸਦੀ ਲੋਕਾਂ ਨੇ ਕਿਹਾ ਕਿ ਉਹ ਇਸ ਬਿਆਨ ਨਾਲ ਸਿਰਫ ਸਹਿਮਤ ਹਨ। ਇਸ ਸਰਵੇਖਣ 'ਚ 16 ਮਾਰਚ ਤੋਂ ਲੈ ਕੇ 23 ਅਪਰੈਲ ਤੱਕ ਦਾ ਸਮਾਂ ਲਿਆ ਗਿਆ ਹੈ।

## ਭਾਰਤ ਸਰਕਾਰ ਦਾ ਤੀਜੀ ਸਟੇਜ ਨਾ ਹੋਣ ਬਾਰੇ ਦਾਅਵਾ

**ਨਵੀਂ ਦਿੱਲੀ:** ਕੇਂਦਰੀ ਸਿਹਤ ਮੰਤਰੀ ਹਰਸ਼ ਵਰਧਨ ਨੇ ਕਿਹਾ ਕਿ ਦੇਸ਼ ਕਰੋਨਾ ਵਾਇਰਸ ਖਿਲਾਫ ਚੱਲ ਰਹੀ ਲੜਾਈ ਵਿਚ ਕਾਫੀ ਹੱਦ ਤੱਕ ਸਫਲ ਰਿਹਾ ਹੈ ਤੇ ਮਹਾਮਾਰੀ ਦੀ ਤੀਜੀ ਸਟੇਜ ਵਿਚ ਜਾਣ ਤੋਂ ਬਚ ਗਿਆ ਹੈ। ਉਨ੍ਹਾਂ ਕਿਹਾ, "ਕੋਵਿਡ-19 ਦੇ ਟੈਸਟਾਂ ਦੀ ਗਿਣਤੀ ਵਿਚ ਵਾਧਾ ਕੀਤਾ ਗਿਆ ਹੈ। ਅਸੀਂ ਸਾਰੇ ਇਸ ਮਹਾਮਾਰੀ ਦੀ ਤੀਜੀ ਸਟੇਜ ਵਿਚ ਪਹੁੰਚਣ ਸਬੰਧੀ ਚਿੰਤਤ ਸਾਂ ਪਰ ਅਸੀਂ ਦੇਸ਼ ਨੂੰ ਤੀਜੀ ਸਟੇਜ ਵਿਚ ਪਹੁੰਚਣ ਤੋਂ ਬਚਾਉਣ ਵਿਚ ਕਾਮਯਾਬ ਹੋਏ ਹਾਂ।" ਉਨ੍ਹਾਂ ਕਿਹਾ, "ਸਾਰੇ ਹੌਟਸਪੌਟ ਉਤੇ ਸਰਕਾਰ ਦੀ ਤਿੱਖੀ ਨਜ਼ਰ ਹੈ ਤੇ ਕਈ ਥਾਵਾਂ ਤੋਂ ਟੈਸਟਿੰਗ ਕਿੱਟਾਂ ਵਿਚ ਖਾਮੀਆਂ ਦੀਆਂ ਰਿਪੋਰਟਾਂ ਆ ਰਹੀਆਂ ਹਨ। ਖਰਾਬ ਟੈਸਟਿੰਗ ਕਿੱਟਾਂ ਨੂੰ ਉਨ੍ਹਾਂ ਦੇਸ਼ਾਂ ਵਿਚ ਵਾਪਸ ਭੇਜਿਆ ਜਾਵੇਗਾ ਜਿਥੋਂ ਇਹ ਮੰਗਵਾਈਆਂ ਗਈਆਂ ਹਨ।"

# ਕੇਂਦਰੀ ਮੁਲਾਜ਼ਮਾਂ ਨੂੰ ਝਟਕਾ; ਡੇਢ ਸਾਲ ਤਕ ਮਹਿੰਗਾਈ ਭੱਤੇ 'ਤੇ ਰੋਕ ਲੱਗੀ

**ਨਵੀਂ ਦਿੱਲੀ:** ਕਰੋਨਾ ਵਾਇਰਸ ਦੇ ਆਰਥਿਕਤਾ ਉਤੇ ਪੈਣ ਵਾਲੇ ਨਾਂਹ-ਪੱਖੀ ਪ੍ਰਭਾਵਾਂ ਤਹਿਤ ਸਰਕਾਰ ਨੇ ਕੇਂਦਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਵੱਡਾ ਝਟਕਾ ਦਿੰਦਿਆਂ ਉਨ੍ਹਾਂ ਨੂੰ ਦਿੱਤੇ ਜਾਣ ਵਾਲੇ ਵਾਧੂ ਮਹਿੰਗਾਈ ਭੱਤੇ ਉਤੇ ਰੋਕ ਲਾ ਦਿੱਤੀ ਹੈ। ਕੇਂਦਰ ਸਰਕਾਰ ਨੇ ਡੇਢ ਨਾਲ ਭਾਵ 1 ਜਨਵਰੀ, 2020 ਤੋਂ ਜੁਲਾਈ, 2021 ਦਰਮਿਆਨ ਦੇ ਸਮੇਂ ਲਈ ਮਹਿੰਗਾਈ ਭੱਤੇ ਦੀ ਦਰ 'ਚ ਕੋਈ ਤਬਦੀਲੀ ਨਾ ਕਰਨ ਦਾ ਫੈਸਲਾ ਕੀਤਾ ਹੈ। ਹਾਲਾਂਕਿ ਵਿੱਤ ਮੰਤਰਾਲੇ ਨੇ ਇਹ ਸਪੱਸ਼ਟ ਕੀਤਾ ਹੈ ਕਿ ਮਹਿੰਗਾਈ ਭੱਤੇ ਦਾ ਭੁਗਤਾਨ ਮੌਜੂਦਾ 17 ਫੀਸਦੀ ਦੀ ਦਰ ਨਾਲ ਕੀਤਾ ਜਾਂਦਾ ਰਹੇਗਾ।

ਵਿੱਤ ਮੰਤਰਾਲੇ ਵਲੋਂ ਦਿੱਤੀ ਜਾਣਕਾਰੀ ਮੁਤਾਬਕ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਅਤੇ ਪੈਨਸ਼ਨ ਧਾਰਕਾਂ ਨੂੰ ਪਹਿਲੀ ਜਨਵਰੀ, 2020 ਤੋਂ ਦਿੱਤੇ ਜਾਣ ਵਾਲੇ ਮਹਿੰਗਾਈ ਭੱਤੇ ਦੀ ਵਾਧੂ ਕਿਸ਼ਤ ਨਹੀਂ ਦਿੱਤੀ ਗਈ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਵਲੋਂ ਹਰ 6 ਮਹੀਨੇ ਦੇ ਵਕਫੇ ਦਰਮਿਆਨ



ਮਹਿੰਗਾਈ ਭੱਤੇ ਦੀ ਦਰ 'ਚ ਤਬਦੀਲੀ ਹੁੰਦੀ ਹੈ ਅਤੇ ਤਬਦੀਲੀ ਤੋਂ ਬਾਅਦ ਮਹਿੰਗਾਈ ਭੱਤੇ ਦਾ ਭੁਗਤਾਨ ਹਰ ਸਾਲ 1 ਜਨਵਰੀ ਅਤੇ 1 ਜੁਲਾਈ ਨੂੰ ਕੀਤਾ ਜਾਂਦਾ ਹੈ। ਮੰਤਰਾਲੇ ਮੁਤਾਬਕ ਕੇਂਦਰੀ ਮੁਲਾਜ਼ਮਾਂ ਅਤੇ ਪੈਨਸ਼ਨ ਧਾਰਕਾਂ ਨੂੰ 1 ਜੁਲਾਈ, 2020 ਅਤੇ 1 ਜਨਵਰੀ, 2021 ਤੋਂ ਬਕਾਇਆ ਹੋਣ ਵਾਲੇ ਮਹਿੰਗਾਈ ਭੱਤੇ ਦੀ ਵਾਧੂ ਕਿਸ਼ਤ ਦਾ ਭੁਗਤਾਨ ਨਹੀਂ ਕੀਤਾ ਜਾਵੇਗਾ।

ਵਿੱਤ ਮੰਤਰਾਲੇ ਨੇ ਇਹ ਵੀ ਕਿਹਾ ਕਿ 1 ਜਨਵਰੀ, 2020 ਤੋਂ 30 ਜੂਨ 2021 ਦੀ ਮਿਆਦ ਦਾ ਕੋਈ ਵੀ ਬਕਾਇਆ ਅਦਾ ਨਹੀਂ ਕੀਤਾ ਜਾਵੇਗਾ। ਕੇਂਦਰ ਸਰਕਾਰ ਦੇ ਇਸ ਫੈਸਲੇ ਕਾਰਨ 1.13 ਕਰੋੜ ਮੁਲਾਜ਼ਮ ਅਤੇ ਪੈਨਸ਼ਨਰ ਪ੍ਰਭਾਵਿਤ ਹੋਣਗੇ। ਇਸ ਮਹਿੰਗਾਈ ਭੱਤੇ ਕਾਰਨ ਕੇਂਦਰ ਸਰਕਾਰ ਨੂੰ 2020-21 ਅਤੇ 2021-22 ਦਰਮਿਆਨ ਤਕਰੀਬਨ 37,530 ਕਰੋੜ ਰੁਪਏ ਦੀ ਬੱਚਤ ਹੋਵੇਗੀ। ਕੇਂਦਰ ਸਰਕਾਰ ਦੇ ਫੈਸਲੇ ਤੋਂ ਬਾਅਦ ਰਾਜ ਸਰਕਾਰ ਵਲੋਂ ਵੀ ਮਹਿੰਗਾਈ ਭੱਤੇ ਰੋਕਣ ਦੀ ਸੰਭਾਵਨਾ ਹੈ। ਜੇਕਰ ਰਾਜ ਸਰਕਾਰਾਂ ਵੀ ਅਜਿਹਾ ਕਦਮ ਚੁੱਕਦੀਆਂ ਹਨ ਤਾਂ ਸਰਕਾਰ ਤਕਰੀਬਨ 82.566 ਕਰੋੜ ਰੁਪਏ ਬਚਾ ਸਕਦੀ ਹੈ।

## ਔਖੇ ਸਮਿਆਂ 'ਚ ਮੁਲਾਜ਼ਮਾਂ ਨੂੰ ਦਬਾਉਣਾ ਗਲਤ: ਮਨਮੋਹਨ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਸਰਕਾਰੀ ਕਰਮਚਾਰੀਆਂ ਦੇ ਮਹਿੰਗਾਈ ਭੱਤੇ 'ਚ ਵਾਧਾ ਨਾ ਕਰਨ ਦੇ ਕੇਂਦਰ ਸਰਕਾਰ ਦੇ ਫੈਸਲੇ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਸ ਔਖੇ ਵੇਲੇ ਕੇਂਦਰੀ ਕਰਮਚਾਰੀਆਂ ਤੇ ਫੌਜੀਆਂ ਲਈ ਮੁਸ਼ਕਲ ਪੈਦਾ ਕਰਨੀ ਸਹੀ ਨਹੀਂ ਹੈ। ਕਾਂਗਰਸ ਵਲੋਂ ਜਾਰੀ ਪਾਰਟੀ ਦੇ ਸਲਾਹਕਾਰ ਸਮੂਹ ਦੀ ਮੀਟਿੰਗ ਦੀ ਵੀਡੀਓ ਅਨੁਸਾਰ ਮਨਮੋਹਨ ਸਿੰਘ ਨੇ ਇਹ ਵੀ ਕਿਹਾ ਕਿ ਕਾਂਗਰਸ ਇਸ ਸਮੇਂ ਇਨ੍ਹਾਂ ਸਰਕਾਰੀ ਕਰਮਚਾਰੀਆਂ ਤੇ ਸੈਨਿਕਾਂ ਨਾਲ ਡਟ ਕੇ ਖੜ੍ਹੀ ਰਹੇਗੀ। ਮਨਮੋਹਨ ਸਿੰਘ ਹਾਲ ਹੀ 'ਚ ਕਾਇਮ ਕੀਤੇ ਗਏ ਕਾਂਗਰਸ ਦੇ ਸਲਾਹਕਾਰ ਸਮੂਹ ਦੇ ਪ੍ਰਧਾਨ ਹਨ। ਉਨ੍ਹਾਂ ਕਿਹਾ, 'ਅਸੀਂ ਉਨ੍ਹਾਂ ਲੋਕਾਂ ਨਾਲ ਖੜ੍ਹਨਾ ਹੈ ਜਿਨ੍ਹਾਂ ਦੇ ਭੱਤੇ ਕੱਟੇ ਜਾ ਰਹੇ ਹਨ। ਮੇਰਾ ਮੰਨਣਾ ਹੈ ਕਿ ਇਸ ਸਮੇਂ ਸਰਕਾਰੀ ਕਰਮਚਾਰੀਆਂ ਤੇ ਫੌਜੀਆਂ ਲਈ ਮੁਸ਼ਕਲ ਪੈਦਾ ਕਰਨ ਦੀ ਲੋੜ ਨਹੀਂ ਸੀ।'

# ਕਰੋਨਾ ਵਾਲੀ ਤਾਲਾਬੰਦੀ: ਮੱਧ ਵਰਗ ਤੇ ਮਜ਼ਦੂਰਾਂ ਉਤੇ ਸਭ ਤੋਂ ਵੱਧ ਮਾਰ

**ਚੰਡੀਗੜ੍ਹ:** ਤਾਲਾਬੰਦੀ ਨਾਲ ਜਿਥੇ ਅਰਥਚਾਰਾ ਲੀਹੋਂ ਲੱਥ ਗਿਆ ਹੈ ਉਥੇ ਇਸ ਦਾ ਭਾਰੀ ਖਮਿਆਜ਼ਾ ਹੇਠਲੇ ਮੱਧ-ਵਰਗ ਤੇ ਮਜ਼ਦੂਰਾਂ ਨੂੰ ਭੁਗਤਣਾ ਪੈ ਰਿਹਾ ਹੈ। ਮਜ਼ਦੂਰਾਂ ਦੇ ਨਾਲ-ਨਾਲ ਅਨਏਡਿਡ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ, ਡਾਟਾ ਐਂਟਰੀ ਅਪਰੇਟਰਾਂ, ਸੇਲਜ਼ਪਰਸਨ, ਰਿਸੈਪਸ਼ਨਿਸਟ, ਬਿਊਟੀਸ਼ੀਅਨ ਅਤੇ ਮੋਬਾਈਲ ਤੇ ਮੁਰੰਮਤ ਵਾਲੇ ਛੋਟੇ ਦੁਕਾਨਦਾਰਾਂ ਲਈ ਲੌਕਡਾਊਨ ਕਹਿਰ ਬਣ ਕੇ ਟੁੱਟਿਆ ਹੈ।

ਇਸ ਵਰਗ ਨੂੰ ਮੁਸ਼ਕਲ ਨਾਲ 5 ਹਜ਼ਾਰ ਤੋਂ 15 ਹਜ਼ਾਰ ਰੁਪਏ ਤਕ ਤਨਖਾਹ ਮਿਲਦੀ ਸੀ। ਉਨ੍ਹਾਂ 'ਚੋਂ ਜ਼ਿਆਦਾਤਰ ਨੂੰ ਪਿਛਲੇ ਦੋ ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲੀਆਂ ਹਨ ਅਤੇ ਹੁਣ ਲੌਕਡਾਊਨ ਮਗਰੋਂ ਨੌਕਰੀ ਖੁੱਸਣ ਦਾ ਡਰ ਬਣ ਗਿਆ ਹੈ। ਮਾਹਿਰਾਂ ਮੁਤਾਬਕ ਹੇਠਲੇ ਮੱਧ ਵਰਗ ਵੱਲ ਸਰਕਾਰ ਵੀ ਕੋਈ ਧਿਆਨ ਨਹੀਂ ਦੇ ਰਹੀ ਹੈ ਜਿਸ ਕਾਰਨ ਉਨ੍ਹਾਂ ਦੀਆਂ ਮੁਸ਼ਕਲਾਂ 'ਚ ਹੋਰ ਵਾਧਾ ਹੋ ਗਿਆ ਹੈ। ਗਰੀਬੀ ਰੇਖਾ ਤੋਂ ਹੇਠਾਂ ਵਾਲੇ ਲੋਕਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਦੀ ਸਹਾਇਤਾ ਜ਼ਰੂਰ ਮਿਲ ਰਹੀ ਹੈ।

ਕਰੋਨਾ ਵਾਇਰਸ ਕਰਕੇ ਪੰਜਾਬ ਵਿਚ ਕਰਫਿਊ ਨੂੰ ਇਕ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ। ਕਾਰਖਾਨੇ ਬੰਦ ਹੋਣ ਕਾਰਨ ਮਜ਼ਦੂਰ ਬੇਰੁਜ਼ਗਾਰ ਹਨ। ਬਹੁਤ ਸਾਰੇ ਛੋਟੇ ਸਨਅਤਕਾਰਾਂ ਨੇ ਤਨਖਾਹਾਂ ਦੇਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ।



ਸਰਕਾਰ ਅਤੇ ਸਮਾਜ-ਸੇਵੀ ਜਥੇਬੰਦੀਆਂ ਨੇ ਕੁਝ ਸਮੇਂ ਲਈ ਸਹਾਇਤਾ ਵਜੋਂ ਮਜ਼ਦੂਰਾਂ ਨੂੰ ਰਾਸ਼ਨ ਜਾਂ ਲੰਗਰ ਦਾ ਪ੍ਰਬੰਧ ਕਰ ਦਿੱਤਾ ਪਰ ਇੰਨੇ ਲੰਮੇ ਲੌਕਡਾਊਨ/ਕਰਫਿਊ ਕਾਰਨ ਮਜ਼ਦੂਰਾਂ ਦਾ ਸਬਰ ਜਵਾਬ ਦੇਣਾ ਸ਼ੁਰੂ ਕਰ ਗਿਆ ਹੈ।

ਹੋਰਾਂ ਰਾਜਾਂ ਦੇ ਮੁਕਾਬਲੇ ਪੰਜਾਬ ਦੇ ਉਦਯੋਗਾਂ ਅਤੇ ਹੋਰ ਸੰਸਥਾਵਾਂ ਵਿਚ ਕੰਮ ਕਰਦੇ ਪਰਵਾਸੀ ਮਜ਼ਦੂਰ ਇਥੇ ਟਿਕੇ ਹੋਏ ਹਨ ਕਿਉਂਕਿ ਖਾਣ-ਪੀਣ ਅਤੇ ਰਾਸ਼ਨ ਦੀ ਸਮੱਸਿਆ ਦੂਸਰੇ ਸੂਬਿਆਂ ਦੇ ਮੁਕਾਬਲੇ ਘੱਟ ਹੈ। ਪਿਛਲੇ ਕੁਝ ਦਿਨਾਂ ਤੋਂ ਪ੍ਰਸ਼ਾਸਨ ਦੇ ਹੁਕਮਾਂ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਮਾਜ ਸੇਵੀ ਜਥੇਬੰਦੀਆਂ ਉਤੇ ਲੰਗਰ ਪਕਾ ਦੇ ਦੇਣ ਬਾਰੇ ਪਾਬੰਦੀ ਲਗਾ ਦਿੱਤੀ ਗਈ ਹੈ। ਸ਼ਹਿਰੀ ਮਜ਼ਦੂਰਾਂ ਕੋਲ ਬਚਾਏ ਗਏ ਮਾਮੂਲੀ ਪੈਸੇ ਵੀ ਖਰਚ ਹੋ ਗਏ ਹਨ। ਉਦਯੋਗ ਚੱਲਣ ਦੀ ਉਮੀਦ ਨਹੀਂ ਅਤੇ ਅਗਲੇ ਦਿਨ ਉਨ੍ਹਾਂ ਲਈ ਹੋਰ ਮੁਸ਼ਕਲ ਭਰੇ ਦਿਖਾਈ ਦੇ ਰਹੇ ਹਨ।

ਲੁਧਿਆਣਾ, ਪਟਿਆਲਾ ਅਤੇ ਹੋਰ ਕਈ ਥਾਵਾਂ ਉਤੇ ਮਜ਼ਦੂਰਾਂ ਨੇ ਸੜਕਾਂ ਉਤੇ ਆ ਕੇ ਜਾਂ ਆਪਣੇ ਮੁਹੱਲਿਆਂ ਵਿਚ ਥਾਲੀਆਂ ਖੜਕਾ ਕੇ ਰਾਸ਼ਨ ਦੀ ਮੰਗ ਕੀਤੀ ਹੈ। ਜਲੰਧਰ ਦੇ ਫੋਕਲ ਪੁਆਇੰਟ ਦੇ ਉਦਯੋਗਾਂ ਵਿਚ ਲੱਗੇ ਸੌ ਦੇ ਕਰੀਬ ਮਜ਼ਦੂਰਾਂ ਨੇ ਸੜਕ ਜਾਮ ਕਰ ਕੇ ਉਨ੍ਹਾਂ ਨੂੰ ਆਪੋ-ਆਪਣੇ ਸੂਬਿਆਂ ਤੱਕ ਪਹੁੰਚਾਉਣ ਲਈ ਕਿਹਾ ਹੈ। ਖੁਰਾਕ ਨਾਲ ਸਬੰਧਿਤ ਮਾਹਿਰਾਂ ਮੁਤਾਬਕ ਭਾਵੇਂ ਅਨਾਜ ਭੰਡਾਰ ਭਰੇ ਪਏ ਹਨ, ਫਿਰ ਵੀ ਭੁੱਖਮਰੀ ਵਧਣ ਦਾ ਖਤਰਾ ਹੈ। ਭਾਰਤ ਦੇ ਰਾਖਵੇਂ ਅਨਾਜ ਭੰਡਾਰ 'ਚ 7 ਕਰੋੜ ਟਨ ਕਣਕ ਤੇ ਚੌਲ ਪਏ ਹਨ। ਹਾੜ੍ਹੀ ਦਾ ਨਵਾਂ ਸੀਜ਼ਨ ਚੱਲ ਰਿਹਾ ਹੈ।

ਕਨਫੈਡਰੇਸ਼ਨ ਆਫ ਵਾਲੰਟਰੀ ਐਸੋਸੀਏਸ਼ਨਜ਼ ਦੇ ਕਾਰਜਕਾਰੀ ਨਿਰਦੇਸ਼ਕ ਮਜ਼ਹਰ ਹੁਸੈਨ ਨੇ ਕਿਹਾ ਕਿ ਹੇਠਲਾ ਮੱਧ ਵਰਗ ਆਪਣੀ ਇੱਜ਼ਤ ਕਰ ਕੇ ਹੱਥ ਫੈਲਾਉਣ ਤੋਂ ਘਬਰਾਉਂਦਾ ਹੈ। ਉਨ੍ਹਾਂ ਕਿਹਾ ਕਿ ਗਰੀਬ ਪਰਿਵਾਰਾਂ ਦਾ ਹਰ ਜੀਅ ਕਮਾਉਂਦਾ ਹੈ ਪਰ ਹੇਠਲੇ ਮੱਧ ਵਰਗ 'ਚ ਅਜਿਹਾ ਨਹੀਂ ਹੈ ਜਿਸ ਕਾਰਨ ਹੁਣ ਹੱਥ ਵਿਚ ਧੇਲਾ ਨਾ ਹੋਣ ਕਾਰਨ ਉਹ ਮੁਸੀਬਤਾਂ ਦਾ ਸਾਹਮਣਾ ਕਰ ਰਿਹਾ ਹੈ।

## ਅਸਮਾਨੀ ਬਿਜਲੀ ਡਿੱਗਣ ਕਾਰਨ 12 ਮੌਤਾਂ

**ਪਟਨਾ:** ਬਿਹਾਰ ਦੇ ਤਿੰਨ ਜ਼ਿਲ੍ਹਿਆਂ ਵਿਚ ਅਸਮਾਨੀ ਬਿਜਲੀ ਡਿੱਗਣ ਕਾਰਨ 12 ਜਣਿਆਂ ਦੀ ਮੌਤ ਹੋ ਗਈ। ਆਫਤ ਪ੍ਰਬੰਧਨ ਵਿਭਾਗ ਦੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਰਨ ਜ਼ਿਲ੍ਹੇ 'ਚ 9 ਜਦਕਿ ਜਮੂਈ ਵਿਚ 2 ਅਤੇ ਭੋਜਪੁਰ ਜ਼ਿਲ੍ਹੇ ਵਿਚ ਇਕ ਵਿਅਕਤੀ ਦੀ ਮੌਤ ਹੋਈ ਹੈ। ਪੁਲਿਸ ਕਪਤਾਨ ਹਰੀ ਕਿਸ਼ੋਰ ਰਾਏ ਨੇ ਦੱਸਿਆ ਕਿ ਸਾਰਨ ਜ਼ਿਲ੍ਹੇ ਵਿਚ 8 ਜਣੇ ਜਖਮੀ ਵੀ ਹੋਏ ਹਨ ਜੋ ਛਾਪੜਾ ਸਦਰ ਹਸਪਤਾਲ ਵਿਚ ਜੇਰੇ ਇਲਾਜ ਹਨ। ਇਕ ਅਧਿਕਾਰਤ ਬਿਆਨ ਅਨੁਸਾਰ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਹਰੇਕ ਮ੍ਰਿਤਕ ਦੇ ਪਰਿਵਾਰ ਲਈ 4-4 ਲੱਖ ਰੁਪਏ ਦੀ ਐਕਸਗ੍ਰੇਸ਼ੀਆ ਗਰਾਂਟ ਦੇਣ ਦਾ ਐਲਾਨ ਕੀਤਾ ਹੈ।

# ਡੀ. ਐਸ. ਪੀ. ਸਰਬਜੀਤ ਸਿੰਘ ਰਾਏ ਦਾ ਹੋਵੇਗਾ ਸਨਮਾਨ

**ਜਲੰਧਰ (ਬਿਊਰੋ):** ਡੀ. ਜੀ. ਪੀ. ਪੰਜਾਬ ਵਲੋਂ ਕੋਵਿਡ-19 ਮਹਾਮਾਰੀ 'ਚ ਪੰਜਾਬ ਪੁਲਿਸ ਦੇ ਮੂਹਰਲੀ ਕਤਾਰ ਤੇ ਵੱਡੀ ਜ਼ਿੰਮੇਵਾਰੀ ਆਲ੍ਹਾ ਢੰਗ ਨਾਲ ਨਿਭਾਉਣ ਵਾਲੇ ਅਫਸਰਾਂ ਦਾ ਸਨਮਾਨ ਕੀਤੇ ਜਾਣ ਦਾ ਫੈਸਲਾ ਲਿਆ ਗਿਆ ਹੈ। ਇਨ੍ਹਾਂ ਵਿਚ ਉਘੇ ਕਾਰੋਬਾਰੀ ਅਤੇ ਖੇਡ ਪ੍ਰੋਮੋਟਰ ਸ. ਅਮੋਲਕ ਸਿੰਘ ਗਾਖਲ ਦੇ ਪਿਆਰੇ ਮਿੱਤਰ ਤੇ ਛੋਟੇ ਭਰਾ ਸਰਬਜੀਤ ਸਿੰਘ ਰਾਏ ਵੀ ਸ਼ਾਮਲ ਹਨ।



ਸ. ਰਾਏ ਇਸ ਸਮੇਂ ਡੀ. ਐਸ. ਪੀ. (ਰੂਰਲ) ਜਲੰਧਰ ਸੇਵਾ ਨਿਭਾ ਰਹੇ ਹਨ ਤੇ ਉਨ੍ਹਾਂ ਪਿੰਡ ਗਾਖਲ 'ਚ ਗਾਖਲ ਪਰਿਵਾਰ ਦੀ ਲੰਗਰ ਸੇਵਾ ਤੋਂ ਇਲਾਵਾ ਜਲੰਧਰ 'ਚ ਹੋਰ ਵੀ ਲੋੜਵੰਦਾਂ ਦੀ ਅੱਗੇ ਹੋ ਕੇ ਮਦਦ ਕੀਤੀ ਹੈ। ਸ. ਅਮੋਲਕ ਸਿੰਘ ਗਾਖਲ ਅਤੇ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਨੇ ਸ. ਸਰਬਜੀਤ ਸਿੰਘ ਰਾਏ ਨੂੰ ਸ਼ੁਭ ਇੱਛਾਵਾਂ ਭੇਜੀਆਂ ਹਨ।

# ਕੇਰਲਾ ਸਰਕਾਰ ਤਨਖਾਹਾਂ ਵਿਚ ਪੰਜ ਮਹੀਨੇ ਕਰੇਗੀ ਕਟੌਤੀ

**ਤਿਰੂਵਨੰਤਪੁਰਮ:** ਕੇਰਲਾ ਸਰਕਾਰ ਨੇ ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ 'ਚੋਂ ਪੰਜ ਮਹੀਨੇ ਤੱਕ ਛੇ ਦਿਨ ਦੀ ਤਨਖਾਹ ਕੱਟਣ ਦਾ ਹੁਕਮ ਜਾਰੀ ਹੈ। ਸਰਕਾਰ ਵੱਲੋਂ ਇਹ ਫੈਸਲਾ ਸੂਬੇ 'ਚ ਕਰੋਨਾ ਵਾਇਰਸ ਮਹਾਮਾਰੀ ਨਾਲ ਨਜਿੱਠਣ ਲਈ ਫੰਡ ਜੁਟਾਉਣ ਵਾਸਤੇ ਲਿਆ ਗਿਆ ਹੈ।

ਹੁਕਮ 'ਚ ਇਹ ਸਪੱਸ਼ਟ ਕੀਤਾ ਗਿਆ ਕਿ 20 ਹਜ਼ਾਰ ਰੁਪਏ ਤੋਂ ਘੱਟ ਤਨਖਾਹ ਲੈਣ ਵਾਲੇ ਮੁਲਾਜ਼ਮਾਂ ਦੀ ਤਨਖਾਹ ਵਿਚ ਕੋਈ ਕਟੌਤੀ ਨਹੀਂ ਕੀਤੀ ਜਾਵੇਗੀ। ਸਰਕਾਰ ਵੱਲੋਂ ਜਾਰੀ ਹੁਕਮ 'ਚ ਇਹ ਵੀ ਕਿਹਾ ਗਿਆ ਕਿ ਮੰਤਰੀ, ਵਿਧਾਇਕ, ਵੱਖ-ਵੱਖ ਬੋਰਡਾਂ ਦੇ ਮੈਂਬਰਾਂ, ਸਥਾਨਕ ਸੰਸਥਾ ਦੇ ਮੈਂਬਰਾਂ ਅਤੇ ਵੱਖ-ਵੱਖ ਕਮਿਸ਼ਨਾਂ ਦੇ ਮੈਂਬਰਾਂ ਨੂੰ ਇਕ ਸਾਲ ਤੱਕ 30 ਫੀਸਦੀ ਘੱਟ ਤਨਖਾਹ ਮਿਲੇਗੀ। ਜਦਕਿ ਇਹ ਹੁਕਮ ਉਨ੍ਹਾਂ ਉਤੇ ਲਾਗੂ ਨਹੀਂ ਹੋਵੇਗਾ ਜੋ ਆਪਣੀ ਇਕ ਮਹੀਨੇ ਦੀ ਤਨਖਾਹ ਪਹਿਲਾਂ ਦੀ ਮੁੱਖ ਮੰਤਰੀ ਆਫਤ ਰਾਹਤ ਫੰਡ (ਸੀ.ਐਮ.ਡੀ.ਆਰ.ਐਫ.) ਵਿਚ ਦਾਨ ਕਰ ਚੁੱਕੇ ਹਨ। ਇਹ ਹੁਕਮ ਸੂਬੇ ਦੀ ਮਾਲਕੀ ਵਾਲੇ ਉਦਯੋਗਾਂ, ਜਨਤਕ ਸੈਕਟਰ ਅਧੀਨ ਉਦਯੋਗਾਂ, ਅਰਧ-ਸਰਕਾਰੀ ਸੰਸਥਾਵਾਂ ਤੇ ਯੂਨੀਵਰਸਿਟੀਆਂ ਆਦਿ ਉਤੇ ਲਾਗੂ ਹੋਵੇਗਾ। ਹੁਕਮ 'ਚ ਦੱਸਿਆ ਕਿ ਸੂਬਾ ਸਰਕਾਰ ਮਾਲੀਆ ਉਗਰਾਹੀ ਘਟਣ ਕਾਰਨ ਵਿੱਤੀ ਸੰਕਟ ਵਿਚੋਂ ਲੰਘ ਰਹੀ ਹੈ। ਸੂਬੇ ਵਿਚ ਖੇਤੀਬਾੜੀ, ਉਦਯੋਗ ਅਤੇ ਗੈਰ-ਸੰਗਠਿਤ ਸੈਕਟਰ ਵਿਚ ਰੁਜ਼ਗਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।

# ਸੰਜੈ ਕੋਠਾਰੀ ਦੇਸ਼ ਦੇ ਨਵੇਂ ਵਿਜੀਲੈਂਸ ਕਮਿਸ਼ਨਰ

**ਨਵੀਂ ਦਿੱਲੀ:** ਰਾਸ਼ਟਰਪਤੀ ਦੇ ਸਕੱਤਰ ਸੰਜੈ ਕੋਠਾਰੀ (63) ਨੂੰ ਕੇਂਦਰੀ ਵਿਜੀਲੈਂਸ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਰਾਸ਼ਟਰਪਤੀ ਭਵਨ ਵੱਲੋਂ ਜਾਰੀ ਬਿਆਨ ਮੁਤਾਬਕ ਭਵਨ ਵਿਚ ਹੀ ਉਨ੍ਹਾਂ ਨੂੰ 10.30 ਵਜੇ ਅਹੁਦੇ ਦੀ ਸਹੁੰ ਚੁਕਾਈ ਗਈ। ਕੇਂਦਰੀ ਵਿਜੀਲੈਂਸ ਕਮਿਸ਼ਨ ਦੇ ਮੁਖੀ ਦਾ ਅਹੁਦਾ ਪਿਛਲੇ ਜੂਨ ਮਹੀਨੇ ਤੋਂ ਕੇ.ਵੀ. ਚੌਧਰੀ ਦੇ ਸੇਵਾਮੁਕਤ ਹੋਣ ਮਗਰੋਂ ਖਾਲੀ ਪਿਆ ਸੀ। ਉਨ੍ਹਾਂ ਰਾਸ਼ਟਰਪਤੀ ਅੱਗੇ ਹਲਫ ਲਿਆ ਤੇ ਇਸ ਮੌਕੇ ਉਪ ਰਾਸ਼ਟਰਪਤੀ ਐਮ. ਵੈਂਕਈਆ ਨਾਇਡੂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਹਾਜ਼ਰ ਸਨ।

ਕੋਠਾਰੀ ਦੇ ਨਾਂ ਦੀ ਸਿਫਾਰਸ਼ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੇ ਉੱਚ ਪੱਧਰੀ ਚੋਣ ਪੈਨਲ ਨੇ ਫਰਵਰੀ ਵਿਚ ਕੀਤੀ ਸੀ। ਕਾਂਗਰਸ ਦੇ ਬੁਲਾਰੇ ਮਨੀਸ਼ ਤਿਵਾੜੀ ਨੇ ਕਿਹਾ ਸੀ ਕਿ ਪ੍ਰਕਿਰਿਆ ਮੁੜ ਤੋਂ ਕੀਤੀ ਜਾਵੇ ਤੇ ਅਰਜ਼ੀਆਂ ਦੁਬਾਰਾ ਮੰਗੀਆਂ ਜਾਣ। ਕੋਠਾਰੀ ਹਰਿਆਣਾ ਕੇਡਰ ਦੇ 1978 ਬੈਚ ਦੇ ਅਧਿਕਾਰੀ ਹਨ ਤੇ ਜੂਨ 2016 ਵਿਚ ਪਰਸੋਨਲ ਤੇ ਸਿਖਲਾਈ ਵਿਭਾਗ ਵਿਚੋਂ ਸਕੱਤਰ ਸੇਵਾਮੁਕਤ ਹੋਏ ਸਨ। ਜੁਲਾਈ 2017 ਵਿਚ ਉਨ੍ਹਾਂ ਨੂੰ ਰਾਸ਼ਟਰਪਤੀ ਦਾ ਸਕੱਤਰ ਥਾਪਿਆ ਗਿਆ ਸੀ।

# Matrimonials

## ਲੜਕੀ ਦੀ ਲੋੜ ਹੈ

Wanted a beautiful, educated and cultured girl for a Lubana Sikh boy, 29 yrs, 5'-10", B.Tech. (Mech), MBA (Finance) working as land analyst in a MNC in Gurgaon, handsome salary, Father retired PCS officer, mother advocate, sister elder and married. Cast no bar. Simple marriage. Interested may contact, Ph: +91-98144-02444 *18-*

ਸੈਣੀ ਸਿੱਖ ਉਮਰ 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 *11-*

## ਲੜਕੀ ਦੀ ਲੋੜ ਹੈ

Moderate Babbar-Koshal family seeks US citizen or green card holder girl for their non veg, manglik son, 31 yrs, 5'-8", B. A., Business man, living in Jalandhar (PB); father business man, One brother settled in USA & two sisters locally married. Call, Ph: 718-709-1908 *17-20*

## ਲੜਕੇ ਦੀ ਲੋੜ ਹੈ

Wanted a suitable match in USA/CANADA for Jatt Sikh Grewal Canadian citizen girl, 34, 5'9", slim & fair. Convent educated, was Nurse in India & will do refresher course for RN license. Innocent divorcee. Ph. 1-587-438-1662, 91-9915881881, 775-813-0586 *8-11*

# ਕਰੋਨਾ ਇਲਾਜ 'ਚ ਪਲਾਜ਼ਮਾ ਥੈਰੇਪੀ ਨੇ ਆਸ ਜਗਾਈ: ਕੇਜਰੀਵਾਲ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਕਰੋਨਾ ਪੀੜਤਾਂ ਲਈ ਪਲਾਜ਼ਮਾ ਥੈਰੇਪੀ ਜਾਨ ਬਚਾਉਣ ਵਾਲੀ ਸਾਬਤ ਹੋ ਸਕਦੀ ਹੈ। ਸ੍ਰੀ ਕੇਜਰੀਵਾਲ ਨੇ ਦੱਸਿਆ ਕਿ ਲੋਕ ਨਾਇਕ ਜੈ ਪ੍ਰਕਾਸ਼ ਹਸਪਤਾਲ ਵਿਖੇ ਕਰੋਨਾ ਦੇ ਚਾਰ ਮਰੀਜ਼ਾਂ ਦਾ ਇਲਾਜ ਪਲਾਜ਼ਮਾ ਥੈਰੇਪੀ ਨਾਲ ਕੀਤਾ ਗਿਆ ਤੇ ਨਤੀਜੇ ਉਤਸ਼ਾਹਜਨਕ ਰਹੇ।

ਕੇਂਦਰ ਸਰਕਾਰ ਨੇ ਇਸ ਥੈਰੇਪੀ ਦੀ ਮਨਜ਼ੂਰੀ ਦਿੱਤੀ ਸੀ। ਉਨ੍ਹਾਂ ਲੋਕਾਂ ਨੂੰ ਕਰੋਨਾ ਪੀੜਤਾਂ ਦੀ ਜ਼ਿੰਦਗੀ ਬਚਾਉਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਡਾ. ਸਰੀਨ ਨੇ ਕਿਹਾ ਕਿ ਲੋਕ ਪਲਾਜ਼ਮਾ ਦਾਨ ਕਰਨ ਲਈ ਸਹਿਯੋਗ ਦੇਣ। ਇਸ ਨਾਲ ਦਾਨ ਕਰਨ ਵਾਲੇ ਨੂੰ ਕੋਈ ਕਮਜ਼ੋਰੀ ਵੀ ਨਹੀਂ ਹੁੰਦੀ।

# ਕੀ ਕੋਵਿਡ-19 ਦਾ ਪਤਾ ਲਾ ਸਕਦੇ ਨੇ ਕੁੱਤੇ?

**ਮਿਲਟਨ ਕੀਨਜ਼ (ਯੂਕੇ):** ਕੀ ਕੁੱਤੇ ਕੋਵਿਡ-19 ਦਾ ਖੁਰਾ-ਖੋਜ ਲੱਭ ਸਕਦੇ ਹਨ? ਬਰਤਾਨੀਆ ਦੀ ਇਕ ਖੈਰਾਤੀ ਸੰਸਥਾ ਨੂੰ ਇਸ ਗੱਲ ਦਾ ਯਕੀਨ ਹੈ ਤੇ ਇਹੀ ਵਜ੍ਹਾ ਹੈ ਕਿ ਉਸ ਨੇ ਕੁੱਤਿਆਂ ਨੂੰ ਸਿਖਲਾਈ ਦੇਣ ਦਾ ਅਮਲ ਸ਼ੁਰੂ ਕੀਤਾ ਹੈ। ਸਿਖਲਾਈ ਤਹਿਤ ਕੁੱਤੇ ਆਪਣੀ ਸੁੰਘਣ ਸ਼ਕਤੀ ਦੇ ਦਮ ਉਤੇ ਕਰੋਨਾ ਵਾਇਰਸ ਦਾ ਪਤਾ ਲਾਉਣਗੇ। ਮੈਡੀਕਲ ਡਿਟੈਕਸ਼ਨ ਡੌਗਜ਼ ਨਾਂ ਦੀ ਇਹ ਸੰਸਥਾ ਸਾਲ 2018 ਵਿਚ ਹੋਂਦ ਵਿਚ ਆਈ ਸੀ। ਇਸ ਦਾ ਮੁੱਖ ਮੰਤਵ ਕੁੱਤਿਆਂ ਨੂੰ ਉਨ੍ਹਾਂ ਦੀ ਸੁੰਘਣ ਸ਼ਕਤੀ ਨਾਲ ਮਨੁੱਖੀ ਰੋਗਾਂ ਬਾਰੇ ਪਤਾ ਲਾਉਣ ਲਈ ਤਿਆਰ ਕਰਨਾ ਹੈ।

ਸੰਸਥਾ ਨੇ ਇਸ ਪ੍ਰੋਜੈਕਟ ਉਤੇ ਅਜੇ ਪਿਛਲੇ ਮਹੀਨੇ ਹੀ ਕੰਮ ਸ਼ੁਰੂ ਕੀਤਾ ਹੈ। ਕੇਂਦਰੀ ਇੰਗਲੈਂਡ ਦੇ ਮਿਲਟਨ ਕੀਨਜ਼ ਵਿਚਲੇ ਸਿਖਲਾਈ ਰੂਮ ਵਿਚ ਕੁੱਤਿਆਂ ਨੂੰ ਵਾਇਰਸ ਦੇ ਨਮੂਨੇ ਸੁੰਘਣ ਤੇ ਕੁਝ ਮਿਲਣ ਦੀ ਸੂਰਤ ਵਿਚ ਇਸ ਦਾ ਇਸ਼ਾਰਾ ਕਰਨ ਲਈ ਤਿਆਰ ਕੀਤਾ ਜਾਂਦਾ ਹੈ।


Midway Business Broker




For All Your Commercial Real Estate Needs

MIDWAY Business Broker
We Build Your Dreams

We Help You To
*Gas Station
*Commercial
*Liquor Store
*Hotel/Motel
*Miscellaneous Store

We will assist you to provide funding from $25K to $500K in 48 hrs.

List your business at: WWW.MBBBIZ.COM
Ajeet Singh: 847-529-9778
Nick Verma: 630-664-1435



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)
7021 Village Park Way, Dublin, CA 94568

Email: Homeomedicine@yahoo.com



Michigan Truck Driving School
6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਿਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


## ਡਾ. ਮਨਮੋਹਨ ਸਿੰਘ ਨੇ ਪੰਜਾਬ ਦੀ ਵਿੱਤੀ ਕਮਾਨ ਸੰਭਾਲੀ

**ਚੰਡੀਗੜ੍ਹ:** ਉਘੇ ਅਰਥ ਸ਼ਾਸਤਰੀ ਅਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕੋਵਿਡ-19 ਦੇ ਮਾਰੂ ਅਸਰਾਂ ਤੋਂ ਪੰਜਾਬ ਦੇ ਅਰਥਚਾਰੇ ਨੂੰ ਮੁੜ ਉਭਾਰਨ ਲਈ ਅਗਵਾਈ ਦੇਣ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਪੀਲ ਪ੍ਰਵਾਨ ਕਰ ਲਈ ਹੈ। ਇਸੇ ਦੌਰਾਨ ਮੁੱਖ ਮੰਤਰੀ ਨੇ ਯੋਜਨਾ ਕਮਿਸ਼ਨ ਦੇ ਸਾਬਕਾ ਉਪ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਕਾਇਮ ਮਾਹਿਰਾਂ ਦੇ ਗਰੁੱਪ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਜਾਣ-ਪਛਾਣ ਕੀਤੀ। ਮੁੱਖ ਮੰਤਰੀ ਨੇ ਮੈਂਬਰਾਂ ਦਾ ਸਹਾਇਤਾ ਲਈ ਧੰਨਵਾਦ ਕੀਤਾ। ਵਿਸ਼ਵ ਵਿਆਪੀ ਸੰਕਟ ਦੇ ਮੱਦੇਨਜ਼ਰ ਕੈਪਟਨ ਨੇ ਕਿਹਾ ਕਿ ਉਹ ਸੂਬੇ ਲਈ ਸਭ ਤੋਂ ਬਿਹਤਰ ਚਾਹੁੰਦੇ ਸਨ ਅਤੇ ਇਸ ਗਰੁੱਪ ਤੋਂ ਵਧੀਆ ਹੋਰ ਕਿਸੇ ਬਾਰੇ ਸੋਚਿਆ ਹੀ ਨਹੀਂ ਜਾ ਸਕਦਾ। ਆਹਲੂਵਾਲੀਆ ਨੇ ਵੀਡੀਓ ਕਾਨਫਰੰਸ ਦੌਰਾਨ ਦੱਸਿਆ ਕਿ ਗਰੁੱਪ ਨੇ ਆਪਣੀ ਪਹਿਲੀ ਮੀਟਿੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਗਰੁੱਪ ਦੇ ਕੰਮਕਾਜ ਨੂੰ ਹੋਰ ਸੁਚਾਰੂ ਬਣਾਉਣ ਲਈ ਪੰਜ ਸਬ-ਗਰੁੱਪ ਵਿੱਤ, ਖੇਤੀਬਾੜੀ, ਸਿਹਤ, ਉਦਯੋਗ ਤੇ ਸਮਾਜਕ ਸਹਾਇਤਾ ਬਣਾਏ ਗਏ ਹਨ।

## ਪੰਜਾਬ ਪੁਲਿਸ ਵਲੋਂ 'ਮੈਂ ਵੀ ਹਰਜੀਤ' ਮੁਹਿੰਮ

**ਮੋਗਾ:** ਪਟਿਆਲਾ ਸਬਜ਼ੀ ਮੰਡੀ ਵਿਚ ਕਰਫਿਊ ਦੌਰਾਨ ਹੋਏ ਹਮਲੇ ਦਾ ਬਹਾਦਰੀ ਨਾਲ ਮੁਕਾਬਲਾ ਕਰਦੇ ਆਪਣਾ ਹੱਥ ਗਵਾਉਣ ਵਾਲੇ ਏ.ਐਸ.ਆਈ. ਹਰਜੀਤ ਸਿੰਘ ਦੀ ਹੌਸਲਾ ਅਫਜ਼ਾਈ ਲਈ ਪੰਜਾਬ ਪੁਲਿਸ ਮੁਖੀ ਦਿਨਕਰ ਗੁਪਤਾ ਸਮੇਤ ਸਾਰੇ ਪੁਲੀਸ ਅਧਿਕਾਰੀਆਂ ਅਤੇ ਮੁਲਾਜ਼ਮਾਂ ਵਲੋਂ 'ਮੈਂ ਵੀ ਹਰਜੀਤ ਹਾਂ' 'ਨੇਮ ਪਲੇਟ' ਲਗਾ ਕੇ ਸਨਮਾਨ ਦਿੱਤਾ ਜਾ ਰਿਹਾ ਹੈ।

ਡੀ.ਜੀ.ਪੀ. ਨੇ ਹਰਜੀਤ ਦੀ ਹੌਸਲਾ ਅਫਜ਼ਾਈ ਲਈ ਪੂਰਾ ਦਿਨ ਇਹ ਨੇਮ ਪਲਾਟ ਮੈਂ ਭੀ ਹਰਜੀਤ ਹਾਂ, ਜ਼ਿਕਰ ਜਬ ਕਰੋਨਾ ਪਰ ਜੀਤ ਹੋਗਾ ਪੰਜਾਬ ਮੇਂ ਪਹਿਲਾ ਨਾਮ ਹਰਜੀਤ ਕਾ ਹੋਗਾ' ਸਲੋਗਨ ਸੋਸ਼ਲ ਮੀਡੀਆ ਉਤੇ ਵੱਧ ਤੋਂ ਵੱਧ ਵਾਇਰਲ ਕਰਨ ਲਈ ਆਖਿਆ ਹੈ। ਇਸ ਸੰਦਰਭ ਵਿਚ ਖੁਫੀਆ ਵਿਭਾਗ, ਐਸ.ਟੀ.ਐਫ. ਤੇ ਹੋਰ ਪੁਲਿਸ ਵਿੰਗਾਂ ਅਤੇ ਸੋਸ਼ਲ ਮੀਡੀਆ ਮੋਬਾਇਲ ਉਤੇ ਇਹ ਸਲੋਗਨ ਲਗਾ ਕੇ ਹੌਸਲਾ ਅਫਜ਼ਾਈ ਕਰ ਰਹੇ ਹਨ। ਇਥੇ ਨਿਹਾਲ ਸਿੰਘ ਵਾਲਾ ਸਬ ਡਿਵੀਜ਼ਨ ਦੇ ਪਿੰਡ ਸੈਦੋਕੇ ਵਿਖੇ ਨਿਹੰਗਾਂ ਨੇ ਵੀ ਹਰਜੀਤ ਦੀ ਬਹਾਦਰੀ ਦਾ ਇਜ਼ਹਾਰ ਕੀਤਾ।

## ਕੇਂਦਰ ਨੇ ਪੰਜਾਬ ਸਰਕਾਰ ਨੂੰ ਸ਼ਰਾਬ ਵੇਚਣ ਦੀ ਨਾ ਦਿੱਤੀ ਇਜਾਜ਼ਤ

**ਨਵੀਂ ਦਿੱਲੀ:** ਕੇਂਦਰ ਨੇ ਪੰਜਾਬ ਸਰਕਾਰ ਨੂੰ ਸੂਬੇ 'ਚ ਲੌਕਡਾਊਨ ਦੌਰਾਨ ਸ਼ਰਾਬ ਵੇਚਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਸੂਬਾ ਸਰਕਾਰ ਨੇ ਠੇਕੇ ਖੋਲ੍ਹਣ ਜਾਂ ਘਰਾਂ 'ਚ ਸ਼ਰਾਬ ਸਪਲਾਈ ਕਰਨ ਦੀ ਮਨਜ਼ੂਰੀ ਮੰਗੀ ਸੀ।

ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਜਾਰੀ ਨਿਰਦੇਸ਼ਾਂ ਮੁਤਾਬਕ ਲੌਕਡਾਊਨ-2 ਦੌਰਾਨ ਸ਼ਰਾਬ, ਗੁਟਕੇ ਅਤੇ ਤੰਬਾਕੂ ਪਦਾਰਥਾਂ ਦੀ ਵਿਕਰੀ ਉਤੇ ਪਾਬੰਦੀ ਲਗਾਈ ਗਈ ਸੀ। ਇਨ੍ਹਾਂ ਹੁਕਮਾਂ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਪੱਤਰ ਲਿਖ ਕੇ ਸ਼ਰਾਬ ਦੀ ਵਿਕਰੀ ਲਈ ਇਜਾਜ਼ਤ ਮੰਗੀ ਸੀ। ਸੀਨੀਅਰ ਅਧਿਕਾਰੀ ਨੇ ਕਿਹਾ ਕਿ ਹਾਲਾਤ ਦੇਖਣ ਮਗਰੋਂ ਫੈਸਲਾ ਲਿਆ ਗਿਆ ਹੈ ਕਿ ਲੌਕਡਾਊਨ ਦੇ ਸਮੇਂ ਦੌਰਾਨ ਪੰਜਾਬ ਸਰਕਾਰ ਨੂੰ ਸ਼ਰਾਬ ਵੇਚਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

## ਅਕਾਲ ਤਖਤ ਵਲੋਂ ਗੁਰੂ ਗ੍ਰੰਥ ਸਾਹਿਬ ਦਾ ਵੱਡ-ਆਕਾਰੀ ਸਰੂਪ ਛਾਪਣ ਦਾ ਸਖਤ ਨੋਟਿਸ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮਲੇਸ਼ੀਆ ਦੇ ਗੁਰਦੁਆਰਾ ਪਰਸਤੁਆਨ ਪੇਗਾਨਟ ਅਗਾਮਾ ਸਿੱਖ ਪ੍ਰਚੋਂਗ ਦੀ ਸਮੁੱਚੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੱਤਰ ਭੇਜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵੱਡ ਆਕਾਰੀ ਸਰੂਪ ਛਾਪਣ ਸਬੰਧੀ ਸਪੱਸ਼ਟੀਕਰਨ ਮੰਗਿਆ ਹੈ।

ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਨੇ ਦੱਸਿਆ ਕਿ ਮਲੇਸ਼ੀਆ ਦੇ ਇਸ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੇ ਬਿਨਾਂ ਪ੍ਰਵਾਨਗੀ ਲਏ ਵੱਡ ਆਕਾਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਕੀਤਾ ਹੈ, ਜਿਸ ਬਾਰੇ ਸੰਗਤ ਵਲੋਂ ਇਤਰਾਜ਼ ਪ੍ਰਗਟਾਏ ਗਏ ਹਨ। ਸੰਗਤ ਨੇ ਇਸ ਸਬੰਧੀ ਅਕਾਲ ਤਖਤ ਉਤੇ ਵੀ ਸ਼ਿਕਾਇਤਾਂ ਭੇਜੀਆਂ ਹਨ।

ਇਨ੍ਹਾਂ ਸ਼ਿਕਾਇਤਾਂ ਦੇ ਆਧਾਰ ਉਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਸਮੇਤ ਸਮੁੱਚੀ ਕਮੇਟੀ ਨੂੰ ਪੱਤਰ ਭੇਜ ਕੇ ਇਸ ਸਬੰਧੀ ਸਪੱਸ਼ਟੀਕਰਨ 15 ਦਿਨਾਂ ਵਿਚ ਸ੍ਰੀ ਅਕਾਲ ਤਖਤ ਉਤੇ ਭੇਜਣ ਦੇ ਆਦੇਸ਼ ਦਿੱਤੇ ਹਨ। ਵੇਰਵਿਆਂ ਮੁਤਾਬਕ ਮਲੇਸ਼ੀਆ ਵਿਚ ਤਿਆਰ ਕੀਤੇ ਗਏ ਇਸ ਸਰੂਪ ਦਾ ਆਕਾਰ ਚਾਰ ਫੁੱਟ ਚੌੜਾ ਅਤੇ 12 ਫੁੱਟ ਲੰਮਾ ਹੈ।

ਇਹ ਗੁਰਦੁਆਰਾ ਕਮੇਟੀ ਅਜਿਹਾ ਵੱਡ ਆਕਾਰੀ ਸਰੂਪ ਛਾਪ ਕੇ ਵਿਸ਼ਵ ਰਿਕਾਰਡ ਵਿਚ ਆਪਣਾ ਨਾਂ ਦਰਜ ਕਰਾਉਣਾ ਚਾਹੁੰਦੀ ਹੈ ਜਦਕਿ ਇਸ ਤਰ੍ਹਾਂ ਦਾ ਵੱਡ ਆਕਾਰੀ ਸਰੂਪ ਛਾਪਣ ਦੀ ਪ੍ਰਵਾਨਗੀ ਨਹੀਂ ਹੈ। ਉਨ੍ਹਾਂ ਦੱਸਿਆ ਕਿ 2011 ਵਿਚ ਉਸ ਵੇਲੇ ਦੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਵਲੋਂ ਇਸ ਗੁਰਦੁਆਰਾ ਕਮੇਟੀ ਨੂੰ ਅਜਿਹਾ ਵੱਡ ਆਕਾਰੀ ਸਰੂਪ ਛਾਪਣ ਤੋਂ ਵਰਜਿਆ ਵੀ ਗਿਆ ਸੀ। ਇਸ ਤਾੜਨਾ ਦੇ ਬਾਵਜੂਦ ਇਹ ਸਰੂਪ ਤਿਆਰ ਕੀਤਾ ਗਿਆ ਹੈ।

## ਸਿੱਖ ਭਾਈਚਾਰੇ ਨੇ ਆਫਤ ਮਾਰਿਆਂ ਦੀ ਬਾਂਹ ਫੜੀ

*(ਸਫਾ ਇਕ ਦੀ ਬਾਕੀ)*

ਹੈ। ਇਸ ਮੌਕੇ ਪੁਲਿਸ ਅਧਿਕਾਰੀਆਂ ਨੇ ਦਿੱਲੀ ਕਮੇਟੀ ਅਹੁਦੇਦਾਰਾਂ ਨਾਲ ਲੰਗਰ ਹਾਲ ਜਾ ਕੇ ਕੁਝ ਦੇਰ ਲਈ ਸੇਵਾ ਵੀ ਕੀਤੀ। ਕਮੇਟੀ ਵਲੋਂ ਰੋਜ਼ਾਨਾ 1 ਲੱਖ ਤੋਂ ਵੱਧ ਲੋਕਾਂ ਲਈ ਲੰਗਰ ਤਿਆਰ ਕਰਕੇ ਲੋੜਵੰਦਾਂ ਤੱਕ ਭੇਜਿਆ ਜਾ ਰਿਹਾ ਹੈ। ਦੱਸ ਦਈਏ ਕਿ ਔਖੀ ਘੜੀ ਵੇਲੇ ਮਨੁੱਖੀ ਮਦਦ ਲਈ ਅੱਗੇ ਆਉਣ ਕਰਕੇ ਪੂਰੀ ਦੁਨੀਆਂ ਵਿਚ ਸਿੱਖ ਭਾਈਚਾਰੇ ਦੀ ਪ੍ਰਸ਼ੰਸਾ ਹੋ ਰਹੀ ਹੈ। ਪਿਛਲੇ ਦਿਨੀਂ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀ ਭਾਈਚਾਰੇ ਦੀ ਸੇਵਾ ਭਾਵਨਾ ਦੀ ਤਰੀਫ ਕੀਤੀ ਸੀ।

ਅਮਰੀਕਾ ਅਧਾਰਿਤ ਮੁਨਾਫਾ ਰਹਿਤ ਸਿੱਖ ਸੰਗਠਨ 'ਯੂਨਾਈਟਿਡ ਸਿੱਖਸ' ਵਲੋਂ ਕਰੋਨਾ ਵਾਇਰਸ ਮਹਾਮਾਰੀ ਕਾਰਨ ਉਪਜੇ ਇਸ ਸੰਕਟ ਦੇ ਸਮੇਂ ਦੌਰਾਨ ਦੁਨੀਆਂ ਭਰ ਦੇ ਕਈ ਦੇਸ਼ਾਂ ਵਿਚ ਹੁਣ ਤੱਕ ਦਸ ਲੱਖ ਤੋਂ ਵੱਧ ਲੋਕਾਂ ਨੂੰ ਮੁਫਤ ਭੋਜਨ ਮੁਹੱਈਆ ਕਰਵਾਇਆ ਹੈ। ਸੰਗਠਨ ਨੇ ਭਾਰਤ, ਬਰਤਾਨੀਆ, ਮਲੇਸ਼ੀਆ, ਆਸਟਰੇਲੀਆ, ਅਮਰੀਕਾ ਤੇ ਕੈਨੇਡਾ ਸਣੇ ਹੋਰ ਦੇਸ਼ਾਂ ਵਿਚ ਦਸ ਲੱਖ ਤੋਂ ਵੱਧ ਲੋਕਾਂ ਨੂੰ ਮੁਫਤ ਭੋਜਨ ਮੁਹੱਈਆ ਕਰਵਾਇਆ ਹੈ।

ਨਿਊ ਯਾਰਕ ਵਿਚ 30,000 ਲੋਕਾਂ ਲਈ ਭੋਜਨ ਤਿਆਰ ਕਰਨ ਤੇ ਉਸ ਨੂੰ ਲੋੜਵੰਦਾਂ ਤੱਕ ਪਹੁੰਚਾਉਣ ਲਈ ਨਿਊ ਯਾਰਕ ਦੇ ਐਮਰਜੈਂਸੀ ਪ੍ਰਬੰਧਨ ਦਫਤਰ ਨਾਲ ਮਿਲ ਕੇ ਕੰਮ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਵੱਡੇ ਗਿਣਤੀ ਸਿੱਖ ਸੰਗਠਨ ਦੁਨੀਆਂ ਭਰ ਵਿਚ ਸੇਵਾ ਵਿਚ ਜੁਟੇ ਹੋਏ ਹਨ।

## ਫੰਡਾਂ ਬਾਰੇ ਸਿਆਸੀ ਧਿਰਾਂ ਦਾ ਪਿਆ ਪੇਚਾ

*(ਸਫਾ ਇਕ ਦੀ ਬਾਕੀ)*

ਅਨੁਸਾਰ ਪੰਜਾਬ ਵਿਚ ਨੀਲੇ ਕਾਰਡ ਹੋਲਡਰਾਂ ਦੀ ਗਿਣਤੀ 34.60 ਲੱਖ ਬਣਦੀ ਹੈ ਜਦੋਂ ਕਿ ਇਹੋ ਗਿਣਤੀ ਅਕਤੂਬਰ 2018 ਤੋਂ ਮਾਰਚ 2019 ਤੱਕ ਦੀ ਵੰਡ ਵਿਚ 35.42 ਲੱਖ ਸੀ। ਸਿੱਧੇ ਤੌਰ 'ਤੇ ਲੰਘੇ ਛੇ ਮਹੀਨਿਆਂ ਦੌਰਾਨ ਹੀ 81,191 ਨੀਲੇ ਕਾਰਡਾਂ 'ਤੇ ਕੁਹਾੜਾ ਚੱਲਿਆ ਹੈ, ਜਿਸ ਨਾਲ 4.01 ਲੱਖ ਮੈਂਬਰ ਸਿੱਧੇ ਤੌਰ ਉਤੇ ਪ੍ਰਭਾਵਿਤ ਹੋਏ ਹਨ।

## ਕਰਫਿਊ ਕਾਰਨ ਪੰਜਾਬ 'ਚ ਘਰੇਲੂ ਹਿੰਸਾ 21 ਫੀਸਦੀ ਵਧੀ

**ਚੰਡੀਗੜ੍ਹ:** ਪੰਜਾਬ ਵਿਚ ਕਰਫਿਊ ਦੌਰਾਨ ਘਰੇਲੂ ਹਿੰਸਾ ਦੇ ਮਾਮਲਿਆਂ ਵਿਚ 21 ਫੀਸਦੀ ਵਾਧਾ ਹੋ ਗਿਆ ਹੈ।

ਫਰਵਰੀ ਤੋਂ 20 ਅਪਰੈਲ ਤੱਕ ਔਰਤਾਂ ਖਿਲਾਫ ਅਪਰਾਧਾਂ ਵਿਚ 21 ਫੀਸਦੀ ਵਾਧਾ ਹੋਇਆ ਹੈ, ਜਦੋਂ ਕਿ ਸਾਲ 2019 ਵਿਚ ਇਸ ਸਮੇਂ ਦੌਰਾਨ ਘੱਟ ਮਾਮਲੇ ਦਰਜ ਹੋਏ ਸਨ। ਪੰਜਾਬ ਪੁਲਿਸ ਨੇ ਇਸ ਬਾਰੇ ਨਵੀਂ ਵਿਉਂਤਬੰਦੀ ਬਣਾਈ ਹੈ ਤਾਂ ਜੋ ਘਰੇਲੂ ਹਿੰਸਾ ਘਟਾਈ ਜਾਵੇ।

## ਪ੍ਰਿੰਸ ਚਾਰਲਸ ਵਲੋਂ ਦੱਖਣੀ ਏਸ਼ੀਆ ਲਈ ਐਮਰਜੈਂਸੀ ਫੰਡ ਲਾਂਚ

**ਲੰਡਨ:** ਬਰਤਾਨੀਆ ਦੇ ਪ੍ਰਿੰਸ ਚਾਰਲਸ ਨੇ ਬ੍ਰਿਟਿਸ਼ ਏਸ਼ੀਅਨ ਟਰੱਸਟ ਦੇ ਸਰਪ੍ਰਸਤ ਵਜੋਂ ਦੱਖਣੀ ਏਸ਼ਿਆਈ ਦੇਸ਼ਾਂ ਭਾਰਤ, ਪਾਕਿਸਤਾਨ, ਬੰਗਲਾਦੇਸ਼ ਅਤੇ ਸ੍ਰੀਲੰਕਾ ਲਈ ਕਰੋਨਾ ਸੰਕਟ ਨਾਲ ਨਜਿੱਠਣ ਵਾਸਤੇ ਨਵਾਂ ਕੋਵਿਡ-19 ਐਮਰਜੈਂਸੀ ਅਪੀਲ ਫੰਡ ਲਾਂਚ ਕੀਤਾ ਹੈ।

ਪ੍ਰਿੰਸ ਚਾਰਲਸ, ਜੋ ਕਿ ਖੁਦ ਵੀ ਕਰੋਨਾ ਲਾਗ ਤੋਂ ਪੀੜਤ ਹੋਏ ਸਨ, ਨੇ ਕਿਹਾ ਕਿ ਉਹ ਐਮਰਜੈਂਸੀ ਅਪੀਲ ਰਾਹੀਂ ਭਾਰਤ, ਪਾਕਿਸਤਾਨ, ਬੰਗਲਾਦੇਸ਼ ਅਤੇ ਸ੍ਰੀਲੰਕਾ ਵਿਚ ਕਰੋਨਾ ਦੀ ਮਾਰ ਝੱਲ ਰਹੇ ਲੋਕਾਂ ਦੀ ਮਦਦ ਕਰਨਾ ਚਾਹੁੰਦੇ ਹਨ। ਬ੍ਰਿਟਿਸ਼ ਏਸ਼ੀਅਨ ਟਰੱਸਟ ਵਲੋਂ ਆਨਲਾਈਨ ਪ੍ਰਣਾਲੀ ਰਾਹੀਂ ਸਥਾਪਤ ਇਸ ਫੰਡ 'ਚ ਲੋਕਾਂ ਨੂੰ ਦਾਨ ਦੇਣ ਦੀ ਅਪੀਲ ਕੀਤੀ ਗਈ ਹੈ।

## ਕਬੱਡੀ ਨੂੰ ਉਲੰਪਿਕ 'ਚ ਸ਼ਾਮਲ ਕਰਵਾਉਣਾ ਸਾਡਾ ਆਖਰੀ ਟੀਚਾ: ਰਿਜਿਜੂ

**ਨਵੀਂ ਦਿੱਲੀ:** ਕੇਂਦਰੀ ਖੇਡ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਕਿ ਕਬੱਡੀ ਦੀਆਂ ਵੱਡੀਆਂ ਸੰਭਾਵਨਾਵਾਂ ਸਿਰਫ ਭਾਰਤ ਅਤੇ ਏਸ਼ੀਆ ਵਿਚ ਹੀ ਨਹੀਂ ਸਗੋਂ ਆਲਮੀ ਪੱਧਰ ਉਤੇ ਵੀ ਹਨ ਅਤੇ ਦੇਸ਼ ਦਾ ਆਖਰੀ ਟੀਚਾ ਇਸ ਖੇਡ ਨੂੰ ਉਲੰਪਿਕ ਖੇਡਾਂ 'ਚ ਸ਼ਾਮਲ ਕਰਵਾਉਣਾ ਹੈ।

ਰਿਜਿਜੂ ਨੇ ਕਿਹਾ, 'ਕਬੱਡੀ ਏਸ਼ਿਆਈ ਖੇਡਾਂ 'ਚ ਪਹਿਲਾਂ ਹੀ ਸ਼ਾਮਲ ਹੈ ਅਤੇ ਹੁਣ ਇਸ ਦੀ ਉਲੰਪਿਕ ਵਿਚ ਸ਼ਮੂਲੀਅਤ ਯਕੀਨੀ ਬਣਾਉਣ ਲਈ ਸਿਰਫ ਭਾਰਤ ਹੀ ਨਹੀਂ ਸਗੋਂ ਸਾਰੇ ਏਸ਼ਿਆਈ ਦੇਸ਼ਾਂ ਨੂੰ ਜ਼ਰੂਰ ਇਕੱਠੇ ਹੋਣਾ ਚਾਹੀਦਾ ਹੈ। ਇਹ ਹੀ ਸਾਡਾ ਆਖਰੀ ਟੀਚਾ ਹੈ।'

## ਲੋਕਧਾਰਾ ਦੇ ਉਘੇ ਵਿਦਵਾਨ ਸੁਖਦੇਵ ਮਾਦਪੁਰੀ ਦਾ ਦੇਹਾਂਤ

**ਚੰਡੀਗੜ੍ਹ:** ਪੰਜਾਬੀ ਲੋਕ-ਸਾਹਿਤ ਅਤੇ ਲੋਕਧਾਰਾ ਦੇ ਨਾਮਵਰ ਵਿਦਵਾਨ ਸੁਖਦੇਵ ਮਾਦਪੁਰੀ ਵਿਛੋੜਾ ਦੇ ਗਏ ਹਨ। ਉਹ 84 ਸਾਲ ਦੇ ਸਨ। ਉਨ੍ਹਾਂ ਨੂੰ ਦਿਮਾਗ ਦੀ ਨਾੜੀ ਫਟਣ ਕਾਰਨ ਖੰਨਾ ਦੇ ਨਿੱਜੀ ਹਸਪਤਾਲ ਦਾਖਲ ਕਰਵਾਇਆ ਗਿਆ ਜਿਥੇ ਬਾਅਦ ਵਿਚ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਦਾ ਪਿੰਡ ਮਾਦਪੁਰ 'ਚ ਸਸਕਾਰ ਕਰ ਦਿੱਤਾ ਗਿਆ।



1935 ਵਿਚ ਜਨਮੇ ਸੁਖਦੇਵ ਮਾਦਪੁਰੀ ਨੇ ਪੰਜਾਬੀ ਲੋਕ-ਗੀਤਾਂ, ਲੋਕ ਕਹਾਣੀਆਂ, ਲੋਕ ਬੁਝਾਰਤਾਂ, ਲੋਕ ਸਿਆਣਪਾਂ ਅਤੇ ਪੰਜਾਬ ਦੀਆਂ ਲੋਕ ਖੇਡਾਂ ਬਾਰੇ ਤਿੰਨ ਦਰਜਨ ਦੇ ਕਰੀਬ ਪੁਸਤਕਾਂ ਲਿਖੀਆਂ ਤੇ ਸੰਪਾਦਿਤ ਕੀਤੀਆਂ ਹਨ। ਪੰਜਾਬੀ ਲੋਕ ਸਾਹਿਤ, ਲੋਕਧਾਰਾ ਤੇ ਲੋਕ ਵਿਰਸੇ ਬਾਰੇ ਉਨ੍ਹਾਂ ਦਾ ਕੰਮ ਇਕ ਸੰਸਥਾ ਜਿੰਨਾ ਹੈ। ਪੰਜਾਬੀ ਸਭਿਆਚਾਰ ਬਾਰੇ ਮਾਦਪੁਰੀ ਦੀਆਂ ਖੋਜ ਪੁਸਤਕਾਂ ਨੂੰ ਉਚ ਅਕਾਦਮਿਕ ਅਦਾਰਿਆਂ ਵਿਚ ਮਾਨਤਾ ਮਿਲੀ ਹੋਈ ਹੈ। ਲੇਖਕ ਵਜੋਂ ਉਨ੍ਹਾਂ ਦਾ ਸਫਰ ਲੋਕ ਗੀਤ ਸੰਗ੍ਰਹਿ 'ਗਾਉਂਦਾ ਪੰਜਾਬ' ਦੇ ਸੰਪਾਦਨ ਨਾਲ 1959 ਵਿਚ ਸ਼ੁਰੂ ਹੋਇਆ। ਮੌਲਿਕ ਲੇਖਕ ਵਜੋਂ ਉਨ੍ਹਾਂ ਦੀ ਪਹਿਲੀ ਰਚਨਾ ਨਾਟਕ 'ਪਰਾਇਆ ਧਨ' (1962) ਹੈ। ਉਨ੍ਹਾਂ ਜੀਵਨੀ, ਬਾਲ ਸਾਹਿਤ ਅਤੇ ਅਨੁਵਾਦ ਦੇ ਖੇਤਰ ਵਿਚ ਵੀ ਅਰਥ ਭਰਪੂਰ ਕੰਮ ਕੀਤਾ। ਉਨ੍ਹਾਂ ਦੁਆਰਾ ਲਿਖੀ ਜੀਵਨੀ 'ਮਹਾਨ ਸੰਗਰਾਮੀ ਸਤਿਗੁਰੂ ਰਾਮ ਸਿੰਘ' 1995 ਵਿਚ ਛਪੀ। ਪੰਜਾਬੀ ਬਾਲ ਸਾਹਿਤ ਵਿਚ ਅੱਠ ਪੁਸਤਕਾਂ ਨਾਲ ਉਨ੍ਹਾਂ ਆਪਣੀ ਹਾਜ਼ਰੀ ਦਰਜ ਕਰਵਾਈ।

## ਉਘੇ ਮੈਰਾਥਨ ਦੌੜਾਕ ਅਮਰੀਕ ਸਿੰਘ ਦੀ ਕਰੋਨਾ ਨਾਲ ਮੌਤ

**ਚੰਡੀਗੜ੍ਹ:** ਗਲਾਸਗੋ ਦੇ ਉਘੇ ਸਿੱਖ ਕਾਰੋਬਾਰੀ ਅਮਰੀਕ ਸਿੰਘ (84), ਜਿਨ੍ਹਾਂ 26 ਵਾਰ ਲੰਡਨ ਮੈਰਾਥਨ ਵੀ ਦੌੜੀ ਸੀ, ਦੀ ਕਰੋਨਾ ਵਾਇਰਸ ਕਾਰਨ ਮੌਤ ਹੋ ਗਈ ਹੈ। ਉਹ ਚਾਰ ਦਿਨਾਂ ਤੋਂ ਹਸਪਤਾਲ ਦਾਖਲ ਸਨ। ਉਹ 1970 ਵਿਚ ਭਾਰਤ ਤੋਂ ਗਲਾਸਗੋ ਆਏ ਸਨ। ਉਨ੍ਹਾਂ ਦੇ ਦੇਹਾਂਤ ਬਾਰੇ ਜਾਣਕਾਰੀ ਪੋਤਰੇ ਪਮਨ ਸਿੰਘ ਨੇ ਟਵੀਟ ਕਰ ਕੇ ਦਿੱਤੀ। ਅਮਰੀਕ ਸਿੰਘ ਨੇ ਕਰੀਬ 650 ਦੌੜ ਮੁਕਾਬਲਿਆਂ ਵਿਚ ਹਿੱਸਾ ਲਿਆ। ਲੋੜਵੰਦਾਂ ਦੀ ਮਦਦ ਕਰਨ ਵਿਚ ਹਮੇਸ਼ਾ ਉਹ ਅੱਗੇ ਰਹੇ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਢਿੱਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਫਸੇ ਸਿੱਖ ਸ਼ਰਧਾਲੂਆਂ ਦੀ ਘਰ ਵਾਪਸੀ

**ਅੰਮ੍ਰਿਤਸਰ:** ਕਰੋਨਾ ਮਹਾਮਾਰੀ ਕਾਰਨ ਪਿਛਲੇ ਇਕ ਮਹੀਨੇ ਤੋਂ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਫਸੇ ਸਿੱਖ ਸ਼ਰਧਾਲੂਆਂ ਦੀ ਘਰ ਵਾਪਸੀ ਸ਼ੁਰੂ ਹੋ ਗਈ ਹੈ। ਕੇਂਦਰ ਸਰਕਾਰ ਦੀ ਪ੍ਰਵਾਨਗੀ ਮਗਰੋਂ ਇਨ੍ਹਾਂ ਸ਼ਰਧਾਲੂਆਂ ਨੂੰ ਦਸ ਬੱਸਾਂ ਰਾਹੀਂ ਪੰਜਾਬ ਲਿਆਂਦਾ ਗਿਆ ਹੈ। ਯਾਤਰੂਆਂ ਦੀ ਰਵਾਨਗੀ ਤੋਂ ਪਹਿਲਾਂ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਬਾਬਾ ਕੁਲਵੰਤ ਸਿੰਘ ਨੇ ਅਰਦਾਸ ਕੀਤੀ ਅਤੇ ਯਾਤਰੂਆਂ ਨੂੰ ਸਿਰੋਪਾਓ ਵੀ ਦਿੱਤੇ।

ਤਖਤ ਸ੍ਰੀ ਹਜ਼ੂਰ ਸਾਹਿਬ ਵਿਖੇ ਪਿਛਲੇ ਇਕ ਮਹੀਨੇ ਤੋਂ ਲਗਭਗ 3 ਹਜ਼ਾਰ ਯਾਤਰੂ ਫਸੇ ਹੋਏ ਸਨ। ਇਹ ਉਥੇ ਵੱਖ-ਵੱਖ ਗੁਰਦੁਆਰਿਆਂ ਦੀਆਂ ਸਰਾਵਾਂ ਵਿਚ ਠਹਿਰੇ ਹੋਏ ਹਨ। ਦੇਸ਼ ਵਿਚ ਲੌਕਡਾਊਨ ਲਾਗੂ ਹੋਣ ਕਾਰਨ ਆਵਾਜਾਈ ਦੇ ਸਾਰੇ ਸਾਧਨ ਬੰਦ ਹੋ ਗਏ ਸਨ, ਜਿਸ ਕਾਰਨ ਇਨ੍ਹਾਂ ਕੋਲ ਵਾਪਸ ਪਰਤਣ ਵਾਸਤੇ ਕੋਈ ਸਾਧਨ ਨਹੀਂ ਸੀ। ਇਨ੍ਹਾਂ ਯਾਤਰੂਆਂ ਵਿਚ ਵਧੇਰੇ ਪੰਜਾਬ, ਹਰਿਆਣਾ ਅਤੇ ਦਿੱਲੀ ਆਦਿ ਥਾਵਾਂ ਤੋਂ ਹਨ। ਯਾਤਰੂਆਂ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਘਰ ਵਾਪਸੀ ਲਈ ਦੁਹਾਈ ਦਿੱਤੀ ਜਾ ਰਹੀ ਸੀ।

ਕਈ ਯਾਤਰੂ ਖੇਤੀਬਾੜੀ ਦੇ ਕਿੱਤੇ ਨਾਲ ਜੁੜੇ ਹੋਏ ਹਨ ਅਤੇ ਇਸ ਵੇਲੇ ਫਸਲਾਂ ਦੀ ਵਾਢੀ ਸ਼ੁਰੂ ਹੋਣ ਕਾਰਨ ਉਹ ਤੁਰਤ ਆਪਣੇ ਘਰਾਂ ਨੂੰ ਪਰਤਣਾ ਚਾਹੁੰਦੇ ਹਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਅਕਾਲ ਤਖਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਨੇ ਵੀ ਸਰਕਾਰਾਂ ਨੂੰ ਢੁਕਵੀਂ ਕਾਰਵਾਈ ਵਾਸਤੇ ਆਖਿਆ ਸੀ। ਇਨ੍ਹਾਂ ਯਾਤਰੂਆਂ ਵਿਚ ਕਈ ਅਪਾਹਜ ਅਤੇ ਬਜ਼ੁਰਗ ਵੀ ਸ਼ਾਮਲ ਹਨ। ਇਨ੍ਹਾਂ ਨੂੰ ਪਿਛਲੇ ਇਕ ਮਹੀਨੇ ਤੋਂ ਗੁਰਦੁਆਰਾ ਬੋਰਡ ਵਲੋਂ ਮੁਫਤ ਰਿਹਾਇਸ਼ ਅਤੇ ਲੰਗਰ ਦੀ ਸੇਵਾ ਮੁਹੱਈਆ ਕੀਤੀ ਗਈ ਹੈ।



ਸ਼੍ਰੋਮਣੀ ਅਕਾਲੀ ਦਲ ਨੇ ਸ੍ਰੀ ਹਜ਼ੂਰ ਸਾਹਿਬ ਵਿਖੇ ਫਸੇ 300 ਸ਼ਰਧਾਲੂਆਂ ਦੀ ਪੰਜਾਬ ਵਾਪਸੀ ਦਾ ਸਵਾਗਤ ਕੀਤਾ ਹੈ, ਜਿਨ੍ਹਾਂ ਨੂੰ ਪੰਜਾਬ ਭੇਜਣ ਲਈ ਪਾਰਟੀ ਦੀ ਮੁੰਬਈ ਇਕਾਈ ਵੱਲੋਂ ਦਸ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਸੀ। ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ ਕੀਤੇ ਯਤਨਾਂ ਸਦਕਾ ਹੀ ਇਨ੍ਹਾਂ ਸ਼ਰਧਾਲੂਆਂ ਦੀ ਪੰਜਾਬ ਵਾਪਸੀ ਸੰਭਵ ਹੋਈ ਹੈ। ਸ੍ਰੀ ਭੂੰਦੜ ਨੇ ਅਫਸੋਸ ਜਤਾਇਆ ਕਿ ਪੰਜਾਬ ਸਰਕਾਰ ਨੇ ਇਸ ਮੁੱਦੇ 'ਤੇ ਆਪਣੇ ਪੈਰ ਪਿੱਛੇ ਖਿੱਚ ਲਏ ਸਨ ਅਤੇ ਇਹ ਅਕਾਲੀ ਦਲ ਵੱਲੋਂ ਇਸ ਦਿਸ਼ਾ ਵਿਚ ਕੀਤੇ ਜਾ ਰਹੇ ਯਤਨਾਂ ਪਿੱਛੋਂ ਹੀ ਨੀਂਦ ਵਿਚੋਂ ਜਾਗੀ ਸੀ।

## ਦਿਲ ਦਾ ਦੌਰਾ ਪੈਣ ਨਾਲ ਬੱਸ ਦੇ ਡਰਾਈਵਰ ਦੀ ਮੌਤ

**ਪਟਿਆਲਾ:** ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਲੌਕਡਾਊਨ ਕਰਕੇ ਫਸੇ ਪੰਜਾਬ ਦੇ ਸ਼ਰਧਾਲੂਆਂ ਨੂੰ ਲੈਣ ਲਈ ਗਈਆਂ ਪੀ.ਆਰ.ਟੀ.ਸੀ. ਦੀਆਂ 32 ਬੱਸਾਂ ਵਿਚੋਂ ਇਕ ਬੱਸ ਦੇ ਡਰਾਈਵਰ ਦੀ ਰਸਤੇ 'ਚ ਹੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮਨਜੀਤ ਸਿੰਘ ਪੁੱਤਰ ਬਲਵੀਰ ਸਿੰਘ ਨਾਂ ਦਾ ਇਹ 40 ਸਾਲਾ ਡਰਾਈਵਰ ਜ਼ਿਲ੍ਹਾ ਬਰਨਾਲਾ ਦੇ ਬਡਬਰ ਪਿੰਡ ਦਾ ਰਹਿਣ ਵਾਲਾ ਸੀ। ਇਹ ਘਟਨਾ ਮੱਧ ਪ੍ਰਦੇਸ਼ 'ਚ ਇੰਦੌਰ ਕੋਲ ਸਥਿਤ ਰਤਲਾਮ ਸ਼ਹਿਰ ਵਿਚ ਵਾਪਰੀ। ਕਈ ਕਿਲੋਮੀਟਰ ਬੱਸ ਚਲਾਉਣ ਮਗਰੋਂ ਮਨਜੀਤ ਸਿੰਘ ਬੱਸ 'ਚ ਹੀ ਆਰਾਮ ਕਰ ਰਿਹਾ ਸੀ। ਇਸ ਦੌਰਾਨ ਛਾਤੀ 'ਚ ਤਕਲੀਫ ਹੋਣ ਕਾਰਨ ਉਹ ਡਿੱਗ ਗਿਆ। ਉਸ ਨੂੰ ਰਤਲਾਮ ਦੇ ਹਸਪਤਾਲ ਲਿਜਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

## ਪੰਜਾਬ ਦੇ 152 ਵਿਦਿਆਰਥੀ ਕੋਟਾ ਤੋਂ ਪਰਤੇ

**ਬਠਿੰਡਾ:** ਰਾਜਸਥਾਨ ਦੀ ਸਿੱਖਿਆ ਨਗਰੀ ਕੋਟਾ ਵਿਚ ਫਸੇ ਹੋਏ ਪੰਜਾਬ ਦੇ 153 ਵਿਦਿਆਰਥੀ ਵਾਪਸ ਪੰਜਾਬ ਪਰਤੇ ਹਨ। ਬਠਿੰਡਾ ਜ਼ਿਲ੍ਹੇ ਦੇ ਹਰਿਆਣਾ ਨਾਲ ਲੱਗਦੇ ਡੂਮਵਾਲੀ ਬਾਰਡਰ ਉਤੇ ਪ੍ਰਸ਼ਾਸਨ ਨੇ ਵਿਦਿਆਰਥੀਆਂ ਨੂੰ ਮੁੱਢਲੇ ਮੈਡੀਕਲ ਚੈਕਅੱਪ ਤੋਂ ਬਾਅਦ ਇਨ੍ਹਾਂ ਦੇ ਜ਼ਿਲ੍ਹਿਆਂ ਲਈ ਰਵਾਨਾ ਕੀਤਾ। ਇਨ੍ਹਾਂ ਵਿਚ ਬਰਨਾਲਾ ਦਾ ਇਕ, ਲੁਧਿਆਣਾ ਦੇ 25, ਹੁਸ਼ਿਆਰਪੁਰ ਦੇ 2, ਤਰਨਤਾਰਨ ਦਾ ਇਕ, ਸ੍ਰੀ ਅੰਮ੍ਰਿਤਸਰ ਸਾਹਿਬ ਦੇ 9, ਗੁਰਦਾਸਪੁਰ ਦੇ 13, ਪਠਾਨਕੋਟ ਦੇ 16, ਫਰੀਦਕੋਟ ਦੇ 2, ਫਿਰੋਜ਼ਪੁਰ ਦੇ 6, ਸ੍ਰੀ ਮੁਕਤਸਰ ਸਾਹਿਬ ਦੇ 2, ਫਾਜ਼ਿਲਕਾ ਦੇ 14, ਮੋਗਾ ਦਾ 1, ਜਲੰਧਰ ਦੇ 10, ਕਪੂਰਥਲਾ ਦੇ 4 ਵਿਦਿਆਰਥੀ ਸ਼ਾਮਲ ਹਨ।

# ਕਰੋਨਾ ਖਿਲਾਫ ਜੰਗ 'ਚ ਟੈਸਟਿੰਗ ਅਹਿਮ: ਡਾ. ਮਨਮੋਹਨ ਸਿੰਘ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਟੈਸਟਿੰਗ ਦੀ ਜ਼ਿਆਦਾ ਤੋਂ ਜ਼ਿਆਦਾ ਸਹੂਲਤ ਦਿੱਤੇ ਬਿਨਾਂ ਮੁਲਕ ਕਰੋਨਾ ਵਾਇਰਸ ਦੀ ਚੁਣੌਤੀ ਉਤੇ ਫਤਿਹ ਨਹੀਂ ਪਾ ਸਕਦਾ ਹੈ।

ਕਾਂਗਰਸ ਵੱਲੋਂ ਜਾਰੀ ਵੀਡੀਓ 'ਚ ਉਨ੍ਹਾਂ ਕਿਹਾ ਹੈ ਕਿ ਟੈਸਟਿੰਗ ਅਤੇ ਟਰੇਸਿੰਗ ਬਿਮਾਰੀ ਨਾਲ ਲੜਨ 'ਚ ਅਹਿਮ ਹਨ। ਪਰਵਾਸੀ ਮਜ਼ਦੂਰਾਂ ਦੀ ਹਿਜਰਤ ਦੋ ਸੂਬਿਆਂ ਉਤੇ ਨਿਰਭਰ ਕਰਦੀ ਹੈ ਅਤੇ ਉਨ੍ਹਾਂ ਨੂੰ ਇਸ ਦਾ ਹੱਲ ਕੱਢਣਾ ਚਾਹੀਦਾ ਹੈ। ਇਸੇ ਦੌਰਾਨ ਸਾਬਕਾ ਵਿੱਤ ਮੰਤਰੀ ਪੀ ਚਿਦੰਬਰਮ ਨੇ ਸੁਝਾਅ ਦਿੱਤਾ ਕਿ ਪਰਵਾਸੀ ਮਜ਼ਦੂਰ ਜਿਹੜੇ ਸੂਬੇ ਦੇ ਮੂਲ ਵਾਸੀ ਹਨ, ਉਹ ਹੀ ਉਨ੍ਹਾਂ ਨੂੰ ਦੂਜੇ ਸੂਬਿਆਂ ਤੋਂ ਲਿਆਉਣ ਦੇ ਰਾਹ ਲੱਭਣ।

ਕਾਂਗਰਸ ਦੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਸਰਕਾਰ ਦੀ ਪਹਿਲੀ ਵਿੱਤੀ ਕਾਰਜ ਯੋਜਨਾ ਠੁੱਸ ਹੋ ਗਈ ਹੈ। ਜੈਰਾਮ ਰਮੇਸ਼ ਨੇ ਕਿਹਾ ਕਿ ਕਰੋਨਾ ਦੇ ਇਕ ਲੱਖ ਟੈਸਟ ਕਰਨ ਦੀ ਲੋੜ ਹੈ। ਪਾਰਟੀ ਤਰਜਮਾਨ ਮਨੀਸ਼ ਤਿਵਾੜੀ ਨੇ ਕਿਹਾ ਕਿ ਕਾਂਗਰਸ ਨੂੰ ਇਕੱਠਿਆਂ ਮਿਲ ਕੇ ਲੌਕਡਾਊਨ ਤੋਂ ਪੈਦਾ ਹੋਏ ਮਸਲਿਆਂ ਨਾਲ ਨਜਿੱਠਣ ਲਈ ਸੁਝਾਅ ਦੇਣੇ ਚਾਹੀਦੇ ਹਨ। ਕਾਂਗਰਸ ਨੇ ਇਹ ਵੀ ਕਿਹਾ ਕਿ ਮੁਸ਼ਕਲਾਂ ਦਾ ਹੱਲ ਵਾਰਤਾ ਅਤੇ ਵਿਚਾਰ-ਵਟਾਂਦਰੇ ਨਾਲ ਲੱਭਿਆ ਜਾ ਸਕਦਾ ਹੈ। ਉਧਰ, ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਆਗਰਾ ਦੇ ਮੇਅਰ ਵੱਲੋਂ ਲਿਖੇ ਗਏ ਪੱਤਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਕਰੋਨਾ ਦੇ ਕੇਸ ਲਗਾਤਾਰ ਵਧ ਰਹੇ ਹਨ ਅਤੇ ਸ਼ਹਿਰ ਨੂੰ ਬਚਾਉਣ ਲਈ ਸਖਤ ਫੈਸਲੇ ਲੈਣੇ ਪੈਣਗੇ।

## ਟੈਸਟ ਕਿੱਟਾਂ ਘੱਟ ਕੀਮਤ 'ਤੇ ਮੁਹੱਈਆ ਹੋਣ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਕਿਹਾ ਹੈ ਕਿ ਕਰੋਨਾ ਟੈਸਟ ਕਿੱਟਾਂ ਘੱਟ ਤੋਂ ਘੱਟ ਕੀਮਤ 'ਤੇ ਮਿਲਣੀਆਂ ਚਾਹੀਦੀਆਂ ਹਨ। ਜਸਟਿਸ ਨਜਮੀ ਵਜ਼ੀਰੀ ਨੇ ਇਹ ਨਿਰਦੇਸ਼ ਤਿੰਨ ਪ੍ਰਾਈਵੇਟ ਕੰਪਨੀਆਂ ਨੂੰ ਜਾਰੀ ਕੀਤੇ ਜਿਨ੍ਹਾਂ ਚੀਨ ਤੋਂ 10 ਲੱਖ ਕਿੱਟਾਂ ਬਰਾਮਦ ਕਰਨ ਦਾ ਸਮਝੌਤਾ ਕੀਤਾ ਅਤੇ ਉਹ ਆਈ.ਸੀ.ਐਮ.ਆਰ. ਵੱਲੋਂ ਪ੍ਰਵਾਨਿਤ 600 ਰੁਪਏ ਦੀ ਕੀਮਤ ਉਤੇ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਲੋਕ ਹਿੱਤਾਂ ਨੂੰ ਦੇਖਦਿਆਂ ਇਹ ਕਿੱਟਾਂ 400 ਰੁਪਏ ਤੋਂ ਵੱਧ ਕੀਮਤ ਦੀਆਂ ਨਹੀਂ ਹੋਣੀਆਂ ਚਾਹੀਦੀਆਂ।

# ਮੋਦੀ ਨੇ ਪੰਚਾਇਤਾਂ ਨੂੰ ਦਿੱਤਾ ਕਰੋਨਾ ਦਾ ਗੁਰਮੰਤਰ



**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿੰਡਾਂ ਦੀਆਂ ਪੰਚਾਇਤਾਂ ਦੇ ਸਰਪੰਚਾਂ ਅਤੇ ਪ੍ਰਧਾਨਾਂ ਨੂੰ ਕਿਹਾ ਕਿ ਕੋਵਿਡ-19 ਮਹਾਮਾਰੀ ਨੇ ਮੁਲਕ ਨੂੰ ਆਤਮਨਿਰਭਰ ਹੋਣ ਦਾ ਸਬਕ ਸਿਖਾਇਆ ਹੈ। ਉਨ੍ਹਾਂ ਪਿੰਡਾਂ 'ਚ ਸਮਾਜਿਕ ਦੂਰੀ ਲਈ 'ਦੋ ਗਜ਼ ਦੀ ਦੂਰੀ' ਦੇ ਮੰਤਰ ਦੀ ਵੀ ਸ਼ਲਾਘਾ ਕੀਤੀ।

ਪੰਚਾਇਤੀ ਰਾਜ ਦਿਵਸ ਮੌਕੇ ਪ੍ਰਧਾਨ ਮੰਤਰੀ ਨੇ 'ਈ-ਗ੍ਰਾਮ ਪੋਰਟਲ' ਦਾ ਉਦਘਾਟਨ ਵੀ ਕੀਤਾ ਅਤੇ ਮਾਲਿਕਾਨਾ ਯੋਜਨਾ (ਸਵਾਮਿਤਵ ਯੋਜਨਾ) ਦੀ ਸ਼ੁਰੂਆਤ ਵੀ ਕੀਤੀ। ਵੀਡੀਓ ਕਾਨਫਰੰਸਿੰਗ ਰਾਹੀਂ ਆਪਣੇ ਸੰਬੋਧਨ 'ਚ ਸ੍ਰੀ ਮੋਦੀ ਨੇ ਕਿਹਾ,''ਕਰੋਨਾ ਨੇ ਸਾਨੂੰ ਸਾਰਿਆਂ ਨੂੰ ਸਭ ਤੋਂ ਵੱਡਾ ਸਬਕ ਸਿਖਾਇਆ ਹੈ ਕਿ ਅਸੀਂ ਆਤਮਨਿਰਭਰ ਹੋਈਏ। ਹੁਣ ਜ਼ਰੂਰੀ ਹੈ ਕਿ ਪਿੰਡ ਵੀ ਆਪਣੀਆਂ ਮੁਢਲੀਆਂ ਲੋੜਾਂ ਲਈ ਆਤਮਨਿਰਭਰ ਹੋਣ। ਕਰੋਨਾ ਵਾਇਰਸ ਮਹਾਮਾਰੀ ਕਰਕੇ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਜਿਨ੍ਹਾਂ ਬਾਰੇ ਕਦੇ ਸੋਚਿਆ ਵੀ ਨਹੀਂ ਸੀ ਜਾਂ ਜਿਨ੍ਹਾਂ ਦਾ ਕਦੇ ਸਾਹਮਣਾ ਨਹੀਂ ਕੀਤਾ ਸੀ ਪਰ ਇਸ ਦੇ ਨਾਲ ਲੋਕਾਂ ਨੂੰ ਨਵੀਆਂ ਚੀਜ਼ਾਂ ਵੀ ਸਿੱਖਣ ਨੂੰ ਮਿਲੀਆਂ ਹਨ।'' ਉਨ੍ਹਾਂ ਕਿਹਾ ਕਿ ਪਿੰਡਾਂ, ਜ਼ਿਲ੍ਹਿਆਂ ਅਤੇ ਰਾਜਾਂ ਦੇ ਨਾਲ-ਨਾਲ ਦੇਸ਼ ਦੀਆਂ ਲੋੜਾਂ ਲਈ ਸਵੈ-ਨਿਰਭਰ ਹੋਣਾ ਚਾਹੀਦਾ ਹੈ ਜੋ ਬਹੁਤ ਜ਼ਰੂਰੀ ਹੋ ਗਿਆ ਹੈ।

ਉਨ੍ਹਾਂ ਕੋਵਿਡ-19 ਤੋਂ ਬਚਣ ਲਈ ਸਮਾਜਿਕ ਦੂਰੀ ਵਰਤਣ ਲਈ ਸਾਧਾਰਨ ਸ਼ਬਦਾਂ ਵਿਚ 'ਦੋ ਗਜ਼ ਦੀ ਦੂਰੀ ਬਹੁਤ ਹੈ ਜ਼ਰੂਰੀ' ਦੇ ਦਿੱਤੇ ਮੰਤਰ ਦੀ ਤਾਰੀਫ ਕੀਤੀ ਜਿਸ ਰਾਹੀਂ ਲੋਕ ਨੂੰ ਆਸਾਨ ਢੰਗ ਨਾਲ ਸਮਝਾਇਆ ਗਿਆ। ਉਨ੍ਹਾਂ ਕਿਹਾ ਕਿ ਪਿੰਡਾਂ ਨੇ ਆਪਣੇ ਸਿਧਾਂਤਾਂ ਅਤੇ ਕਦਰਾਂ ਕੀਮਤਾਂ ਰਾਹੀਂ ਕਰੋਨਾ ਨਾਲ ਲੜਨ ਦਾ ਬਿਹਤਰੀਨ ਮਾਰਗ ਦਿਖਾਇਆ।

## ਸਰਪੰਚ ਪੱਲਵੀ ਠਾਕੁਰ ਨੇ ਕੀਤੀ ਮੋਦੀ ਨਾਲ ਗੱਲਬਾਤ

**ਪਠਾਨਕੋਟ:** ਪਠਾਨਕੋਟ ਦੇ ਨੀਮ ਪਹਾੜੀ ਧਾਰ ਬਲਾਕ ਦੇ ਪੱਛੜੇ ਪਿੰਡ ਹਾੜਾ ਦੀ ਸਰਪੰਚ ਪੱਲਵੀ ਠਾਕੁਰ (21) ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਚਾਇਤੀ ਰਾਜ ਦਿਵਸ ਮੌਕੇ ਵੀਡੀਓ ਕਾਨਫਰੰਸ ਰਾਹੀਂ ਗੱਲਬਾਤ ਕੀਤੀ। ਪੱਲਵੀ ਠਾਕੁਰ ਨੇ ਪ੍ਰਧਾਨ ਮੰਤਰੀ ਨੂੰ ਪਿੰਡ ਵਿਚ ਲੌਕਡਾਊਨ ਦੀ ਕੀਤੀ ਜਾ ਰਹੀ ਪਾਲਣਾ ਬਾਰੇ ਵਿਸਥਾਰਪੂਰਬਕ ਜਾਣਕਾਰੀ ਦਿੱਤੀ। ਉਸ ਨੇ ਦੱਸਿਆ ਕਿ ਪਿੰਡ ਦੇ ਦੋਵੇਂ ਪ੍ਰਵੇਸ਼ ਦੁਆਰਾਂ 'ਤੇ ਨਾਕੇ ਲਗਾਏ ਗਏ ਹਨ ਜਿਥੇ ਨੌਜਵਾਨਾਂ ਅਤੇ ਪੰਚ ਮੈਂਬਰਾਂ ਵੱਲੋਂ ਪਹਿਰਾ ਦਿੱਤਾ ਜਾਂਦਾ ਹੈ। ਉਹ ਖੁਦ ਵੀ ਨਾਕਿਆਂ 'ਤੇ ਦਿਨ ਵਿਚ ਦੋ ਚੱਕਰ ਜ਼ਰੂਰ ਲਗਾਉਂਦੀ ਹੈ। ਸਾਰੇ ਪਿੰਡ ਵਾਸੀਆਂ ਨੂੰ ਸਾਬਣ ਨਾਲ ਵਾਰ-ਵਾਰ ਹੱਥ ਧੋਣ ਲਈ ਸਮਝਾਇਆ ਗਿਆ ਹੈ। ਸੋਸ਼ਲ ਡਿਸਟੈਂਸ ਬਣਾ ਕੇ ਰੱਖਣ ਅਤੇ ਮਾਸਕ ਪਹਿਨਣ ਲਈ ਵੀ ਜਾਗਰੂਕ ਕੀਤਾ ਗਿਆ ਹੈ।

## ਦਿੱਲੀ 'ਚ ਮਰੀਜ਼ਾਂ ਨੂੰ ਮੁਫਤ ਸੇਵਾਵਾਂ ਦੇਵੇਗੀ ਓਲਾ



**ਨਵੀਂ ਦਿੱਲੀ:** ਓਲਾ ਨੇ ਦਿੱਲੀ ਸਰਕਾਰ ਦੇ ਸਿਹਤ ਵਿਭਾਗ ਨਾਲ ਭਿਆਲੀ ਕਰਦਿਆਂ ਲੋਕਾਂ ਨੂੰ ਹਸਪਤਾਲ ਤਕ ਪਹੁੰਚਾਉਣ ਲਈ ਮੁਫਤ ਸੇਵਾ ਦੀ ਪੇਸ਼ਕਸ਼ ਕੀਤੀ ਹੈ। ਕੋਵਿਡ-19 ਤੋਂ ਬਿਨਾਂ ਕਿਸੇ ਵੀ ਮੈਡੀਕਲ ਐਮਰਜੈਂਸੀ ਲਈ ਲੋਕ 102 ਨੰਬਰ ਉਤੇ ਡਾਇਲ ਕਰ ਕੇ ਇਹ ਸੇਵਾ ਲੈ ਸਕਦੇ ਹਨ। ਕੰਪਨੀ ਵੱਲੋਂ ਹੋਰ ਸੂਬਾ ਸਰਕਾਰਾਂ ਨਾਲ ਅਜਿਹੀ ਭਾਈਵਾਲੀ ਕੀਤੀ ਜਾ ਰਹੀ ਹੈ। ਕੰਪਨੀ ਨੇ 'ਓਲਾ ਐਮਰਜੈਂਸੀ' ਨਾਮ ਦੀ ਨਵੀਂ ਸਹੂਲਤ ਸ਼ੁਰੂ ਕੀਤੀ ਹੈ ਜਿਸ ਤਹਿਤ ਅੰਮ੍ਰਿਤਸਰ, ਲੁਧਿਆਣਾ, ਜਲੰਧਰ, ਪਟਿਆਲਾ ਅਤੇ ਮੁਹਾਲੀ ਸਮੇਤ 15 ਸ਼ਹਿਰਾਂ 'ਚ ਲੋਕਾਂ ਨੂੰ ਹਸਪਤਾਲ ਪਹੁੰਚਾਉਣ ਦਾ ਕੰਮ ਕੀਤਾ ਜਾ ਰਿਹਾ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਸਿਹਤ ਮੰਤਰਾਲੇ ਦੀ ਟੀਮ ਮਰੀਜ਼ ਨੂੰ ਕੈਬ ਮੁਹੱਈਆ ਕਰਵਾਏਗੀ ਜੋ ਮੁਫਤ 'ਚ ਉਸ ਨੂੰ ਹਸਪਤਾਲ ਪਹੁੰਚਾਏਗੀ। ਓਲਾ ਨੇ ਕਿਹਾ ਕਿ ਉਨ੍ਹਾਂ ਦੀਆਂ ਕੈਬਾਂ ਵਿਚ ਸਿਹਤ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਸਾਫ-ਸਫਾਈ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਉਨ੍ਹਾਂ 'ਚ ਮਾਸਕ ਅਤੇ ਸੈਨੇਟਾਈਜ਼ਰ ਜਿਹਾ ਲੋੜੀਂਦਾ ਸੁਰੱਖਿਆ ਸਾਜ਼ੋ-ਸਾਮਾਨ ਉਪਲਬਧ ਹੈ। ਉਨ੍ਹਾਂ ਦਾਅਵਾ ਕੀਤਾ ਕਿ ਡਰਾਈਵਰਾਂ ਨੂੰ ਵੀ ਉਚੇਚੇ ਤੌਰ ਉਤੇ ਸਿਖਲਾਈ ਦਿੱਤੀ ਗਈ ਹੈ।

# 'ਵੁਹਾਨ ਡਾਇਰੀ' ਵਿਚ ਚੀਨ ਦੀਆਂ ਗਲਤੀਆਂ ਦਾ ਕੱਚਾ ਚਿੱਠਾ




**ਨਵੀਂ ਦਿੱਲੀ:** ਪਿਛਲੇ 5 ਮਹੀਨਿਆਂ ਦੌਰਾਨ ਕਰੋਨਾ ਵਾਇਰਸ ਨੂੰ ਲੈ ਕੇ ਚੀਨ ਵਲੋਂ ਕੀਤੀਆਂ ਗਲਤੀਆਂ ਦੀ ਸੂਚੀ ਕਾਫੀ ਲੰਬੀ ਹੋਣ 'ਤੇ ਇਸ ਦਾ ਖੁਲਾਸਾ 'ਵੁਹਾਨ ਡਾਇਰੀ' ਜਰੀਏ ਕਰਨ ਵਾਲੀ ਲੇਖਿਕਾ ਨੂੰ ਹੁਣ ਚੀਨ ਵਿਚ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ।

ਚੀਨ ਵਲੋਂ ਵਾਰ-ਵਾਰ ਕਰੋਨਾ ਵਾਇਰਸ ਨਾਲ ਨਜਿੱਠਣ ਲਈ ਕੋਈ ਲਾਪਰਵਾਹੀ ਨਾ ਵਰਤਣ ਦੇ ਕੀਤੇ ਜਾ ਰਹੇ ਦਾਅਵਿਆਂ ਦਰਮਿਆਨ ਚੀਨ ਦੀ ਨਾਮਵਰ ਲੇਖਿਕਾ ਫੇਂਗ ਫੇਂਗ (64) ਨੇ ਆਉਣ ਵਾਲੀ ਕਿਤਾਬ 'ਵੁਹਾਨ ਡਾਇਰੀ' ਜਰੀਏ ਚੀਨ ਦੇ ਦਾਅਵਿਆਂ ਦੀ ਪੋਲ ਖੋਲ ਦਿੱਤੀ ਹੈ। ਲੇਖਿਕਾ ਨੇ ਇਸ ਕਿਤਾਬ 'ਚ ਖੁਲਾਸਾ ਕੀਤਾ ਹੈ ਕਿ ਦੁਨੀਆਂ ਭਰ 'ਚ ਕਰੋਨਾ ਵਾਇਰਸ ਮਹਾਂਮਾਰੀ ਫੈਲਾਉਣ ਲਈ ਵੁਹਾਨ ਸ਼ਹਿਰ ਨਹੀਂ ਸਗੋਂ ਚੀਨ ਦੀ ਸਰਕਾਰ ਜ਼ਿੰਮੇਵਾਰ ਹੈ। ਵੁਹਾਨ ਡਾਇਰੀ 'ਚ ਲੇਖਿਕਾ ਨੇ ਕਰੋਨਾ ਫੈਲਣ ਦੀ ਪੂਰੀ ਕਹਾਣੀ ਦਾ ਸਿਲਸਿਲੇਵਾਰ ਖੁਲਾਸਾ ਕੀਤਾ ਹੈ ਕਿ ਕਿਵੇਂ ਵੁਹਾਨ 'ਚ 23 ਜਨਵਰੀ ਤੋਂ 8 ਅਪਰੈਲ ਤੱਕ ਸਖਤ ਤਾਲਾਬੰਦੀ ਦੌਰਾਨ ਹਸਪਤਾਲਾਂ 'ਚ ਜਗ੍ਹਾ ਨਾ ਹੋਣ ਉਤੇ ਮਰੀਜ਼ਾਂ ਨੂੰ ਭਜਾ ਦਿੱਤਾ ਗਿਆ ਅਤੇ ਹਸਪਤਾਲਾਂ 'ਚ ਮਾਸਕਾਂ ਤੇ ਉਪਕਰਣਾਂ ਦੀ ਕਮੀ ਅਤੇ ਇਕ-ਦੂਜੇ ਤੋਂ ਕਰੋਨਾ ਫੈਲਣ ਦੀ ਗੱਲ ਨੂੰ ਲੋਕਾਂ ਵਲੋਂ ਅਣਡਿੱਠ ਕੀਤੇ ਜਾਣ ਦਾ ਖੁਲਾਸਾ ਕੀਤਾ ਹੈ। ਵੁਹਾਨ ਡਾਇਰੀ ਨਾਂ ਦੀ ਇਹ ਕਿਤਾਬ ਜੂਨ ਤੱਕ ਬਾਜ਼ਾਰ 'ਚ ਆ ਜਾਵੇਗੀ, ਜਿਸ ਨੂੰ ਅਮਰੀਕਾ ਦੀ ਪ੍ਰਕਾਸ਼ਨ ਕੰਪਨੀ ਹਾਰਪਰ ਕਾਲਿਨਸ ਵਲੋਂ ਛਾਪਿਆ ਜਾ ਰਿਹਾ ਹੈ।

## ਕਰੋਨਾ ਵਾਇਰਸ ਪ੍ਰਯੋਗਸ਼ਾਲਾ ਵਿਚ ਬਣਿਆ

**ਜਨੇਵਾ (ਸਵਿਟਜ਼ਰਲੈਂਡ):** ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਦਾ ਕਹਿਣਾ ਹੈ ਕਿ ਵਰਤਮਾਨ ਤੱਕ ਦੇ ਸਾਰੇ ਉਪਲਬਧ ਤੱਥਾਂ ਤੋਂ ਪਤਾ ਚੱਲਦਾ ਹੈ ਕਿ ਕਰੋਨਾ ਇਕ ਕੁਦਰਤੀ ਵਾਇਰਸ ਹੈ ਤੇ ਇਸ 'ਚ ਕਿਸੇ ਤਰ੍ਹਾਂ ਦੀ ਕੋਈ ਹੇਰਾਫੇਰੀ ਜਾਂ ਇਸ ਨੂੰ ਬਣਾਇਆ ਨਹੀਂ ਗਿਆ ਹੈ। ਡਬਲਿਊ.ਐਚ.ਓ. ਅਨੁਸਾਰ ਕਈ ਸਾਇੰਸਦਾਨ ਸਾਰਸ-ਸੀ.ਓ.ਵੀ.-2 ਦੀ ਜੀਨੇਟਿਕ ਵਿਸ਼ੇਸ਼ਤਾਵਾਂ ਨੂੰ ਦੇਖਣ 'ਚ ਸਫਲ ਰਹੇ ਹਨ ਤੇ ਉਨ੍ਹਾਂ ਨੂੰ ਇਸ ਗੱਲ ਦੇ ਕੋਈ ਵੀ ਸਬੂਤ ਨਹੀਂ ਮਿਲੇ ਕਿ ਇਹ ਪ੍ਰਯੋਗਸ਼ਾਲਾ 'ਚ ਬਣਾਇਆ ਵਾਇਰਸ ਹੋਵੇ। ਸੰਸਥਾ ਨੇ ਜ਼ੋਰ ਦੇ ਕੇ ਕਿਹਾ ਕਿ ਜੇਕਰ ਇਹ ਮਨੁੱਖ ਵੱਲੋਂ ਬਣਾਇਆ ਵਾਇਰਸ ਹੁੰਦਾ ਤਾਂ ਇਸ ਦਾ 'ਜੀਨੇਟਿਕ ਸੀਕਵੈਂਸ' ਜਾਣੂ ਤੱਤਾਂ ਦਾ ਮਿਸ਼ਰਣ ਹੁੰਦਾ ਪਰ ਅਜਿਹਾ ਨਹੀਂ ਹੈ।

## ਚੀਨ ਨੂੰ ਨਤੀਜੇ ਭੁਗਤਣੇ ਪੈਣਗੇ: ਪੌਂਪੀਓ

**ਵਾਸ਼ਿੰਗਟਨ:** ਦੁਨੀਆਂ ਭਰ ਵਿਚ ਕਰੋਨਾ ਦੀ ਬਿਮਾਰੀ ਫੈਲਾਉਣ ਦੇ ਦੋਸ਼ ਚੀਨ 'ਤੇ ਮੜ੍ਹਦਿਆਂ ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਕਿਹਾ ਕਿ ਚੀਨ ਨੂੰ ਇਸ ਦੇ ਨਤੀਜੇ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਚੀਨ ਨੇ ਇਸ ਬਿਮਾਰੀ ਨਾਲ ਨਿਪਟਣ ਦੇ ਆਪਣੇ ਤਜਰਬੇ ਦੁਨੀਆਂ 'ਚ ਪਾਰਦਰਸ਼ੀ ਢੰਗ ਨਾਲ ਸਾਂਝੇ ਨਹੀਂ ਕੀਤੇ ਜਿਸ ਕਾਰਨ ਅਮਰੀਕਾ ਦੀ ਅਰਥਵਿਵਸਥਾ ਨੂੰ ਭਾਰੀ ਢਾਹ ਲੱਗੀ ਹੈ। ਉਨ੍ਹਾਂ ਕਿਹਾ ਕਿ ਇਸ ਕਾਰਨ ਸੱਤਾਧਾਰੀ ਕਮਿਊਨਿਸਟ ਪਾਰਟੀ ਨੂੰ ਵੀ ਵੱਡੀ ਕੀਮਤ ਚੁਕਾਉਣੀ ਪਵੇਗੀ।

# ਆਫਤ ਦੀ ਘੜੀ 'ਚ ਪੂਰੇ ਮੁਲਕ ਲਈ ਅੰਨਦਾਤਾ ਬਣਿਆ ਪੰਜਾਬ

**ਚੰਡੀਗੜ੍ਹ:** ਬੇਸ਼ੱਕ ਕੇਂਦਰ ਸਰਕਾਰ ਨੇ ਅੰਨਦਾਤੇ ਦੇ ਪਸੀਨੇ ਦੀ ਕਦੇ ਵੁੱਕਤ ਨਹੀਂ ਪਾਈ ਪਰ ਹੁਣ ਭੀੜ ਪੈਣ ਉਤੇ ਪੰਜਾਬ ਦੇ ਅਨਾਜ ਨੇ ਹੀ ਕੇਂਦਰ ਦੀ ਲਾਜ ਰੱਖੀ ਹੈ। ਕੌਮੀ ਆਫਤ ਦੀ ਘੜੀ ਵਿਚ ਪੰਜਾਬ ਪੂਰੇ ਮੁਲਕ ਲਈ ਅੰਨਦਾਤਾ ਬਣਿਆ ਹੈ। ਗਰੀਬ ਲੋਕਾਂ ਦਾ ਢਿੱਡ ਭਰਨ ਲਈ ਪੰਜਾਬ ਦੇ ਗੁਦਾਮਾਂ ਵਿਚੋਂ ਅਨਾਜ ਜਾਣ ਲੱਗਾ ਹੈ। ਲੱਖ ਦਿੱਕਤਾਂ ਦੇ ਬਾਵਜੂਦ ਤਾਲਾਬੰਦੀ ਪੰਜਾਬ ਲਈ ਧਰਵਾਸ ਵੀ ਬਣੀ ਹੈ। ਪੰਜਾਬ ਅੱਗੇ ਵੱਡਾ ਮਸਲਾ ਅਨਾਜ ਭੰਡਾਰਨ ਦਾ ਸੀ। ਹੁਣ ਜਦੋਂ ਪੰਜਾਬ ਦੇ ਗੁਦਾਮਾਂ ਖਾਲੀ ਹੋਣ ਲੱਗੇ ਹਨ ਤਾਂ ਸੂਬਾ ਸਰਕਾਰ ਨੇ ਰਾਹਤ ਮਹਿਸੂਸ ਕੀਤੀ ਹੈ।

ਤਾਲਾਬੰਦੀ ਮਗਰੋਂ ਤੇਜ਼ੀ ਨਾਲ ਪੰਜਾਬ ਦੇ ਗੁਦਾਮਾਂ ਵਿਚੋਂ ਉਚੀ ਦਰ ਨਾਲ ਅਨਾਜ ਦੂਸਰੇ ਰਾਜਾਂ ਵਿਚ ਗਿਆ ਹੈ। ਉਤਰ ਪ੍ਰਦੇਸ਼, ਬਿਹਾਰ, ਕਰਨਾਟਕਾ ਅਤੇ ਪੱਛਮੀ ਬੰਗਾਲ ਵਿਚ ਚੌਲਾਂ ਦੀ ਸਭ ਤੋਂ ਵੱਧ ਪਖਤ ਹੈ। ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਤਹਿਤ 810 ਮਿਲੀਅਨ ਗਰੀਬ ਲੋਕਾਂ ਨੂੰ ਤਿੰਨ ਮਹੀਨੇ ਲਈ ਬਿਲਕੁਲ ਮੁਫਤ ਰਾਸ਼ਨ ਦਿੱਤਾ ਜਾਣਾ ਹੈ। ਵੇਰਵਿਆਂ ਅਨੁਸਾਰ ਤਾਲਾਬੰਦੀ ਮਗਰੋਂ ਲੰਘੇ ਇਕ ਮਹੀਨੇ ਦੌਰਾਨ ਪੰਜਾਬ ਵਿਚੋਂ 20 ਲੱਖ ਮੀਟਰਿਕ ਟਨ ਅਨਾਜ ਦੂਸਰੇ ਰਾਜਾਂ ਨੂੰ 800 ਸਪੈਸ਼ਲਾਂ (ਰੇਲਵੇ) ਜ਼ਰੀਏ ਚਲਾ ਗਿਆ ਹੈ, ਜਿਸ ਵਿਚ 14.10 ਲੱਖ ਐਮ.ਟੀ. ਚੌਲ ਅਤੇ 5.90 ਲੱਖ ਕਣਕ ਸ਼ਾਮਲ ਹੈ। ਔਸਤਨ ਦੇਖੀਏ ਤਾਂ ਪੰਜਾਬ ਵਿਚੋਂ ਰੋਜ਼ਾਨਾ 25 ਸਪੈਸ਼ਲ ਟਰੇਨਾਂ ਵਿਚ ਅਨਾਜ ਮੁਲਕ ਭਰ ਵਿੱਚ ਜਾ ਰਿਹਾ ਹੈ।

ਪਿਛਲੇ ਵਰ੍ਹੇ ਦੀ ਔਸਤਨ ਵੇਖੀਏ ਤਾਂ ਪ੍ਰਤੀ ਮਹੀਨਾ ਪੌਣੇ ਪੰਜ ਸੌ ਸਪੈਸ਼ਲਾਂ (ਟਰੇਨਾਂ) ਜ਼ਰੀਏ ਹੀ ਅਨਾਜ ਭੇਜਿਆ ਗਿਆ ਜਦੋਂਕਿ 22 ਮਾਰਚ ਤੋਂ 23 ਅਪਰੈਲ 2020 ਦੇ ਇਕੋ ਮਹੀਨੇ ਵਿਚ 800 ਸਪੈਸ਼ਲਾਂ ਵਿਚ ਅਨਾਜ ਚਲਾ ਗਿਆ ਹੈ। ਇਥੋਂ ਤੱਕ ਕਿ ਜੋ ਮੰਡੀਆਂ ਵਿਚ ਹੁਣ ਕਣਕ ਆ ਰਹੀ ਹੈ, ਉਸ ਦੀਆਂ ਵੀ 10 ਸਪੈਸ਼ਲਾਂ ਲੋਡ ਹੋ ਕੇ ਚਲੀਆਂ ਗਈਆਂ ਹਨ। ਪੰਜਾਬ ਲਈ ਇਹ ਸੁਖਦ ਸੁਨੇਹਾ ਹੈ। ਉਂਜ, ਲੰਘੇ ਪੰਜ ਛੇ ਵਰ੍ਹਿਆਂ ਤੋਂ ਪੰਜਾਬ ਦੇ ਅਨਾਜ ਤੋਂ ਕੇਂਦਰ ਮੂੰਹ ਫੇਰਨ ਲੱਗਾ ਸੀ। ਤੱਥ ਬੋਲਦੇ ਹਨ ਕਿ ਪੰਜਾਬ ਵਿਚੋਂ ਸਾਲ 2014-15 ਵਿਚ ਅਨਾਜ ਦੇ ਭਰੇ 7370 ਰੇਲ ਰੈਕ ਦੂਸਰੇ ਸੂਬਿਆਂ ਵਿਚ ਗਏ ਸਨ। ਵਰ੍ਹਾ 2016-17 'ਚ 6952 ਰੈਕ (214.09 ਲੱਖ ਐਮ.ਟੀ), ਸਾਲ 2017-18 'ਚ 6095 ਰੈਕ (191.85 ਲੱਖ ਐਮ.ਟੀ) ਅਤੇ 2018-19 ਵਿਚ 5744 ਰੈਕ(179.38 ਲੱਖ ਐਮ.ਟੀ) ਪੰਜਾਬ ਵਿਚੋਂ ਦੂਸਰੇ ਰਾਜਾਂ ਵਿਚ ਗਏ ਸਨ।

ਪੰਜਾਬ ਵਿਚ ਇਸ ਵੇਲੇ ਹਰ ਤਰ੍ਹਾਂ ਦੇ 547 ਗੁਦਾਮ ਹਨ ਜਿਨ੍ਹਾਂ ਦੀ ਅਨਾਜ ਭੰਡਾਰਨ ਸਮਰੱਥਾ 234.24 ਲੱਖ ਮੀਟਰਿਕ ਟਨ ਦੀ ਹੈ। ਪੰਜਾਬ ਦੇ ਗੁਦਾਮਾਂ ਵਿਚ ਪਿਛਲੇ ਸਾਲਾਂ ਦਾ 102 ਲੱਖ ਐਮ.ਟੀ ਚੌਲ ਅਤੇ 75 ਲੱਖ ਐਮ.ਟੀ ਕਣਕ ਪਈ ਹੈ। ਐਤਕੀਂ ਕਣਕ ਦੀ ਨਵੀਂ ਫਸਲ 135 ਲੱਖ ਮੀਟਰਿਕ ਟਨ ਆਉਣ ਦਾ ਅਨੁਮਾਨ ਹੈ। ਭਾਵੇਂ ਚੌਲ ਮਿੱਲਾਂ ਵਿਚ ਕਣਕ ਭੰਡਾਰ ਕੀਤੀ ਜਾਣੀ ਹੈ ਪਰ ਖਾਲੀ ਹੋ ਰਹੇ ਗੁਦਾਮ ਪੰਜਾਬ ਲਈ ਠੁੰਮਣਾ ਜ਼ਰੂਰ ਬਣਨਗੇ। ਆਉਂਦੇ ਜੀਰੀ ਦੀ ਸੀਜ਼ਨ ਵਿਚ ਵੀ ਔਖ ਨਹੀਂ ਕੱਟਣੀ ਪਵੇਗੀ। ਪਿਛਲੇ ਵਰ੍ਹੇ ਪੰਜਾਬ ਵਿਚੋਂ ਅਨਾਜ ਦੀ 238.88 ਲੱਖ ਮੀਟਰਿਕ ਟਨ ਕੁੱਲ ਖਰੀਦ ਹੋਈ ਸੀ।

ਪੰਜਾਬ ਵਿਚ ਸਾਲ 2012-13 ਵਿਚ 85.58 ਲੱਖ ਮੀਟਰਿਕ ਟਨ ਜੀਰੀ ਦੀ ਖਰੀਦ ਹੋਈ ਸੀ ਜਦੋਂ ਕਿ ਸਾਲ 2019-20 ਵਿਚ 108.76 ਲੱਖ ਜੀਰੀ ਖਰੀਦ ਕੀਤੀ ਗਈ ਸੀ। ਇਵੇਂ ਹੀ ਪੰਜਾਬ 'ਚੋਂ ਸਾਲ 2015-16 ਵਿਚ 103.44 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਸੀ ਜੋ ਕਿ ਲੰਘੇ ਸੀਜ਼ਨ ਵਿੱਚ ਵਧ ਕੇ 129.12 ਲੱਖ ਐਮ.ਟੀ. ਦੀ ਹੋ ਗਈ ਹੈ। ਦੱਸਣਯੋਗ ਹੈ ਕਿ ਦੂਸਰੇ ਸੂਬਿਆਂ ਵਿਚ ਕਣਕ ਦੀ ਪੈਦਾਵਾਰ ਵਧਣ ਮਗਰੋਂ ਪੰਜਾਬ ਦੀ ਕਣਕ ਦੀ ਵੁੱਕਤ ਘੱਟ ਗਈ ਸੀ। ਕੇਂਦਰ ਸਰਕਾਰ ਨੇ ਪੰਜਾਬ ਨੂੰ ਪੁਰਾਣਾ ਬਾਰਦਾਨਾ (ਇਕ ਵਾਰ ਵਰਤਿਆ) ਵਰਤਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਤਾਲਾਬੰਦੀ ਮਗਰੋਂ ਬਾਰਦਾਨੇ ਦੇ ਸੰਕਟ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਕੇਂਦਰ ਤੋਂ ਇਹ ਪ੍ਰਵਾਨਗੀ ਮੰਗੀ ਸੀ। ਦੱਸਣਯੋਗ ਹੈ ਕਿ ਪੰਜਾਬ ਵਿਚ ਇਕ ਲੱਖ ਗੱਠ ਬਾਰਦਾਨਾ ਦੇਰੀ ਨਾਲ ਪੁੱਜੇਗਾ। ਇਸ ਲਈ ਪੁਰਾਣਾ ਬਾਰਦਾਨਾ ਵਰਤਿਆ ਜਾਵੇਗਾ।

ਖੇਤੀ ਵਿਭਾਗ ਪੰਜਾਬ ਦੇ ਸਕੱਤਰ ਕਾਹਨ ਸਿੰਘ ਪੰਨੂ ਆਖਦੇ ਹਨ ਕਿ ਅਨਾਜ ਤੇਜ਼ੀ ਨਾਲ ਮੂਵ ਹੋਣ ਕਰਕੇ ਰਾਜ ਦੇ ਗੁਦਾਮਾਂ ਵਿਚ ਨਵੀਂ ਫਸਲ ਲਈ ਜਗ੍ਹਾ ਬਣ ਜਾਵੇਗੀ ਅਤੇ ਰੋਜ਼ਾਨਾ ਅਨਾਜ ਦੂਸਰੇ ਸੂਬਿਆਂ ਵਿਚ ਜਾਣ ਲੱਗਾ ਹੈ ਜਦੋਂ ਕਿ ਪਿਛਲੇ ਵਰ੍ਹਿਆਂ ਵਿਚ ਮੂਵਮੈਂਟ ਘੱਟ ਹੋਈ ਹੈ। ਉਨ੍ਹਾਂ ਕਿਹਾ ਕਿ ਕਰੋਨਾ ਕਰਕੇ ਮੁਲਕ 'ਤੇ ਬਣੇ ਸੰਕਟ ਦੌਰਾਨ ਪੰਜਾਬ ਦਾ ਅੰਨਦਾਤਾ ਹੀ ਕੰਮ ਆਇਆ ਹੈ। ਨਵੀਂ ਫਸਲ ਵੀ ਸਿੱਧੀ ਦੂਸਰੇ ਸੂਬਿਆਂ ਲਈ ਲੋਡ ਹੋਣ ਲੱਗੀ ਹੈ ਜਿਸ ਨਾਲ ਕਈ ਖਰਚੇ ਵੀ ਬਚਣਗੇ।

# ਪੰਜਾਬ ਸਰਕਾਰ ਨੇ ਕਣਕ ਦੀ ਖਰੀਦ ਬਾਰੇ ਕੋਈ ਸਪਸ਼ਟ ਨੀਤੀ ਨਾ ਬਣਾਈ

**ਚੰਡੀਗੜ੍ਹ:** ਪੰਜਾਬ ਵਿਚ ਕਣਕ ਦੀ ਖਰੀਦ ਸਬੰਧੀ ਸੂਬਾ ਸਰਕਾਰ ਦੇ ਉਚ ਅਧਿਕਾਰੀਆਂ ਦਰਮਿਆਨ ਸਪੱਸ਼ਟ ਨੀਤੀ ਉਤੇ ਸਹਿਮਤੀ ਨਹੀਂ ਬਣ ਰਹੀ। ਸੂਬੇ ਦੀਆਂ ਮੰਡੀਆਂ ਵਿਚ ਕਣਕ ਦੀ ਤੇਜ਼ੀ ਨਾਲ ਆਮਦ ਸਦਕਾ ਅੱਧੀ ਦੇ ਕਰੀਬ ਕਣਕ ਵਿਕਣ ਲਈ ਪੁੱਜ ਚੁੱਕੀ ਹੈ ਪਰ ਸਰਕਾਰ ਵੱਲੋਂ ਖਰੀਦ ਸਬੰਧੀ ਵਿਉਂਤਬੰਦੀ ਉਤੇ ਵਿਚਾਰਾਂ ਜਾਰੀ ਹਨ। ਮਾਹਿਰਾਂ ਅਨੁਸਾਰ ਸਰਕਾਰ ਵੱਲੋਂ ਮੁੱਢ ਤੋਂ ਹੀ ਠੋਸ ਨੀਤੀ ਨਾ ਬਣਾਉਣ ਕਾਰਨ ਜਿਥੇ ਕਿਸਾਨਾਂ ਦੀਆਂ ਮੁਸ਼ਕਲਾਂ ਵਧੀਆਂ ਹਨ, ਉਥੇ ਹੀ ਸਾਉਣੀ ਦੀਆਂ ਫਸਲਾਂ ਦੀ ਬਿਜਾਈ ਵਿਚ ਵੀ ਦੇਰੀ ਸੰਭਵ ਹੈ। ਕਣਕ ਦੀ ਖਰੀਦ ਸਬੰਧੀ 15 ਅਪਰੈਲ ਤੋਂ ਪਹਿਲਾਂ ਹੀ ਸਪੱਸ਼ਟ ਨੀਤੀ ਬਣਨੀ ਚਾਹੀਦੀ ਸੀ।

ਸੂਤਰਾਂ ਅਨੁਸਾਰ ਖੇਤੀਬਾੜੀ ਅਤੇ ਖੁਰਾਕ ਤੇ ਸਪਲਾਈ ਵਿਭਾਗ ਦੇ ਅਧਿਕਾਰੀਆਂ ਦਰਮਿਆਨ ਕਣਕ ਦੀ ਖਰੀਦ ਦੇ ਮਾਮਲੇ ਵਿਚਾਰਨ ਲਈ ਉਚ ਅਧਿਕਾਰੀਆਂ ਦਰਮਿਆਨ ਵੀਡੀਓ ਕਾਨਫਰੰਸਿੰਗ ਰਾਹੀਂ ਹੁੰਦੀ ਚਰਚਾ ਹਾਲ ਦੀ ਘੜੀ ਨੀਤੀ ਦੇ ਦੁਆਲੇ ਹੀ ਘੁੰਮ ਰਹੀ ਹੈ। ਵੀਡੀਓ ਕਾਨਫਰੰਸਿੰਗ ਦੌਰਾਨ ਮੌਜੂਦ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਨਾਲ ਸਬੰਧਤ ਅਧਿਕਾਰੀਆਂ ਨੇ ਦੱਸਿਆ ਕਿ ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਕਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਇਕ ਦਿਨ ਇਕੋ ਪਿੰਡ ਦੇ ਕਿਸਾਨਾਂ ਨੂੰ ਮੰਡੀ ਵਿਚ ਕਣਕ ਵੇਚਣ ਦੀ ਇਜਾਜ਼ਤ ਦਿੱਤੀ ਜਾਵੇ ਤੇ ਜਾਂ ਪਿੰਡ-ਪਿੰਡ ਜਾ ਕੇ ਕਣਕ ਦੀ ਖਰੀਦ ਦੇ ਪ੍ਰਬੰਧ ਕੀਤੇ ਜਾਣ ਤਾਂ ਜੋ ਪਿੰਡਾਂ ਦੇ ਲੋਕਾਂ ਦਾ ਇਕ ਤੋਂ ਦੂਜੇ ਪਿੰਡ ਦੇ ਲੋਕਾਂ ਨਾਲ ਤਾਲਮੇਲ ਨਾ ਹੋਵੇ ਤੇ ਵਾਇਰਸ ਦੇ ਫੈਲਾਅ ਦੇ ਖਦਸ਼ਿਆਂ ਤੋਂ ਬਚਿਆ ਜਾ ਸਕੇ। ਇਸ ਅਧਿਕਾਰੀ ਨੇ ਇਹ ਵੀ ਦਲੀਲ ਦਿੱਤੀ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਕਣਕ ਦੀ ਖਰੀਦ ਸਬੰਧੀ ਇਸੇ ਤਰ੍ਹਾਂ ਦੀ ਨੀਤੀ ਅਪਣਾਉਣ ਦੇ ਹੁਕਮ ਦਿੱਤੇ ਹੋਏ ਹਨ।

ਉਧਰ, ਪ੍ਰਬੰਧਾਂ ਦੀ ਨਿਗਰਾਨੀ ਕਰ ਰਹੇ ਅਧਿਕਾਰੀ ਨੇ ਇਸ ਸੀਨੀਅਰ ਅਧਿਕਾਰੀ ਦੀਆਂ ਦਲੀਲਾਂ ਨੂੰ ਰੱਦ ਕਰਦਿਆਂ ਕਿਹਾ ਕਿ ਜੇ ਪਿੰਡ-ਪਿੰਡ ਜਾ ਕੇ ਕਣਕ ਦੀ ਖਰੀਦ ਕਰਨ ਜਾਂ ਇਕ ਦਿਨ ਵਿਚ ਇਕੋ ਪਿੰਡ ਦੇ ਕਿਸਾਨਾਂ ਨੂੰ ਕਣਕ ਲਿਆਉਣ ਦੀ ਇਜਾਜ਼ਤ ਦੇਣ ਦੀ ਨੀਤੀ ਅਪਣਾਈ ਜਾਂਦੀ ਹੈ ਤਾਂ ਖਰੀਦ ਲਈ ਕਈ ਮਹੀਨਿਆਂ ਦਾ ਸਮਾਂ ਲੱਗ ਜਾਵੇਗਾ। ਇਸ ਨਾਲ ਨਰਮੇ ਦੀ ਬਿਜਾਈ ਹੀ ਲੇਟ ਨਹੀਂ ਹੋਵੇਗੀ ਸਗੋਂ ਝੋਨੇ ਦੀ ਲਵਾਈ ਉਤੇ ਵੀ ਇਸ ਦਾ ਅਸਰ ਪਵੇਗਾ। ਮਹੱਤਵਪੂਰਨ ਤੱਥ ਇਹ ਹੈ ਕਿ ਸੂਬੇ ਵਿਚ ਕਣਕ ਦੀ ਖਰੀਦ 15 ਅਪਰੈਲ ਤੋਂ ਸ਼ੁਰੂ ਹੋਈ ਸੀ ਤੇ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰੀ ਕਣਕ ਦੀ ਆਮਦ ਵੀ ਤੇਜ਼ੀ ਨਾਲ ਹੋਈ ਹੈ ਪਰ ਸਰਕਾਰ ਅਜੇ ਤੱਕ ਖਰੀਦ ਨੀਤੀ ਉਤੇ ਵਿਚਾਰ ਕਰ ਰਹੀ ਹੈ।



## ਕਣਕ ਖਰੀਦਣ ਵਿਚ ਸਰਕਾਰ ਫੇਲ੍ਹ: ਰਾਜੇਵਾਲ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਦੋਸ਼ ਲਾਇਆ ਕਿ ਸਰਕਾਰ ਕਣਕ ਦੀ ਖਰੀਦ ਕਰਨ ਵਿਚ ਫੇਲ੍ਹ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਮੌਸਮ ਖਰਾਬ ਹੋਣ ਨਾਲ ਕਿਸਾਨਾਂ ਦਾ ਫਿਕਰ ਵਧ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ 10 ਦਿਨਾਂ ਦੀ ਖਰੀਦ ਵਿਚੋਂ ਪਹਿਲੇ ਦੋ ਦਿਨਾਂ ਦੇ ਪੈਸੇ ਜਾਰੀ ਕੀਤੇ ਹਨ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਮੀਂਹ ਨਾਲ ਫਸਲ ਖਰਾਬ ਹੋਈ ਤਾਂ ਕਿਸਾਨ ਸੜਕਾਂ 'ਤੇ ਆਉਣ ਲਈ ਮਜਬੂਰ ਹੋਵੇਗਾ।

## ਕੇਂਦਰ ਕਣਕ ਦੀ ਖਰੀਦ ਲਈ ਛੋਟ ਦੇਵੇ: ਚੰਦੂਮਾਜਰਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਬੇਮੌਸਮੀ ਬਾਰਸ਼ ਕਰਕੇ ਕਣਕ ਦੇ ਹੋਏ ਬਦਰੰਗ ਅਤੇ ਮਾਜੂ ਦਾਣਿਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਕਰਨ ਲਈ ਕੇਂਦਰੀ ਖਾਦ ਅਤੇ ਖੁਰਾਕ ਮੰਤਰੀ ਰਾਮ ਵਿਲਾਸ ਪਾਸਵਾਨ ਨੂੰ ਪੱਤਰ ਲਿਖ ਕੇ ਕਿਸਾਨਾਂ ਨੂੰ ਆ ਰਹੀ ਸਮੱਸਿਆ ਦਾ ਹੱਲ ਕਰਨ ਦੀ ਅਪੀਲ ਕੀਤੀ। ਚੰਦੂਮਾਜਰਾ ਨੇ ਦੱਸਿਆ ਕਿ ਭਾਰਤ ਸਰਕਾਰ ਅਤੇ ਖਰੀਦ ਏਜੰਸੀਆਂ ਦੇ ਨਿਯਮ ਤਹਿਤ ਪਹਿਲਾਂ ਹੀ ਕਣਕ ਦੇ ਛੇ ਫੀਸਦੀ ਤੱਕ ਮਾਜੂ ਦਾਣੇ ਦੀ ਖਰੀਦ ਕੀਤੀ ਜਾ ਸਕਦੀ ਹੈ ਪਰ ਮੌਸਮ ਦੀ ਖਰਾਬੀ ਕਰਕੇ ਇਸ ਸਾਲ ਦਾਣੇ ਦੇ ਮਾਜੂ ਰਹਿਣ ਦੀ ਸਮਰੱਥਾ 15 ਤੋਂ 20 ਫੀਸਦੀ ਹੈ। ਚੰਦੂਮਾਜਰਾ ਨੇ ਕਿਹਾ ਕਿ ਕੇਂਦਰ ਸਰਕਾਰ ਖਰੀਦ ਏਜੰਸੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਕੇ ਮਾਜੂ ਕਣਕ ਵੇਚਣ ਵਿਚ ਆ ਰਹੀ ਸਮੱਸਿਆ ਨੂੰ ਹੱਲ ਕਰੇ।

# ਸਰਕਾਰੀ ਨਾਲਾਇਕੀ ਨੇ ਕਿਸਾਨਾਂ ਨੂੰ ਕਸੂਤਾ ਫਸਾਇਆ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕਣਕ ਦੀ ਖਰੀਦ ਬਾਰੇ ਅਪਣਾਈ ਨੀਤੀ ਕਿਸਾਨਾਂ ਲਈ ਵੱਡਾ ਸੰਕਟ ਖੜ੍ਹਾ ਕਰਦੀ ਜਾਪ ਰਹੀ ਹੈ। ਵਾਢੀ ਦੌਰਾਨ ਸੰਕਟ ਵਿਚ ਫਸੇ ਪੰਜਾਬ ਦੇ ਕਿਸਾਨਾਂ ਸਾਹਮਣੇ ਹੁਣ ਅਗਲੀ ਫਸਲ ਖਾਸ ਤੌਰ ਉਤੇ ਝੋਨੇ ਦੀ ਲਵਾਈ ਦਾ ਸੰਕਟ ਮੂੰਹ ਅੱਡੀ ਖੜ੍ਹਾ ਹੈ।



ਪੰਜਾਬ ਸਰਕਾਰ ਨੇ ਅਜੇ ਤੱਕ ਝੋਨੇ ਦੀ ਲਵਾਈ ਸਬੰਧੀ ਤਰੀਕ ਦਾ ਐਲਾਨ ਨਹੀਂ ਕੀਤਾ। ਇਸ ਤਰੀਕ ਦੇ ਮੁਤਾਬਕ ਹੀ ਕਿਸਾਨ ਝੋਨੇ ਦੀ ਪਨੀਰੀ ਬੀਜਦੇ ਹਨ। ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਹੇਠਾਂ ਚਲੇ ਜਾਣ ਕਰਕੇ 2009 ਵਿਚ ਬਣਾਏ ਕਾਨੂੰਨ ਮੁਤਾਬਕ ਪੰਜਾਬ ਸਰਕਾਰ ਨੇ ਝੋਨੇ ਦੀ ਲਵਾਈ ਦੀ ਤਰੀਕ ਨਿਸ਼ਚਿਤ ਕਰਨੀ ਹੁੰਦੀ ਹੈ। ਸਰਕਾਰ ਇਸ ਮੁੱਦੇ ਉਤੇ ਕਿਸਾਨਾਂ ਨਾਲ ਰਾਇ ਕਰਨ ਦੀ ਥਾਂ ਅਫਸਰੀ ਗਿਆਨ ਉਤੇ ਜ਼ਿਆਦਾ ਨਿਰਭਰ ਦਿਖਾਈ ਦੇ ਰਹੀ ਹੈ।

ਪੰਜਾਬ ਸਰਕਾਰ ਵੱਲੋਂ ਕਣਕ ਦੀ ਖਰੀਦ ਬਾਰੇ ਅਪਣਾਈ ਨੀਤੀ ਅਨੁਸਾਰ ਕਣਕ ਹੀ ਲਗਭਗ 30 ਜੂਨ ਤੱਕ ਵਿਕਣ ਦੀ ਸੰਭਾਵਨਾ ਹੈ। ਕਰਫਿਊ ਦੇ ਹੋਰ ਅੱਗੇ ਵਧਣ ਦੇ ਆਸਾਰ ਹਨ ਕਿਉਂਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਮੌਂਟੇਕ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਇਕ ਹੋਰ ਟਾਸਕ ਫੋਰਸ ਬਣਾ ਕੇ ਉਸ ਨੂੰ ਜੁਲਾਈ ਤੱਕ ਰਿਪੋਰਟ ਦੇਣ ਲਈ ਕਿਹਾ ਹੈ। ਇਸ ਕਮੇਟੀ ਨੇ ਲੌਕਡਾਊਨ ਵਿਚੋਂ ਨਿਕਲਣ ਲਈ ਸੁਝਾਅ ਦੇਣੇ ਹਨ। ਅਜਿਹੇ ਮਾਹੌਲ ਦੌਰਾਨ ਪੰਜਾਬ ਵਿਚ ਝੋਨੇ ਦੀ ਲਵਾਈ ਦੌਰਾਨ ਵੱਡੀ ਭੂਮਿਕਾ ਨਿਭਾਉਣ ਵਾਲੇ ਪਰਵਾਸੀ ਮਜ਼ਦੂਰਾਂ ਦਾ ਆਉਣਾ ਸੰਭਵ ਨਹੀਂ ਹੈ। ਉਂਜ ਵੀ ਉਹ ਕਰੋਨਾ ਵਾਇਰਸ ਕਾਰਨ ਸਹਿਮੇ ਹੋਏ ਹਨ। ਇਸ ਵਾਰ ਸਥਾਨਕ ਪਿੰਡਾਂ ਦੇ ਮਜ਼ਦੂਰਾਂ ਉਤੇ ਹੀ ਟੇਕ ਹੈ।

ਝੋਨੇ ਦੀ ਲਵਾਈ ਦੇ ਰੇਟ ਸਬੰਧੀ ਵੀ ਹੁਣ ਤੋਂ ਹੀ ਵਿਵਾਦ ਸ਼ੁਰੂ ਹੋ ਚੁੱਕਾ ਹੈ। ਪਿਛਲੇ ਸਾਲ 35 ਸੌ ਰੁਪਏ ਪ੍ਰਤੀ ਏਕੜ ਤੋਂ ਵਧ ਕੇ ਐਤਕੀਂ ਲਵਾਈ ਦਾ ਰੇਟ ਪ੍ਰਤੀ ਏਕੜ ਸੱਤ ਹਜ਼ਾਰ ਰੁਪਏ ਹੋਣ ਦੀ ਚਰਚਾ ਹੈ। ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਦੇ ਚੇਅਰਮੈਨ ਅਜੈ ਵੀਰ ਜਾਖੜ ਨੇ ਕੇਂਦਰ ਸਰਕਾਰ ਤੋਂ ਪਹਿਲਾਂ ਹੀ ਇਹ ਮੰਗ ਕੀਤੀ ਹੈ ਕਿ ਖਾਸ ਹਾਲਾਤ ਦੇ ਮੱਦੇਨਜ਼ਰ ਝੋਨੇ ਦੀ ਲਵਾਈ ਵੀ ਮਗਨਰੇਗਾ ਦੇ ਅਧੀਨ ਲਿਆਂਦੀ ਜਾਵੇ। ਇਸ ਨਾਲ 263 ਰੁਪਏ ਦਿਹਾੜੀ ਮਗਨਰੇਗਾ ਵਿਚੋਂ ਅਤੇ ਕੁਝ ਹੋਰ ਮਿਹਨਤਾਨਾ ਕਿਸਾਨਾਂ ਵੱਲੋਂ ਦਿੱਤਾ ਜਾ ਸਕਦਾ ਹੈ। ਇਸ ਨਾਲ ਭਵਿੱਖ ਵਿਚ ਦੇਸ਼ ਦਾ ਅਨਾਜ ਭੰਡਾਰ ਭਰਿਆ ਰਹੇਗਾ। ਮਜ਼ਦੂਰ ਨੂੰ ਵੱਧ ਦਿਹਾੜੀ ਮਿਲ ਸਕੇਗੀ ਅਤੇ ਕਿਸਾਨ ਦੀ ਵੀ ਬੱਚਤ ਹੋਵੇਗੀ।

ਅਜਿਹੇ ਮੌਕੇ ਜੇ ਪੰਜਾਬ ਸਰਕਾਰ ਪਿਛਲੇ ਸਾਲ ਵਾਂਗ 15 ਜੂਨ ਤੋਂ ਹੀ ਝੋਨੇ ਦੀ ਲਵਾਈ ਦਾ ਫੈਸਲਾ ਲੈਂਦੀ ਹੈ ਤਾਂ ਲੇਬਰ ਦੇ ਸੰਕਟ ਕਰਕੇ ਝੋਨੇ ਦੀ ਲਵਾਈ ਪਛੜ ਜਾਣ ਦੇ ਆਸਾਰ ਹਨ। ਪੰਜਾਬ ਵਿਚ ਸਾਲ 2019-20 ਦੌਰਾਨ 30 ਲੱਖ ਹੈਕਟੇਅਰ ਰਕਬੇ ਵਿਚ ਝੋਨੇ ਦੀ ਲਵਾਈ ਹੋਈ ਸੀ। ਇਸ ਵਿਚੋਂ 5 ਲੱਖ ਹੈਕਟੇਅਰ ਬਾਸਮਤੀ ਹੇਠ ਸੀ। ਖਾਸ ਹਾਲਾਤ ਵਿਚ ਇਸ ਵਾਰ ਜੇ ਇਕ ਜੂਨ ਤੋਂ ਹੀ ਝੋਨੇ ਦੀ ਲਵਾਈ ਦੀ ਇਜਾਜ਼ਤ ਹੁੰਦੀ ਹੈ ਤਾਂ ਪਿੰਡ ਦੀ ਲੇਬਰ ਨੂੰ ਵੀ ਲੰਮੇ ਸੀਜ਼ਨ ਦੌਰਾਨ ਮਜ਼ਦੂਰੀ ਵੱਧ ਮਿਲ ਸਕੇਗੀ ਅਤੇ ਕਿਸਾਨਾਂ ਵਿਚ ਅਫ਼ਰਾ ਤਫ਼ਰੀ ਦਾ ਮਾਹੌਲ ਨਹੀਂ ਬਣੇਗਾ।

ਘੱਟ ਦਿਨਾਂ ਅੰਦਰ ਤਾਂ ਸਮਰੱਥ ਕਿਸਾਨ ਮਸ਼ੀਨਰੀ, ਪੈਸੇ ਅਤੇ ਦਬਦਬੇ ਨਾਲ ਆਪਣਾ ਝੋਨਾ ਲਵਾ ਜਾਣਗੇ ਪਰ ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠ ਦੱਬੇ ਛੋਟੇ ਅਤੇ ਗਰੀਬ ਕਿਸਾਨ ਸਮੇਂ ਸਿਰ ਝੋਨਾ ਨਹੀਂ ਲਗਵਾ ਸਕਣਗੇ। ਝੋਨੇ ਦੀ ਲਵਾਈ ਲਈ ਘੱਟੋ-ਘੱਟ ਇਕ ਮਹੀਨਾ ਪਹਿਲਾਂ ਪਨੀਰੀ ਬੀਜਣੀ ਪੈਂਦੀ ਹੈ। ਇਸ ਲਈ ਬਿਜਲੀ ਬਹੁਤ ਮਹੱਤਵਪੂਰਨ ਹੈ। ਪਿਛਲੇ ਸਾਲਾਂ ਵਿਚ ਕਿਸਾਨਾਂ ਨੂੰ 15 ਜੂਨ ਤੋਂ ਅੱਠ ਘੰਟੇ ਬਿਜਲੀ ਸਪਲਾਈ ਦੇਣ ਦਾ ਫੈਸਲਾ ਲਿਆ ਜਾਂਦਾ ਰਿਹਾ ਹੈ। ਇਸ ਵਾਰ ਪਹਿਲਾਂ ਬਿਜਲੀ ਦੀ ਲੋੜ ਪਵੇਗੀ। ਲੌਕਡਾਊਨ ਕਾਰਨ ਉਦਯੋਗ ਅਤੇ ਵਪਾਰਕ ਕਾਰੋਬਾਰ ਬੰਦ ਹੋਣ ਕਰਕੇ ਕਿਸਾਨਾਂ ਨੂੰ ਪਹਿਲਾਂ ਬਿਜਲੀ ਦੇਣਾ ਮੁਸ਼ਕਿਲ ਕੰਮ ਨਹੀਂ ਹੋਵੇਗਾ। ਸਿੱਧੀ ਬਜਾਈ ਪਨੀਰੀ ਵਾਲੀ ਤੋਂ ਲਗਭਗ ਇਕ ਮਹੀਨਾ ਪਹਿਲਾਂ ਸ਼ੁਰੂ ਹੁੰਦੀ ਹੈ। ਇਸ ਲਈ ਮਈ ਦੇ ਆਖਰੀ ਹਫਤੇ ਤੋਂ ਹੀ ਕਿਸਾਨਾਂ ਨੂੰ ਅੱਠ ਘੰਟੇ ਬਿਜਲੀ ਜ਼ਰੂਰ ਚਾਹੀਦੀ ਹੈ।

ਖੇਤੀਬਾੜੀ ਵਿਭਾਗ ਲੌਕਡਾਊਨ ਅਤੇ ਘੱਟ ਲੇਬਰ ਦਾ ਲਾਭ ਉਠਾ ਕੇ ਸੂਬੇ ਵਿਚ ਫਸਲੀ ਵੰਨ-ਸਵੰਨਤਾ ਲਿਆਉਣ ਦੀ ਰਣਨੀਤੀ ਉੱਤੇ ਕੰਮ ਕਰ ਰਿਹਾ ਹੈ। ਇਸ ਵਾਸਤੇ ਨਰਮਾ ਪੱਟੀ ਵਿਚ ਨਰਮਾ ਅਤੇ ਮੱਕੀ ਦੀ ਕਾਸ਼ਤ ਉਤੇ ਜ਼ੋਰ ਦਿੱਤਾ ਜਾ ਰਿਹਾ ਹੈ।

## ਕਣਕ ਦੇ ਘੱਟ ਝਾੜ ਨੇ ਫਿਕਰਾਂ 'ਚ ਪਾਏ ਕਿਸਾਨ

**ਚੰਡੀਗੜ੍ਹ:** ਇਸ ਵਾਰ ਹਾੜੀ ਦੇ ਸੀਜ਼ਨ ਵਿਚ ਸੂਬੇ ਦੇ ਕਿਸਾਨਾਂ ਨੂੰ ਵਾਰ-ਵਾਰ ਖਰਾਬ ਮੌਸਮ ਦਾ ਸ਼ਿਕਾਰ ਹੋਣਾ ਪਿਆ ਹੈ ਤੇ ਸਰਦੀਆਂ ਵਿਚ ਕਾਫੀ ਜ਼ਿਆਦਾ ਮੀਂਹ ਪੈਣ ਕਰਕੇ ਕਈ ਜ਼ਿਲ੍ਹਿਆਂ ਵਿਚ ਕਣਕ ਦਾ ਪ੍ਰਤੀ ਏਕੜ ਝਾੜ ਦੋ ਕੁਇੰਟਲ ਤੋਂ ਲੈ ਕੇ ਪੰਜ ਕੁਇੰਟਲ ਤੱਕ ਘੱਟ ਨਿਕਲ ਰਿਹਾ ਹੈ। ਝਾੜ ਘੱਟ ਨਿਕਲਣ ਕਰਕੇ ਕਿਸਾਨਾਂ ਦੇ ਖਰਚੇ ਵੀ ਪੂਰੇ ਨਹੀਂ ਹੋਣੇ। ਇਸ ਕਰਕੇ ਬਹੁਤੇ ਕਿਸਾਨਾਂ ਨੂੰ ਕਰਜ਼ੇ ਦੀ ਚਿੰਤਾ ਸਤਾਉਣ ਲੱਗੀ ਹੈ। ਜ਼ਿਕਰਯੋਗ ਹੈ ਕਿ ਛੇ ਜ਼ਿਲ੍ਹਿਆਂ ਪਟਿਆਲਾ, ਮੁਹਾਲੀ, ਰੋਪੜ, ਫਤਿਹਗੜ੍ਹ ਸਾਹਿਬ, ਅੰਮ੍ਰਿਤਸਰ, ਤਰਨ ਤਾਰਨ ਝਾੜ ਘੱਟ ਨਿਕਲਣ ਅਤੇ ਪੰਜ ਜ਼ਿਲ੍ਹਿਆਂ ਫਿਰੋਜ਼ਪੁਰ, ਫਾਜ਼ਿਲਕਾ ਮੋਗਾ, ਮੁਕਤਸਰ ਅਤੇ ਬਠਿੰਡਾ ਵਿਚ ਪਿਛਲੇ ਸਾਲ ਦੇ ਬਰਾਬਰ ਅਤੇ ਕੁਝ ਵੱਧ ਝਾੜ ਨਿਕਲ ਰਿਹਾ ਹੈ। ਸੂਬੇ ਦੇ ਕਈ ਹਿੱਸਿਆਂ ਵਿਚ ਮੀਂਹ ਪੈਣ ਕਰਕੇ ਕਣਕ ਦੀ ਵਾਢੀ ਦਾ ਕੰਮ ਰੁਕ ਗਿਆ ਹੈ।

## ਅਕਾਲੀ ਦਲ ਵੱਲੋਂ ਕਣਕ 'ਤੇ ਬੋਨਸ ਦੇਣ ਦੀ ਮੰਗ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਸਰਕਾਰ ਨੂੰ ਕਣਕ ਦੇ ਘੱਟੋ-ਘੱਟ ਸਮਰਥਨ ਮੁੱਲ ਉਤੇ ਕਿਸਾਨਾਂ ਨੂੰ ਬੋਨਸ ਦੇਣ ਦੀ ਅਪੀਲ ਕੀਤੀ ਹੈ ਅਤੇ ਸੂਬੇ ਨੂੰ ਭੇਜੀ ਖਾਧ ਸਮੱਗਰੀ ਵਿਚ ਹੋਏ ਘੁਟਾਲੇ ਦੀ ਜਾਂਚ ਲਈ ਇਕ ਕੇਂਦਰੀ ਟੀਮ ਭੇਜਣ ਲਈ ਆਖਿਆ ਹੈ। ਵੀਡੀਓ ਕਾਨਫਰੰਸਿੰਗ ਰਾਹੀਂ ਕੋਰ ਕਮੇਟੀ ਦੀ ਇਕ ਮੀਟਿੰਗ ਦੀ ਪ੍ਰਧਾਨਗੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੀਤੀ ਜਿਸ ਵਿਚ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਸਾਰੇ ਕਮੇਟੀ ਮੈਂਬਰਾਂ ਨੇ ਹਿੱਸਾ ਲਿਆ। ਕਮੇਟੀ ਨੇ ਕੇਂਦਰ ਸਰਕਾਰ ਨੂੰ ਆਖਿਆ ਕਿ ਖਰਾਬ ਮੌਸਮ ਕਾਰਨ ਸੰਕਟ ਦੀ ਘੜੀ ਵਿਚ ਕਿਸਾਨਾਂ ਦੀ ਮਦਦ ਲਈ ਉਹ ਐਫ.ਸੀ.ਆਈ. ਨੂੰ ਨਮੀ ਅਤੇ ਬਦਰੰਗ ਹੋਏ ਦਾਣੇ ਬਾਰੇ ਨਿਯਮਾਂ ਲਈ ਢਿੱਲ ਦੇਣ ਲਈ ਨਿਰਦੇਸ਼ ਦੇਵੇ।

# ਪਰਵਾਸੀ ਭਰਾਵਾਂ ਨੇ ਕਰਵਾਈ ਦੁਪਾਲਪੁਰ ਸਕੂਲ ਦੀ ਸਾਫ ਸਫਾਈ ਅਤੇ ਰੰਗ-ਰੋਗਨ ਦੀ ਸੇਵਾ

**ਨਵਾਂ ਸ਼ਹਿਰ (ਤਰਲੋਚਨ ਸਿੰਘ ਦੁਪਾਲਪੁਰ):** ਕਰੋਨਾ ਵਾਇਰਸ ਕਾਰਨ ਬਣੇ ਮਾਹੌਲ ਦੌਰਾਨ ਭਾਵੇਂ ਪੰਜਾਬ ਵਿਚ ਆਏ ਪਰਵਾਸੀ ਪੰਜਾਬੀ ਭੈਣ-ਭਰਾਵਾਂ ਨੂੰ ਸ਼ੱਕੀ ਨਜ਼ਰਾਂ ਨਾਲ ਦੇਖਣ ਦੀ ਮੰਦਭਾਗੀ ਪ੍ਰਵਿਰਤੀ ਦੇ ਨਾਲ ਨਾਲ ਸੋਸ਼ਲ ਮੀਡੀਏ 'ਤੇ ਵੀ ਉਨ੍ਹਾਂ ਵਿਰੁੱਧ ਵਿਅੰਗ ਕੱਸੇ ਜਾਂਦੇ ਰਹੇ, ਪਰ ਪਰਵਾਸੀ ਵੀਰਾਂ ਦੇ ਦਿਲ ਵਿਚ ਪਿੱਤਰ-ਭੂਮੀ ਪੰਜਾਬ ਪ੍ਰਤੀ ਮੋਹ ਵਿਚ ਕੋਈ ਕਮੀ ਨਹੀਂ ਆਈ।



ਇਸ ਦੀ ਪ੍ਰਤੱਖ ਮਿਸਾਲ ਦਿੰਦਿਆਂ ਬਲਾਕ ਸੰਮਤੀ ਨਵਾਂ ਸ਼ਹਿਰ ਦੇ ਮੈਂਬਰ ਸ. ਗੁਰਬਚਨ ਸਿੰਘ ਨੇ ਦੱਸਿਆ ਕਿ ਬੀਤੀ ਜਨਵਰੀ ਵਿਚ ਬੋਸਟਨ (ਅਮਰੀਕਾ) ਨਿਵਾਸੀ ਸ. ਮੱਖਣ ਸਿੰਘ ਜਦੋਂ ਆਪਣੇ ਪਿੰਡ ਦੁਪਾਲਪੁਰ ਆਏ ਤਾਂ ਉਨ੍ਹਾਂ ਆਪਣੇ ਭਰਾਵਾਂ ਗੁਰਦਿਆਲ ਸਿੰਘ ਕੈਨੇਡਾ ਅਤੇ ਦਰਸ਼ਨ ਸਿੰਘ ਨਿਊਜ਼ੀਲੈਂਡ ਦੇ ਸਹਿਯੋਗ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਦੁਪਾਲਪੁਰ ਦੀ ਇਮਾਰਤ ਦੀ ਸਫਾਈ ਅਤੇ ਰੰਗ-ਰੋਗਨ ਕਰਵਾਉਣ ਦੀ ਪੇਸ਼ਕਸ਼ ਕੀਤੀ। ਸਮੇਂ ਦੀ ਘਾਟ ਕਾਰਨ ਸ. ਮੱਖਣ ਸਿੰਘ ਜਲਦੀ ਅਮਰੀਕਾ ਵਾਪਸ ਚਲੇ ਗਏ। ਹੁਣ ਇਹ ਸਾਰਾ ਕਾਰਜ ਸਾਬਕਾ ਸਰਪੰਚ ਗੁਰਬਚਨ ਸਿੰਘ ਦੀ ਦੇਖ-ਰੇਖ ਹੇਠ ਨੇਪਰੇ ਚਾੜ੍ਹਿਆ ਗਿਆ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਸ. ਮੱਖਣ ਸਿੰਘ, ਜੋ ਖੁਦ ਵੀ ਦੁਪਾਲਪੁਰ ਦੇ ਕਈ ਵਾਰ ਸਰਪੰਚ ਰਹੇ ਹਨ, ਨੇ ਪਿੰਡ 'ਚ ਪੱਕੀ ਮੰਡੀ ਬਣਾਉਣ, ਸਟਰੀਟ ਲਾਈਟਾਂ ਲਵਾਉਣ ਅਤੇ ਸ਼ਮਸ਼ਾਨਘਾਟ ਦੀ ਸਾਫ ਸਫਾਈ ਤੋਂ ਇਲਾਵਾ ਉਥੇ ਪੱਕੇ ਬੈਂਚ ਬਣਵਾਉਣ ਦੀ ਸੇਵਾ ਕੀਤੀ ਸੀ। ਉਹ ਜਦ ਵੀ ਆਪਣੇ ਪਿੰਡ ਆਉਂਦੇ ਹਨ ਤਾਂ ਲੋਕ ਭਲਾਈ ਦਾ ਕੋਈ ਨਾ ਕੋਈ ਕਾਰਜ ਕਰਕੇ ਜਾਂਦੇ ਹਨ।

## ਸਾਊਦੀ ਅਰਬ 'ਚ ਕੋੜਿਆਂ ਦੀ ਸਜ਼ਾ 'ਤੇ ਮਨਾਹੀ

**ਰਿਆਦ:** ਸਾਊਦੀ ਅਰਬ 'ਚ ਹੁਣ ਕਿਸੇ ਨੂੰ ਕੋੜ੍ਹੇ ਮਾਰ ਕੇ ਜਿਸਮਾਨੀ ਸਜ਼ਾ ਨਹੀਂ ਦਿੱਤੀ ਜਾਵੇਗੀ। ਇਹ ਐਲਾਨ ਸੁਪਰੀਮ ਕੋਰਟ ਨੇ ਕੀਤਾ। ਸਰਵਉੱਚ ਅਦਾਲਤ ਨੇ ਦੇਸ਼ ਦੇ ਬਾਦਸ਼ਾਹ ਤੇ ਉਸ ਦੇ ਪੁੱਤਰ ਵਲੋਂ ਮਨੁੱਖੀ ਅਧਿਕਾਰਾਂ ਸਬੰਧੀ ਕੀਤੇ ਜਾ ਰਹੇ ਸੁਧਾਰਾਂ ਦੇ ਮੱਦੇਨਜ਼ਰ ਇਹ ਐਲਾਨ ਕੀਤਾ ਹੈ। ਦੁਨੀਆਂ ਭਰ ਦੇ ਮਨੁੱਖ ਅਧਿਕਾਰਾਂ ਦੀ ਰਾਖੀ ਕਰਨ ਵਾਲੇ ਗਰੁੱਪਾਂ ਵਲੋਂ ਸਾਊਦੀ ਅਰਬ 'ਚ ਦਿੱਤੀ ਜਾਂਦੀ ਜਿਸਮਾਨੀ ਸਜ਼ਾ ਦੀ ਆਲੋਚਨਾ ਕੀਤੀ ਜਾ ਰਹੀ ਸੀ। ਸਾਊਦੀ ਅਰਬ ਦੀ ਸਰਵਉੱਚ ਅਦਾਲਤ ਨੇ ਕਿਹਾ ਕਿ ਲੋਕਾਂ ਨੂੰ ਸਜ਼ਾਵਾਂ ਦੇਣ ਦੇ ਮਾਮਲੇ 'ਚ ਮੁਲਕ ਨੂੰ ਕੌਮਾਂਤਰੀ ਮਨੁੱਖੀ ਅਧਿਕਾਰਾਂ ਦੇ ਦਾਇਰੇ 'ਚ ਲਿਆਉਣ ਲਈ ਇਹ ਤਾਜ਼ਾ ਸੁਧਾਰ ਕੀਤੇ ਗਏ ਹਨ।

# ਹਾਊਸ ਆਫ ਸਪਾਈਸਿਜ਼ ਦੀ ਦਾਨ ਮੁਹਿੰਮ

**ਨਿਊ ਯਾਰਕ (ਬਿਊਰੋ):** ਹਾਊਸ ਆਫ ਸਪਾਈਸਿਜ਼ ਇੰਡੀਆ ਦੀ ਮੀਤ ਪ੍ਰਧਾਨ ਅਮਰਪਾਲੀ ਸੋਨੀ ਨੇ ਮੈਨਹਟਨ, ਨਾਰਥ ਬਰੂਕਲਿਨ ਤੇ ਵੈਸਟਰਨ ਕੁਈਨਜ਼ ਤੋਂ ਕਾਂਗਰਸ ਲਈ ਉਮੀਦਵਾਰ ਸੂਰਜ ਪਟੇਲ ਨਾਲ ਰਲ ਕੇ ਵੱਖ-ਵੱਖ ਭਾਈਚਾਰਿਆਂ ਨੂੰ ਸੰਕਟ ਦੇ ਇਸ ਸਮੇਂ ਦੌਰਾਨ 10,000 ਡਾਲਰ ਦੀਆਂ ਖੁਰਾਕੀ ਵਸਤਾਂ ਦਾਨ ਕਰਨ ਦਾ ਐਲਾਨ ਕੀਤਾ ਹੈ।

ਜ਼ਿਕਰਯੋਗ ਹੈ ਕਿ ਹਾਊਸ ਆਫ ਸਪਾਈਸਿਜ਼ ਇੰਡੀਆ ਅਤੇ ਸੂਰਜ ਪਾਲ 21 ਅਪਰੈਲ ਤੋਂ ਸਿਟੀ ਲੌਂਗ ਆਈਲੈਂਡ ਵਿਚ ਐਲਮਹਰਟਸ ਹਸਪਤਾਲ ਅਤੇ ਸੈਂਟਰ ਆਫ ਹੋਪ-ਬ੍ਰੈਡ ਆਫ ਲਾਈਫ ਪੈਂਟਰੀ ਨੂੰ ਖੁਰਾਕੀ ਵਸਤਾਂ ਦਾਨ ਲਈ ਸਪਲਾਈ ਕਰ ਰਹੇ ਹਨ। ਇਹ ਲੋਕ ਲੌਕਡਾਊਨ ਕਾਰਨ ਸੰਕਟ ਵਿਚ ਫਸੇ ਹੋਏ ਹਨ। ਇਸ ਸ਼ਹਿਰ ਵਿਚ ਵਧੇਰੇ ਵਸੋਂ ਦੱਖਣੀ ਏਸ਼ਿਆਈ ਲੋਕਾਂ ਦੀ ਹੈ ਅਤੇ ਲੌਕਡਾਊਨ ਦਾ ਸਭ ਤੋਂ ਵੱਧ ਅਸਰ ਐਲਮਹਰਟਸ ਹਸਪਤਾਲ 'ਤੇ ਹੋਇਆ ਹੈ। ਚੇਤੇ ਰਹੇ, ਨਿਊ ਯਾਰਕ ਖੇਤਰ ਵਿਚ ਭਾਰਤੀ-ਅਮਰੀਕੀ ਵੀ ਵੱਡੀ ਗਿਣਤੀ ਵਿਚ ਰਹਿੰਦੇ ਹਨ।

ਅਮਰਪਾਲੀ ਸੋਨੀ ਨੇ ਦੱਸਿਆ, "ਮੇਰੇ ਮਾਤਾ-ਪਿਤਾ ਜੈਕਸਨ ਹਾਈਟਸ (ਕੁਈਨਜ਼) ਵਿਚ ਰਹਿੰਦੇ ਹਨ। ਉਹ 1960ਵਿਆਂ ਵਿਚ ਨਿਊ ਯਾਰਕ ਸ਼ਹਿਰ ਆਏ ਸਨ ਅਤੇ ਉਨ੍ਹਾਂ ਬਰਾਡਵੇਅ ਤੇ 77ਵੀਂ ਸਟਰੀਟ ਵਿਚ ਸਿਰਫ ਇਕ ਨਾਲ ਹਾਊਸ ਆਫ ਸਪਾਈਸਿਜ਼ ਦੀ ਸ਼ੁਰੂਆਤ ਕੀਤੀ ਸੀ। ਕੁਈਨਜ਼ ਖੇਤਰ ਵਿਚ ਵੱਡੀ ਗਿਣਤੀ ਵਸੋਂ ਦੀ ਸੇਵਾ ਹਾਊਸ ਆਫ ਸਪਾਈਸਿਜ਼ ਨੇ ਸੰਭਾਲੀ ਹੋਈ ਹੈ। ਇਸੇ ਤਰ੍ਹਾਂ ਹਸਪਤਾਲ ਅਤੇ ਸਿਹਤ-ਸੰਭਾਲ ਦਾ ਕਾਰਜ ਕੀਤਾ ਜਾ ਰਿਹਾ ਹੈ। ਸੈਂਟਰ ਆਫ ਹੋਪ ਇੰਟਰਨੈਸ਼ਨਲ ਵੀ ਭਾਈਚਾਰੇ ਅੰਦਰ ਵੱਡਾ ਰੋਲ ਨਿਭਾ ਰਿਹਾ ਹੈ। ਸਾਨੂੰ ਖੁਸ਼ੀ ਹੈ ਕਿ ਅਸੀਂ ਕੁਝ ਚੰਗਾ ਕਰ ਰਹੇ ਹਾਂ।"





ਯਾਦ ਰਹੇ, ਹਾਊਸ ਆਫ ਸਪਾਈਸਿਜ਼ ਦੱਖਣੀ ਏਸ਼ੀਆ ਵਿਚ ਕੋਵਿਡ-19 ਲਈ ਫੰਡ ਦਾਨ ਕਰ ਚੁਕੀ ਹੈ। ਹੁਣ ਇਥੇ ਉਨ੍ਹਾਂ ਇਲਾਕਿਆਂ 'ਤੇ ਧਿਆਨ ਕੇਂਦ੍ਰਿਤ ਕੀਤਾ ਜਾ ਰਿਹਾ ਹੈ, ਜਿਥੇ ਸਭ ਤੋਂ ਵੱਧ ਅਸਰ ਹੋਇਆ ਹੈ।


## Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

***One of the Fastest Growing City in America and Best School System...***



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



***We do all type of Home and Commercial Loan. Same day loan approval...***

# ਕੁਦਰਤ ਨਾਲ ਖਿਲਵਾੜ ਅਤੇ ਕਰੋਨਾ ਦਾ ਕਹਿਰ

***ਚਾਰ-ਪੰਜ ਮਹੀਨੇ ਪਹਿਲਾਂ ਚਰਚਾ ਵਿਚ ਆਏ ਕਰੋਨਾ ਵਾਇਰਸ ਨੇ ਮਨੁੱਖ ਜਾਤੀ ਦੇ ਸੋਚਣ ਲਈ ਸਵਾਲਾਂ ਦੀ ਝੜੀ ਲਾ ਦਿੱਤੀ ਹੈ। ਇਸ ਮਸਲੇ ਦੇ ਹੱਲ ਲਈ ਤਾਂਘ ਰੱਖਣ ਵਾਲੇ ਲੋਕ, ਮਨੁੱਖੀ ਵਿਕਾਸ ਅਤੇ ਇਸ ਅੰਦਰ ਲਗਾਤਾਰ ਆਏ ਵਿਗਾੜਾਂ ਦੀ ਨਿਸ਼ਾਨਦੇਹੀ ਕਰ ਰਹੇ ਹਨ। ਵੱਖ-ਵੱਖ ਪੱਖਾਂ ਤੋਂ ਬਹੁਤ ਸਾਰੇ ਮਸਲੇ ਰਿੜਕੇ ਜਾ ਰਹੇ ਹਨ। ਇਸ ਸਮੁੱਚੇ ਰਿੜਕਣ ਵਿਚ ਇਕ ਗੱਲ ਸਾਂਝੀ ਹੈ ਕਿ ਮਨੁੱਖ ਨੇ ਕੁਦਰਤ ਨਾਲ ਜੋ ਖਿਲਵਾੜ ਕੀਤਾ ਹੈ ਜਾਂ ਹੁਣ ਵੀ ਕਰ ਰਿਹਾ ਹੈ, ਇਸ ਬਾਰੇ ਗੰਭੀਰਤਾ ਨਾਲ ਸੋਚਣ-ਵਿਚਾਰਨ ਦਾ ਵੇਲਾ ਹੈ। ਪੰਜਾਬੀ ਸੱਥ ਲਾਂਬੜਾ (ਜਲੰਧਰ) ਦੇ ਕਰਤਾ-ਧਰਤਾ ਡਾ. ਨਿਰਮਲ ਸਿੰਘ ਨੇ ਆਪਣੇ ਇਸ ਲੇਖ ਵਿਚ ਇਨ੍ਹਾਂ ਮਸਲਿਆਂ ਬਾਰੇ ਖੁੱਲ੍ਹ ਕੇ ਵਿਚਾਰ-ਚਰਚਾ ਕੀਤੀ ਹੈ ਅਤੇ ਕਰੋਨਾ ਜਿਹੇ ਸੰਕਟਾਂ ਤੋਂ ਖਹਿੜਾ ਛੁਡਾਉਣ ਬਾਰੇ ਸਲਾਹਾਂ ਸਾਂਝੀਆਂ ਕੀਤੀਆਂ ਹਨ। -ਸੰਪਾਦਕ***

ਅਨੰਤ ਬ੍ਰਹਿਮੰਡ ਦੇ ਅਸੀਮ ਤਾਣੇ-ਬਾਣੇ ਦਾ ਹਿੱਸਾ ਹੈ, ਸਾਡਾ ਸੂਰਜੀ ਮੰਡਲ। ਸੂਰਜ ਦਾ ਆਰ-ਪਰਿਵਾਰ ਹਨ ਇਹਦੇ ਆਲੇ-ਦੁਆਲੇ ਘੁੰਮਦੇ ਗ੍ਰਹਿ-ਉਪਗ੍ਰਹਿ, ਅਰਥਾਤ ਚੰਦ ਤੇ ਧੂਮ-ਕੇਤੂ। ਇਨ੍ਹਾਂ ਦਾ ਪੈਂਡਾ ਕਰੋੜਾਂ-ਅਰਬਾਂ ਕੋਹਾਂ ਦਾ ਹੋਣ ਕਰਕੇ ਅੰਤਹੀਣ, ਬੇਅੰਤ ਹੈ। ਗੱਲ ਆਪਣੀ ਮਾਂ ਧਰਤੀ ਦੀ ਕਰੀਏ ਤਾਂ ਸਿਆਣਿਆਂ ਦਾ ਕਹਿਣਾ ਹੈ ਕਿ ਇੱਥੇ ਨਿਰਜੀਵ ਪਦਾਰਥਾਂ ਦੇ ਕਰੋੜਾਂ ਵਰ੍ਹੇ ਸਜੀਵ ਜੀਵਨ ਦੀ ਅੰਕੁਰ ਬੇਹੱਦ ਮਹੀਨ ਕਣ ਵਾਇਰਸ ਦੇ ਰੂਪ ਵਿਚ ਫੁੱਟੀ। ਉਹਦੀ ਗਿਣਤੀ-ਮਿਣਤੀ ਵੀ ਨਿਰੰਤਰ ਵਧਦੀ ਰਹੀ ਤੇ ਉਹ ਰੂਪ ਵਟਾਉਂਦਾ ਲਗਾਤਾਰ ਵਿਕਸਿਤ ਹੁੰਦਾ ਦੋ ਹਿੱਸਿਆਂ ਵਿਚ ਵੰਡਿਆ ਗਿਆ। ਬਨਸਪਤ ਜਗਤ ਤੇ ਜੀਵ ਸੰਸਾਰ ਦੀਆਂ ਲੱਖਾਂ ਵੰਨਗੀਆਂ, ਲੱਖਾਂ ਵਰ੍ਹਿਆਂ ਵਿਚ ਧਰਤੀ 'ਤੇ ਪਸਰ ਗਈਆਂ। ਵਾਇਰਸ ਦੀਆਂ

**ਡਾ. ਨਿਰਮਲ ਸਿੰਘ**
**ਪੰਜਾਬੀ ਸੱਥ ਲਾਂਬੜਾ, ਜਲੰਧਰ**

ਅਨੇਕਾਂ ਕਿਸਮਾਂ ਵੀ ਰੁੱਖਾਂ-ਬੂਟਿਆਂ ਤੇ ਜੀਵ-ਜੰਤੂਆਂ ਦੇ ਜਿਸਮਾਂ ਵਿਚ ਜੀਵਨ ਲਈ ਫਾਇਦੇਮੰਦ ਤੇ ਨੁਕਸਾਨਦੇਹ ਕਿਰਦਾਰ ਸਮੇਂ ਤੇ ਸਥਾਨ ਅਨੁਸਾਰ ਨਿਭਾਉਂਦੀਆਂ ਆ ਰਹੀਆਂ ਹਨ। ਕੁਦਰਤ ਨੇ ਸਮੁੱਚੇ ਜੀਵ-ਜੰਤੂਆਂ ਦਾ ਵਿਕਾਸਮਈ ਸਮਤੋਲ ਬਰਕਰਾਰ ਰੱਖਣ ਦਾ ਪੁਖਤਾ ਪ੍ਰਬੰਧ ਵੀ ਸਦਾ ਹੀ ਕਾਇਮ ਰੱਖਿਆ। ਮਿਸਾਲ ਵਜੋਂ ਇੱਕੋ ਜੰਗਲ ਵਿਚ ਮਾਸਾਹਾਰੀ ਸ਼ੇਰ ਤੇ ਸ਼ਾਕਾਹਾਰੀ ਹਿਰਨ ਖੁੱਲ੍ਹੇ-ਡੁੱਲ੍ਹੇ ਵਿਚਰਦੇ ਰਹੇ। ਇੰਜ ਹੀ ਵਾਇਰਸ, ਬੈਕਟੀਰੀਆ ਦੀ ਕਹਾਣੀ ਹੈ। ਅਸਮਾਨ, ਸਮੁੰਦਰੀ ਜੀਵਾਂ ਦਾ ਜੀਵਨ ਬਿਰਤਾਂਤ ਵੀ ਇਹੋ ਸਮਝਾਉਂਦਾ ਹੈ ਕਿ ਥੋੜ੍ਹੀ ਗਿਣਤੀ ਵਾਲੇ ਵੱਡੇ ਸਮੁੰਦਰੀ ਮਛ-ਕੱਛ ਆਪਣਾ ਆਹਾਰ ਬੇਹਿਸਾਬੀ ਵੱਡੀ ਗਿਣਤੀ ਵਾਲੇ ਜੀਵਾਂ ਨੂੰ ਹੀ ਬਣਾਉਂਦੇ ਹਨ।

ਵਿਗਾੜ ਕਿੱਥੇ ਪਿਆ? ਜਦੋਂ ਵੀ ਇਹ ਸਮਤੋਲ ਵਿਗੜਿਆ ਤਾਂ ਸਿੱਟੇ ਭਿਆਨਕ ਨਿਕਲੇ। ਧੜਵੈਲ ਵੱਡ-ਆਕਾਰੀ ਡਾਇਨਾਸੋਰਾਂ ਨੂੰ ਜਦੋਂ ਆਪਣੀ ਹੀ ਭੁੱਖ ਨੇ ਸਤਾਇਆ ਤਾਂ ਉਨ੍ਹਾਂ, ਧਰਤੀ ਦੇ ਛੋਟੇ ਜੀਅ-ਜੰਤ ਤਾਂ ਇੱਕ ਪਾਸੇ, ਬਨਸਪਤੀ ਦੀ ਵੀ ਅਲਖ ਮੁਕਾਉਣ 'ਚ ਅੱਤ ਕਰ ਦਿੱਤੀ। ਆਖਰਕਾਰ ਉਹ ਆਪਣੀ ਹੀ ਹਵਸ ਦੇ ਸ਼ਿਕਾਰੀ ਹੋ ਕੇ ਸਦਾ-ਸਦਾ ਲਈ ਇਸ ਰੰਗਲੀ ਧਰਤੀ ਤੋਂ ਲੋਪ ਹੋ ਗਏ। ਮਿਸਾਲਾਂ ਹੋਰ ਵੀ ਦਿੱਤੀਆਂ ਜਾ ਸਕਦੀਆਂ ਹਨ। ਮਨੁੱਖ ਜਾਤੀ ਨੇ ਭਰਮ ਪਾਲ ਲਿਆ ਕਿ ਉਹ ਸਾਰੇ ਜੀਅ-ਜੰਤੂ ਤੋਂ ਉਤੇ ਤੇ ਵੱਧ ਸਿਆਣੀ ਹੈ। ਉਹਨੇ ਕੁਦਰਤੀ ਵਰਤਾਰਿਆਂ ਨਾਲ ਹੋਏ ਵਿਕਾਸ ਦੇ ਇਤਿਹਾਸ ਨੂੰ ਸਮਝਣ ਦੀ ਥਾਂ ਆਪਣੀ ਨਿਜਵਾਦੀ ਸੋਚ ਕਾਰਨ ਕੁਦਰਤ 'ਤੇ ਹੀ ਕਾਠੀ ਪਾਉਣ ਦੀ ਠਾਣ ਲਈ। ਇਸ ਵਰਤਾਰੇ ਨੂੰ ਮਨੁੱਖ ਨੇ ਵਿਕਾਸ, ਤਰੱਕੀ, ਅੱਗੇ ਵਧਣ, ਸਭਿਅਕ, ਆਧੁਨਿਕ, ਉਸਾਰੂ, ਪ੍ਰਗਤੀਵਾਦੀ ਤੇ ਪਤਾ ਨਹੀਂ ਹੋਰ ਕਿੰਨੇ ਕੁ ਨਾਂ ਦੇ ਕੇ ਵਿਗਿਆਨ ਨੂੰ ਵੀ ਵਿਚ ਹੀ ਘੜੀਸ ਲਿਆ। ਹਕੀਕਤ ਵਿਚ ਵਿਗਿਆਨ, ਗਿਆਨ ਦੀ ਉਹ ਸ਼ਾਖ ਹੈ, ਜਿਸ ਰਾਹੀਂ ਅਸੀਂ ਕੁਦਰਤੀ ਵਰਤਾਰਿਆਂ ਦੀ ਥਾਹ ਪਾ ਕੇ ਕੁਦਰਤ ਨਾਲ ਇੱਕਸੁਰ ਹੋ ਕੇ ਕਿਸੇ ਸਿੱਟੇ 'ਤੇ ਪੁੱਜਦੇ ਹਾਂ। ਇਹ ਵਰਤਾਰਾ ਭਾਵੇਂ ਕਾਫੀ ਪੁਰਾਣਾ ਹੈ, ਪਰ ਅਜੋਕੇ ਸਮਿਆਂ 'ਚ ਇਹਦਾ ਮੁੱਢ 17ਵੀਂ-18ਵੀਂ ਸਦੀ ਵਿਚ ਬੱਝਦਾ ਹੈ।

ਸਨਅਤੀ ਇਨਕਲਾਬ ਕਾਰਨ ਨਿੱਕੇ-ਨਿੱਕੇ, ਥੋੜ੍ਹੀ ਵਸੋਂ ਵਾਲੇ, ਕੁਦਰਤ ਦੀਆਂ ਨੇਹਮਤਾਂ ਦਾ ਨਿੱਘ ਮਾਣ ਰਹੇ ਪਿੰਡ ਮਨੁੱਖ ਵੱਲੋਂ ਉਸਾਰੇ ਵੱਡੇ-ਵੱਡੇ ਸ਼ਹਿਰਾਂ ਦੀ ਭੀੜ ਵਿਚ ਗੁਆਚ ਗਏ। ਕਿਰਸਾਨੀ ਸਮੇਤ ਸਾਰੇ ਹੀ ਕਸਬੇ ਕਿੱਤੇ, ਸਬਰ-ਸੰਤੋਖ ਵਾਲੀ ਜੀਵਨ ਸ਼ੈਲੀ ਵਿਸਾਰ ਕੇ ਲੋਭੀ-ਲਾਲਚੀ ਮੁਨਾਫੇਖੋਰ ਵਪਾਰਕ ਸੋਚ ਵਿਚ ਧਸਦੇ ਹੀ ਚਲੇ ਗਏ। ਸਦੀਆਂ ਤੋਂ ਚੱਲਿਆ ਆ ਰਿਹਾ ਪਰਿਵਾਰਕ ਤਾਣਾ-ਬਾਣਾ ਤੇ ਭਾਈਚਾਰਕ ਰਿਸ਼ਤੇਦਾਰੀ ਵਾਲਾ ਨਿਜ਼ਾਮ ਬਾਜ਼ਾਰੂ ਰੂਪ ਵਟਾ ਕੇ ਵਰ੍ਹਿਆਂ ਵਿਚ ਹੀ ਹੋਰ ਦਾ ਹੋਰ ਹੁੰਦਾ ਚਲਾ ਗਿਆ। ਖਾਣ-ਪੀਣ, ਪਹਿਨਣ, ਪਰਚਣ, ਆਵਾਜਾਈ, ਸੰਚਾਰ, ਖੇਡਣ ਮੱਲ੍ਹਣ, ਜੀਅ ਪਰਚਾਉਣ, ਗਾਉਣ ਵਜਾਉਣ, ਲਿਖਣ ਪੜ੍ਹਨ-ਗੱਲ ਕੀ ਸਭ ਕੁਝ ਹੀ ਭੋਗਵਾਦ ਦੀ ਭੇਟ ਚੜ੍ਹ ਗਿਆ। ਮਨੁੱਖ ਕੁਦਰਤ ਨਾਲੋਂ, ਸਰਬੱਤ ਨਾਲੋਂ ਟੁੱਟਦਾ-ਟੁੱਟਦਾ ਸਿਰਫ ਤੇ ਸਿਰਫ ਆਪਣੀਆਂ ਨਿਜੀ ਖਾਹਿਸ਼ਾਂ, ਉਮੰਗਾਂ, ਰੀਝਾਂ, ਹਵਸ ਤੇ ਵਿਕਾਸ ਤੀਕ ਸੀਮਤ ਹੋ ਗਿਆ। ਬਲਦੀ 'ਤੇ ਤੇਲ ਨਵੀਆਂ-ਨਵੀਆਂ ਵਿਗਿਆਨਕ ਕਾਢਾਂ ਨਾਲ ਹੋਂਦ 'ਚ ਆਏ ਚਮਤਕਾਰੀ ਚਕਾਚੌਂਧ ਵਾਲੇ ਸੰਦ ਵਲੇਵੇਂ ਰੇਲਾਂ, ਹਵਾਈ ਜਹਾਜ਼ਾਂ, ਮੋਟਰ ਵਾਹਨਾਂ, ਟੈਲੀਫੋਨ, ਰੇਡੀਓ, ਟੈਲੀਵਿਜ਼ਨ, ਕੰਪਿਊਟਰ, ਇੰਟਰਨੈਟ ਅਤੇ ਜੰਗਾਂ, ਯੁੱਧਾਂ ਲਈ ਬਾਰੂਦ, ਬੰਬ, ਮਿਜ਼ਾਇਲਾਂ ਲਈ ਲੱਗੀ ਹੋੜ ਨੇ ਭਰਪੂਰ ਯੋਗਦਾਨ ਪਾਇਆ। ਇਹ ਸਾਰਾ ਕੁਝ ਖੋਜਣ ਵਾਲਿਆਂ ਨੇ ਇਹ ਅਜਬ-ਗਜ਼ਬ ਲੱਭਤਾਂ ਇਨਸਾਨੀ ਸਮਾਜ ਦੇ ਭਲੇ ਲਈ ਖੋਜੀਆਂ ਸਨ। ਹਕੀਕਤ ਵਿਚ ਇਹ ਸਾਰਾ ਮਾਲ ਮੱਤਾ ਤਰੱਕੀ ਲਈ ਘੱਟ ਤੇ ਤਬਾਹੀ ਲਈ ਵੱਧ ਵਰਤਿਆ ਗਿਆ। ਵੱਖੋ-ਵੱਖ ਸਮਿਆਂ 'ਚ ਹਰ ਧਿਰ ਨੇ ਆਪਣੀ ਚੌਧਰ ਤੇ ਵਡੱਪਣ ਦਰਸਾਉਣ ਲਈ ਹਰ ਕਿਸਮ ਦੇ ਪੁੱਠੇ-ਸਿੱਧੇ ਹਰਬੇ ਵਰਤ ਕੇ ਛਿੱਤਰੀਂ ਦਾਲ ਵੰਡਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਪਹਿਲੋਂ ਬਾਦਸ਼ਾਹਾਂ-ਸ਼ਹਿਨਸ਼ਾਹਾਂ ਨੇ ਆਮ ਲੋਕਾਈ ਦੇ ਨੱਕ 'ਚ ਦਮ ਕਰ ਛੱਡਿਆ, ਫਿਰ ਬਸਤੀਵਾਦੀਆਂ ਨੇ ਆਹੂ ਲਾਹੇ, ਸਮੁੱਚੀ ਨਵੀਂ ਪੁਰਾਣੀ ਦੁਨੀਆਂ ਦੇ ਬਾਸ਼ਿੰਦਿਆਂ ਦੀ ਹੋਂਦ ਹਸਤੀ ਨਾਲ ਖੂਨੀ ਹੋਲੀ ਖੇਡੀ। ਇਹਦੀ ਪ੍ਰਤੱਖ ਮਿਸਾਲ ਹੈ, ਅਮਰੀਕਾ ਦੇ ਆਦਿ ਵਾਸੀਆਂ, ਅਫਰੀਕਾ ਦੇ ਪੁਸ਼ਤੈਨੀ ਵਸਨੀਕਾਂ ਅਤੇ ਆਸਟ੍ਰੇਲੀਆ, ਨਿਊਜ਼ੀਲੈਂਡ ਦੇ ਮੂਲ ਵਾਸੀਆਂ ਦੇ ਖੁਰਾ ਖੋਜ ਮਿਟਾ ਕੇ ਆਪਣੀ ਚੌਧਰ ਕਾਇਮ ਕਰਨ ਦੀਆਂ ਕਰਤੂਤਾਂ ਦੀ। ਦੋਵੇਂ ਆਲਮੀ ਜੰਗਾਂ ਅਸਲ ਵਿਚ ਕੁੱਲ ਸੰਸਾਰ ਦੇ ਸਾਧਨਾਂ ਤੇ ਸੋਮਿਆਂ ਲਈ ਹੋਏ ਮਨੁੱਖੀ ਘਾਣ ਦਾ ਦਰਦਨਾਕ ਇਤਿਹਾਸ ਅਤੇ ਕੁੱਲ ਜਗਤ ਦੇ ਸਭਿਆਚਾਰਾਂ, ਬੋਲੀਆਂ ਤੇ ਵਿਰਾਸਤਾਂ ਅਨੁਸਾਰ ਵਸਦੇ ਲੋਕਾਂ ਨੂੰ ਆਪਣੀਆਂ ਲਾਠੀਆਂ ਦੇ ਗਜਾਂ ਨਾਲ ਵੰਡਣ ਦੇ ਕਾਰਨਾਮੇ ਸਾਡੇ ਸਾਹਮਣੇ ਹਨ।

ਆਦਿ ਕਾਲ ਤੋਂ ਮਨੁੱਖਤਾ ਦੀ ਭਲੇ ਲਈ ਆਵਾਜ਼ ਉਠਾਉਣ ਵਾਲੇ ਮਹਾਪੁਰਖਾਂ, ਵਿਚਾਰਵਾਨਾਂ, ਦਾਰਸ਼ਨਿਕਾਂ, ਫਿਲਾਸਫਰਾਂ ਵਲੋਂ ਦਰਸਾਏ ਰਸਤਿਆਂ ਨੂੰ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਅਤੇ ਮੱਤ ਧਰਮਾਂ ਦਾ ਨਾਂ ਦੇ ਕੇ ਪਹਿਲੋਂ ਵੰਡਣਾ ਫੇਰ ਆਪਸ ਵਿਚ ਉਲਝਾ ਕੇ ਮਨਮਰਜ਼ੀ ਦੇ ਅਰਥ ਕੱਢ ਕੇ ਸਭਿਅਕ ਕਦਰਾਂ-ਕੀਮਤਾਂ ਦਾ ਕਚੂਮਰ ਕੱਢਣਾ। ਜਨੂਨ, ਕੱਟੜਵਾਦ, ਕਠਮੁੱਲੇਪੁਣੇ ਦੀ ਪਨੀਰੀ ਪਹਿਲੋਂ ਤਿਆਰ ਕਰਨੀ ਤੇ ਉਨ੍ਹਾਂ ਵਲੋਂ ਕੀਤੀਆਂ ਆਪਹੁਦਰੀਆਂ 'ਤੇ ਨੱਥ ਪਾਉਣ ਦੀ ਥਾਂ ਪੁਸ਼ਤਪਨਾਹੀ; ਜਦੋਂ ਪਾਣੀ ਸਿਰਾਂ ਤੋਂ ਉਪਰ ਚੜ੍ਹਨ ਲੱਗਣ ਫਿਰ ਅਤਿਵਾਦ, ਖਾੜਕੂਵਾਦ ਦਾ ਡਰ ਵਿਖਾ ਕੇ ਆਮ ਲੋਕਾਂ ਦੀ ਹੀ ਖੁੰਭ ਠੱਪਣੀ। ਇਹ ਵਰਤਾਰਾ ਅੱਜ ਵੀ ਅੱਗੇ ਤੋਂ ਅੱਗੇ ਵਧ ਰਿਹਾ ਹੈ। ਸੰਚਾਰ ਸਾਧਨਾ ਤੇ ਮੀਡੀਏ ਦੀ ਕੁਵਰਤੋਂ ਕਰ ਕੇ ਨਵੇਂ ਤੋਂ ਨਵੇਂ ਭਰਮ ਭੁਲੇਖੇ ਵਾਲੇ ਹਊਏ ਖੜ੍ਹੇ ਕਰ ਕੇ ਲੋਕਾਂ ਦੇ ਨੱਕ 'ਚ ਨੱਥ ਪਾ, ਜਿੱਧਰ ਜੀਅ ਚਾਹੇ ਉਧਰ ਧੂਹ ਕੇ ਲੈ ਜਾਣਾ।

ਕੁਦਰਤ ਦੇ ਅਨਮੋਲ ਸੋਮਿਆਂ ਤੇ ਮੁਨਾਫੇ ਨੂੰ ਮੁੱਖ ਰੱਖਦਿਆਂ ਕਿਵੇਂ ਨਾ ਕਿਵੇਂ ਆਪਣੇ ਕਬਜ਼ੇ 'ਚ ਲੈ ਕੇ ਲੁੱਟਣਾ ਕਿਸੇ ਵੀ ਕਾਇਦੇ ਕਾਨੂੰਨ ਦੀ ਉਲੰਘਣਾ ਹੈ। ਪਹਿਲੋਂ ਰਾਜੇ-ਮਹਾਰਾਜੇ, ਫੇਰ ਬਸਤੀਵਾਦੀ ਹਕੂਮਤਾਂ, ਅੱਜ ਦੇ ਦੌਰ ਵਿਚ ਵਪਾਰੀਆਂ, ਧਨਵਾਨਾਂ ਤੇ ਸਿਆਸਤਦਾਨਾਂ ਵਲੋਂ ਬਣਾਈਆਂ ਬਹੁਕੌਮੀ ਕੰਪਨੀਆਂ, ਦੁਨੀਆਂ ਭਰ ਦੀ ਬਹੁਤੀ ਜ਼ਰ (ਦੌਲਤ) ਅਤੇ ਜ਼ਮੀਨ 'ਤੇ ਸਿੱਧੇ ਢੰਗਾਂ ਤਰੀਕਿਆਂ ਨਾਲ ਕਾਬਜ਼ ਹਨ। ਅਫਰੀਕਾ ਦੀ ਧਰਤੀ 'ਚ ਦੱਬੇ ਖਜ਼ਾਨੇ, ਬ੍ਰਾਜ਼ੀਲ ਦੇ ਜੰਗਲ, ਅਰਬ ਦੇਸ਼ਾਂ ਦੇ ਮਾਰੂਥਲਾਂ ਵਾਲਾ ਕਾਲਾ ਸੋਨਾ (ਤੇਲ) ਸਿੱਧੇ ਤੇ ਟੇਢੇ-ਮੇਢੇ ਤਰੀਕਿਆਂ ਨਾਲ ਇਨ੍ਹਾਂ ਅਖੌਤੀ ਵਿਕਸਿਤ ਤੇ ਸਭਿਅਕ ਦੇਸ਼ਾਂ ਨੇ ਹਥਿਆ ਲਿਆ ਹੈ। ਜੇ ਕਿਸੇ ਦੇਸ਼ ਕੌਮ ਜਾਂ ਖਿੱਤੇ ਦੇ ਲੋਕ ਮਾੜੀ ਮੋਟੀ ਚੂੰ-ਚਾਂ ਕਰਦੇ ਹਨ ਤਾਂ ਅਖੌਤੀ ਲੋਕਰਾਜ ਦਾ ਪਾਠ ਪੜ੍ਹਾਉਣ ਵਾਲੇ ਉਨ੍ਹਾਂ ਦੀ ਸੰਘੀ ਆਪਣੀ ਧੌਂਸ ਤੇ ਹੈਂਕੜ ਨਾਲ ਨੱਪਣ ਲਈ ਸਦਾ ਕਮਰ ਕੱਸੇ ਕਰੀ ਹੀ ਰੱਖਦੇ ਨੇ। ਵਿਚਾਰਧਾਰਾਵਾਂ, ਮਾਨਤਾਵਾਂ ਤੇ ਮਨੁੱਖੀ ਹੱਕਾਂ ਵਾਲਿਆਂ ਦੀ ਤੂਤੀ ਇਨ੍ਹਾਂ ਦੇ ਢੋਲ ਨਗਾਰਿਆਂ ਦੇ ਸਾਹਮਣੇ ਕੁਝ ਵੀ ਨਹੀਂ ਕਰ ਸਕਦੀ।



ਸਾਹਿਤ, ਸਭਿਆਚਾਰਕ ਕਦਰਾਂ-ਕੀਮਤਾਂ, ਬੋਲੀ, ਵਿਰਾਸਤ ਦੇ ਅਰਥ ਇਨ੍ਹਾਂ ਆਪਣੇ ਹਿੱਤਾਂ ਅਨੁਸਾਰ ਕੱਢ ਕੇ ਅਜਿਹਾ ਚਿੱਟਕਪੜੀਆ ਤਬਕਾ ਸਿਰਜ ਲਿਆ ਹੈ, ਜੋ ਆਪਣੇ-ਆਪ ਨੂੰ ਆਪ ਹੀ ਬੁੱਧੀਜੀਵੀ ਆਖਣ/ਅਖਵਾਉਣ ਵਿਚ ਫਖਰ ਮਹਿਸੂਸ ਕਰਦਾ ਹੈ। ਇਨ੍ਹਾਂ ਭੱਦਰਪੁਰਸ਼ਾਂ ਨੇ ਅਜਿਹੇ ਭਰਮਾਊ ਤੇ ਚਿਕਨੇ ਚੋਪੜੇ ਸ਼ਬਦ ਘੜ ਲਏ ਹਨ, ਜੋ ਆਮ ਲੋਕਾਂ ਦੀ ਭਲਾਈ ਤੋਂ ਕੋਹਾਂ ਦੂਰ ਤੇ ਅਪਹੁੰਚ ਹਨ। ਇਨ੍ਹਾਂ ਸੂਝਵਾਨਾਂ ਵਿਚੋਂ ਇੱਕ ਵੱਡਾ ਹਿੱਸਾ ਆਪਣੀ ਸੋਚ ਨੂੰ ਵਿਗਿਆਨਕ ਸਿੱਧ ਕਰਨ ਲਈ ਪੂਰੀ ਵਾਹ ਲਾਉਂਦਾ ਹੈ। ਕੁਦਰਤ ਦੇ ਵਿਰੁੱਧ ਇਨ੍ਹਾਂ ਨੇ ਜੰਗ ਵਿੱਢੀ ਹੋਈ ਹੈ। ਇਹ ਸਦਾ ਹੀ ਇਹ ਸਾਬਤ ਕਰਨ ਲਈ ਯਤਨ ਕਰਦੇ ਹਨ ਕਿ ਮਨੁੱਖ ਕੁਦਰਤ ਦੇ ਵਰਤਾਰਿਆਂ ਨੂੰ ਆਪਣੇ ਅਨੁਕੂਲ ਚਲਾਉਣ ਦੇ ਸਮਰੱਥ ਹੈ। ਉਂਜ ਇਤਿਹਾਸ ਦਰਸਾਉਂਦਾ ਹੈ ਕਿ ਕੁਦਰਤ ਦੇ ਪਸਾਰੇ ਨਾਲ ਕੀਤੀ ਛੇੜਛਾੜ ਦੇ ਨਤੀਜੇ ਅਕਸਰ ਘਾਤਕ ਹੀ ਨਿਕਲੇ ਹਨ। ਲੱਖ ਕੋਸ਼ਿਸ਼ਾਂ ਦੇ ਬਾਵਜੂਦ ਭੂਚਾਲਾਂ, ਸੁਨਾਮੀਆਂ, ਝੱਖੜ ਝੋਲਿਆਂ, ਬਰਫੀਲੇ ਤੂਫਾਨਾਂ, ਗੜੇਮਾਰੀ, ਹੜ੍ਹਾਂ, ਸੋਕਿਆਂ, ਜੰਗਲੀ ਅੱਗਾਂ, ਬਦਲਦੇ ਮੌਸਮਾਂ, ਬਿਮਾਰੀਆਂ, ਮਹਾਮਾਰੀਆਂ ਦਾ ਟਾਕਰਾ ਕਰਨ 'ਚ ਮਨੁੱਖ ਹਮੇਸ਼ਾ ਅਸਫਲ ਹੀ ਰਿਹਾ ਹੈ। ਜੇ ਕਿਸੇ ਇੱਕ ਮਹਾਮਾਰੀ ਦੀ ਤਾਕਤ ਘਟਾਉਣ ਜਾਂ ਠੱਲ੍ਹਣ 'ਚ ਅਸੀਂ ਥੋੜੇ ਬਹੁਤ ਕਾਮਯਾਬ ਹੋ ਵੀ ਗਏ ਤਾਂ ਅਗਲੀ ਵਾਰ ਉਹਦੇ ਨਾਲੋਂ ਵੀ ਵੱਧ ਮਾਰੂ ਤੇ ਭਿਆਨਕ ਸਾਡੇ ਸਾਹਮਣੇ ਆ ਖੜ੍ਹੀ ਹੋਈ।

ਕਿਸੇ ਵੇਲੇ ਹੈਜਾ, ਚੇਚਕ, ਮਲੇਰੀਆ, ਤਪਦਿਕ, ਪਲੇਗ ਘਾਤਕ ਸਮਝੀਆਂ ਜਾਂਦੀਆਂ ਸਨ, ਜਦੋਂ ਕਿ ਹੁਣ ਕੈਂਸਰ, ਕਾਲਾ ਪੀਲੀਆ, ਸ਼ੂਗਰ, ਬਲੱਡ ਪ੍ਰੈਸ਼ਰ, ਗੁਰਦਾ ਰੋਗ, ਅਲਰਜੀ ਨਾਲ ਸਬੰਧਤ ਬਿਮਾਰੀਆਂ, ਵਾਇਰਸ ਰੋਗ ਤਬਾਹੀ ਮਚਾ ਰਹੇ ਹਨ। ਕਦੀ ਬਰਡ ਫਲੂ, ਕਦੇ ਸਵਾਈਨ ਫਲੂ, ਡੇਂਗੂ, ਈਬੋਲਾ, ਮੈਡ ਕਾਉ ਤੇ ਅੱਜ ਦੀ ਤਰੀਕ ਵਿਚ ਕਰੋਨਾ ਨੇ ਕਹਿਰ ਮਚਾਇਆ ਹੋਇਆ ਹੈ। ਵਿਗਿਆਨ ਤੇ ਮਨੁੱਖ ਦੀ ਸਮਝ ਦਾ ਮਜ਼ਾਕ ਉਡਾਉਂਦੇ ਇਨ੍ਹਾਂ ਰੋਗਾਂ ਦਾ ਕੋਈ ਠੋਸ ਇਲਾਜ ਸਾਡੇ ਕੋਲ ਨਹੀਂ। ਕੁਦਰਤ ਦੇ ਇਸ ਕਹਿਰੀ ਵਰਤਾਉ ਦਾ ਮੁੱਖ ਕਾਰਨ ਸਾਡਾ ਕੁਦਰਤ ਦਾ ਰਾਹ ਛੱਡ ਕੇ ਅਖੌਤੀ ਹਉਮੈ ਵਾਲਾ ਹੰਕਾਰੀ ਰਾਹ ਅਪਨਾਉਣਾ ਹੈ।

ਅਸੀਂ ਆਪਣਾ ਸਾਰੇ ਦਾ ਸਾਰਾ ਆਲਾ-ਦੁਆਲਾ ਰਿਹਾਇਸ਼ੀ ਪਿੰਡ, ਬਸਤੀਆਂ, ਕਸਬੇ, ਸ਼ਹਿਰ, ਨਗਰ, ਮਹਾਨਗਰ ਪੱਕੇ, ਮਜ਼ਬੂਤ, ਵੇਖਣ ਨੂੰ ਸੋਹਣੇ-ਸੁੰਦਰ ਤਾਂ ਉਸਾਰ ਲਏ ਹਨ; ਪਰ ਹਕੀਕਤ ਵਿਚ ਇਹ ਬੋਦੇ, ਜਰਜ਼ਰੇ, ਪ੍ਰਦੂਸ਼ਿਤ, ਕਬੂਤਰਖਾਨਿਆਂ ਨਾਲੋਂ ਵੀ ਘਟੀਆ ਹਨ। ਇੱਥੇ ਭੀੜ ਭੜੱਕੇ, ਰੌਲੇ-ਰੱਪੇ, ਆਪਾ-ਧਾਪੀ, ਲੜਾਈ-ਝਗੜੇ, ਖੋਹ-ਖਿੰਝ, ਲੁੱਟ-ਖਸੁੱਟ, ਅੰਨ੍ਹੀ ਮੁਕਾਬਲੇਬਾਜ਼ੀ, ਪੀਣਯੋਗ ਪਾਣੀ ਤੇ ਖਾਧ ਪਦਾਰਥਾਂ, ਰਸੋਈ ਗੈਸ, ਬਾਲਣ ਦੀ ਘਾਟ, ਹਸਪਤਾਲਾਂ ਦੀਆਂ ਮਰੀਜ਼ਾਂ ਵਾਲੀਆਂ ਅਮੁੱਕ ਕਤਾਰਾਂ, ਵਿੱਦਿਆ ਦੇ ਨਾਂ ਹੇਠ ਬਾਜ਼ਾਰੂ ਪੜ੍ਹਾਈ ਦੀਆਂ ਦੁਕਾਨਾਂ, ਅਖੌਤੀ ਆਧੁਨਿਕ ਸਕੂਲ, ਕਾਲਜ, ਧੜਾਧੜ ਵਪਾਰਕ ਲਾਭਾਂ ਲਈ ਖੋਲ੍ਹੀਆਂ ਯੂਨੀਵਰਸਿਟੀਆਂ, ਆਵਾਜਾਈ ਦੀ ਘੜਮੱਸ ਦੇ ਨਜ਼ਾਰੇ, ਸਕੂਲ ਦੀ ਥਾਂ ਨਰਕਾਂ ਦੀਆਂ ਝਲਕਾਂ ਬਾਖੂਬੀ ਪੇਸ਼ ਕਰ ਰਹੇ ਹਨ। ਇੱਥੋਂ ਦੀ ਗੰਦੀ ਜ਼ਹਿਰੀਲੀ ਹਵਾ, ਪ੍ਰਦੂਸ਼ਿਤ ਪਾਣੀ, ਬੇਹੀਆਂ ਬੁਸੀਆਂ, ਘਾਤਕ ਬਨਾਉਟੀ ਖਾਣ ਵਾਲੀਆਂ ਵਸਤਾਂ, ਖਾਣ ਵਾਲਿਆਂ ਵਿਚੋਂ ਕੋਈ ਵਿਰਲਾ ਹੀ ਤੰਦਰੁਸਤ ਰਹਿ ਸਕਦਾ ਹੈ। ਸਰੀਰਕ, ਮਾਨਸਿਕ ਤੇ ਸਮਾਜਕ ਰੋਗਾਂ ਦੀ ਭਰਮਾਰ ਦੇ ਸਿਰ 'ਤੇ ਸਿਆਸੀ ਦਾਅ ਪੇਚ ਖੇਡ ਕੇ ਹਕੂਮਤਾਂ ਚਲਾਈਆਂ/ਉਲਟਾਈਆਂ ਜਾਂਦੀਆਂ ਹਨ। ਇੱਥੇ ਵਸਦੇ ਕਾਂ ਹੰਸਾਂ ਦੀ ਡਾਰ ਵਿਚ ਰਲਣ ਲਈ ਕਾਹਲੇ ਹੋਣ ਕਰਕੇ ਆਪਣੇ ਆਲ੍ਹਣੇ ਤੇ ਕਾਂ-ਕਾਂ ਨੂੰ ਭੁੱਲਣ 'ਚ ਵੀ ਭਲਾ ਲੱਭ ਰਹੇ ਨੇ। ਸਦੀਆਂ ਤੋਂ ਚੱਲੀਆਂ ਆ ਰਹੀਆਂ ਸਿਹਤਮੰਦ ਰਵਾਇਤਾਂ, ਉਸਾਰੂ ਕਦਰਾਂ-ਕੀਮਤਾਂ, ਕੁਦਰਤ ਦਾ ਸਤਿਕਾਰ, ਸਰਬੱਤ ਦਾ ਭਲਾ, ਸਹਿਜ, ਸਬਰ, ਸੰਤੋਖ ਵਾਲਾ ਰਾਹ ਉਹ ਤਿਆਗ ਚੁੱਕੇ ਨੇ। ਅਖੌਤੀ ਸਭਿਅਕ, ਵਿਕਸਿਤ, ਅੱਗੇ ਵਧੇ ਦੇਸ਼ਾਂ ਦੀ ਘਿਨਾਉਣੀ ਨਕਲ ਨੇ ਉਨ੍ਹਾਂ ਨੂੰ ਨਾ ਘਰ ਦੇ ਛੱਡਿਆ ਹੈ, ਨਾ ਘਾਟ ਦੇ। ਅਸਲ ਵਿਚ ਅੱਜ ਦੇ ਦੌਰ ਦੇ ਮਨੁੱਖ ਨੇ ਸਾਨੂੰ ਕੁਦਰਤ ਤੋਂ ਬੇਮੁੱਖ ਕਰ ਨਿਜ ਵੱਲ ਜੋੜਨ ਦੀ ਜੋ ਕੋਤਾਹੀ ਕੀਤੀ ਹੈ, ਅਸੀਂ ਸਭ ਉਸ ਭੁੱਲ ਦਾ ਹੀ ਖਮਿਆਜ਼ਾ ਭੁਗਤ ਰਹੇ ਹਾਂ।

ਬਿਮਾਰੀਆਂ, ਮਹਾਮਾਰੀਆਂ ਜਿਵੇਂ ਕਰੋਨਾ ਦਾ ਕਹਿਰ ਵਾਪਰ ਰਿਹਾ ਹੈ, ਕੁਦਰਤ ਦੇ ਵਿਰੁੱਧ ਭੁਗਤਣ ਦਾ ਹੀ ਨਤੀਜਾ ਹੈ। ਇਹ ਦ੍ਰਿਸ਼ ਇਨਸਾਨ ਸਦੀਆਂ ਤੋਂ ਦੇਖਦਾ, ਛੱਲਦਾ ਆ ਰਿਹਾ ਹੈ, ਉਥੇ ਇਨ੍ਹਾਂ ਕੋਲੋਂ ਇਹਨੇ ਕੋਈ ਸਬਕ ਨਹੀਂ ਸਿੱਖਿਆ। ਜਿੰਨਾ ਚਿਰ ਅਸੀਂ ਆਪਣੀਆਂ ਗਲਤੀਆਂ ਤੋਂ ਸਿੱਖ ਕੇ ਸਿਆਣੇ ਨਹੀਂ ਬਣਦੇ, ਅਜਿਹੇ ਭਿਆਨਕ ਭਾਣੇ ਵਰਤਦੇ ਹੀ ਰਹਿਣਗੇ।

ਜੇ ਕਰੋਨਾ ਵਾਲੀ ਕੁੱਲ ਸੰਸਾਰ ਦੀ ਅੱਧੀ ਵੱਸੋਂ ਨੇ ਸਿੱਧੇ ਤੌਰ 'ਤੇ ਬਾਕੀ ਰਹਿੰਦੀ ਨੂੰ ਆਪਣੇ ਮਾਰੂ ਅਸਰ ਕਾਰਨ ਲਪੇਟ ਵਿਚ ਲੈਣਾ ਹੋਵੇ ਤਾਂ ਕਈ ਅਜਿਹੇ ਤੱਥ ਸਪਸ਼ਟ ਹੋ ਜਾਂਦੇ ਹਨ, ਜੋ ਅੱਗੇ ਵਧਣ, ਤਰੱਕੀ ਕਰਨ, ਸਭਿਅਕ ਬਣਨ ਦੀ ਭਰਾ ਮਾਰੂ ਦੌੜ ਵਿਚ ਇਨਸਾਨ ਨੇ ਮੁੱਢੋਂ ਹੀ ਭੁਲਾ ਦਿੱਤੇ। ਸਨਅਤਕਾਰੀ, ਸ਼ਹਿਰੀਕਰਨ, ਵਪਾਰਕ ਵਿੱਦਿਆ, ਬਾਜ਼ਾਰੂ ਤੰਦਰੁਸਤੀ, ਮੁਨਾਫੇਖੋਰੀ ਨੂੰ ਮੁੱਖ ਰੱਖਦਿਆਂ ਕੀਤੀ ਖੋਜਕਾਰੀ, ਭਰਾਮਾਰੂ ਜੰਗਾਂ-ਯੁੱਧਾਂ ਲਈ ਅਸਲੇ, ਬੰਬਾਂ, ਮਿਜ਼ਾਇਲਾਂ ਦੇ ਅੰਬਾਰ, ਕੁਰਾਹੇ ਪਾਉਣ ਵਾਲੇ ਸੰਚਾਰ ਸਾਧਨ, ਜ਼ਮੀਨੀ ਸਮੁੰਦਰੀ ਹਵਾਈ ਆਵਾਜਾਈ ਦੀ ਘੜਮੱਸ, ਨਸਲਾਂ, ਜਾਤਾਂ, ਧਰਮਾਂ, ਬੋਲੀਆਂ 'ਚ ਵੰਡ ਪਾਉਣ ਦੀਆਂ ਕੁਚਾਲਾਂ, ਸਮਾਜ ਪਰਿਵਾਰ ਤੇ ਆਮ ਮਨੁੱਖ ਨੂੰ ਹੇਚ ਸਮਝਣ ਵਾਲਾ ਮਨੋਰੰਜਨ ਸਾਹਿਤ ਤੇ ਫਲਸਫਾ, ਲਿੰਗਕ ਵਿਰੋਧ, ਲੋਕ-ਰਾਜ, ਮਨੁੱਖੀ ਹੱਕਾਂ, ਸਮਾਜ ਸੇਵਾ ਦੇ ਨਾਂਵਾਂ ਦੀ ਦੁਰਵਰਤੋਂ, ਸਭ ਤੋਂ ਵੱਧ ਜੀਵਨ ਦੇ ਆਧਾਰ ਖੇਤੀ ਦੀ ਅਣਦੇਖੀ ਤੇ ਬਿਨਾ ਹਲ ਹਿਲਾਇਆਂ ਮਾਇਆ ਇਕੱਠੀ ਕਰਨ ਦੇ ਧੰਦਿਆਂ ਦੀ ਹੱਲਾਸ਼ੇਰੀ ਜਿਹੇ ਵਿਸ਼ਿਆਂ ਦੀ ਮਨਮਰਜ਼ੀ ਦੀ ਵਿਆਖਿਆ ਸਾਨੂੰ ਲੈ ਬੈਠੀ ਹੈ।

ਜੀਭ ਦਾ ਸਵਾਦ ਦਿਮਾਗ ਦੀ ਵਰਜਣਾ ਭੁੱਲ ਸਾਡੀ ਖਾਧ-ਖੁਰਾਕ 'ਤੇ ਹਾਵੀ ਹੋ ਗਿਆ ਹੈ। ਇਹ ਖਾਊ-ਹੰਢਾਊ ਭੋਗਵਾਦੀ ਸਭਿਆਚਾਰ, ਕੁਦਰਤ ਨੇ ਖਾਧ ਖੁਰਾਕ ਲਈ ਅਣਗਿਣਤ ਪਦਾਰਥਾਂ ਦੀ ਸਿਰਜਣਾ ਭੂਗੋਲਿਕ ਹਾਲਤਾਂ ਅਨੁਸਾਰ ਕੀਤੀ ਹੈ। ਗਰਮ, ਖੁਸ਼ਕ, ਠੰਢੇ, ਸੀਤ ਅਤੇ ਸਿੱਲ੍ਹੇ ਤਰ ਮੌਸਮਾਂ ਅਨੁਸਾਰ ਹੀ ਬਨਾਸਪਤੀ ਹੁੰਦੀ ਹੈ। ਜੀਵ-ਜੰਤੂਆਂ ਦੀਆਂ ਖੁੱਡਾਂ, ਘੁਰਨੇ, ਕੁੰਦਰਾਂ, ਆਲ੍ਹਣੇ, ਰਿਹਾਇਸ਼ਗਾਹਾਂ ਹਮੇਸ਼ਾ ਰੁੱਤਾਂ, ਹਵਾਵਾਂ ਅਤੇ ਜਲ-ਥਲ ਦੀ ਭੂਗੋਲਿਕ ਅਨੁਕੂਲਤਾ ਅਨੁਸਾਰ ਹੀ ਹੁੰਦੀਆਂ ਹਨ। ਬਿਰਖ ਬੂਟਿਆਂ ਦੇ ਆਕਾਰ, ਫਲ-ਫੁੱਲ, ਪੱਤ-ਸੁੱਤ ਤੇ ਵਧਣ ਵਿਗਸਣ, ਪੁੰਗਰਨ ਦੇ ਸਮੇਂ ਨੂੰ ਵੀ ਕੁਦਰਤ ਹੀ ਨਿਰਧਾਰਤ ਕਰਦੀ ਹੈ। ਕੈਨੇਡਾ ਵਿਚ ਜੰਡ, ਵਣ, ਕਰੀਰ, ਪਿੱਪਲ, ਬੋਹੜ ਦੇ ਰੁੱਖ ਨਹੀਂ ਹੁੰਦੇ ਅਤੇ ਪੰਜਾਬ ਵਿਚ ਮੈਪਲ ਨਹੀਂ ਉਗ ਸਕਦਾ। ਗੱਲ ਪ੍ਰਾਣੀ ਜਗਤ ਦੀ ਕਰਨੀ ਹੋਵੇ ਤਾਂ ਕਾਦਰ ਦੀ ਸਿਰਜਣਾ ਦੀ ਤਸਬੀਰ ਹੋਰ ਸਪਸ਼ਟ ਹੋ ਜਾਂਦੀ ਹੈ। ਸੰਘਣੀ ਜੱਤ, ਫਰ ਵਾਲੇ ਪੰਛੀ ਬਰਫੀਲੇ ਦੇਸ਼ਾਂ ਵਿਚ ਹੀ ਹੁੰਦੇ ਹਨ ਅਤੇ ਪਤਲੀ ਚਮੜੀ ਵਾਲੇ ਨਗੌਰੀ ਬਲਦ ਜਾਂ ਬੀਕਾਨੇਰੀ ਊਠ ਜਾਂ ਹਾਥੀ, ਗੈਂਡੇ ਗਰਮ ਦੇਸ਼ਾਂ ਦੀ ਹੀ ਸ਼ਾਨ ਹੁੰਦੇ ਹਨ। ਤਾਮਿਲਨਾਡੂ, ਕੇਰਲ, ਸ੍ਰੀਲੰਕਾ ਦੇ ਵਸਨੀਕ ਨੰਗੇ ਪੈਰੀਂ ਜਾਂ ਚੱਪਲਾਂ ਹੀ ਪਾਉਂਦੇ ਹਨ ਅਤੇ ਨਾਰਵੇ, ਸਵੀਡਨ, ਰੂਸ ਵਾਲੇ ਭਾਰੇ ਬੂਟ ਤੇ ਗਰਮ ਜੁਰਾਬਾਂ ਤੋਂ ਬਿਨਾਂ ਘਰੋਂ ਨਿਕਲ ਹੀ ਨਹੀਂ ਸਕਦੇ।

ਮਨੁੱਖੀ ਸਮਾਜ ਹਜ਼ਾਰਾਂ ਲੱਖਾਂ ਸਾਲਾਂ ਵਿਚ ਕੁਦਰਤ ਦੇ ਵਰਤਾਰਿਆਂ ਅਤੇ ਆਪਣੇ ਅਨੁਭਵਾਂ ਤਜਰਬਿਆਂ ਤੋਂ ਸਿੱਖਦਾ/ਸਿਖਾਉਂਦਾ ਸਾਡੇ ਸਮਿਆਂ ਵਿਚ ਪਹੁੰਚਿਆ ਹੈ। ਜਦੋਂ ਸਾਡੇ ਵੱਡ-ਵਡੇਰੇ ਪਸ਼ੂਆਂ ਦੇ ਪੱਧਰ 'ਤੇ ਹੀ ਜੀਅ ਰਹੇ ਸਨ ਤਾਂ ਉਨ੍ਹਾਂ ਦੀ ਮਨੋਬਿਰਤੀ ਵੀ ਡੰਗਰਾਂ ਜਿਹੀ ਹੀ ਸੀ। ਲੜਨ, ਭਿੜਨ, ਖੋਹਣ, ਖਿੰਝਣ, ਮਿੱਧਣ, ਲਤਾੜਨ, ਜੀਭ ਦਾ ਝੱਸ ਪੂਰਾ ਕਰਨ, ਲਿੰਗਕ ਲੋੜਾਂ ਦੀ ਪੂਰਤੀ ਲਈ ਖੂਨੀ ਝੜਪਾਂ, ਕਮਜ਼ੋਰਾਂ, ਮਾੜਿਆਂ ਤੇ ਬੁੱਢਿਆਂ ਠੇਰਿਆਂ ਤੇ ਮਾਦਾ ਜਿਸਮ ਵਾਲੀਆਂ 'ਤੇ ਰੋਅਬ ਪਾਉਣ ਤੇ ਧੌਂਸ ਜਮਾਉਣ ਦੀਆਂ ਘਿਨਾਉਣੀਆਂ ਕਰਤੂਤਾਂ ਹੱਦੋਂ ਵੱਧ ਗਈਆਂ ਤਾਂ ਸਮਾਜ ਨੇ ਮੋੜਾ ਕੱਟਿਆ। ਇਨ੍ਹਾਂ ਪਸ਼ੂ-ਬਿਰਤੀਆਂ ਨੂੰ ਕਾਬੂ ਕਰਨ ਲਈ ਵਿਆਹ ਦੀ ਪਿਰਤ ਹੋਂਦ 'ਚ ਆਈ। ਕੁਝ ਫਿਕਰਮੰਦ ਬੰਦਿਆਂ ਅਤੇ ਕੁਦਰਤੀ ਜ਼ਿੰਮੇਵਾਰੀ ਨਿਭਾਉਣ ਵਾਲੀਆਂ ਔਰਤਾਂ ਨੇ ਪਸ਼ੂਆਂ ਦੇ ਇਸ ਬੇਮੁਹਾਰੇ ਆਪਹੁਦਰੇ ਵੱਗ ਨੂੰ ਕਾਬੂ 'ਚ ਰੱਖਣ ਲਈ ਕਈ ਕਿਸਮ ਦੇ ਕਾਇਦੇ ਕਾਨੂੰਨ ਸਥਾਪਤ ਕਰ ਕੇ ਸਭਿਆਤਾਵਾਂ, ਸਭਿਆਚਾਰ ਤੇ ਸਲੀਕੇਦਾਰ ਕਦਰਾਂ-ਕੀਮਤਾਂ ਦਾ ਮੁੱਢ ਬੰਨ੍ਹਿਆ। ਪਰਿਵਾਰ ਬਣੇ, ਘਰ ਉਸਰੇ, ਭਾਈਚਾਰਕ ਸਬੰਧ ਤੇ ਸਾਕ ਸਰੀਕੇ ਹੋਂਦ 'ਚ ਆਏ।

ਹੌਲੀ-ਹੌਲੀ ਸਮੇਂ ਦੇ ਬਦਲਣ ਨਾਲ ਮਾਤਾਵਾਂ ਵਲੋਂ ਸਿਰਜਿਆ ਭਾਈਚਾਰਾ ਫੇਰ ਮਰਦਾਂ ਦੀ ਗ੍ਰਿਫਤ ਵਿਚ ਆ ਗਿਆ, ਕਿਉਂਕਿ ਅੰਸ਼-ਵੰਸ਼ ਵਧਾਉਣ ਦੀ ਦਾਤ ਕੁਦਰਤ ਨੇ ਔਰਤ ਜਾਤ ਨੂੰ ਹੀ ਬਖਸ਼ੀ ਹੈ। ਇਹਦੇ ਕਾਰਨ ਸਰੀਰਕ ਪੱਖੋਂ ਇਹ ਮਰਦਾਂ ਨਾਲ ਮੁਕਾਬਲਾ ਨਾ ਕਰਨ ਕਰਕੇ ਉਹਦੀ ਧੌਂਸ, ਧੱਕੇ, ਹਵਸ, ਹਉਮੈ ਦੀ ਸ਼ਿਕਾਰ ਹੁੰਦੀ ਰਹੀ। ਰਾਜਿਆਂ, ਮਹਾਰਾਜਿਆਂ, ਬਾਦਸ਼ਾਹਾਂ-ਸ਼ਹਿਨਸ਼ਾਹਾਂ ਦੇ ਦੌਰ ਵਿਚ ਔਰਤਾਂ ਨਾਲ ਜੋ

***(ਬਾਕੀ ਅਗਲੇ ਸਫੇ 'ਤੇ)***

# ਕਰੋਨਾ ਖਿਲਾਫ ਜੰਗ ਲਈ ਸਿਰੜ ਤੇ ਸੰਜੀਦਗੀ ਦੀ ਲੋੜ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸੰਸਾਰ ਇੱਕ ਬਹੁਤ ਵੱਡੀ ਮੁਸੀਬਤ ਦੇ ਮੂੰਹ ਆਇਆ ਪਿਆ ਹੈ। ਇਹ ਮੁਸੀਬਤ ਕਾਬੂ ਵਿਚ ਆਉਣ ਦੀ ਥਾਂ ਹਰ ਨਵੇਂ ਦਿਨ ਨਾਲ ਵਧਦੀ ਜਾਂਦੀ ਜਾਪਦੀ ਹੈ। ਜੰਗਾਂ ਵਿਰੁੱਧ ਸਾਂਝੇ ਮੋਰਚੇ ਬਣਾਏ ਤਾਂ ਇਤਿਹਾਸ ਵਿਚੋਂ ਮਿਲ ਜਾਂਦੇ ਹਨ, ਪਰ ਇਸ ਵਾਰੀ ਇੱਕ ਅਣਦਿੱਸਦੇ ਦੁਸ਼ਮਣ ਕਰੋਨਾ ਵਾਇਰਸ ਨਾਲ ਜੰਗ ਲੜਨ ਲਈ ਸਾਂਝਾ ਮੋਰਚਾ ਨਹੀਂ ਬਣ ਸਕਿਆ ਤੇ ਦੇਸ਼ਾਂ ਦੀਆਂ ਸਰਕਾਰਾਂ ਆਪੋ-ਆਪਣੇ ਘੋੜੇ ਭਜਾਈ ਫਿਰਦੀਆਂ ਹਨ। ਦੁਨੀਆਂ ਦੀ ਇਕਲੌਤੀ ਮਹਾਸ਼ਕਤੀ ਹੋਣ ਦੇ ਭਰਮ ਵਿਚ ਫਸਿਆ ਅਮਰੀਕਾ ਇੱਕ ਅੱਥਰੇ ਸੁਭਾਅ ਵਾਲੇ ਰਾਸ਼ਟਰਪਤੀ ਦੀ ਅਗਵਾਈ ਹੇਠ ਦੁਨੀਆਂ ਵਿਚ ਕਰੋਨਾ ਦੀ ਸਭ ਤੋਂ ਵੱਧ ਮਾਰ ਝੱਲ ਰਿਹਾ ਹੈ। ਨਿਊ ਯਾਰਕ ਸਟੇਟ ਵਿਚ ਹੀ ਮੌਤਾਂ ਦੀ ਲੜੀ ਟੁੱਟਣ ਵਿਚ ਨਹੀਂ ਆ ਰਹੀ। ਸੰਸਾਰ ਭਰ ਦੇ ਲੋਕ ਅਮਰੀਕਾ ਵੱਲ ਵੇਖ ਰਹੇ ਹਨ, ਪਰ ਉਸ ਨਾਲ ਜੰਗਾਂ ਲੜਨ ਲਈ ਕਦੀ ਇਰਾਕ ਅਤੇ ਕਦੀ ਅਫਗਾਨਿਸਤਾਨ ਨੂੰ ਫੌਜਾਂ ਭੇਜਣ ਵਾਲੇ ਦੇਸ਼ ਵੀ ਇਸ ਵਕਤ ਉਸ ਵੱਲ ਵੇਖੇ ਬਿਨਾ ਆਪੋ-ਆਪਣੀ ਥਾਂ ਬਿਮਾਰੀ ਨਾਲ ਜੂਝ ਰਹੇ ਹਨ।



*ਕੇਰਲਾ ਦੀ ਸਿਹਤ ਮੰਤਰੀ ਬੀਬੀ ਕੇ. ਕੇ. ਸ਼ੈਲਜਾ*

ਬਿਮਾਰੀ ਦਾ ਪਹਿਲਾ ਵੱਡਾ ਪ੍ਰਗਟਾਵਾ ਚੀਨ ਵਿਚ ਪਿਛਲੇ ਦਸੰਬਰ ਵਿਚ ਹੋਇਆ ਸੀ। ਉਦੋਂ ਦੁਨੀਆਂ ਦੇ ਕਿਸੇ ਵੀ ਦੇਸ਼ ਨੇ ਇਹ ਨਹੀਂ ਸੀ ਸੋਚਿਆ ਕਿ ਮੁਸੀਬਤ ਉਨ੍ਹਾਂ ਦੇ ਘਰ ਤੱਕ ਵੀ ਆ ਸਕਦੀ ਹੈ। ਫਿਰ ਜਦੋਂ ਇਹ ਉਨ੍ਹਾਂ ਦੇਸ਼ਾਂ ਵੱਲ ਨੂੰ ਆਉਣੀ ਸ਼ੁਰੂ ਹੋਈ ਤਾਂ ਇੱਕਦਮ ਵੱਜੀ ਸੱਟ ਨਾਲ ਉਥੋਂ ਦੀਆਂ ਸਰਕਾਰਾਂ ਦੇ ਥੰਮ੍ਹ ਥਿੜਕ ਗਏ। ਸੰਸਾਰ ਦੇ ਅਗਵਾਨੂੰ ਦੇਸ਼ ਅਖਵਾਉਣ ਵਾਲਿਆਂ ਵਿਚ ਜਦੋਂ ਬਿਮਾਰੀ ਪਹੁੰਚੀ ਤੇ ਪਹੁੰਚਦੇ ਸਾਰ ਸੱਥਰ ਵਿਛਾਉਣ ਲੱਗ ਪਈ ਤਾਂ ਉਥੋਂ ਦੀਆਂ ਸਰਕਾਰਾਂ ਨੇ ਆਪਣਾ ਘਰ ਸਾਂਭਣ ਦੀ ਥਾਂ ਇੱਕ ਨਵਾਂ ਕੂਟਨੀਤਕ ਮੋਰਚਾ ਖੋਲ੍ਹ ਲਿਆ ਕਿ ਚੀਨ ਨੇ ਸਾਨੂੰ ਇਸ ਬਾਰੇ ਵੇਲੇ ਸਿਰ ਨਹੀਂ ਦੱਸਿਆ। ਇਹ ਗੱਲ ਮੰਨੀ ਜਾਣ ਵਿਚ ਕਿਸੇ ਨੂੰ ਇਤਰਾਜ਼ ਨਾ ਵੀ ਹੋਵੇ ਕਿ ਚੀਨ ਨੇ ਵੇਲੇ ਸਿਰ ਸੰਸਾਰ ਭਰ ਵਿਚ ਡੌਂਡੀ ਨਹੀਂ ਪਿੱਟੀ, ਫਿਰ ਵੀ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਚੀਨ ਦੇ ਹਾਲਾਤ ਵੇਖ ਕੇ ਜਿਨ੍ਹਾਂ ਦੇਸ਼ਾਂ ਨੂੰ ਆਪਣੇ ਘਰ ਵਿਚ ਅਗੇਤੇ ਬਚਾਓ ਦੇ ਪ੍ਰਬੰਧ ਕਰ ਲੈਣੇ ਚਾਹੀਦੇ ਸਨ, ਉਨ੍ਹਾਂ ਨੇ ਏਦਾਂ ਦਾ ਕੁਝ ਕੀਤਾ ਹੀ ਨਹੀਂ। ਅਜੋਕੇ ਹਾਲ ਵਿਚ ਉਹ ਚੀਨ ਦੇ ਖਿਲਾਫ ਜੋ ਮਰਜ਼ੀ ਕਹਿ ਲੈਣ, ਆਪਣੇ ਲੋਕਾਂ ਵੱਲੋਂ ਪੁੱਛੇ ਜਾਂਦੇ ਸਵਾਲਾਂ ਤੇ ਮੁੱਦਿਆਂ ਦਾ ਵੀ ਕੋਈ ਜਵਾਬ ਤਾਂ ਦੇਣ! ਇਸ ਦੀ ਉਹ ਲੋੜ ਹੀ ਨਹੀਂ ਸਮਝਦੇ।

ਉਲਟਾ ਇਹ ਹੈ ਕਿ ਅਮਰੀਕਾ ਦੀ ਨੈਸ਼ਨਲ ਇੰਸਟੀਚਿਊਟ ਆਫ ਅਲਰਜੀ ਦੇ ਡਾਇਰੈਕਟਰ ਡਾ. ਐਂਥਨੀ ਫਾਊਸੀ ਤੇ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਦੇ ਡਾਇਰੈਕਟਰ ਡਾ. ਰੈੱਡਫੀਲਡ ਨੇ ਕੁਝ ਕਿਹਾ ਤਾਂ ਉਨ੍ਹਾਂ ਨੂੰ ਜਨਤਕ ਤੌਰ 'ਤੇ ਭੰਡਿਆ ਗਿਆ। ਅਮਰੀਕਾ ਦੀ ਬਾਇਓਮੈਡੀਕਲ ਐਡਵਾਂਸ ਰਿਸਰਚ ਅਥਾਰਟੀ ਦੇ ਡਾਇਰੈਕਟਰ ਰਿਕ ਬਰਾਈਟ ਨੂੰ ਨੌਕਰੀ ਤੋਂ ਹੀ ਕੱਢ ਦਿੱਤਾ ਅਤੇ ਇਸ ਬਾਰੇ ਸਵਾਲ ਪੁੱਛਿਆ ਗਿਆ ਤਾਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਮੈਂ ਰਿਕ ਬਰਾਈਟ ਨੂੰ ਜਾਣਦਾ ਤੱਕ ਨਹੀਂ। ਕਾਰਨ ਬੱਸ ਇਹ ਸੀ ਕਿ ਇਨ੍ਹਾਂ ਲੋਕਾਂ ਵੱਲੋਂ ਕਹੇ ਗਏ ਸ਼ਬਦ ਰਾਸ਼ਟਰਪਤੀ ਟਰੰਪ ਦੀ ਕੂਟਨੀਤੀ ਦੇ ਮੁਤਾਬਕ ਨਹੀਂ ਸਨ। ਉਸ ਦੀ ਕੂਟਨੀਤੀ ਤੇ ਦੇਸ਼ ਵਿਚ ਅਗਲੇ ਦਿਨੀਂ ਹੋਣ ਜਾ ਰਹੀ ਰਾਸ਼ਟਰਪਤੀ ਚੋਣ ਨੀਤੀ ਦੀਆਂ ਲੋੜਾਂ ਇਸ ਵੇਲੇ ਵੀ ਭਾਰੂ ਹਨ।

ਭਾਰਤ ਵਿਚ ਕੇਂਦਰ ਤੇ ਪੰਜਾਬ ਦੀਆਂ ਸਰਕਾਰਾਂ ਇਸ ਵਕਤ ਤੱਕ ਆਪਣੇ ਲੋਕਾਂ ਨੂੰ ਕਰੋਨਾ ਦੀ ਇਸ ਬਿਮਾਰੀ ਤੋਂ ਬਚਾਉਣ ਲਈ ਜਿੰਨੇ ਪ੍ਰਬੰਧ ਕਰ ਰਹੀਆਂ ਹਨ, ਆਮ ਤੌਰ 'ਤੇ ਉਹ ਠੀਕ ਹਨ। ਹਰ ਗੱਲ ਦੀ ਨੁਕਤਾਚੀਨੀ ਕਰਨ ਵਾਲੇ ਲੋਕਾਂ ਨੂੰ ਛੱਡ ਲਈਏ ਤਾਂ ਬਹੁਤੇ ਲੋਕਾਂ ਦੀ ਰਾਏ ਹੈ ਕਿ ਮੁੱਢ ਵਿਚ ਬੇਸ਼ੱਕ ਲੌਕਡਾਊਨ ਅਤੇ ਕਰਫਿਊ ਦੋਵੇਂ ਹੱਦੋਂ ਬਾਹਰੇ ਨੰਬਰ ਬਣਾਉਣ ਲਈ ਚੁੱਕੇ ਕਦਮ ਜਾਪਦੇ ਸਨ, ਸਮੇਂ ਨੇ ਸਾਬਤ ਕਰ ਦਿੱਤਾ ਕਿ ਇਹ ਕੁਝ ਨਾ ਕੀਤਾ ਜਾਂਦਾ ਤਾਂ ਜੋ ਹਾਲ ਮਹਾਰਾਸ਼ਟਰ ਦਾ ਹੋਇਆ ਹੈ, ਉਸ ਤੋਂ ਵੱਧ ਪੰਜਾਬ ਵਿਚ ਹੋ ਜਾਣਾ ਸੀ।

ਭਾਰਤ ਵਿਚ ਬਿਮਾਰੀ ਅਜੇ ਤੱਕ ਵੀ ਓਨੀ ਬੁਰੀ ਤਰ੍ਹਾਂ ਪੈਰ ਨਹੀਂ ਪਸਾਰ ਸਕੀ, ਜਿੰਨੀ ਲੌਕਡਾਊਨ ਨਾ ਲੱਗਣ ਤੇ ਵਿਦੇਸ਼ੀ ਉਡਾਣਾਂ ਬੰਦ ਨਾ ਕਰਨ ਦੀ ਸੂਰਤ ਵਿਚ ਫੈਲ ਸਕਦੀ ਸੀ। ਪਹਿਲੇ ਦਿਨਾਂ ਵਿਚ ਪੁਲਿਸ ਦੀ ਸਖਤੀ ਦਾ ਲੋਕਾਂ ਦੀ ਬੇਇੱਜਤੀ ਕਰਨ ਵਾਲਾ ਪੁਰਾਣਾ ਢੰਗ ਕਿਸੇ ਨੂੰ ਵੀ ਪਸੰਦ ਨਹੀਂ ਸੀ, ਅਸੀਂ ਵੀ ਇਸ ਦੇ ਖਿਲਾਫ ਸਾਂ ਤੇ ਬਹੁਤ ਸਾਰੇ ਲੋਕਾਂ ਨੇ ਵੀ ਵੱਡੇ ਪੱਧਰ 'ਤੇ ਇਸ ਦਾ ਵਿਰੋਧ ਕੀਤਾ ਸੀ, ਪਰ ਜਦੋਂ ਇਸ ਤਰ੍ਹਾਂ ਦੀ ਸਖਤੀ ਤੋਂ ਰਾਜ ਸਰਕਾਰ ਨੇ ਵਰਜ ਦਿੱਤਾ, ਉਸ ਪਿਛੋਂ ਸਮਝਾਊ ਮੁਹਿੰਮ ਦਾ ਅਸਰ ਕੋਈ ਖਾਸ ਦਿਖਾਈ ਨਹੀਂ ਦੇ ਰਿਹਾ। ਕਿਸੇ ਨਾ ਕਿਸੇ ਬਹਾਨੇ ਲੋਕ ਅਜੇ ਵੀ ਬਾਜ਼ਾਰਾਂ ਵਿਚ ਨਿਕਲ ਪੈਂਦੇ ਹਨ ਤੇ ਅੱਗੇ ਜਾ ਕੇ ਢਾਣੀਆਂ ਬਣਾਉਣ ਤੋਂ ਗੁਰੇਜ਼ ਨਹੀਂ ਕਰਦੇ।

ਭਾਰਤ ਵਿਚ ਦੋ ਮਾਰਚ ਨੂੰ ਪਹਿਲੀ ਵਾਰ ਤਿੰਨ ਕੇਸ ਪਤਾ ਲੱਗਣ ਨਾਲ ਸ਼ੁਰੂਆਤ ਹੋਈ ਤੇ ਬਾਰਾਂ ਮਾਰਚ ਨੂੰ ਪਹਿਲੀ ਮੌਤ ਹੋਈ ਸੀ। ਉਸੇ ਵਕਤ ਲੌਕਡਾਊਨ ਕਰ ਦੇਣ ਸਦਕਾ ਕੇਸਾਂ ਅਤੇ ਮੌਤਾਂ-ਦੋਹਾਂ ਪੱਖਾਂ ਤੋਂ ਇਹ ਦੇਸ਼ ਕਾਫੀ ਹੱਦ ਤੱਕ ਬਚਿਆ ਹੋਇਆ ਹੈ। ਅਮਰੀਕਾ ਵਿਚ ਪਹਿਲੀ ਮਾਰਚ ਦੇ ਦਿਨ, ਭਾਰਤ ਤੋਂ ਛੇ ਦਿਨ ਪਹਿਲਾਂ ਕਰੋਨਾ ਵਾਇਰਸ ਨਾਲ ਪਹਿਲੀ ਮੌਤ ਹੋਈ ਸੀ ਤੇ ਫਿਰ ਉਹ ਕਰੋਨਾ ਦੀਆਂ ਮੌਤਾਂ ਦੇ ਮਾਮਲੇ ਵਿਚ ਦੁਨੀਆਂ ਦੇ ਸਾਰੇ ਦੇਸ਼ਾਂ ਨਾਲੋਂ ਵੱਧ ਪੀੜਤ ਦੇਸ਼ ਬਣਦਾ ਗਿਆ। ਉਸ ਦੇਸ਼ ਵਿਚ ਜਦੋਂ ਪੰਜਾਹ ਹਜ਼ਾਰ ਤੋਂ ਵੱਧ ਮੌਤਾਂ ਹੋ ਚੁਕੀਆਂ ਸਨ, ਉਦੋਂ ਭਾਰਤ ਵਿਚ ਅੱਠ ਸੌ ਤੋਂ ਹੇਠਾਂ ਸਨ। ਵੇਲੇ ਸਿਰ ਚੁੱਕੇ ਗਏ ਕਦਮਾਂ ਨੇ ਬਚਾਅ ਕੀਤਾ ਤਾਂ ਦਿੱਸਦਾ ਹੀ ਹੈ।

ਪੰਜਾਬ ਵਿਚ ਇਸ ਦੌਰਾਨ ਵੀਹ ਤੋਂ ਘੱਟ ਮੌਤਾਂ ਹੋਈਆਂ ਅਤੇ ਕੇਸਾਂ ਦੀ ਗਿਣਤੀ ਤਿੰਨ ਸੌ ਤੱਕ ਪਹੁੰਚੀ ਹੈ ਤਾਂ ਇਥੇ ਵੀ ਸਰਕਾਰ ਅਤੇ ਬਾਕੀ ਸਭ ਧਿਰਾਂ ਦੇ ਸਹਿਯੋਗ ਦਾ ਅਸਰ ਮੰਨਿਆ ਜਾ ਸਕਦਾ ਹੈ। ਦੋ ਜਿਲਿਆਂ-ਜਲੰਧਰ ਤੇ ਮੋਹਾਲੀ ਵਿਚ ਹਾਲਤ ਗੰਭੀਰ ਹੈ, ਪਰ ਜਿਹੜੇ ਨਵਾਂ ਸ਼ਹਿਰ ਤੋਂ ਬਿਮਾਰੀ ਸ਼ੁਰੂ ਹੋਈ ਸੀ, ਸ਼ੁਕਰ ਹੈ! ਉਥੋਂ ਫਿਰ ਇੱਕ ਵੀ ਮੌਤ ਦੀ ਖਬਰ ਨਹੀਂ ਆਈ ਤੇ ਜਿਹੜੇ ਅਠਾਰਾਂ ਲੋਕ ਇਸ ਦੀ ਲਾਗ ਨਾਲ ਹਸਪਤਾਲ ਪਹੁੰਚੇ ਸਨ, ਉਨ੍ਹਾਂ ਨੂੰ ਠੀਕ ਕਰ ਕੇ ਘਰੀਂ ਭੇਜ ਦਿੱਤਾ ਗਿਆ ਹੈ। ਕੇਂਦਰ ਸਰਕਾਰ ਨੇ ਦੇਸ਼ ਦੇ ਜਿਹੜੇ ਜਿਲੇ ਬਿਮਾਰੀ ਤੋਂ ਬਚੇ ਹੋਏ ਦੱਸੇ ਹਨ, ਉਨ੍ਹਾਂ ਵਿਚ ਨੌਂ ਜਿਲੇ ਪੰਜਾਬ ਦੇ ਦਰਜ ਹਨ। ਇਹ ਵੀ ਰਾਜ ਸਰਕਾਰ ਦੇ ਯਤਨਾਂ ਅਤੇ ਲੋਕਾਂ ਦੇ ਸਹਿਯੋਗ ਦਾ ਸਿੱਟਾ ਹੈ।

ਫਿਰ ਵੀ ਦੋ ਰਾਜਾਂ-ਕੇਰਲਾ ਤੇ ਉੜੀਸਾ ਵਿਚ ਜਿਵੇਂ ਇਸ ਬਿਮਾਰੀ ਨੂੰ ਠੱਲ੍ਹਿਆ ਗਿਆ, ਉਸ ਦੀ ਹਰ ਕੋਈ ਦਾਦ ਦਿੰਦਾ ਹੈ। ਕੇਰਲਾ ਦੇ ਲੋਕ ਪੜ੍ਹੇ-ਲਿਖੇ ਅਤੇ ਜ਼ਾਬਤਾ ਮੰਨਣ ਵਾਲੇ ਹਨ। ਉਸ ਰਾਜ ਦੀ ਸਿਹਤ ਮੰਤਰੀ ਬੀਬੀ ਕੇ. ਕੇ. ਸ਼ੈਲਜਾ ਬਾਰੇ ਵੀ ਹਰ ਪਾਸਿਓਂ ਸਿਫਤਾਂ ਸੁਣਦੀਆਂ ਹਨ ਕਿ ਉਸ ਨੇ ਰਾਤ ਦਿਨ ਬਹੁਤ ਕੰਮ ਕੀਤਾ ਹੈ ਤੇ ਰਿਲੀਫ ਦੇ ਕੰਮਾਂ ਵਿਚ ਆਪਣੇ ਕਾਮਰੇਡਾਂ ਦੇ ਨਾਲ ਕਾਂਗਰਸੀਆਂ ਹੀ ਨਹੀਂ, ਭਾਜਪਾ ਅਤੇ ਆਰ. ਐਸ. ਐਸ. ਵਾਲਿਆਂ ਨੂੰ ਵੀ ਜੋੜ ਕੇ ਨਤੀਜੇ ਕੱਢੇ ਹਨ। ਇਸ ਰਾਜ ਦੇ ਨਾਲ ਹੀ ਮਹਾਰਾਸ਼ਟਰ ਵਿਚ ਬਿਮਾਰੀ ਦੀ ਸ਼ੁਰੂਆਤ ਹੋਈ ਸੀ, ਉਥੇ ਇਹ ਸਤਰਾਂ ਲਿਖਣ ਤੱਕ ਮੌਤਾਂ ਦੀ ਗਿਣਤੀ ਤਿੰਨ ਸੌ ਟੱਪ ਚੁੱਕੀ ਹੈ ਤੇ ਕੇਰਲਾ ਵਿਚ ਮੁਢਲੇ ਦਿਨਾਂ ਵਿਚ ਹੋਈਆਂ ਤਿੰਨ ਮੌਤਾਂ ਤੋਂ ਅੱਗੇ ਨਹੀਂ ਵਧ ਸਕੀ। ਪਹਿਲਾਂ ਨਿਪਾਹ ਦੇ ਵਾਇਰਸ ਵੇਲੇ ਵੀ ਉਸ ਰਾਜ ਵਿਚ ਇਸੇ ਲਈ ਵੱਡਾ ਨੁਕਸਾਨ ਨਹੀਂ ਸੀ ਹੋਇਆ ਕਿ ਰਾਜ ਸਰਕਾਰ ਨੇ ਵੇਲੇ ਸਿਰ ਕਦਮ ਚੁੱਕੇ ਸਨ ਅਤੇ ਲੋਕਾਂ ਨੇ ਰਾਜਸੀ ਮੱਤਭੇਦ ਲਾਂਭੇ ਰੱਖ ਕੇ ਸਰਕਾਰ ਦਾ ਸਹਿਯੋਗ ਕੀਤਾ ਸੀ।

ਉੜੀਸਾ ਵਿਚ ਮੁੱਖ ਮੰਤਰੀ ਨਵੀਨ ਪਟਨਾਇਕ ਮੀਡੀਏ ਵਿਚ ਖਾਸ ਝਲਕਦਾ ਨਹੀਂ, ਪਰ ਉਸ ਨੇ ਬਿਮਾਰੀ ਰੋਕਣ ਲਈ ਆਪਣੀ ਸਰਕਾਰ ਨੂੰ ਇਸ ਤਰ੍ਹਾਂ ਸਰਗਰਮ ਕੀਤਾ ਹੈ ਕਿ ਇਹ ਸਤਰਾਂ ਲਿਖਣ ਵੇਲੇ ਤੱਕ ਗੁਜਰਾਤ ਵਿਚ ਮੌਤਾਂ ਦੀ ਗਿਣਤੀ ਜਦੋਂ ਸਵਾ ਸੌ ਟੱਪ ਚੁਕੀ ਹੈ,



*ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ*

ਮੱਧ ਪ੍ਰਦੇਸ਼ ਵਿਚ ਸੌ ਦੇ ਨੇੜੇ ਜਾ ਪਹੁੰਚੀ ਹੈ, ਉੜੀਸਾ 'ਚ ਸਿਰਫ ਨੱਬੇ ਕੇਸ ਤੇ ਇੱਕ ਮੌਤ ਤੋਂ ਬਿਮਾਰੀ ਅੱਗੇ ਨਹੀਂ ਵਧ ਸਕੀ। ਇਹ ਸਭ ਉਸ ਮੁੱਖ ਮੰਤਰੀ ਦੀ ਯੋਗ ਅਗਵਾਈ ਦਾ ਸਿੱਟਾ ਹੈ।

ਇਸ ਮੌਕੇ ਅਸੀਂ ਸਾਰੇ ਸੰਸਾਰ ਦੇ ਦ੍ਰਿਸ਼ 'ਤੇ ਵੀ ਝਾਤ ਮਾਰੀਏ ਤਾਂ ਸੰਕਟ ਦੇ ਸਮੇਂ ਸਭ ਤੋਂ ਲਾਪ੍ਰਵਾਹ ਕਿਸਮ ਦਾ ਵਿਹਾਰ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦਾ ਦਿਖਾਈ ਦਿੰਦਾ ਹੈ। ਉਸ ਨੇ ਪਹਿਲਾਂ ਇਹ ਕਹਿ ਕੇ ਸਨਸਨੀ ਫੈਲਾ ਦਿੱਤੀ ਸੀ ਕਿ ਲੱਖ, ਦੋ ਲੱਖ ਮੌਤਾਂ ਹੋਣ ਪਿੱਛੋਂ ਵੀ ਜੇ ਅਸੀਂ ਕੰਟਰੋਲ ਕਰ ਲਈਏ ਤਾਂ ਇਹ ਸਰਕਾਰ ਦੀ ਕਾਮਯਾਬੀ ਹੋਵੇਗੀ। ਕਹਿਣ ਤੋਂ ਭਾਵ ਕਿ ਸ਼ੁਰੂ ਵਿਚ ਹੀ ਉਸ ਨੇ ਲੋਕਾਂ ਨੂੰ ਲੱਖ, ਦੋ ਲੱਖ ਮੌਤਾਂ ਹੋਣ ਬਾਰੇ ਤਿਆਰ ਰਹਿਣ ਲਈ ਉਦੋਂ ਕਹਿ ਦਿੱਤਾ ਸੀ, ਜਦੋਂ ਅਜੇ ਉਸ ਦੇਸ਼ ਵਿਚ ਕੁੱਲ ਮੌਤਾਂ ਦੀ ਗਿਣਤੀ ਪੰਜ ਹਜ਼ਾਰ ਨਹੀਂ ਸੀ ਹੋਈ ਤੇ ਇਹੀ ਕਾਰਨ ਹੈ ਕਿ ਜਦੋਂ ਮੌਤਾਂ ਦੀ ਗਿਣਤੀ ਅੱਧੇ ਲੱਖ ਤੋਂ ਵੀ ਟੱਪ ਗਈ ਤਾਂ ਉਥੇ ਰੌਲਾ ਨਹੀਂ ਪਿਆ ਕਿ ਰਾਸ਼ਟਰਪਤੀ ਨੇ ਮੌਤਾਂ ਬਾਰੇ ਅਗੇਤਾ ਹੀ ਇੱਕ ਗੋਲ ਮਿਥ ਦਿੱਤਾ ਸੀ, ਜਿੱਥੋਂ ਤੱਕ ਸੋਚਣ ਦੀ ਬਹੁਤੀ ਲੋੜ ਨਹੀਂ ਸੀ ਰਹਿੰਦੀ। ਅੱਧਾ ਲੱਖ ਮੌਤਾਂ ਹੋਣ ਵਾਲੇ ਦਿਨ ਵੀ ਉਹ ਵ੍ਹਾਈਟ ਹਾਊਸ ਦੀ ਪ੍ਰੈੱਸ ਕਾਨਫਰੰਸ ਵਿਚ ਸੈਨੇਟਾਈਜ਼ਰ ਦੇ ਟੀਕੇ ਲਾਉਣ ਦੀ ਗੱਲ ਕਹਿੰਦਾ ਤੇ ਮਜ਼ਾਕ ਕਰਦਾ ਪਿਆ ਸੀ। ਸੰਸਾਰ ਭਰ ਦੀਆਂ ਕੁੱਲ ਮੌਤਾਂ ਦੇ ਚੌਥੇ ਹਿੱਸੇ ਤੋਂ ਵੱਧ ਜਿਹੜੇ ਇਕੱਲੇ ਦੇਸ਼ ਵਿਚ ਹੀ ਹੋਈਆਂ ਹੋਣ, ਉਸ ਦੇ ਰਾਸ਼ਟਰਪਤੀ ਨੂੰ ਤਾਂ ਰਾਤਾਂ ਨੂੰ ਨੀਂਦ ਨਹੀਂ ਆਉਣੀ ਚਾਹੀਦੀ, ਪਰ ਟਰੰਪ ਨੂੰ ਮਜ਼ਾਕ ਸੁੱਝਦੇ ਹਨ!

ਦੁਨੀਆਂ ਭਰ ਦੇ ਲੋਕਾਂ ਨੂੰ ਤਰੇਲੀਆਂ ਲਿਆ ਦੇਣ ਅਤੇ ਲਾਸ਼ਾਂ ਦੇ ਢੇਰ ਲਾ ਦੇਣ ਵਾਲੀ ਇਹੋ ਜਿਹੀ ਬਿਮਾਰੀ ਸੰਸਾਰ ਦੇ ਲੋਕਾਂ ਸਿਰ ਪਹਿਲੀ ਵਾਰ ਪਈ ਹੈ। ਇਸ ਨਾਲ ਸਿੱਝਣ ਲਈ ਸੰਜੀਦਗੀ ਦੀ ਲੋੜ ਹੈ। ਸੰਸਾਰ ਦੀ ਪੰਚਾਇਤ ਯੂ. ਐਨ. ਓ. ਇਸ ਕੰਮ ਵਿਚ ਕੋਈ ਨਰੋਈ ਸਿਹਤ ਦੇਣ ਵਿਚ ਕਾਮਯਾਬ ਨਹੀਂ ਹੋਈ। ਉਸ ਵਿਚ ਵੀ ਕਮੀਆਂ ਹਨ। ਅਣਦਿੱਸਦੇ ਦੁਸ਼ਮਣ ਵਾਇਰਸ ਨਾਲ ਹੋ ਰਹੀ ਇਸ ਨਿਵੇਕਲੀ ਜੰਗ ਵਿਚ ਸਿਰੜ ਤੇ ਸੰਜੀਦਗੀ-ਦੋਹਾਂ ਦੀ ਲੋੜ ਹੈ।

# ਕੁਦਰਤ ਨਾਲ ਖਿਲਵਾੜ ਅਤੇ ਕਰੋਨਾ ਦਾ ਕਹਿਰ

*(ਪਿਛਲੇ ਸਫੇ ਦੀ ਬਾਕੀ)*

ਹੋਇਆ, ਉਹ ਦਰਦਨਾਕ ਘਟਨਾਵਾਂ ਪੜ੍ਹ-ਸੁਣ ਕੇ ਹੀ ਦਿਲ ਦਹਿਲ ਜਾਂਦਾ ਹੈ। ਧਰਮਾਂ-ਮਜ਼੍ਹਬਾਂ ਵਾਲੇ, ਮਨੁੱਖੀ ਹੱਕਾਂ ਦੇ ਮੁੱਦਈ, ਫਲਸਫੀ ਦਾਰਸ਼ਨਿਕਤਾ ਦੇ ਹੀਲੇ ਵਸੀਲੇ ਕਰਨ ਵਾਲੇ ਵੀ ਸੂਝਵਾਨ ਸਮਾਜ ਉਸਾਰੀ ਨਾ ਕਰਵਾ ਸਕੇ। ਸਿਆਸਤਦਾਨ, ਸਾਹਿਤਕਾਰ, ਵਿਗਿਆਨੀ ਵੀ ਮਸਲਿਆਂ ਨੂੰ ਸੁਲਝਾਉਣ ਦੀ ਥਾਂ ਉਲਝਾਉਣ ਵਿਚ ਹੀ ਮਸਰੂਫ ਰਹੇ।

ਅਤਿ ਖੁਦਾ ਦਾ ਵੈਰ, ਸਾਡਾ ਸਦੀਆਂ ਪੁਰਾਣਾ ਮੁਹਾਵਰਾ ਹੈ। 2020 ਵਾਲੀ ਬਸੰਤ ਰੁੱਖ 'ਚ ਛਾਈ ਪੱਤਝੜ ਨੇ, ਜੋ ਕਹਿਰ ਕਰੋਨਾ ਦੀ ਮਹਾਮਾਰੀ ਨੇ ਚੌਹੀਂ ਕੂਟੀਂ ਵਰਤਾਇਆ ਹੈ, ਉਸ ਦਾ ਮੁੱਖ ਕਾਰਨ ਮਨੁੱਖ ਵਲੋਂ ਹਰ ਖੇਤਰ ਵਿਚ ਫੈਲਾਇਆ ਅਤਿਵਾਦ ਹੀ ਹੈ। ਕੀ ਪਹਾੜਾਂ ਦੀਆਂ ਗਗਨ ਚੁੰਮਦੀਆਂ ਕੁਦਰਤ ਦੀ ਕਾਰੀਗਰੀ ਦੇ ਅਦਭੁਤ ਨਮੂਨੇ ਬਰਫਾਨੀ ਚੋਟੀਆਂ, ਅਮਾਜ਼ੋਨ ਤੇ ਅਫਰੀਕਾ ਦੇ ਵੰਨ-ਸੁਵੰਨਤਾ ਦੀ ਮਹਿਕ, ਭਰਪੂਰ ਸੰਘਣੇ ਜੰਗਲ, ਉਤਰੀ ਦੱਖਣੀ ਧਰੁਖਾਂ ਤੇ ਲੱਖਾਂ ਵਰ੍ਹਿਆਂ 'ਚ ਜੰਮੀ ਕੁਦਰਤ ਦੀ ਅਨਮੋਲ ਬਖਸ਼ਿਸ਼ ਮੀਲਾਂ ਮੋਟੀਆਂ ਦੁੱਧ ਚਿੱਟੀ ਜੀਵਨ ਦਾਤੀ ਬਰਫ ਦੀਆਂ ਪਰਤਾਂ, ਨੀਲ ਸਿੰਧ, ਅਮਾਜ਼ੋਨ, ਵੋਲਗਾ ਜਿਹੇ ਅਮੁੱਕ ਜਲ ਭੰਡਾਰਾਂ ਦੇ ਸੋਮੇ, ਦਰਿਆ, ਕੈਸਪੀਅਨ, ਮਾਨਸਰੋਵਰ, ਵਿਕਟੋਰੀਆ, ਟਾਹੋ ਤੇ ਗਰੇਟ ਲੇਕਸ ਜਿਹੀਆਂ ਅਦਭੁਤ ਨਜ਼ਾਰਿਆਂ ਵਾਲੀਆਂ ਝੀਲਾਂ। ਥਾਰ, ਅਰਬ, ਗੋਬੀ, ਸਹਾਰਾ ਤੇ ਆਸਟਰੇਲੀਆ ਦੇ ਰੇਗਿਸਤਾਨੀ ਮਾਰੂਥਲ, ਬੀਆਬਾਨ ਲੋੜੀ-ਮੁਨਾਫੇਖੋਰ, ਨਿਜਵਾਦੀ, ਭੋਗ ਵਿਲਾਸੀ ਸ਼ੈਤਾਨੀ ਇਨਸਾਨ ਨੇ ਕੁਦਰਤ ਕੋਲੋਂ ਖੋਹ ਕੇ ਬਾਜ਼ਾਰੂ-ਵਪਾਰਕ ਸੈਲਾਨੀ ਟੂਰਿਸਟ ਅੱਡੇ ਬਣਾਉਣ ਦੇ ਬੇਰਹਿਮ ਕਾਰੇ ਕੀਤੇ। ਸਾਗਰਾਂ ਦੇ ਕੰਢੇ, ਦਰਿਆਵਾਂ ਦੀਆਂ ਵਾਦੀਆਂ, ਪਹਾੜਾਂ ਦੀਆਂ ਢਲਾਣਾਂ, ਮਾਰੂਥਲਾਂ ਵਿਚਲੇ ਨਖਲਿਸਤਾਨ, ਸਮੁੰਦਰੀ ਟਾਪੂ, ਮਨੁੱਖ ਦੇ ਰੂਪ ਵਿਚ ਵਿਚਰਦੇ ਹਵਸੀ ਕਾਮੁਕ ਭੋਗੀ ਦੈਂਤਾਂ ਨੇ ਜੂਏਖਾਨੇ, ਨਾਚਘਰ, ਸ਼ਰਾਬਖਾਨੇ ਤੇ ਵੇਸਵਾਵਾਂ ਦੇ ਅੱਡੇ ਬਣਾ ਕੇ ਕੁਦਰਤ ਨੂੰ ਚਿੜਾਇਆ ਤੇ ਠਿੱਠ ਕੀਤਾ ਹੈ।

ਪੀਰਾਂ, ਪੈਗੰਬਰਾਂ, ਗੁਰੂਆਂ, ਅਵਤਾਰਾਂ, ਮਹਾਪੁਰਸ਼ਾਂ, ਰਿਸ਼ੀਆਂ, ਮੁਨੀਆਂ, ਭਗਤਾਂ, ਸੂਫੀਆਂ ਨਾਲ ਸਬੰਧਤ ਨੂੰ ਵੀ ਰੂਹ ਨੂੰ ਸਕੂਨ ਵਾਲੇ ਤੀਰਥਾਂ ਦੀ ਥਾਂ ਧਾਰਮਿਕ ਟੂਰਿਜ਼ਮ ਦੇ ਮੁਨਾਫੇਖੋਰ ਵਪਾਰ ਦੇ ਕੇਂਦਰ ਬਣਾ ਲਿਆ ਹੈ। ਧਰਮ ਕਰਮ ਦੇ ਪਰਦੇ ਹੇਠ ਕੀਤੇ ਜਾਂਦੇ ਕਰਮ ਕਾਂਡੀ ਭੀੜਾਂ ਭਰੇ ਇਕੱਠ, ਮੇਲੇ, ਸੋਭਾ-ਯਾਤਰਾਵਾਂ, ਜਲਸੇ, ਜਲੂਸ ਹਕੀਕਤ ਵਿਚ ਅਧਿਆਤਮਕ ਪੁੰਨ ਦੇ ਕਾਰਜ ਨਹੀਂ, ਅੰਧ-ਵਿਸ਼ਵਾਸ ਫੈਲਾਉਣ, ਵਿਖਾਵੇ, ਹਉਮੈ, ਹੰਕਾਰ ਭਰੀ ਇਸ਼ਤਿਹਾਰਬਾਜ਼ੀ ਦੇ ਵਪਾਰਕ ਧੰਦੇ ਬਣ ਗਏ ਹਨ। ਸਾਰੇ ਦੇ ਸਾਰੇ ਧਰਮਾਂ ਦੇ ਮੋਢੀ ਤਾਂ ਸਬਰ, ਸੰਤੋਖ, ਸੰਜਮ ਤੇ ਸਹਿਜ ਦੀ ਸਿੱਖਿਆ ਦਿੰਦੇ ਹਨ ਤੇ ਉਨ੍ਹਾਂ ਮਹਾਪੁਰਖਾਂ ਦੇ ਅਖੌਤੀ ਪੈਰੋਕਾਰ ਆਪੋ-ਆਪਣੇ ਅਕੀਦਿਆਂ ਨੂੰ ਹੀ ਸਰਬਸ੍ਰੇਸ਼ਟ, ਉਤਮ ਤੇ ਇੱਕੋ-ਇੱਕ ਉਚਾ ਤੇ ਸੁੱਚਾ ਦਰਸਾਉਣ ਦੀ ਧੁਨ ਵਿਚ ਹਰ ਹਰਬਾ ਵਰਤਣ ਲਈ ਸਦਾ ਤਤਪਰ ਰਹਿੰਦੇ ਹਨ। ਅਖੌਤੀ ਚਮਤਕਾਰੀ ਬਾਬਿਆਂ ਦੀਆਂ ਹੇੜ੍ਹਾਂ ਨੇ ਚਲਾਕੀ, ਮੱਕਾਰੀ ਤੇ ਹੁਸ਼ਿਆਰੀ ਨਾਲ ਆਮ ਲੋਕਾਈ ਨੂੰ ਵਹਿਮਾਂ-ਭਰਮਾਂ ਦੇ ਮੱਕੜਜਾਲ ਵਿਚ ਜਕੜਨ ਲਈ ਅੱਤ ਮਚਾਇਆ ਹੋਇਆ ਹੈ। ਇਨ੍ਹਾਂ ਅਡੰਬਰੀ ਅਤਿਵਾਦੀ ਅੱਡਿਆਂ ਦੀ ਪੁਸ਼ਤਪਨਾਹੀ ਅਖੌਤੀ ਸਿਆਸੀ ਆਗੂ ਆਪਣੀਆਂ ਕਮਜ਼ੋਰੀਆਂ ਲੁਕਾਉਣ ਲਈ ਕਰਦੇ ਹਨ।

ਜ਼ਿਕਰ ਖਾਧ ਖੁਰਾਕ ਦਾ ਕਰਨਾ ਹੋਵੇ ਤਾਂ ਮੈਰਿਜ ਪੈਲੇਸ ਵਿਚ ਵਿਆਹ ਦੇ ਨਾਂ ਹੇਠ ਲੱਗੇ ਮੇਲੇ ਦਾ ਦ੍ਰਿਸ਼ ਹੀ ਕਾਫੀ ਹੈ। ਦਲੀਦੀ-ਮਲੀਦੀ ਵਿਚ ਨਾ ਧੇਤਿਆਂ ਦਾ ਪਤਾ ਲਗਦਾ ਹੈ ਅਤੇ ਨਾ ਹੀ ਪੁਤੇਤਿਆਂ ਦਾ। ਸੈਂਕੜੇ ਨਹੀਂ, ਹਜ਼ਾਰਾਂ ਦੀ ਤਾਦਾਦ ਵਿਚ ਇੱਥੇ ਉਮੜੀ ਭੀੜ ਸਵੇਰ ਤੋਂ ਸ਼ਾਮ ਤੀਕ ਬਰਾਤ ਦੇ ਢੁੱਕਣ ਤੋਂ ਵਿਦਾਇਗੀ ਤੀਕ ਖਾਂਦੀ ਘੱਟ ਦੇ ਜੂਠ ਦੇ ਅੰਬਾਰ ਲਾਉਣ ਨੂੰ ਸ਼ਾਨ ਸਮਝਦੀ ਹੈ। ਅਚਾਰ, ਚਟਣੀਆਂ, ਪਾਪੜ, ਸਲਾਦ, ਪਕੌੜੇ, ਸਮੋਸੇ, ਗੋਲ-ਗੱਪੇ; ਰੰਗ-ਬਿਰੰਗੇ ਕੋਲਡ ਡਰਿੰਕਸ, ਕਈ ਕਿਸਮ ਦੀ ਸ਼ਰਾਬ; ਰੁਮਾਲੀ, ਤੰਦੂਰੀ, ਮਿੱਸੀਆਂ, ਮੱਕੀ ਦੀਆਂ ਰੋਟੀਆਂ; ਮੀਟ, ਮੱਛੀ, ਚਿਕਨ, ਆਂਡੇ, ਭਾਂਤ-ਭਾਂਤ ਦੀਆਂ ਮਠਿਆਈਆਂ; ਦਹੀਂ-ਭੱਲੇ, ਲੱਸੀ, ਕੱਟੇ ਹੋਏ ਫਲ, ਜੂਸ, ਚਾਹ, ਕੌਫੀ, ਸਵੀਟ ਡਿਸ਼ਾਂ, ਆਈਸ ਕਰੀਮ, ਬੋਤਲ ਬੰਦ ਪਾਣੀ ਆਦਿ ਭਲਾ ਕੋਈ ਬੰਦਾ ਕਿਵੇਂ ਤੇ ਕਿੰਨਾ ਕੁ ਖਾ ਸਕਦਾ ਹੈ?

ਸ਼ੋਰ-ਸ਼ਰਾਬੇ, ਢੋਲ-ਢਮੱਕੇ ਦੀ ਤੇ ਇੱਥੇ ਹਨੇਰੀ ਆਈ ਹੁੰਦੀ ਹੈ। ਲੱਚਰ ਗਾਈਕੀ, ਅਸ਼ਲੀਲ ਹਰਕਤਾਂ ਵਾਲੀਆਂ ਬਾਂਦਰ ਟਪੂਸੀਆਂ ਤੇ ਅਧਨੰਗੀਆਂ ਨਾਚੀਆਂ 'ਤੇ ਹੋ ਰਹੀ ਮਾਇਆ ਦੀ ਵਰਖਾ, ਕਿਹੜੇ ਗ੍ਰਹਿਸਥੀ ਜੀਵਨ ਦਾ ਮੁੱਢ ਬੰਨ੍ਹ ਰਹੇ ਹੁੰਦੇ ਹਨ? ਵਰਦੀਧਾਰੀ ਚਿੱਟ-ਕੱਪੜੀਏ ਬਹਿਰੇ ਅਤੇ ਪਰੀਆਂ ਜਿਹੀਆਂ ਪਾਰਦਰਸ਼ੀ ਪੁਸ਼ਾਕਾਂ ਵਾਲੀਆਂ ਅੱਲ੍ਹੜ ਮੁਟਿਆਰਾਂ ਕਿਹੜੇ ਸਭਿਆਚਾਰ ਦੀ ਨੁਮਾਇੰਦਗੀ ਕਰਦੀਆਂ ਹਨ? ਰਹਿੰਦੀ ਕਸਰ ਵੀਡੀਓ ਕੈਮਰਿਆਂ ਵਾਲੇ ਮੂੰਹਾਂ 'ਚ ਚਮਚੇ ਪਾਉਂਦਿਆਂ ਦੀਆਂ ਤਸਵੀਰਾਂ ਖਿੱਚ ਕੇ ਕੱਢ ਦਿੰਦੇ ਨੇ। ਲਾੜਾ ਲਾੜੀ ਨੂੰ ਸੋਫਿਆਂ 'ਤੇ ਬਿਠਾ ਕੇ ਕਤਾਰਾਂ ਵਿਚ ਵਾਰੀ ਦੀ ਉਡੀਕ ਕਰਦਿਆਂ, ਨੋਟ ਵਿਖਾ-ਵਿਖਾ ਕੇ ਕੀਤੀ ਅਪਣੱਤ ਦੀ ਅਹਿਮੀਅਤ ਕਿੰਨੀ ਕੁ ਹੈ? ਦਾਜ-ਦਹੇਜ, ਮਿਲਣੀਆਂ, ਛੱਲੇ-ਮੁੰਦੀਆਂ, ਕੰਬਲਾਂ ਦੀਆਂ ਪੰਡਾਂ ਤੇ ਦਾਜ ਵਾਲੀਆਂ ਕਾਰਾਂ ਦੀ ਲਾਇਨ ਕਿਹੋ ਜਿਹੇ ਸਮਾਜ ਦੀ ਉਸਾਰੀ ਕਰ ਰਹੇ ਨੇ? ਇਹ ਅਤਿਵਾਦ ਦਾ ਸਿਖਰ ਨਹੀਂ ਤਾਂ ਹੋਰ ਕੀ ਹੈ?

ਕੁਦਰਤ ਵਿਰੁਧ ਕੀਤੀਆਂ ਕਰਤੂਤਾਂ ਦੀ ਫਹਿਰਿਸਤ ਬਿਨਾ ਸ਼ੱਕ ਬਹੁਤ ਲੰਮੀ ਹੈ। ਇਨ੍ਹਾਂ ਨੂੰ ਇੱਕ ਹੀ ਲਿਖਤ ਵਿਚ ਸਮੇਟਣਾ ਸੰਭਵ ਨਹੀਂ। ਸਿਰਫ ਹੁਣ ਵਾਲੀ ਹੋਈ ਤਬਾਹੀ 'ਤੇ ਮਾਰੀ ਇੱਕ ਝਾਤ ਹੀ ਸਥਿਤੀ ਨੂੰ ਸਮਝਣ ਲਈ ਕਾਫੀ ਹੈ। ਲੰਘੇ ਕੁਝ ਕੁ ਮਹੀਨਿਆਂ ਵਿਚ ਹੀ ਅਸੀਂ ਤਾਜਾਂ-ਤਖਤਾਂ ਵਾਲੇ, ਮੂਧੇ ਮੂੰਹ ਡਿੱਗਦੇ ਵੇਖੇ ਨੇ। ਸ਼ਮਸ਼ਾਨਾਂ, ਕਬਰਿਸਤਾਨਾਂ ਮਨੁੱਖੀ ਲਾਸ਼ਾਂ ਸਮੇਟਣ ਤੋਂ ਅਸਮਰਥ ਹਨ। ਲਾਇਲਾਜ ਬਿਮਾਰੀ ਦਾ ਇਲਾਜ ਕਰਨ ਵਾਲੇ ਅੱਕੀਂ ਪਲਾਹੀਂ ਹੱਥ ਮਾਰ ਰਹੇ ਹਨ। ਆਪਣੇ-ਆਪ ਨੂੰ ਸਰਬ ਕਲਾ ਸਮਰੱਥ ਆਪੇ ਉਸਾਰੇ ਘਰਾਂ ਰੂਪੀ ਕੈਦਖਾਨਿਆਂ 'ਚ ਡੱਕੇ ਹੋਏ ਹਨ ਅਤੇ ਪਿੰਜਰਿਆਂ ਵਿਚ ਕੈਦ, ਪੰਖ-ਪੰਖੇਰੂ ਖੁੱਲ੍ਹੇ ਅੰਬਰੀਂ ਚਹਿਚਹਾਉਂਦੇ ਉਡਾਰੀਆਂ ਮਾਰ ਰਹੇ ਹਨ। ਉਜੜੇ ਬਾਗਾਂ ਦੇ ਪਟਵਾਰੀ ਗਾਲ੍ਹੜ, ਨਗਰਾਂ ਮਹਾਂਨਗਰਾਂ ਵਿਚ ਮੌਜ ਮੇਲੇ ਮਨਾਉਂਦੇ ਗਸ਼ਤ ਕਰ ਰਹੇ ਨੇ। ਕਹਿੰਦੇ ਨੇ, ਅਜਿਹਾ ਮੰਜ਼ਰ ਅੱਜ ਤੀਕ ਦੇ ਇਤਿਹਾਸ ਵਿਚ ਕਿਸੇ ਨੇ ਕਦੇ ਵੀ ਨਹੀਂ ਦੇਖਿਆ। ਕਈਆਂ ਦਾ ਕਹਿਣਾ ਹੈ ਕਿ ਯੁਗ ਪਲਟ ਰਿਹਾ ਹੈ ਤੇ ਮਹਾਮਾਰੀ ਤੋਂ ਪਿੱਛੋਂ ਨਵੇਂ ਯੁਗ ਤੇ ਨਵੀਂ ਸੋਚ ਦਾ ਆਗਾਜ਼ ਹੋਵੇਗਾ।

ਸਾਡੀ ਅਲਪ ਮੱਤ ਅਨੁਸਾਰ ਕਰੋਨਾ ਮਹਾਮਾਰੀ ਸਮੁੱਚੀ ਇਨਸਾਨੀਅਤ ਲਈ ਵਿਨਾਸ਼, ਤਬਾਹੀ ਦੀ ਝਲਕ ਹੈ। ਜੇ ਅਸੀਂ ਲੀਹ 'ਤੇ ਨਾ ਆਏ ਤਾਂ ਪਰਲੋ ਨੇ ਸਾਡਾ ਹਸ਼ਰ ਵੀ ਡਾਇਨਾਸੋਰਾਂ ਵਾਲਾ ਕਰਨਾ ਹੀ ਕਰਨਾ ਹੈ। ਮਹਾਕਾਲ ਦੇ ਤਾਂਡਵ ਨੇ ਮਨੁੱਖੀ ਨਸਲ ਨੂੰ ਵੀ ਭਸਮ ਕਰ ਦੇਣਾ ਹੈ। ਮੌਤ ਦੀ ਅੰਕੜਿਆਂ ਦੀ ਖੇਡ 'ਤੇ ਕੱਛਾਂ ਵਜਾਉਣ ਤੇ ਕੀਰਨੇ ਪਾਉਣ ਵਾਲੇ ਸਭ ਦੇ ਸਭ ਕਾਲ ਦਾ ਖਾਜਾ ਬਣ ਜਾਣਗੇ। ਆਪਣੇ ਅੰਸ਼-ਵੰਸ਼ ਬਚਾਉਣ ਦਾ ਇੱਕੋ-ਇੱਕ ਤਰੀਕਾ ਹੈ, ਕੁਦਰਤ ਦੀ ਗੋਦ ਵਿਚ ਪਰਤਣ ਵਾਲਾ ਰਾਹ। ਕੁਦਰਤ ਦੀ ਪ੍ਰਯੋਗਸ਼ਾਲਾ ਵੱਲ ਮੋੜੇ ਨੇ ਤੱਥਾਂ ਅਨੁਸਾਰ ਪ੍ਰਤੱਖ ਨਤੀਜੇ ਕੱਢ ਸਾਡੇ ਸਾਹਮਣੇ ਰੱਖ ਦਿੱਤੇ ਹਨ। ਕੁਝ ਹਫਤਿਆਂ ਵਿਚ ਹੀ ਧਰਤੀ ਮਾਤਾ, ਪਾਣੀ ਪਿਤਾ ਤੇ ਪਵਣ ਗੁਰੂ ਬਣ ਕੇ ਸਾਨੂੰ ਦਰਸ਼ਨ ਦੇਣ ਲਈ ਆ ਬਹੁੜੇ ਹਨ। ਮਰਜ਼ੀ ਸਾਡੀ ਹੈ ਕਿ ਅਸੀਂ ਇਨ੍ਹਾਂ ਨੂੰ ਸਤਿਕਾਰ ਸਹਿਤ 'ਜੀ ਆਇਆਂ' ਕਹਿਣਾ ਹੈ ਕਿ ਅਜੇ ਵੀ ਹੂੜ੍ਹਮੱਤੇ ਕਪੁੱਤ ਬਣ, ਮਨਮਰਜ਼ੀਆਂ ਹੀ ਕਰਨੀਆਂ ਹਨ! ਗੁਰਵਾਕ ਹੈ, "ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥" ਤੇ "ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥"

ਪੰਜਾਬ ਟਾਈਮਜ਼

*ਸਨਿਚਰਵਾਰ, 2 ਮਈ 2020*

# ਕਰੋਨਾ ਦਾ ਕਹਿਰ ਅਤੇ ਸਿਆਸਤ

ਅਮਰੀਕਾ ਵਿਚ ਰਾਸ਼ਟਰਪਤੀ ਦੀ ਚੋਣ ਭਾਵੇਂ ਨਵੰਬਰ ਦੇ ਪਹਿਲੇ ਹਫਤੇ ਹੋਣੀ ਹੈ, ਪਰ ਹਾਲ ਹੀ ਵਿਚ ਜੋ ਚੋਣ ਸਰਵੇਖਣ ਸਾਹਮਣੇ ਆਏ ਹਨ, ਉਨ੍ਹਾਂ ਵਿਚ ਬਾਜ਼ੀ ਪਲਟਦੀ ਨਜ਼ਰ ਆ ਰਹੀ ਹੈ। ਇਸ ਵਿਚ ਮੁੱਖ ਪੱਖ ਕਰੋਨਾ ਵਾਇਰਸ ਦਾ ਹੈ। ਸਰਵੇਖਣ ਵਿਚ ਇਹ ਤੱਥ ਮੁੱਖ ਰੂਪ ਵਿਚ ਉਭਰਿਆ ਹੈ ਕਿ ਕਰੋਨਾ ਵਾਇਰਸ ਨਾਲ ਮੁਕਾਬਲਾ ਕੀਤੇ ਜਾਣ ਦੇ ਪੱਖ ਤੋਂ ਅਮਰੀਕਾ ਦੇ ਲੋਕ ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਤੋਂ ਬਹੁਤੇ ਖੁਸ਼ ਨਹੀਂ ਹਨ। ਇਸ ਮਾਮਲੇ ਵਿਚ ਡੈਮੋਕਰੈਟਿਕ ਉਮੀਦਵਾਰ ਜੋਅ ਬਿਡਨ ਦੇ ਹੱਕ ਵਿਚ ਵੋਟਾਂ ਕਰੀਬ 6 ਫੀਸਦੀ ਵਧੀਆਂ ਹਨ। 44 ਫੀਸਦੀ ਲੋਕਾਂ ਨੇ ਉਨ੍ਹਾਂ ਦੇ ਹੱਕ ਵਿਚ ਵੋਟਾਂ ਪਾਈਆਂ ਜਦੋਂ ਕਿ ਡੋਨਲਡ ਟਰੰਪ ਨੂੰ 38 ਵੋਟ ਮਿਲੇ ਹਨ। ਸਿਆਸੀ ਮਾਹਿਰ ਦੱਸਦੇ ਹਨ ਕਿ ਕਰੋਨਾ ਦੇ ਮਾਮਲੇ 'ਤੇ ਡੋਨਲਡ ਟਰੰਪ ਦੀ ਢਿੱਲ ਨੂੰ ਅਮਰੀਕੀਆਂ ਨੇ ਪੂਰੀ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ ਅਤੇ ਇਸ ਮਸਲੇ 'ਤੇ ਉਨ੍ਹਾਂ ਦੇ ਵਾਰ-ਵਾਰ ਬਦਲਦੇ ਬਿਆਨਾਂ ਨੇ ਲੋਕਾਂ ਦਾ ਮੋਹ-ਭੰਗ ਕੀਤਾ ਹੈ। ਰਾਸ਼ਟਰਪਤੀ ਟਰੰਪ ਨੇ ਕਰੋਨਾ ਮਰੀਜ਼ਾਂ ਦੇ ਇਲਾਜ ਲਈ ਜਿਸ ਤਰ੍ਹਾਂ ਅਲਟਰਾ-ਵਾਇਲਟ ਕਿਰਨਾਂ ਇਸਤੇਮਾਲ ਕਰਨ ਦੀ ਗੱਲ ਕੀਤੀ ਸੀ, ਉਸ ਦਾ ਵੀ ਲੋਕਾਂ ਨੇ ਬੁਰਾ ਮਨਾਇਆ ਹੈ। ਟਰੰਪ ਦੇ ਹਮਾਇਤੀ ਅਜੇ ਵੀ ਭਾਵੇਂ ਘੱਟ ਨਹੀਂ ਹਨ, ਪਰ ਟਰੰਪ ਵਲੋਂ ਵਾਰ-ਵਾਰ ਬਿਆਨ ਬਦਲਣ ਕਾਰਨ ਇਸ ਦਾ ਅਸਰ ਲੋਕਪ੍ਰਿਅਤਾ ਉਤੇ ਪੈਣਾ ਸ਼ੁਰੂ ਹੋ ਗਿਆ ਹੈ। ਕੁਝ ਮਾਹਿਰਾਂ ਨੇ ਤਾਂ ਇਥੋਂ ਤਕ ਕਹਿ ਦਿੱਤਾ ਹੈ ਕਿ ਜੋ ਕੰਮ ਮਹਾਂਦੋਸ਼ ਨਹੀਂ ਕਰ ਸਕਿਆ, ਉਹ ਕਰੋਨਾ ਵਾਇਰਸ ਕਰ ਸਕਦਾ ਹੈ ਅਤੇ ਡੋਨਲਡ ਟਰੰਪ ਦੇ ਹੇਠੋਂ ਕੁਰਸੀ ਖਿਸਕ ਵੀ ਸਕਦੀ ਹੈ। ਯਾਦ ਰਹੇ, ਅਮਰੀਕਾ ਵਿਚ ਕਰੋਨਾ ਮਰੀਜ਼ਾਂ ਦੀ ਗਿਣਤੀ ਇਕ ਮਿਲੀਅਨ (ਦਸ ਲੱਖ) ਤੋਂ ਵੀ ਪਾਰ ਚਲੀ ਗਈ ਹੈ ਅਤੇ ਮੌਤਾਂ ਦੀ ਗਿਣਤੀ 60 ਹਜ਼ਾਰ ਨੂੰ ਜਾ ਢੁੱਕੀ ਹੈ। ਇਸ ਵਕਤ ਕਰੋਨਾ ਦੀ ਸਭ ਤੋਂ ਵਧੇਰੇ ਮਾਰ ਅਮਰੀਕਾ ਵਿਚ ਹੀ ਪੈ ਰਹੀ ਹੈ। ਸਮੁੱਚਾ ਸੰਸਾਰ ਇਸ ਵਰਤਾਰੇ ਅਤੇ ਇਸ ਦੇ ਨਾਲ ਹੀ ਰਾਸ਼ਟਰਪਤੀ ਦੀ ਚੋਣ ਦੇ ਮਾਮਲੇ ਨੂੰ ਦਿਲਚਸਪੀ ਨਾਲ ਵਾਚ ਰਿਹਾ ਹੈ, ਕਿਉਂਕਿ ਇਸ ਨੇ ਸੰਸਾਰ ਦੀ ਸਿਆਸਤ ਦੀ ਦਿਸ਼ਾ ਤੈਅ ਕਰਨ ਵਿਚ ਵੱਡੀ ਭੂਮਿਕਾ ਨਿਭਾਉਣੀ ਹੈ।

ਜਾਹਰ ਹੈ ਕਿ ਕਰੋਨਾ ਦਾ ਸਿਆਸਤ ਉਤੇ ਸਿੱਧਾ ਅਸਰ ਪੈ ਰਿਹਾ ਹੈ, ਪਰ ਭਾਰਤ ਵਿਚ ਆਲਮ ਨਿਰਾਲਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਮਸਲੇ 'ਤੇ ਦੇਸ਼ ਦੀ ਸਮੁੱਚੀ ਜਨਤਾ ਨੂੰ ਕਈ ਵਾਰ ਸੰਬੋਧਨ ਕਰ ਚੁਕੇ ਹਨ, ਪਰ ਅਜੇ ਤਕ ਇਕ ਵੀ ਵਾਰ ਉਨ੍ਹਾਂ ਕਿਸੇ ਖਾਸ ਪੈਕੇਜ ਦਾ ਜ਼ਿਕਰ ਤਕ ਨਹੀਂ ਕੀਤਾ ਹੈ ਅਤੇ ਨਾ ਹੀ ਲੋਕਾਂ ਨੂੰ ਉਹ ਇਮਦਾਦ ਹੀ ਪਹੁੰਚਾਈ ਜਾ ਰਹੀ ਹੈ, ਜਿਸ ਤਰ੍ਹਾਂ ਦੀ ਮਦਦ ਦੀ ਅਜਿਹੇ ਔਖੇ ਵੇਲਿਆਂ ਵਿਚ ਉਮੀਦ ਕੀਤੀ ਜਾਂਦੀ ਹੈ। ਉਹ ਘੜੀ-ਮੁੜੀ ਜਨਤਾ ਤੋਂ ਸਹਿਯੋਗ ਮੰਗ ਰਹੇ ਹਨ, ਹਾਲਾਂਕਿ ਲੋਕ ਆਪਣੇ-ਆਪ ਹੀ ਅਜਿਹਾ ਕਰ ਵੀ ਰਹੇ ਹਨ। ਉਂਜ ਵੀ, ਲੋਕਾਂ ਕੋਲ ਇਸ ਤੋਂ ਬਿਨਾ ਚਾਰਾ ਵੀ ਕੋਈ ਨਹੀਂ ਹੈ। ਮੁਲਕ ਦਾ ਸਿਹਤ ਢਾਂਚਾ ਇੰਨਾ ਨਕਾਰਾ ਹੈ ਕਿ ਸਭ ਡਰ ਰਹੇ ਹਨ ਕਿ ਜੇ ਭਾਰਤ ਦੀ ਹਾਲਤ ਅਮਰੀਕਾ ਜਿਹੀ ਹੋ ਗਈ ਤਾਂ ਬਣੇਗਾ ਕੀ? ਭਾਰਤ ਤਾਂ ਆਪਣੇ ਕਾਮਿਆਂ ਨੂੰ ਵੀ ਆਪੋ-ਆਪਣੇ ਘਰਾਂ ਤਕ ਪਹੁੰਚਾਉਣ ਦਾ ਪ੍ਰਬੰਧ ਨਹੀਂ ਕਰ ਸਕਿਆ ਹੈ। ਕਰੋਨਾ ਖਿਲਾਫ ਜੰਗ ਜਿੱਤਣ ਲਈ ਹੁਣ ਤਕ ਤਿੰਨ-ਚਾਰ ਨੁਕਤਿਆਂ ਵਲ ਧਿਆਨ ਕੇਂਦ੍ਰਿਤ ਕੀਤਾ ਜਾ ਰਿਹਾ ਹੈ। ਇਕ ਤਾਂ ਇਹ ਕਿ ਕਰੋਨਾ ਰੋਕੂ ਵੈਕਸੀਨ (ਟੀਕਾ) ਤਿਆਰ ਕੀਤਾ ਜਾਵੇ। ਦੂਜਾ, ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਤਾਕਤ ਵਧਾਈ ਜਾਵੇ। ਤੀਜਾ, ਵੱਡੇ ਪੱਧਰ 'ਤੇ ਟੈਸਟਿੰਗ ਕੀਤੀ ਜਾਵੇ, ਜਿਸ ਤਰ੍ਹਾਂ ਦੱਖਣੀ ਕੋਰੀਆ ਅਤੇ ਚੀਨ ਵਿਚ ਕੀਤਾ ਗਿਆ। ਚੌਥਾ, ਲੌਕਡਾਊਨ ਭਾਵ ਤਾਲਾਬੰਦੀ ਹੋਰ ਵਧਾਈ ਜਾਵੇ। ਇਨ੍ਹਾਂ ਵਿਚੋਂ ਭਾਰਤ ਕੋਲ ਲੈ-ਦੇ ਕੇ ਸਿਰਫ ਚੌਥਾ ਬਦਲ ਹੀ ਬਚਦਾ ਹੈ ਅਤੇ ਪ੍ਰਧਾਨ ਮੰਤਰੀ ਇਸੇ 'ਤੇ ਲਗਾਤਾਰ ਜ਼ੋਰ ਦੇ ਰਹੇ ਹਨ, ਹਾਲਾਂਕਿ ਤਾਲਾਬੰਦੀ ਕਾਰਨ ਮੁਲਕ ਦੀ ਆਰਥਕਤਾ ਦੀ ਹਾਲਤ ਹੋਰ ਮਾੜੀ ਹੋ ਰਹੀ ਹੈ।

ਪੰਜਾਬ ਦੀ ਹਾਲਤ ਵੀ ਕੋਈ ਇਸ ਤੋਂ ਬਿਹਤਰ ਨਹੀਂ। ਸਰਕਾਰੀ ਹਸਪਤਾਲਾਂ ਦਾ ਹਾਲ ਮਾੜਾ ਹੈ ਅਤੇ ਪ੍ਰਾਈਵੇਟ ਹਸਪਤਾਲਾਂ ਦੇ ਸੰਚਾਲਕ ਸਰਕਾਰ ਦੀਆਂ ਹਦਾਇਤਾਂ ਦਾ ਪਾਲਣ ਨਹੀਂ ਕਰ ਰਹੇ। ਨਤੀਜੇ ਵਜੋਂ ਮਰੀਜ਼ ਖੱਜਲ-ਖੁਆਰ ਹੋ ਰਹੇ ਹਨ। ਇਹ ਤੱਥ ਵੀ ਸਾਹਮਣੇ ਆ ਰਹੇ ਹਨ ਕਿ ਕਰੋਨਾ ਤੋਂ ਇਲਾਵਾ ਹੋਰ ਬਿਮਾਰੀਆਂ ਵਾਲੇ ਹੁਣ ਸਗੋਂ ਵੱਧ ਖੱਜਲ ਹੋ ਰਹੇ ਹਨ। ਮੁਲਕ ਵਿਚ ਕਿਤੇ-ਕਿਤੇ ਲੋਕਾਂ ਅੰਦਰ ਰੋਹ ਅਤੇ ਰੋਸ ਵਧਣ ਦੀਆਂ ਖਬਰਾਂ ਆ ਰਹੀਆਂ ਹਨ, ਪਰ ਪੰਜਾਬ ਇਸ ਮਸਲੇ 'ਤੇ ਸ਼ਾਂਤ ਹੈ। ਅਮਰੀਕਾ ਵਿਚ ਤਾਂ ਲੋਕਾਂ ਨੇ ਆਪਣੇ ਨੇਤਾ ਦੀ ਚੋਣ ਬਾਰੇ ਆਪਣੀ ਰਾਏ ਪ੍ਰਗਟਾਉਣੀ ਸ਼ੁਰੂ ਕਰ ਦਿੱਤੀ ਹੈ, ਪਰ ਭਾਰਤ ਜਾਂ ਪੰਜਾਬ ਵਿਚ ਅਜਿਹਾ ਕੁਝ ਸਾਹਮਣੇ ਨਹੀਂ ਆ ਰਿਹਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਿਛਲੇ ਤਿੰਨ ਸਾਲ ਤੋਂ ਬਿਨਾ ਕੋਈ ਕੰਮ ਕੀਤਿਆਂ ਸੂਬੇ ਅੰਦਰ ਰਾਜਭਾਗ ਚਲਾ ਰਹੇ ਹਨ। ਅਸਲ ਵਿਚ, ਸੂਬੇ ਅੰਦਰ ਮਜ਼ਬੂਤ ਵਿਰੋਧੀ ਧਿਰ ਦੀ ਅਣਹੋਂਦ ਦਾ ਲਾਹਾ ਮੁੱਖ ਮੰਤਰੀ ਨੂੰ ਮਿਲ ਰਿਹਾ ਹੈ। ਕਰੋਨਾ ਸੰਕਟ ਦੌਰਾਨ ਪੁਲਿਸ ਨੇ ਚੰਮ ਦੀਆਂ ਚਲਾਈਆਂ, ਪਰ ਇਨ੍ਹਾਂ ਨੂੰ ਪੁੱਛਣ ਵਾਲਾ ਕੋਈ ਨਹੀਂ। ਸਿਹਤ ਕਾਮਿਆਂ ਕੋਲ ਪੂਰਾ ਸਾਜ਼ੋ-ਸਮਾਨ ਨਹੀਂ ਅਤੇ ਇਨ੍ਹਾਂ ਵਿਚੋਂ ਬਹੁਤੇ ਠੇਕੇ ਉਤੇ ਮਾਮੂਲੀ ਤਨਖਾਹਾਂ ਉਤੇ ਕੰਮ ਕਰ ਰਹੇ ਹਨ। ਹੁਣ ਜਦੋਂ ਉਹ ਮੰਤਰੀਆਂ ਨੂੰ ਆਪਣੀਆਂ ਘੱਟ ਤਨਖਾਹਾਂ ਅਤੇ ਲੋੜੀਂਦਾ ਸਾਜ਼ੋ-ਸਮਾਨ ਨਾ ਮਿਲਣ ਦਾ ਉਲਾਂਭਾ ਦਿੰਦੇ ਹਨ ਤਾਂ ਉਨ੍ਹਾਂ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕੀਤੇ ਜਾ ਰਹੇ ਹਨ। ਇਉਂ ਕਰੋਨਾ ਸੰਕਟ ਦੇ ਅਸਰ ਅਮਰੀਕਾ, ਭਾਰਤ ਅਤੇ ਪੰਜਾਬ ਵਿਚ ਵੱਖ-ਵੱਖ ਹਨ। ਅਮਰੀਕਾ ਵਿਚ ਲੋਕ ਆਪਣੇ ਨੇਤਾ ਦੀ ਕਾਰਗੁਜ਼ਾਰੀ ਬਾਰੇ ਸੋਚ ਰਹੇ ਹਨ ਅਤੇ ਉਸ ਮੁਤਾਬਕ ਆਪਣੀ ਰਾਏ ਪ੍ਰਗਟਾ ਰਹੇ ਹਨ, ਪਰ ਭਾਰਤ ਅਤੇ ਪੰਜਾਬ ਵਿਚ ਅਜਿਹੀ ਕੋਈ ਕਨਸੋਅ ਨਹੀਂ ਮਿਲ ਰਹੀ। ਜਮਹੂਰੀਅਤ ਪਸੰਦਾਂ ਲਈ ਇਹ ਅੱਜ ਦਾ ਸਭ ਤੋਂ ਵੱਡਾ ਸਵਾਲ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਰੋਨਾ-ਓ-ਵਾਚ!*

ਲਾਇਆ ਟਿੱਲ ਕਿ ਮੇਰਾ ਕੋਈ ਤੋੜ ਲੱਭੇ, ਹਾਲੇ ਤੱਕ ਹਾਂ ਲਾ-ਇਲਾਜ ਲੋਕੋ।
ਇਕੋ ਕੰਮ ਵਿਗਿਆਨੀਆਂ ਤੇ ਹਾਕਮਾਂ ਨੂੰ, ਦੇਣ ਲਈ 'ਨਸੀਹਤਾਂ' ਦਾ ਕਾਜ ਲੋਕੋ।
ਅੰਦਰ ਵੜ ਸਮਝਾਇਆ ਮੈਂ ਸਾਰਿਆਂ ਨੂੰ, ਚੱਕੋ ਸਹਿਜ ਤੇ ਸਾਦਗੀ ਸਾਜ਼ ਲੋਕੋ।
ਭੱਜ ਦੌੜ ਬੇਅਰਥ ਮੈਂ ਸਿੱਧ ਕਰ'ਤੀ, 'ਬਿਜ਼ੀ ਰਹਿਣ ਦੇ' ਖੋਲ੍ਹ'ਤੇ ਪਾਜ ਲੋਕੋ।
ਦੁੱਖ ਲੱਗਦਾ ਦੁਨੀਆਂ ਨੂੰ ਉਸ ਵੇਲੇ, ਲਾਗੂ ਹੁੰਦਾ ਜਦ ਕੁਦਰਤ ਦਾ ਰਾਜ ਲੋਕੋ।
ਅੱਕ ਚੱਬਣਾ ਅੱਕ ਕੇ ਪਿਆ ਐ ਜੀ, ਚੱਕੀ ਅੱਤ ਸੀ, ਆਏ ਨਾ ਬਾਜ ਲੋਕੋ।

# ਭਾਰਤ ਵਿਚ ਤੁਅੱਸਬ ਅਤੇ ਜਬਰ ਦੀ ਮਹਾਮਾਰੀ

***'ਦਿ ਵਾਇਰ' ਦਾ ਮੋਢੀ ਸੰਪਾਦਕ ਸਿਧਾਰਥ ਵਰਧਰਾਜਨ ਸਿਰਕੱਢ ਪੱਤਰਕਾਰ ਹੈ। ਨਿਊ ਯਾਰਕ ਟਾਈਮਜ਼ ਦੇ 21 ਅਪਰੈਲ ਦੇ ਅੰਕ ਵਿਚ ਛਪਿਆ ਉਸ ਦਾ ਲੇਖ ਭਾਰਤ ਅੰਦਰ ਆਰ. ਐਸ. ਐਸ.-ਭਾਜਪਾ ਦੀ ਪਾੜ-ਪਾਊ ਫਿਰਕੂ ਸਿਆਸਤ ਅਤੇ ਇਸ ਨਾਲ ਭਾਰਤ ਵਿਚ ਬਣੇ ਗੰਭੀਰ ਹਾਲਾਤ ਨੂੰ ਪੇਸ਼ ਕਰਦਾ ਹੈ। -ਸੰਪਾਦਕ***

**ਸਿਧਾਰਥ ਵਰਧਰਾਜਨ**
**ਅਨੁਵਾਦ: ਬੂਟਾ ਸਿੰਘ**

ਭਾਰਤ ਨੇ ਬਹੁਤ ਸਾਰੇ ਆਦਰਸ਼ ਸੰਜੋਏ ਹੋਏ ਹਨ ਜੋ ਉਦਾਰ ਲੋਕਤੰਤਰ ਦਾ ਨਮੂਨਾ ਹਨ; ਲੇਕਿਨ 2014 ਵਿਚ ਨਰਿੰਦਰ ਮੋਦੀ ਅਤੇ ਉਸ ਦੀ ਹਿੰਦੂ ਮੂਲਵਾਦੀ ਭਾਰਤੀ ਜਨਤਾ ਪਾਰਟੀ ਦੇ ਚੋਣਾਂ ਜਿੱਤ ਲੈਣ ਤੋਂ ਬਾਅਦ, ਸਾਨੂੰ ਕਾਨੂੰਨ ਦੇ ਰਾਜ ਅਤੇ ਸ਼ਹਿਰੀ ਤੇ ਸਿਆਸੀ ਹੱਕਾਂ ਨੂੰ ਲੱਗੇ ਜਿਸ ਤਰ੍ਹਾਂ ਦੇ ਖੋਰੇ ਅਤੇ ਧਾਰਮਿਕ ਘੱਟਗਿਣਤੀਆਂ ਪ੍ਰਤੀ ਅਸਹਿਣਸ਼ੀਲਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਤ੍ਰਾਹ ਕੱਢਣ ਵਾਲਾ ਹੈ।

ਦੁੱਖ ਤਾਂ ਇਸ ਗੱਲ ਦਾ ਹੈ ਕਿ ਜ਼ਿਆਦਾਤਰ ਭਾਰਤੀ ਮੀਡੀਆ ਦੀ ਭਾਜਪਾ ਦੇ ਜਮਹੂਰੀ ਅਤੇ ਧਰਮ ਨਿਰਪੇਖ ਕਦਰਾਂ-ਕੀਮਤਾਂ ਉਪਰ ਹਮਲੇ ਵਿਚ ਮਿਲੀਭੁਗਤ ਹੈ; ਜਾਂ ਤਾਂ ਇਸ ਵਲੋਂ ਮੋਦੀ ਅਤੇ ਉਸ ਦੀ ਪਾਰਟੀ ਵਲੋਂ ਪਰੋਸੀ ਕਹਾਣੀ ਨੂੰ ਸਰਗਰਮੀ ਨਾਲ ਪ੍ਰਚਾਰਿਆ ਜਾ ਰਿਹਾ ਹੈ, ਜਾਂ ਫਿਰ ਇਸ ਨੇ ਬਦਲੇਖੋਰ



ਸਜ਼ਾ ਤੋਂ ਬਚਣ ਲਈ ਖੁਦ ਨੂੰ ਸਵੈ-ਸੈਂਸਰ ਕਰ ਲਿਆ ਹੋਇਆ ਹੈ।


ਫਿਰ ਵੀ ਐਸੇ ਪੱਤਰਕਾਰ ਹਨ ਜਿਨ੍ਹਾਂ ਆਪਣੀ ਦਿਆਨਤਦਾਰੀ ਅਤੇ ਭਾਰਤੀ ਸੰਵਿਧਾਨ ਦੇ ਲੋਕਤੰਤਰੀ ਆਦਰਸ਼ਾਂ ਨੂੰ ਬੁਲੰਦ ਕਰਨ ਦਾ ਕੰਮ ਜਾਰੀ ਰੱਖਿਆ ਹੋਇਆ ਹੈ। ਸੱਤਾਧਾਰੀ ਸਥਾਪਤੀ ਵਿਰੁਧ ਬੋਲਣ ਬਦਲੇ ਪੁਲਿਸ ਦਾ ਇਨ੍ਹਾਂ ਦੇ ਪਿੱਛੇ ਪੈਣਾ ਇਨ੍ਹਾਂ ਸੁਤੰਤਰ ਪੱਤਰਕਾਰਾਂ ਲਈ ਇਕ ਤਰ੍ਹਾਂ ਨਾਲ ਜ਼ਿੰਦਗੀ ਦਾ ਹਿੱਸਾ ਹੀ ਬਣ ਗਿਆ ਹੈ।

ਆਜ਼ਾਦ ਆਨਲਾਈਨ ਨਿਊਜ਼ ਪੋਰਟਲ 'ਦਿ ਵਾਇਰ' ਦੇ ਮੋਢੀ ਸੰਪਾਦਕ ਦੇ ਤੌਰ 'ਤੇ, ਕਾਨੂੰਨ ਨਾਲ ਮੇਰਾ ਵਾਹ ਵੀ ਪੈ ਰਿਹਾ ਹੈ, ਜੋ ਮੁੱਖ ਤੌਰ 'ਤੇ ਮਾਣਹਾਨੀ ਸ਼ਿਕਾਇਤਾਂ ਦੀ ਸ਼ਕਲ 'ਚ ਹੈ। ਇਕ ਸਮੇਂ ਤਾਂ ਸਾਨੂੰ 14 ਮਾਣਹਾਨੀ ਮਾਮਲਿਆਂ ਦਾ ਸਾਹਮਣਾ ਕਰਨਾ ਪਿਆ, ਇਹ ਸਭ ਤੁੱਛ ਸ਼ਿਕਾਇਤਾਂ ਸਨ ਜਿਨ੍ਹਾਂ ਰਾਹੀਂ ਮੰਗੇ ਕੁਲ ਹਰਜਾਨੇ ਦੀ ਰਕਮ 1.3 ਅਰਬ ਡਾਲਰ ਬਣਦੀ ਸੀ। ਕੇਸ ਉਨ੍ਹਾਂ ਲੋਕਾਂ ਵਲੋਂ ਦਰਜ ਕਰਾਏ ਗਏ ਸਨ ਜੋ ਜਾਂ ਤਾਂ ਸੱਤਾਧਾਰੀ ਧਿਰ ਦਾ ਹਿੱਸਾ ਸਨ, ਜਾਂ ਇਸ ਦੇ ਨਜ਼ਦੀਕੀ ਮੰਨੇ ਜਾਂਦੇ ਸਨ। ਉਦੋਂ ਤੋਂ ਲੈ ਕੇ ਸੱਤ ਮਾਮਲੇ ਵਾਪਸ ਲਏ ਜਾ ਚੁੱਕੇ ਹਨ।

ਚੰਦ ਹਫਤੇ ਪਹਿਲਾਂ ਤੰਗ-ਪ੍ਰੇਸ਼ਾਨ ਕਰਨ ਦੇ ਇਸ ਸਿਲਸਿਲੇ ਵਿਚ ਹੋਰ ਵੀ ਮਨਹੂਸ ਮੋੜ ਆ ਗਿਆ। ਪਹਿਲੀ ਅਪਰੈਲ ਨੂੰ ਉਤਰ ਪ੍ਰਦੇਸ਼ ਦੀ ਅਯੁੱਧਿਆ ਪੁਲਿਸ ਨੇ ਮੇਰੇ ਉਪਰ ਬਹੁਤ ਸਾਰੇ ਗੰਭੀਰ ਜੁਰਮਾਂ ਦੇ ਦੋਸ਼ ਲਗਾਏ: ਕੰਪਿਊਟਰ ਦੀ ਵਰਤੋਂ ਕਰ ਕੇ ਕਿਸੇ ਨੂੰ ਬਦਨਾਮ ਕਰਨਾ ਤੇ ਅਸ਼ਲੀਲ ਸਮੱਗਰੀ ਫੈਲਾਉਣਾ; ਇਕ ਸਰਕਾਰੀ ਅਧਿਕਾਰੀ ਦੀਆਂ ਹਦਾਇਤਾਂ ਦੀ ਅਵੱਗਿਆ ਕਰਨਾ; ਮੰਡਰਾ ਰਹੀ ਆਫਤ ਬਾਰੇ ਡਰ ਪੈਦਾ ਕਰਨਾ; ਤੇ ਦੰਗਾ-ਫਸਾਦ ਕਰਾਉਣ ਦੇ ਮਨਸ਼ੇ ਨਾਲ ਅਫਵਾਹਾਂ ਫੈਲਾਉਣਾ। ਪੁਲਿਸ ਵਲੋਂ ਦਰਜ ਕੀਤੀਆਂ ਸ਼ਿਕਾਇਤਾਂ ਹਾਲਾਂਕਿ ਗੋਲਮੋਲ ਕਿਸਮ ਦੀਆਂ ਸਨ, ਇਨ੍ਹਾਂ ਤੋਂ ਇਹ ਤਾਂ ਜ਼ਾਹਿਰ ਹੋ ਹੀ ਗਿਆ ਕਿ ਸਰਕਾਰ 'ਦਿ ਵਾਇਰ' ਵਿਚ 31 ਮਾਰਚ ਨੂੰ ਛਪੇ ਲੇਖ ਤੋਂ ਖਫਾ ਸੀ ਜੋ ਇਕ ਮੁਸਲਿਮ ਧਾਰਮਿਕ ਸੰਸਥਾ 'ਤਬਲੀਗੀ ਜਮਾਤ' ਦੇ ਦਿੱਲੀ ਸਦਰ-ਮੁਕਾਮ ਵਿਖੇ ਕਰੋਨਾ ਵਾਇਰਸ ਦੀ ਛੂਤ ਫੈਲਣ ਬਾਰੇ ਛਾਪਿਆ ਗਿਆ ਸੀ।

ਪਿਛੋਕੜ ਦੇ ਤੌਰ 'ਤੇ ਲੇਖ ਵਿਚ ਇਹ ਨੋਟ ਕੀਤਾ ਗਿਆ ਕਿ ਭਾਰਤ ਵਿਚ ਧਾਰਮਿਕ ਆਗੂ ਅਤੇ ਗਰੁਪ ਕਰੋਨਾ ਵਾਇਰਸ ਦੇ ਖਤਰਿਆਂ ਨੂੰ ਲੈ ਕੇ ਜਾਗਣ ਤੋਂ ਸੁਸਤ ਰਹੇ। ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਯੋਗੀ ਅਦਿਤਿਆਨਾਥ, ਜੋ ਇਕ ਪੁਜਾਰੀ ਅਤੇ ਮੋਦੀ ਦਾ ਸਿਰਕੱਢ ਜੋਟੀਦਾਰ ਹੈ, 25 ਮਾਰਚ ਨੂੰ ਆਪਣੇ ਦਰਜਨਾਂ ਲੋਕਾਂ ਨੂੰ ਨਾਲ ਲੈ ਕੇ ਅਯੁੱਧਿਆ ਵਿਚ ਹਿੰਦੂ ਧਾਰਮਿਕ ਇਕੱਠ ਵਿਚ ਸ਼ਾਮਲ ਹੋਇਆ ਸੀ - ਇਹ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਲਗਾਏ ਕੌਮੀ ਲੌਕਡਾਊਨ ਦਾ ਪਹਿਲਾ ਦਿਨ ਸੀ।

ਅਦਿਤਿਆਨਾਥ ਨੇ ਆਪਣਾ ਇਕ ਵੀਡੀਓ ਟਵੀਟ ਕੀਤਾ ਜਿਸ ਦੇ ਦੁਆਲੇ ਪੁਜਾਰੀਆਂ, ਅਧਿਕਾਰੀਆਂ ਅਤੇ ਪੱਤਰਕਾਰਾਂ ਨੇ ਝੁਰਮਟ ਪਾਇਆ ਹੋਇਆ ਸੀ। ਉਨ੍ਹਾਂ ਵਿਚੋਂ ਕੁਝ ਨੇ ਤਾਂ ਮਾਸਕ ਵੀ ਨਹੀਂ ਸੀ ਪਹਿਨੇ ਹੋਏ, ਦਰਅਸਲ ਇਹ ਇਕੱਠ ਸਮਾਜਿਕ ਫਾਸਲਾ ਬਣਾ ਕੇ ਰੱਖਣ ਦੀ ਸਰਕਾਰ ਦੀ ਸਲਾਹ ਦਾ ਘੋਰ ਉਲੰਘਣ ਸੀ। ਸਾਡੇ ਲੇਖ ਵਿਚ ਇਕ ਹਵਾਲਾ ਗਲਤੀ ਨਾਲ ਅਦਿਤਿਆਨਾਥ ਨਾਲ ਜੋੜਿਆ ਗਿਆ। ਉਹ ਸ਼ਬਦ ਅਯੁੱਧਿਆ ਦੇ ਇਕ ਹੋਰ ਪੁਜਾਰੀ ਨੇ ਕਹੇ ਸਨ।




ਅਸੀਂ ਤੁਰੰਤ ਸਾਫ-ਸਾਫ ਉਸ ਗਲਤੀ ਦੀ ਸੋਧ ਪ੍ਰਕਾਸ਼ਿਤ ਕਰ ਦਿੱਤੀ।

ਆਪਣੀ ਰਿਪੋਰਟ ਵਿਚ ਅਦਿਤਿਆਨਾਥ ਦਾ ਜ਼ਿਕਰ ਅਸੀਂ ਇਸ ਕਰ ਕੇ ਕੀਤਾ ਸੀ, ਕਿਉਂਕਿ ਤਬਲੀਗੀ ਜਮਾਤ ਨਾਲ ਫੈਲੀ ਬਿਮਾਰੀ ਦਾ ਇਸਲਾਮੀ ਹਊਆ ਖੜ੍ਹਾ ਕਰਨ ਵਾਲੀ ਸਥਾਪਤੀ ਅਤੇ ਇਸ ਦੇ ਝੰਡਾਬਰਦਾਰਾਂ ਵਲੋਂ ਦੁਰ ਉਪਯੋਗ ਕੀਤਾ ਜਾ ਰਿਹਾ ਸੀ ਅਤੇ ਇਸ ਦੇ ਬਹਾਨੇ ਮੁਸਲਮਾਨਾਂ ਵਿਰੁਧ ਦੁਸ਼ਮਣੀ ਭੜਕਾਈ ਜਾ ਰਹੀ ਸੀ। ਅਸੀਂ ਤਾਂ ਆਪਣੇ ਪਾਠਕਾਂ ਨੂੰ ਇਹੋ ਚੇਤੇ ਕਰਾ ਰਹੇ ਸੀ ਕਿ ਕਿਸੇ ਵੀ ਧਰਮ ਦੀ ਅਣਜਾਣ ਜਾਂ ਸਵੈ-ਸੰਤੁਸ਼ਟ ਪੈਰੋਕਾਰਾਂ ਉਪਰ ਅਜਾਰੇਦਾਰੀ ਨਹੀਂ ਹੈ। ਮੈਂ ਸਮਝਦਾ ਹਾਂ, ਇਹ ਉਹ ਅਸਲ ਜੁਰਮ ਹੈ ਜੋ ਭਾਰਤ ਅਤੇ ਉਤਰ ਪ੍ਰਦੇਸ਼ ਵਿਚ ਰਾਜ ਕਰ ਰਹੇ ਹਿੰਦੂ ਮੂਲਵਾਦੀਆਂ ਦੀ ਸੋਚ ਅਨੁਸਾਰ ਅਸੀਂ ਕੀਤਾ ਹੈ।

ਤਬਲੀਗੀ ਜਮਾਤ ਦੇ ਮੈਂਬਰਾਂ ਦੀ ਭੰਡੀ ਕਰਨ ਅਤੇ ਮਸਜਿਦਾਂ ਅਤੇ ਮਦਰਸਿਆਂ ਨੂੰ ਨਿਸ਼ਾਨਾ ਬਣਾਉਣ ਦੀ ਜੋ ਮੁਹਿੰਮ ਮੀਡੀਆ ਦੇ ਇਕ ਹਿੱਸੇ ਨੇ ਤੁਰੰਤ ਵਿੱਢ ਦਿੱਤੀ, ਉਹ ਸਥਾਪਤੀ ਲਈ ਬਹੁਤ ਸੁਖਦ ਹੈ। ਜਾਅਲੀ ਵੀਡੀਓ ਦੀ ਮਦਦ ਨਾਲ ਇਸ ਨੇ ਇਕਦਮ ਜ਼ਹਿਰੀਲੀ ਸੋਸ਼ਲ ਮੀਡੀਆ ਮੁਹਿੰਮ ਦਾ ਰੂਪ ਧਾਰ ਲਿਆ ਜਿਸ ਨੂੰ ਹੈਸ਼ਟੈਗਕਰੋਨਾਜਹਾਦ ਵਰਗੇ ਹੈਸ਼ਟੈਗ ਤਹਿਤ ਵਾਇਰਲ ਕੀਤਾ ਗਿਆ।

ਜਿਵੇਂ ਉਮੀਦ ਸੀ, ਆਨਲਾਈਨ ਨਫਰਤ ਹਕੀਕੀ ਦੁਨੀਆ ਵਿਚ ਜਾ ਫੈਲੀ। ਉਤਰ ਪ੍ਰਦੇਸ਼ ਅਤੇ ਭਾਰਤ ਦੇ ਹੋਰ ਹਿੱਸਿਆਂ ਤੋਂ ਕਈ ਗਰੋਹਾਂ ਵਲੋਂ ਮੁਸਲਮਾਨਾਂ ਉਪਰ ਹਮਲੇ ਕਰਨ ਅਤੇ ਰੇੜ੍ਹੀਆਂ-ਫੜ੍ਹੀਆਂ ਲਾਉਣ ਵਾਲੇ ਮੁਸਲਮਾਨਾਂ ਦਾ ਬਾਈਕਾਟ ਕਰਨ ਦੀਆਂ ਰਿਪੋਰਟਾਂ ਆਈਆਂ ਹਨ। ਇਸ ਨਫਰਤ ਦੇ ਪ੍ਰਭਾਵ ਹੇਠ ਦੋ ਹਸਪਤਾਲਾਂ ਵਲੋਂ ਮੁਸਲਿਮ ਮਾਵਾਂ ਦਾ ਕਥਿਤ ਤੌਰ 'ਤੇ ਇਲਾਜ ਕਰਨ ਤੋਂ ਇਨਕਾਰ ਕਰਨ 'ਤੇ ਦੋ ਬੱਚਿਆਂ ਦੀ ਮੌਤ ਹੋ ਗਈ। ਇਕ ਕੈਂਸਰ ਹਸਪਤਾਲ ਨੇ ਐਲਾਨ ਕਰ ਦਿੱਤਾ ਕਿ ਇਹ ਮੁਸਲਿਮ ਮਰੀਜ਼ਾਂ ਨੂੰ ਉਦੋਂ ਤਕ ਦਾਖਲ ਨਹੀਂ ਕਰੇਗਾ, ਜਦ ਤਕ ਉਹ ਸਬੂਤ ਪੇਸ਼ ਨਹੀਂ ਕਰਦੇ ਕਿ ਉਨ੍ਹਾਂ ਦਾ ਕਰੋਨਾ ਵਾਇਰਸ ਦਾ ਟੈਸਟ ਨੈਗੇਟਿਵ ਹੈ।

ਇਸ ਕਿਸੇ ਵੀ ਮਾਮਲੇ ਨੇ ਭਾਰਤ ਸਰਕਾਰ ਜਾਂ ਰਾਜ ਦੇ ਕਰਤਾ-ਧਰਤਾਵਾਂ ਨੂੰ ਕਾਨੂੰਨ ਦਾ ਰਾਜ ਦ੍ਰਿੜਤਾ ਨਾਲ ਲਾਗੂ ਕਰਨ ਲਈ ਨਹੀਂ ਝੰਜੋੜਿਆ। ਇਸ ਦੀ ਬਜਾਏ, ਲੌਕਡਾਊਨ ਦੌਰਾਨ ਹੀ ਮੇਰੇ ਉਪਰ ਲੱਗੇ ਦੋਸ਼ਾਂ ਦਾ ਜਵਾਬ ਦੇਣ ਲਈ ਸੱਦਣ ਖਾਤਰ ਅਯੁੱਧਿਆ ਤੋਂ ਪੁਲਸੀਏ 435 ਮੀਲ ਦੂਰ ਨਵੀਂ ਦਿੱਲੀ ਮੇਰੇ ਘਰ ਭੇਜ ਦਿੱਤੇ ਗਏ।

ਉਨ੍ਹਾਂ ਨੇ ਮੇਰੇ ਪੇਸ਼ ਹੋਣ ਦੀ ਤਾਰੀਕ ਲੌਕਡਾਊਨ ਦਰਮਿਆਨ ਚੁਣੀ ਸੀ, ਉਹ ਭਲੀਭਾਂਤ ਜਾਣਦੇ ਸਨ ਕਿ ਰਾਜਾਂ ਦੀਆਂ ਸਰਹੱਦਾਂ ਲੰਘ ਕੇ ਹਰਗਿਜ਼ ਹਾਜ਼ਰ ਨਹੀਂ ਹੋਇਆ ਜਾਣਾ। ਉਹ ਇਹ ਵੀ ਜਾਣਦੇ ਸਨ ਕਿ ਲੌਕਡਾਊਨ ਕਾਰਨ ਮੈਂ ਅਦਾਲਤਾਂ ਵਿਚ ਵੀ ਪਹੁੰਚ ਨਹੀਂ ਸਕਾਂਗਾ, ਜਿਸ ਕਾਰਨ ਜਵਾਬ ਨਾ ਦੇਣ ਬਦਲੇ ਉਹ ਮੇਰੀ ਗ੍ਰਿਫਤਾਰੀ ਨੂੰ ਸੰਭਵ ਬਣਾ ਸਕਣਗੇ।

ਚੰਗੇ ਭਾਗਾਂ ਨੂੰ, ਇਸ ਧਮਕਾਊ ਕਾਰੇ ਨੂੰ ਲੈ ਕੇ ਸਿਵਲ ਸੁਸਾਇਟੀ ਵਲੋਂ ਮਚਾਈ ਹਾਲ-ਦੁਹਾਈ ਨਾਲ ਪੁਲਿਸ ਪਿੱਛੇ ਹਟਣ ਲਈ ਮਜਬੂਰ ਹੋ ਗਈ। ਮੋਹਲਤ ਦੇ ਸਮੇਂ ਤੋਂ 36 ਘੰਟੇ ਪਹਿਲਾਂ ਮੈਨੂੰ ਸੂਚਿਤ ਕੀਤਾ ਗਿਆ ਕਿ ਮੈਂ ਆਪਣਾ ਬਿਆਨ ਈਮੇਲ ਰਾਹੀਂ ਦਰਜ ਕਰਵਾ ਸਕਦਾ ਹਾਂ, ਜੋ ਮੈਂ ਕਰਾ ਦਿੱਤਾ ਹੈ। ਗੇਂਦ ਹੁਣ ਉਤਰ ਪ੍ਰਦੇਸ਼ ਸਰਕਾਰ ਦੇ ਪਾਲੇ ਵਿਚ ਹੈ; ਲੇਕਿਨ ਭਾਜਪਾ ਦੀ ਆਲੋਚਨਾ ਪ੍ਰਤੀ ਅਸਹਿਣਸ਼ੀਲਤਾ ਨੂੰ ਦੇਖਦਿਆਂ ਮੈਨੂੰ ਇਹ ਆਸ ਨਹੀਂ ਕਿ ਉਹ ਅਧਿਕਾਰੀ ਜਨਤਕ ਸਿਹਤ ਐਮਰਜੈਂਸੀ ਦੇ ਕਾਰਨ ਹੀ ਪਿੱਛੇ ਹਟ ਗਏ।

ਪੂਰੇ ਭਾਰਤ ਵਿਚ ਮਹਾਮਾਰੀ ਅਤੇ ਲੌਕਡਾਊਨ ਤਾਨਾਸ਼ਾਹ ਲਾਲਸਾਵਾਂ ਦੇ ਮਨਮਾਨੀਆਂ ਕਰਨ ਲਈ ਮੌਕਾ ਬਣ ਕੇ ਬਹੁੜੇ ਹਨ। ਕਰੋਨਾ ਵਾਇਰਸ ਦੇ ਖਤਰੇ ਕਾਰਨ ਸੁਪਰੀਮ ਕੋਰਟ ਵੱਲੋਂ ਅਥਾਰਟੀਜ਼ ਨੂੰ ਜੇਲ੍ਹਾਂ ਨੂੰ ਖਾਲੀ ਕਰਨ ਲਈ ਜ਼ੋਰ ਪਾਉਣ ਦੇ ਬਾਵਜੂਦ ਮਨੁੱਖੀ ਹੱਕਾਂ ਦੇ ਕਾਰਕੁਨ ਗੌਤਮ ਨਵਲੱਖਾ ਅਤੇ ਆਨੰਦ ਤੇਲਤੁੰਬੜੇ, ਜੋ ਮੈਨੇਜਮੈਂਟ ਦੇ ਪ੍ਰੋਫੈਸਰ ਤੇ ਸਿਰਕੱਢ ਬੁੱਧੀਜੀਵੀ ਹਨ, ਨੂੰ ਨਿਹਾਇਤ ਥੋਥੇ ਸਬੂਤਾਂ ਦੇ ਆਧਾਰ 'ਤੇ ਦਹਿਸ਼ਤਵਾਦ ਵਿਰੋਧੀ ਕਾਲੇ ਕਾਨੂੰਨ ਤਹਿਤ ਪਿਛਲੇ ਹਫਤੇ ਹੀ ਹਿਰਾਸਤ ਵਿਚ ਲਿਆ ਗਿਆ ਹੈ।

ਦੁੱਖ ਇਸ ਗੱਲ ਦਾ ਹੈ ਕਿ ਸੁਪਰੀਮ ਕੋਰਟ ਨੇ ਨਾ ਤਾਂ ਉਨ੍ਹਾਂ ਦੇ ਮਾਮਲੇ ਵਿਚ ਅਤੇ ਨਾ ਹੀ ਹੱਕਾਂ ਨਾਲ ਸੰਬੰਧਤ ਬਹੁਤ ਸਾਰੇ ਹੋਰ ਮਾਮਲਿਆਂ ਵਿਚ ਦਖਲਅੰਦਾਜ਼ੀ ਕੀਤੀ ਹੈ। 24 ਮਾਰਚ ਨੂੰ ਮੋਦੀ ਨੇ ਚਾਰ ਘੰਟੇ ਦੀ ਮੋਹਲਤ ਦੇ ਕੇ ਜੋ ਲੌਕਡਾਊਨ ਐਲਾਨ ਕੀਤਾ, ਉਸ ਨਾਲ ਕੁਲੀ, ਗੁੱਲੀ ਅਤੇ ਜੁੱਲੀ ਤੋਂ ਵਿਰਵੇ ਕੀਤੇ ਲੱਖਾਂ ਬੇਵੱਸ ਪਰਵਾਸੀ ਮਜ਼ਦੂਰ ਪੈਦਲ ਹੀ ਆਪਣੇ ਜੱਦੀ ਪਿੰਡਾਂ ਨੂੰ ਚਾਲੇ ਪਾਉਣ ਲਈ ਮਜਬੂਰ ਹੋ ਗਏ।

ਸੁਪਰੀਮ ਕੋਰਟ ਵਿਚ ਲੋਕ ਹਿੱਤ ਮਾਮਲਾ ਦਾਇਰ ਕਰਕੇ ਤੰਗੀਆਂ ਦੇ ਝੰਬੇ ਕਿਰਤੀਆਂ ਦੀ ਮਦਦ ਕਰਨ ਦੀ ਮੰਗ ਕੀਤੀ ਗਈ। ਅਦਾਲਤ ਨੇ ਦਬੂ ਰੂਪ 'ਚ ਭਾਰਤ ਸਰਕਾਰ ਦਾ ਦਾਅਵਾ ਝੱਟ ਸਵੀਕਾਰ ਕਰ ਲਿਆ ਕਿ ਪਰਵਾਸੀ ਕਿਰਤੀਆਂ ਦੀ ਹਿਜਰਤ ਤਾਂ ਮੀਡੀਆ ਦੀਆਂ 'ਝੂਠੀਆਂ ਖਬਰਾਂ' ਕਾਰਨ ਹੋਈ ਹੈ। ਸੋਸ਼ਲ ਮੀਡੀਆ ਉਪਰ ਜਿਨ੍ਹਾਂ ਰਿਪੋਰਟਾਂ ਅਤੇ ਟਿੱਪਣੀਆਂ ਵਿਚ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਦਰਸਾਈ ਹੁੰਦੀ ਹੈ, ਉਨ੍ਹਾਂ ਦੇ ਆਧਾਰ 'ਤੇ ਪੁਲਿਸ ਪੱਤਰਕਾਰਾਂ, ਇਥੋਂ ਤਕ ਕਿ ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਗੁਜਰਾਤ ਰਾਜ ਵਿਚ ਪੁਲਿਸ ਨੇ ਇਕ ਸਤਿਕਾਰਤ ਵਕੀਲ ਨੂੰ ਨਫਰਤ ਫੈਲਾਉਣ ਦੇ ਦੋਸ਼ 'ਚ ਧਰ ਲਿਆ ਜਿਸ ਨੇ ਤਨਜ਼ੀਆ ਟਵੀਟ ਕੀਤਾ ਸੀ। ਇਹ ਜ਼ਿਆਦਾਤਰ ਮਾਮਲੇ ਅਦਾਲਤ ਵਿਚ ਠੁੱਸ ਹੋ ਜਾਂਦੇ ਹਨ, ਲੇਕਿਨ ਪੁਲਿਸ ਜਾਣਦੀ ਹੈ ਕਿ ਅਦਾਲਤੀ ਅਮਲ ਆਪਣੇ ਆਪ ਵਿਚ ਸਜ਼ਾ ਹੈ।

ਕੌਮੀ ਲੌਕਡਾਊਨ ਠੀਕ ਉਹ ਸਮਾਂ ਹੈ, ਜਦ ਲੋਕਤੰਤਰ ਵਿਚ ਪੱਤਰਕਾਰਾਂ ਨੇ ਇਸ ਗੱਲੋਂ ਨਿਸ਼ਚਿੰਤ ਹੋ ਕੇ ਆਪਣੀਆਂ ਕਲਮਾਂ ਚਲਾਉਣੀਆਂ ਅਤੇ ਰਿਪੋਰਟਾਂ ਤਿਆਰ ਕਰਨੀਆਂ ਹੁੰਦੀਆਂ ਹਨ ਕਿ ਅੱਧੀ ਰਾਤ ਨੂੰ ਉਨ੍ਹਾਂ ਦੇ ਬੂਹੇ ਪੁਲਿਸ ਨਹੀਂ ਖੜਕਾਏਗੀ। ਸਿਰਫ ਫਰਜ਼ ਨਿਭਾ ਕੇ ਹੀ ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਨਾ ਸਿਰਫ ਆਮ ਨਾਗਰਿਕ ਆਲਮੀ ਮਹਾਮਾਰੀ ਵਿਚੋਂ ਸਹੀ-ਸਲਾਮਤ ਬਚ ਜਾਣ ਸਗੋਂ ਉਨ੍ਹਾਂ ਦਾ ਲੋਕਤੰਤਰ ਵੀ ਬਚਿਆ ਰਹੇ।

# ਪੱਤਰਕਾਰਾਂ ਵਿਰੁਧ ਪਰਚੇ: ਅਸਲ ਨਿਸ਼ਾਨਾ ਪੱਤਰਕਾਰੀ

ਕਸ਼ਮੀਰ ਘਾਟੀ ਵਿਚ ਦੋ ਦਿਨਾਂ ਅੰਦਰ ਤਿੰਨ ਪੱਤਰਕਾਰਾਂ ਉਪਰ ਸੰਗੀਨ ਇਲਜ਼ਾਮਾਂ ਤਹਿਤ ਕੇਸ ਦਰਜ ਕਰਨ ਦਾ ਵਰਤਾਰਾ ਭਾਰਤੀ ਸਟੇਟ ਵਿਚ ਸੱਚੀ ਪੱਤਰਕਾਰੀ ਨੂੰ ਦਰਪੇਸ਼ ਖਤਰਿਆਂ ਦਾ ਮੂੰਹ ਬੋਲਦਾ ਸਬੂਤ ਹੈ। ਇਸ ਤੋਂ ਤਿੱਖਾ ਵਿਅੰਗ ਹੋਰ ਕੀ ਹੋ ਸਕਦਾ ਹੈ ਕਿ ਜਿਹੜਾ ਸਟੇਟ 'ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ' ਹੋਣ ਦੇ ਦਾਅਵਾ ਕਰਦਾ ਹੈ, ਉਸ ਵਿਚ ਸੋਸ਼ਲ ਮੀਡੀਆ ਪੋਸਟਾਂ ਨੂੰ ਗੈਰਕਾਨੂੰਨੀ ਕਾਰਵਾਈਆਂ ਮੰਨਿਆ ਜਾ ਰਿਹਾ ਹੈ। ਕਸ਼ਮੀਰ ਵਿਚ ਸੋਸ਼ਲ ਮੀਡੀਆ ਦੀ 'ਦੁਰਵਰਤੋਂ' ਨੂੰ ਲੈ ਕੇ 13 ਪਰਚੇ ਦਰਜ ਕੀਤੇ ਜਾ ਚੁੱਕੇ ਹਨ।

ਦਿੱਲੀ ਦਰਬਾਰ ਅਤੇ ਇਸ ਦੇ ਹੁਕਮਾਂ ਨੂੰ ਸਤਿ-ਬਚਨ ਕਹਿ ਕੇ ਮੰਨ ਰਹੇ ਸਥਾਨਕ ਸਰਕਾਰੀ-ਤੰਤਰ ਲਈ ਪੱਤਰਕਾਰੀ ਅਤੇ ਸਾਈਬਰ ਕ੍ਰਾਈਮ ਇੱਕੋ ਸਿੱਕੇ ਦੇ ਦੋ ਪਾਸੇ ਹਨ। ਕਿਸੇ ਵੀ ਨਿਊਜ਼ ਰਿਪੋਰਟ ਨੂੰ ਸਾਈਬਰ ਕ੍ਰਾਈਮ ਕਰਾਰ ਦਿੱਤਾ ਜਾ ਸਕਦਾ ਹੈ। ਪੁਲਿਸ ਨੂੰ ਦਿੱਤੀ ਬੇਲਗਾਮ ਖੁੱਲ੍ਹ ਦਾ ਆਲਮ ਇਹ ਹੈ ਕਿ ਸਾਈਬਰ ਕ੍ਰਾਈਮ

**ਬੂਟਾ ਸਿੰਘ**
ਫੋਨ: +91-94634-74342

ਥਾਣੇ ਦੇ ਅਧਿਕਾਰੀ ਯੂ.ਏ.ਪੀ.ਏ. ਦੇ ਪਰਚੇ ਦਰਜ ਕਰ ਰਹੇ ਹਨ, ਜਿਨ੍ਹਾਂ ਦਾ ਇਹ ਅਧਿਕਾਰ-ਖੇਤਰ ਹੀ ਨਹੀਂ। ਗੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਦੇ ਕੇਸਾਂ ਵਿਚ ਪੱਤਰਕਾਰਾਂ ਨੂੰ ਫਸਾਉਣਾ ਦਰਸਾਉਂਦਾ ਹੈ ਕਿ ਇਹ ਸਮੂਹ ਪੱਤਰਕਾਰਾਂ ਲਈ ਸਿੱਧਾ ਸੰਦੇਸ਼ ਹੈ। ਸਟੇਟ ਦੀ ਮਨਸ਼ਾ ਇਮਾਨਦਾਰੀ ਨਾਲ ਪ੍ਰੋਫੈਸ਼ਨਲ ਡਿਊਟੀ ਨਿਭਾ ਰਹੇ ਪੱਤਰਕਾਰਾਂ ਨੂੰ ਸਥਾਪਤੀ ਦੇ ਤੋਤੇ ਬਣਾਉਣ ਅਤੇ ਸਮੁੱਚੇ ਪੱਤਰਕਾਰ ਭਾਈਚਾਰੇ ਨੂੰ ਦਹਿਸ਼ਤਜ਼ਦਾ ਕਰ ਕੇ ਹਾਲਾਤ ਦੀ ਪੇਸ਼ਕਾਰੀ ਸੱਤਾ ਦੀ ਇੱਛਾ ਅਨੁਸਾਰ ਕਰਵਾਉਣ ਦੀ ਹੈ।

ਫੋਟੋ ਜਰਨਲਿਸਟ ਮਸੱਰਤ ਜ਼ਹਰਾ (26) ਦੇ ਖਿਲਾਫ ਯੂ.ਏ.ਪੀ.ਏ. ਅਤੇ ਆਈ.ਪੀ.ਸੀ. ਦੀ ਧਾਰਾ-505 ਤਹਿਤ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਉਸ ਨੂੰ 18 ਅਪਰੈਲ ਨੂੰ ਸਾਈਬਰ ਪੁਲਿਸ ਸਟੇਸ਼ਨ ਸ੍ਰੀਨਗਰ ਨੇ ਪੇਸ਼ ਹੋਣ ਲਈ ਕਿਹਾ। ਕਸ਼ਮੀਰ ਪ੍ਰੈੱਸ ਕਲੱਬ ਦੀ ਦਖਲਅੰਦਾਜ਼ੀ ਕਾਰਨ ਉਸ ਨੂੰ ਥਾਣੇ ਪੇਸ਼ ਹੋਣ ਤੋਂ ਆਰਜ਼ੀ ਛੋਟ ਮਿਲ ਗਈ। ਬਾਅਦ ਵਿਚ ਪਤਾ ਲੱਗਿਆ ਕਿ ਉਸ ਉਪਰ ਯੂ.ਏ.ਪੀ.ਏ. ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਹਿੰਸਾ ਤੋਂ ਪੀੜਤ ਔਰਤਾਂ ਅਤੇ ਬੱਚਿਆਂ ਦੇ ਸੰਤਾਪ ਨੂੰ ਕੈਮਰਾਬੰਦ ਕਰਨ ਵਾਲੀ ਇਸ ਹੋਣਹਾਰ ਫੋਟੋਗ੍ਰਾਫਰ ਵਲੋਂ ਖਿਚੀਆਂ ਤਸਵੀਰਾਂ ਵਾਸ਼ਿੰਗਟਨ ਪੋਸਟ, ਅਲ-ਜਜ਼ੀਰਾ, ਕੁਇੰਟ ਅਤੇ ਕੈਰਵਾਂ ਮੈਗਜ਼ੀਨ ਵਿਚ ਛਪ ਚੁੱਕੀਆਂ ਹਨ। ਕੌਮਾਂਤਰੀ ਪਛਾਣ ਵਾਲੀ ਇਸ ਫੋਟੋ ਜਰਨਲਿਸਟ ਦੀਆਂ ਤਸਵੀਰਾਂ ਦੀਆਂ ਨੁਮਾਇਸ਼ਾਂ ਦਿੱਲੀ ਅਤੇ ਨਿਊ ਯਾਰਕ ਵਿਚ ਲੱਗ ਚੁੱਕੀਆਂ ਹਨ।

ਮਸੱਰਤ ਉਪਰ 'ਨੌਜਵਾਨਾਂ ਨੂੰ ਭੜਕਾਉਣ ਅਤੇ ਪਬਲਿਕ ਅਮਨ-ਅਮਾ ਖਿਲਾਫ ਜੁਰਮਾਂ ਨੂੰ ਉਤਸ਼ਾਹਤ ਕਰਨ' ਦਾ ਇਲਜ਼ਾਮ ਲਗਾਇਆ ਗਿਆ ਹੈ। ਪੁਲਿਸ ਦੀ ਪ੍ਰੈੱਸ ਰਿਲੀਜ਼ ਕਹਿੰਦੀ ਹੈ, 'ਅਕਾਊਂਟ ਯੂਜ਼ਰ ਐਸੀਆਂ ਪੋਸਟਾਂ ਵੀ ਅੱਪਲੋਡ ਕਰ ਰਹੀ ਹੈ ਜੋ ਦੇਸ਼ ਵਿਰੋਧੀ ਕਾਰਵਾਈਆਂ ਦੀ ਤਾਰੀਫ ਕਰਨ ਅਤੇ ਦੇਸ਼ ਦੇ ਖਿਲਾਫ ਅਸਹਿਮਤੀ ਪੈਦਾ ਕਰਨ ਤੋਂ ਇਲਾਵਾ ਕਾਨੂੰਨ ਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਦਾ ਅਕਸ ਵਿਗਾੜਦੀਆਂ ਹਨ।' ਤੱਥ ਇਹ ਹੈ ਕਿ ਉਸ ਦੀਆਂ ਜ਼ਿਆਦਾਤਰ ਤਸਵੀਰਾਂ ਪਹਿਲਾਂ ਹੀ ਪ੍ਰਿੰਟ ਮੀਡੀਆ ਵਿਚ ਛਪ ਚੁੱਕੀਆਂ ਹਨ। ਆਖਿਰਕਾਰ ਉਨ੍ਹਾਂ ਵਿਚ ਐਸਾ ਕੀ ਹੈ ਕਿ ਮਾਮੂਲੀ ਤਸਵੀਰਾਂ ਵੀ ਦੁਨੀਆਂ ਦੀ ਮਹਾਂਸ਼ਕਤੀ ਬਣਨ ਦੇ ਸੁਪਨੇ ਲੈਣ ਵਾਲੇ ਸਟੇਟ ਦੀ ਅੱਖ ਦਾ ਰੋੜ ਬਣ ਗਈਆਂ ਅਤੇ ਯੂ.ਏ.ਪੀ.ਏ. ਦੀ ਧਾਰਾ 13 ਲਗਾਉਣੀ ਪੈ ਗਈ? ਯਾਦ ਰਹੇ, ਇਸ ਕਾਨੂੰਨ ਤਹਿਤ ਕਥਿਤ ਗੈਰਕਾਨੂੰਨੀ ਕਾਰਵਾਈਆਂ ਵਿਚ ਸ਼ਾਮਲ ਹੋਣ ਜਾਂ ਹਿੱਸਾ ਲੈਣ ਦੇ ਜੁਰਮ 'ਚ 7 ਸਾਲ ਦੀ ਕੈਦ ਦੀ ਵਿਵਸਥਾ ਹੈ ਅਤੇ ਇਹ ਕਿਸੇ ਬਿਨਾਂ ਕਿਸੇ ਸਬੂਤ ਤੋਂ ਕਿਸੇ ਵਿਅਕਤੀ ਨੂੰ ਛੇ ਮਹੀਨੇ ਤਕ ਪੁੱਛਗਿੱਛ ਲਈ ਹਿਰਾਸਤ ਵਿਚ ਰੱਖਣ ਦੀ ਇਜਾਜ਼ਤ ਦਿੰਦਾ ਹੈ।

ਦਰਅਸਲ, ਉਸ ਦੀਆਂ ਤਸਵੀਰਾਂ ਕਸ਼ਮੀਰ ਵਿਚ ਸਟੇਟ ਦੇ ਜਬਰ ਦਾ ਦਸਤਾਵੇਜ਼ ਹਨ। ਮਿਸਾਲ ਵਜੋਂ, ਉਹਨ੍ਹਾਂ ਪਰਿਵਾਰਾਂ ਦੀਆਂ ਤਸਵੀਰਾਂ ਜਿਨ੍ਹਾਂ ਦੇ ਜੀਅ ਪੁਲਿਸ/ਫੌਜ ਦੀ ਗੋਲੀਬਾਰੀ ਦੌਰਾਨ ਮਾਰੇ ਗਏ। 6 ਅਪਰੈਲ ਨੂੰ ਪਾਈ ਤਸਵੀਰ ਵਿਚ ਆਪਣੇ ਘਰ ਦੇ ਸਾਹਮਣੇ ਖੜ੍ਹੀ ਔਰਤ ਨਜ਼ਰ ਆ ਰਹੀ ਹੈ, ਇਸ ਦੀ ਕੈਪਸ਼ਨ ਸੀ: 'ਕਵੀ ਮਾਧੋ ਬਲਹਾਮੀ, ਜਿਸ ਦੀਆਂ ਲਿਖੀਆਂ ਨਜ਼ਮਾਂ ਸਲਾਮਤੀ ਦਸਤਿਆਂ ਦੀ ਗੋਲੀਬਾਰੀ ਦੌਰਾਨ ਤਬਾਹ ਹੋ ਚੁੱਕੇ ਉਸ ਦੇ ਘਰ ਵਿਚ ਹੀ ਗੁੰਮ ਹੋ ਗਈਆਂ, ਕਹਿੰਦੀ ਹੈ - ਪਹਿਲਾਂ ਇਹ ਘਰ ਮੇਰੇ ਲਈ ਬਸ ਇਕ ਮਕਾਨ ਸੀ ਹੁਣ ਇਹ ਜਗ੍ਹਾ ਮੇਰੇ ਲਈ ਆਸਤਾਨ (ਤੀਰਥ) ਹੈ।' 18 ਅਪਰੈਲ ਨੂੰ ਪਾਈ ਤਸਵੀਰ ਵਿਚ ਕੱਪੜੇ ਦਾ ਇਕ ਟੁਕੜਾ, ਕੁਝ ਦਸਤਾਵੇਜ਼ ਅਤੇ ਕੁਝ ਨੋਟ ਨਜ਼ਰ ਆ ਰਹੇ ਹਨ। ਜ਼ਹਰਾ ਨੇ ਇਸ ਨੂੰ ਕੈਪਸ਼ਨ ਦਿੱਤੀ: 'ਆਰਿਫਾ ਜਾਨ ਅਖਬਾਰ ਦੀਆਂ ਕਾਤਰਾਂ ਅਤੇ ਆਪਣੇ ਸ਼ੌਹਰ ਅਬਦੁਲ ਕਾਦਿਰ ਸ਼ੇਖ ਦੇ ਲਹੂ ਨਾਲ ਲਿੱਬੜੇ ਨੋਟਾਂ ਨੂੰ ਸੰਭਾਲਦੀ ਹੋਈ। ਉਸ ਨੂੰ ਭਾਰਤੀ ਫੌਜ ਨੇ ਦਹਿਸ਼ਤਗਰਦ ਹੋਣ ਦੇ ਸ਼ੱਕ 'ਚ ਗੋਲੀ ਮਾਰੀ ਸੀ। ਮੈਂ ਇਸ ਦੁੱਖ ਵਿਚੋਂ ਨਿਕਲ ਨਹੀਂ ਸਕੀ ਹਾਂ।'



ਖੱਬਿਓਂ: ਮਸੱਰਤ ਜ਼ਹਰਾ, ਪੀਰਜ਼ਾਦਾ ਆਸ਼ਿਕ ਅਤੇ ਗੌਹਰ ਗਿਲਾਨੀ।

ਇਸ ਐਫ.ਆਈ.ਆਰ. ਨਾਲ ਮੱਚੀ ਹਾਹਾਕਾਰ ਅਜੇ ਮੱਠੀ ਨਹੀਂ ਪਈ ਸੀ ਕਿ ਅਗਲੇ ਦਿਨ 19 ਅਪਰੈਲ ਨੂੰ ਪੁਲਿਸ ਨੇ ਸੀਨੀਅਰ ਜਰਨਲਿਸਟ ਪੀਰਜ਼ਾਦਾ ਆਸ਼ਿਕ ਨੂੰ ਤਲਬ ਕਰ ਲਿਆ। ਉਹ ਮੁਲਕ ਦੇ ਮਸ਼ਹੂਰ ਅਖਬਾਰ 'ਦਿ ਹਿੰਦੂ' ਲਈ ਕੰਮ ਕਰਦੇ ਹਨ। ਉਸ ਉਪਰ ਉਸੇ ਦਿਨ ਛਪੀ ਰਿਪੋਰਟ ਵਿਚ ਤੱਥਾਂ ਨੂੰ ਗ਼ਲਤ ਪੇਸ਼ ਕਰਨ ਦਾ ਇਲਜ਼ਾਮ ਲਗਾਇਆ ਗਿਆ। ਉਸ ਨੇ ਆਪਣਾ ਪੱਖ ਪੇਸ਼ ਕਰ ਦਿੱਤਾ ਪਰ ਮਾਮਲਾ ਇਥੇ ਹੀ ਖਤਮ ਹੋਣ ਵਾਲਾ ਨਹੀਂ ਸੀ, ਸਟੇਟ ਦਾ ਇਰਾਦਾ ਕੁਝ ਹੋਰ ਸੀ। ਉਸੇ ਦਿਨ ਉਸ ਨੂੰ ਸ਼ਾਮ ਨੂੰ ਦੱਖਣੀ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿਚ ਪੁਲਿਸ ਅਫਸਰ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਜੋ ਚਾਲੀ ਕਿਲੋਮੀਟਰ ਦੂਰ ਹੈ। ਉਹ ਬੜੀ ਮੁਸ਼ਕਿਲ ਨਾਲ ਅੱਧੀ ਰਾਤ ਨੂੰ ਘਰ ਪਰਤ ਸਕਿਆ। ਇਸ ਦੌਰਾਨ ਉਸ ਦਾ ਪਰਿਵਾਰ ਉਸ ਦੀ ਸੁਰੱਖਿਆ ਨੂੰ ਲੈ ਕੇ ਕਿੰਨਾ ਖੌਫ ਵਿਚੋਂ ਗੁਜ਼ਰਿਆ ਹੋਵੇਗਾ, ਇਸ ਦਾ ਅੰਦਾਜ਼ਾ ਉਥੋਂ ਦੇ ਹਾਲਾਤ ਅਨੁਸਾਰ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਇਸੇ ਤਰ੍ਹਾਂ ਇਕ ਹੋਰ ਮਸ਼ਹੂਰ ਪੱਤਰਕਾਰ ਅਤੇ ਲੇਖਕ ਗੌਹਰ ਗਿਲਾਨੀ, ਜਿਨ੍ਹਾਂ ਨੇ ਕਸ਼ਮੀਰ ਦੇ ਹਾਲਾਤ ਬਾਰੇ ਅਹਿਮ ਕਿਤਾਬ 'ਰੇਜ ਐਂਡ ਰੀਜ਼ਨ' (ਕ੍ਰੋਧ ਅਤੇ ਕਾਰਨ) ਲਿਖੀ ਹੈ, ਖਿਲਾਫ ਵੀ ਪਰਚਾ ਦਰਜ ਕਰ ਲਿਆ ਗਿਆ। ਉਹੀ ਘਸਿਆ ਪਿਟਿਆ ਇਲਜ਼ਾਮ: ਪੁਲਿਸ ਨੂੰ ਭਰੋਸੇਯੋਗ ਸੂਤਰਾਂ ਤੋਂ ਸੂਚਨਾ ਮਿਲੀ ਹੈ ਕਿ ਗੌਹਰ ਗਿਲਾਨੀ ਸੋਸ਼ਲ ਮੀਡੀਆ ਉਪਰ ਪੋਸਟਾਂ ਪਾ ਰਿਹਾ ਹੈ ਅਤੇ ਇਨ੍ਹਾਂ ਪੋਸਟਾਂ ਜ਼ਰੀਏ ਉਹ ਗੈਰਕਾਨੂੰਨੀ ਕਾਰਵਾਈਆਂ ਵਿਚ ਲੱਗਿਆ ਹੋਇਆ ਹੈ। ਉਹ 'ਝੂਠੀਆਂ ਖਬਰਾਂ' ਬਣਾਉਂਦਾ ਹੈ ਜੋ ਭਾਰਤ ਦੀ ਏਕਤਾ, ਅਖੰਡਤਾ ਤੇ ਸੁਰੱਖਿਆ ਲਈ ਖਤਰਾ ਹਨ।

ਗੌਹਰ ਗਿਲਾਨੀ ਦੀ ਸੋਚ ਜੱਗ ਜ਼ਾਹਰ ਹੈ, ਉਹ ਰਾਜਕੀ ਹਿੰਸਾ ਦਾ ਹੀ ਨਹੀਂ ਸਗੋਂ ਖਾੜਕੂ ਗਰੁੱਪਾਂ ਦੀ ਹਿੰਸਾ ਦਾ ਵੀ ਬਰਾਬਰ ਆਲੋਚਕ ਹੈ। ਪੁਲਿਸ ਦੀ ਪ੍ਰੈੱਸ ਰਿਲੀਜ਼ ਤੋਂ ਅਸਲ ਮਨਸ਼ਾ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ, ਜਿਸ ਵਿਚ ਕਿਹਾ ਗਿਆ ਕਿ ਉਸ ਵਲੋਂ ਜੋ ਖਬਰ ਛਪਵਾਈ ਗਈ, 'ਉਸ ਦੇ ਤੱਥਾਂ ਦੀ ਤਸਦੀਕ ਜ਼ਿਲ੍ਹਾ ਅਥਾਰਟੀਜ਼ ਤੋਂ ਨਹੀਂ ਕਰਵਾਈ'। ਮਾਮਲਾ ਸਿਰਫ ਇੰਨਾ ਕੁ ਸੀ ਕਿ ਉਸ ਨੇ ਬਾਰਾਮੂਲਾ ਵਿਚ ਖਾੜਕੂਆਂ ਦੀਆਂ ਲਾਸ਼ਾਂ ਨੂੰ ਕਬਰਾਂ ਵਿਚੋਂ ਬਾਹਰ ਕੱਢਣ ਬਾਰੇ ਖਬਰ ਦਿੱਤੀ ਸੀ ਜੋ ਇਕ ਖਾੜਕੂ ਦੇ ਪਰਿਵਾਰ ਮੈਂਬਰ ਦੇ ਹਵਾਲੇ ਨਾਲ ਸੀ। ਪਰਿਵਾਰ ਮੈਂਬਰਾਂ ਨੂੰ ਇਹ ਭੁਲੇਖਾ ਪੈ ਗਿਆ ਕਿ ਉਨ੍ਹਾਂ ਨੂੰ ਜੋ ਕਰਫਿਊ ਪਾਸ ਜਾਰੀ ਕੀਤਾ ਗਿਆ ਹੈ, ਉਹ ਦਫਨਾਈ ਲਾਸ਼ ਨੂੰ ਬਾਹਰ ਕੱਢਣ ਦੀ ਪ੍ਰਸ਼ਾਸਨਿਕ ਮਨਜ਼ੂਰੀ ਹੈ।

ਅਦਾਲਤਾਂ ਵੀ ਪ੍ਰੈੱਸ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉਪਰ ਹਮਲਿਆਂ ਨੂੰ ਗੰਭੀਰਤਾ ਨਾਲ ਲੈਣ ਨਹੀਂ ਤਿਆਰ ਨਹੀਂ। ਜਦ ਗੌਹਰ ਗਿਲਾਨੀ ਵਲੋਂ ਵਕੀਲ ਜ਼ਰੀਏ ਜੰਮੂ ਕਸ਼ਮੀਰ ਹਾਈਕੋਰਟ ਤੱਕ ਪਹੁੰਚ ਕੀਤੀ ਗਈ ਤਾਂ ਉਚ ਅਦਾਲਤ ਨੇ ਪੱਤਰਕਾਰ ਨੂੰ ਗ੍ਰਿਫਤਾਰੀ ਤੋਂ ਅੰਤ੍ਰਿਮ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ। ਬਸ ਜੰਮੂ ਕਸ਼ਮੀਰ ਯੂ.ਟੀ. ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਗਿਆ ਅਤੇ ਮਾਮਲੇ ਦੀ ਅਗਲੀ ਸੁਣਵਾਈ 20 ਮਈ 'ਤੇ ਪਾ ਦਿੱਤੀ। ਲਿਹਾਜ਼ਾ, ਅਦਾਲਤੀ ਪ੍ਰਣਾਲੀ ਵੀ ਸੱਤਾਧਾਰੀ ਧਿਰ ਦੇ ਏਜੰਡੇ ਨੂੰ ਸਹਿਲ ਬਣਾ ਰਹੀ ਹੈ।

ਹੁਣ ਇਸ ਮਾਮਲੇ ਦੀ ਤੁਲਨਾ ਮੋਦੀ ਅਤੇ ਆਰ.ਐਸ.ਐਸ. ਦੇ ਹੱਥਠੋਕੇ ਅਰਨਬ ਗੋਸਵਾਮੀ ਦੇ ਮਾਮਲੇ ਨਾਲ ਕਰੋ ਜਿਸ ਉਪਰ ਘੱਟਗਿਣਤੀ ਮੁਸਲਿਮ ਫਿਰਕੇ ਦੇ ਖਿਲਾਫ ਆਪਣੇ ਟੀ.ਵੀ. ਚੈਨਲ ਉਪਰ ਹਿੰਸਾ ਅਤੇ ਨਫਰਤ ਭੜਕਾਉਣ, ਮੀਡੀਆ ਸ਼ੋਅ ਦੇ ਨਾਂ ਹੇਠ ਦਿਨ-ਰਾਤ ਜ਼ਹਿਰੀਲੀਆਂ ਟਿੱਪਣੀਆਂ ਕਰਨ ਦੇ 100 ਤੋਂ ਉਪਰ ਮਾਮਲੇ ਦਰਜ ਹੋ ਚੁੱਕੇ ਹਨ। ਹਾਲ ਹੀ ਵਿਚ ਇਕ ਮਾਣਹਾਨੀ ਮਾਮਲੇ ਵਿਚ ਸੁਪਰੀਮ ਕੋਰਟ ਨੇ ਉਸ ਨੂੰ ਗ੍ਰਿਫਤਾਰੀ ਤੋਂ ਤਿੰਨ ਹਫਤੇ ਦੀ ਸੁਰੱਖਿਆ ਦੇ ਦਿੱਤੀ ਗਈ। ਅਦਾਲਤ ਨੇ ਉਸ ਦੀ ਸਹੂਲਤ ਲਈ ਉਸ ਦਾ ਕੇਸ ਨਾਗਪੁਰ ਤੋਂ ਮੁੰਬਈ ਸ਼ਿਫਟ ਕਰ ਦੇਣ ਦੀ ਇਜਾਜ਼ਤ ਵੀ ਦੇ ਦਿੱਤੀ। ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਅਰਨਬ ਵਿਰੁਧ ਦਰਜ ਮਾਮਲਿਆਂ ਨੂੰ ਗੈਰਜਮਹੂਰੀ ਦੱਸ ਕੇ ਤੁਰੰਤ ਨਿਖੇਧੀ ਕੀਤੀ, ਇਹ ਦਲੀਲ ਦੇ ਕੇ ਪੱਤਰਕਾਰਾਂ ਦੀ ਆਜ਼ਾਦੀ ਉਪਰ ਹਮਲੇ ਨਹੀਂ ਹੋਣੇ ਚਾਹੀਦੇ, ਉਨ੍ਹਾਂ ਨੂੰ ਆਪਣਾ ਨੁਕਤਾ-ਨਜ਼ਰ ਪੇਸ਼ ਕਰਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ; ਜਦਕਿ ਇਸੇ ਦੌਰਾਨ ਬਾਕੀ ਪੱਤਰਕਾਰਾਂ ਖਿਲਾਫ ਦਰਜ ਸੰਗੀਨ ਕੇਸ ਉਸ ਨੂੰ ਪ੍ਰੈੱਸ ਦੀ ਆਜ਼ਾਦੀ ਉਪਰ ਹਮਲਾ ਨਹੀਂ ਲੱਗਦੇ। ਇਹ ਸਥਾਪਤੀ ਨੂੰ ਨਾਪਸੰਦ ਵਿਚਾਰਾਂ ਦੀ ਸੰਘੀ ਘੁੱਟਣ ਲਈ ਸਟੇਟ ਦੀ ਤਾਕਤ ਦੀ ਦੁਸ਼ਟ ਵਰਤੋਂ ਹੈ।

# ਪੱਤਰਕਾਰਾਂ ਤੇ ਕਾਰਕੁਨਾਂ ਦੀਆਂ ਗ੍ਰਿਫਤਾਰੀਆਂ ਵਿਰੁਧ ਅਵਾਜ਼ ਬੁਲੰਦ

ਤਕਰੀਬਨ ਤਿੰਨ ਦਰਜਨ ਲੋਕ ਜਮਹੂਰੀ ਜਥੇਬੰਦੀਆਂ ਵਲੋਂ ਸਾਂਝੇ ਤੌਰ 'ਤੇ ਜਥੇਬੰਦ ਕੀਤੀ 'ਰਾਜਕੀ ਜਬਰ ਵਿਰੁਧ ਮੁਹਿੰਮ' ਨੇ ਬਿਆਨ ਜਾਰੀ ਕਰ ਕੇ ਦਿੱਲੀ ਅਤੇ ਕਸ਼ਮੀਰ ਵਿਚ ਪੱਤਰਕਾਰਾਂ ਅਤੇ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਦੀ ਸਖਤ ਨਿਖੇਧੀ ਕਰਦਿਆਂ ਯੂ.ਏ.ਪੀ.ਏ. ਅਤੇ ਹੋਰ ਜਾਬਰ ਕਾਨੂੰਨ ਵਾਪਸ ਲੈਣ ਦੀ ਮੰਗ ਕੀਤੀ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਪਿਛਲੇ ਦੋ ਹਫਤਿਆਂ ਦੌਰਾਨ ਨਵੀਂ ਦਿੱਲੀ ਵਿਚ ਬਹੁਤ ਸਾਰੇ ਕਾਰਕੁਨਾਂ ਅਤੇ ਵਿਦਿਆਰਥੀਆਂ ਨੂੰ ਦਿੱਲੀ ਪੁਲਿਸ ਦੁਆਰਾ ਨਿਸ਼ਾਨਾ ਬਣਾਇਆ ਅਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਕ ਖੁੱਲ੍ਹੀ ਐਫ.ਆਈ.ਆਰ. ਤਹਿਤ ਕਾਰਵਾਈ ਕਰਦਿਆਂ ਪੁਲਿਸ ਇਨ੍ਹਾਂ ਵਿਅਕਤੀਆਂ 'ਤੇ ਦੋਸ਼ ਲਗਾਉਣ ਵਿਚ ਜੁਟੀ ਹੈ, ਜਿਨ੍ਹਾਂ ਵਿਚੋਂ ਬਹੁਤ ਸਾਰੇ ਕਾਰਨ ਕੋਵਿਡ-19 ਤਹਿਤ ਲੌਕਡਾਊਨ ਹੋਣ ਕਾਰਨ ਮਜ਼ਦੂਰਾਂ ਨੂੰ ਖਾਣ-ਪੀਣ ਦੀਆਂ ਚੀਜ਼ਾਂ ਅਤੇ ਹੋਰ ਸਮਾਨ ਦੀ ਘਾਟ ਦੇ ਮੱਦੇਨਜ਼ਰ ਉਨ੍ਹਾਂ ਨੂੰ ਲੋੜੀਂਦੀ ਰਾਹਤ ਸਮੱਗਰੀ ਮੁਹੱਈਆ ਕਰਾਉਣ ਵਿਚ ਲੱਗੇ ਹੋਏ ਹਨ। ਉਨ੍ਹਾਂ ਨੂੰ ਫਰਵਰੀ 2020 ਦੇ ਅਖੀਰ ਵਿਚ ਉਤਰ ਪੂਰਬੀ ਦਿੱਲੀ ਵਿਚ ਫੈਲੀ ਹਿੰਸਾ ਨੂੰ ਭੜਕਾਉਣ ਦੇ ਝੂਠੇ ਇਲਜ਼ਾਮਾਂ ਵਿਚ ਫਸਾਇਆ ਜਾ ਰਿਹਾ ਹੈ। ਹਾਲ ਹੀ ਵਿਚ, ਤਿੰਨ ਕਾਰਕੁਨਾਂ - ਜਾਮੀਆ ਮਿਲੀਆ ਇਸਲਾਮੀਆ ਦੇ ਮੀਰਾਨ ਹੈਦਰ ਤੇ ਸਫੂਰਾ ਜਰਗਰ ਅਤੇ ਜੇ.ਐਨ.ਯੂ. ਦੇ ਸਾਬਕਾ ਵਿਦਿਆਰਥੀ ਉਮਰ ਖਾਲਿਦ ਉਪਰ ਯੂ.ਏ.ਪੀ.ਏ. ਵਰਗੇ ਸਖਤ ਕਾਨੂੰਨਾਂ ਅਤੇ ਆਈ.ਪੀ.ਸੀ. ਦੀਆਂ ਕਈ ਸਖਤ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਗਏ ਹਨ।

ਇਨ੍ਹਾਂ ਦੋਸ਼ਾਂ ਨੂੰ ਵੱਖਰੇ ਤੌਰ 'ਤੇ ਨਹੀਂ ਦੇਖਿਆ ਜਾਣਾ ਚਾਹੀਦਾ। ਇਸ ਦੀ ਬਜਾਏ, ਇਹ ਜਮਹੂਰੀ ਅਧਿਕਾਰਾਂ ਲਈ ਚੱਲ ਰਹੀ ਲਹਿਰ ਨੂੰ ਦਬਾਉਣ ਲਈ ਉਠਾਏ ਗਏ ਕਦਮ ਹਨ, ਜੋ ਫਿਰਕੂ ਤੇ ਲੋਕ ਵਿਰੋਧੀ ਨਾਗਰਿਕਤਾ ਸੋਧ ਕਾਨੂੰਨ ਅਤੇ ਰਾਸ਼ਟਰੀ ਨਾਗਰਿਕਤਾ ਰਜਿਸਟਰ ਵਿਰੁਧ ਉੱਠੀ ਸੀ। ਅਸਲ ਵਿਚ, ਇਨ੍ਹਾਂ ਵਿਅਕਤੀਆਂ 'ਤੇ ਉਤਰ-ਪੂਰਬੀ ਦਿੱਲੀ ਵਿਚ ਹਿੰਸਾ ਫੈਲਾਉਣ ਦੇ ਦੋਸ਼ ਲਗਾਉਂਦਿਆਂ ਨਿਆਂ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ।

ਹਿੰਸਾ ਵਿਚ ਉੱਤਰ-ਪੂਰਬੀ ਦਿੱਲੀ ਅੰਦਰ ਤਬਾਹੀ ਕਿਸ ਨੇ ਮਚਾਈ, ਇਸ ਨੂੰ ਲੈ ਕੋਈ ਵਿਵਾਦ ਜਾਂ ਭੁਲੇਖਾ ਨਹੀਂ ਹੈ। ਹਾਲਾਂਕਿ, ਇਸ ਦੇ ਅਸਲ ਦੋਸ਼ੀਆਂ ਤੇ ਪ੍ਰਬੰਧਕਾਂ ਨੂੰ ਨਾ ਸਿਰਫ ਖੁੱਲ੍ਹੇ ਛੱਡਿਆ ਗਿਆ ਹੈ, ਬਲਕਿ ਉਨ੍ਹਾਂ ਨੂੰ ਪੁਲਿਸ ਅਤੇ ਪ੍ਰਸ਼ਾਸਨ ਦੀ ਸੁਰੱਖਿਆ ਵੀ ਦਿੱਤੀ ਗਈ ਹੈ। ਅਨੁਰਾਗ ਠਾਕੁਰ, ਕਪਿਲ ਮਿਸ਼ਰਾ ਅਤੇ ਰਾਗਿਨੀ ਠਾਕੁਰ ਵਰਗੇ ਭਾਜਪਾ ਨੇਤਾਵਾਂ (ਜਿਨ੍ਹਾਂ ਨੇ ਭੜਕਾਊ ਤੇ ਫਿਰਕੂ ਭਾਸ਼ਣ ਦਿੱਤੇ, ਜਿਸ ਵਿਚ ਮੁਸਲਮਾਨਾਂ ਤੇ ਸੀ.ਏ.ਏ., ਐਨ.ਆਰ.ਸੀ ਅਤੇ ਐਨ.ਪੀ.ਆਰ. ਦੇ ਵਿਰੋਧੀਆਂ ਵਿਰੁਧ ਹਿੰਸਾ ਨੂੰ ਉਕਸਾਇਆ ਗਿਆ), ਉਨ੍ਹਾਂ ਤੋਂ ਅਜੇ ਤੱਕ ਕੋਈ ਪੁੱਛਗਿੱਛ ਨਹੀਂ ਕੀਤੀ ਗਈ। ਆਰ.ਐਸ.ਐਸ. ਅਤੇ ਬਜਰੰਗ ਦਲ ਦੇ ਬਹੁਤ ਸਾਰੇ ਕਾਰਕੁਨਾਂ, ਜਿਨ੍ਹਾਂ ਨੇ ਹਿੰਦੂਤਵੀ ਭੀੜਾਂ ਨੂੰ ਉਤਰ-ਪੂਰਬੀ ਦਿੱਲੀ ਵਿਚ ਹਿੰਸਾ ਤੇ ਤੋੜ-ਫੋੜ ਕਰਨ ਲਈ ਲਾਮਬੰਦ ਕੀਤਾ ਅਤੇ ਅਗਵਾਈ ਕੀਤੀ, ਵਿਰੁਧ ਮੁਕੱਦਮਾ ਵੀ ਦਰਜ ਨਹੀਂ ਕੀਤਾ ਗਿਆ। ਬਹੁਤ ਸਾਰੇ ਪੁਲਿਸ ਵਾਲੇ ਜਿਨ੍ਹਾਂ ਨੇ ਮੁਸਲਿਮ ਨੌਜਵਾਨਾਂ 'ਤੇ ਹਮਲਾ ਕੀਤਾ ਅਤੇ ਹਿੰਦੂਤਵ ਭੀੜਾਂ ਦੀ ਮਦਦ ਕੀਤੀ, ਉਹ ਅਜੇ ਵੀ ਗਲੀਆਂ ਵਿਚ ਗਸ਼ਤ ਕਰਦੇ ਫਿਰਦੇ ਹਨ।

ਇਹ ਸਭ ਦਿੱਲੀ ਵਿਚ ਵਾਪਰ ਰਿਹਾ ਹੈ, ਕਸ਼ਮੀਰ ਦੀ ਹਾਲਤ ਜੇ ਬਦਤਰ ਨਹੀਂ ਤਾਂ ਇਸੇ ਤਰ੍ਹਾਂ ਦੀ ਹੀ ਹੈ। ਭਾਰਤ 'ਚ ਤਾਲਾਬੰਦੀ 22 ਮਾਰਚ ਨੂੰ ਹੋਈ ਸੀ ਜਦੋਂਕਿ ਕਸ਼ਮੀਰ 'ਚ 5 ਅਗਸਤ, 2019 ਨੂੰ ਧਾਰਾ 370 ਹਟਾਏ ਜਾਣ ਤੋਂ ਬਾਅਦ ਤੋਂ ਤਾਲਾਬੰਦੀ ਚੱਲ ਰਹੀ ਹੈ। ਦੇਸ਼ ਵਿਚ ਡਾਕਟਰੀ ਸਹੂਲਤਾਂ ਦੀ ਘਾਟ ਹੈ ਪਰ ਇਹ ਕਮੀ ਕਸ਼ਮੀਰ ਵਿਚ ਵਧੇਰੇ ਹੈ, ਜਿਥੇ ਡਾਕਟਰ ਅਤੇ ਮਰੀਜ਼ਾਂ ਦਾ ਅਨੁਪਾਤ ਦੇਸ਼ ਦੀ ਔਸਤ ਨਾਲੋਂ ਬਹੁਤ ਘੱਟ ਹੈ। ਮਸੱਰਤ ਜ਼ਾਹਰਾ, ਮੁਸ਼ਤਾਕ ਗਨੀ ਅਤੇ ਗੌਹਰ ਗਿਲਾਨੀ ਵਰਗੇ ਪੱਤਰਕਾਰਾਂ ਨੇ ਕਸ਼ਮੀਰੀ ਜਨਤਾ ਨੂੰ ਦਰਪੇਸ਼ ਮੁਸ਼ਕਿਲਾਂ (ਵਿਸ਼ੇਸ਼ ਕਰਕੇ ਕੋਵਿਡ 19 ਦੇ ਸਮੇਂ) ਨੂੰ ਕਲਮਬੰਦ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਰਾਜ ਉਨ੍ਹਾਂ ਤੋਂ ਖਫਾ ਹੋ ਗਿਆ ਅਤੇ ਉਨ੍ਹਾਂ ਉਪਰ ਯੂ.ਏ.ਪੀ.ਏ ਅਤੇ ਆਈ.ਪੀ.ਸੀ ਦੀਆਂ ਕਈ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਗਏ। ਗੌਰਤਲਬ ਹੈ ਕਿ ਪੱਤਰਕਾਰ ਪੀਰਜ਼ਾਦਾ ਆਸ਼ਿਕ, ਜਿਸ ਨੇ ਕੋਵਿਡ-19 ਕਿੱਟਾਂ ਨੂੰ ਕਸ਼ਮੀਰ ਤੋਂ ਜੰਮੂ ਭੇਜੇ ਜਾਣ ਦੇ ਘੁਟਾਲੇ ਦਾ ਪਰਦਾਫਾਸ਼ ਕੀਤਾ ਸੀ, ਉਪਰ ਵੀ ਇਸੇ ਤਰ੍ਹਾਂ ਦਾ ਦੋਸ਼ ਲਾਇਆ ਗਿਆ।

> ***ਭਾਰਤ 'ਚ ਤਾਲਾਬੰਦੀ 22 ਮਾਰਚ ਨੂੰ ਹੋਈ ਸੀ ਜਦੋਂਕਿ ਕਸ਼ਮੀਰ ਵਿਚ 5 ਅਗਸਤ, 2019 ਨੂੰ ਧਾਰਾ 370 ਹਟਾਏ ਜਾਣ ਤੋਂ ਬਾਅਦ ਤੋਂ ਤਾਲਾਬੰਦੀ ਚੱਲ ਰਹੀ ਹੈ। ਸਮੁੱਚੇ ਦੇਸ਼ ਵਿਚ ਡਾਕਟਰੀ ਸਹੂਲਤਾਂ ਦੀ ਘਾਟ ਹੈ ਪਰ ਇਹ ਕਮੀ ਕਸ਼ਮੀਰ ਵਿਚ ਵਧੇਰੇ ਹੈ।***

ਅਸਲ ਵਿਚ, ਭਾਰਤ ਵਿਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣਾ, ਉਨ੍ਹਾਂ ਨੂੰ ਕਿਨਾਰੇ ਕਰਨਾ ਅਤੇ ਕਸ਼ਮੀਰੀਆਂ 'ਤੇ ਫੌਜੀ ਦਮਨ ਕਰਨਾ ਭਾਰਤੀ ਸਟੇਟ ਲਈ ਨਵਾਂ ਨਹੀਂ; ਹਾਲਾਂਕਿ, ਇਕ ਸਮੇਂ ਜਦੋਂ ਵਿਸ਼ਾਲ ਜਨਤਾ ਦੀਆਂ ਪਦਾਰਥਕ ਹਾਲਤਾਂ ਵਿਚ ਗਿਰਾਵਟ ਆਈ ਹੈ ਅਤੇ ਸਟੇਟ ਨੇ ਬ੍ਰਾਹਮਣਵਾਦੀ ਹਿੰਦੂ ਫਾਸ਼ੀਵਾਦੀ ਚਰਿੱਤਰ ਨੂੰ ਹੀ ਅਪਣਾ ਰੱਖਿਆ ਹੈ, ਇਨ੍ਹਾਂ ਕਾਰਵਾਈਆਂ ਨੂੰ ਹਿੰਦੂ ਰਾਸ਼ਟਰ ਦੀ ਸਥਾਪਨਾ ਦੇ ਵੱਡੇ ਬਿਰਤਾਂਤ ਦੇ ਹਿੱਸੇ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਕੋਵਿਡ-19 ਮਹਾਮਾਰੀ ਦੌਰਾਨ ਵੀ ਸੀ.ਏ.ਏ., ਐਨ.ਆਰ.ਸੀ. ਅਤੇ ਐਨ.ਪੀ.ਆਰ. ਨੂੰ ਜਾਰੀ ਰੱਖਣ, ਤਬਲੀਗੀ ਮਰਕਜ਼ ਨੂੰ ਕਰੋਨਾ ਜਹਾਦ ਦਾ ਹਿੱਸਾ ਦੱਸਣ, ਜ਼ਰੂਰੀ ਸੇਵਾਵਾਂ ਦਿੰਦੇ ਮੁਸਲਮਾਨਾਂ ਦਾ ਬਾਈਕਾਟ ਕਰਨ ਅਤੇ ਮੁਸਲਮਾਨਾਂ (ਗਰਭਵਤੀ ਔਰਤ ਸਮੇਤ) ਨੂੰ ਡਾਕਟਰੀ ਸਹੂਲਤਾਂ ਮੁਹੱਈਆ ਨਾ ਕਰਨ ਦੀਆਂ ਕੋਸ਼ਿਸ਼ਾਂ ਨੂੰ, ਮੁਸਲਮਾਨਾਂ ਨੂੰ ਦੂਜੇ ਦਰਜੇ ਦੇ ਨਾਗਰਿਕ ਬਣਾਉਣ ਦੇ ਹਿੱਸੇ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਮੁੱਖ ਧਾਰਾ ਦੇ ਮੀਡੀਆ ਨੇ ਜਨਤਕ ਸੰਵਾਦ ਵਿਚ ਤੁਅੱਸਬਾਂ 'ਤੇ ਆਧਾਰਿਤ/ਕੱਟੜਪੰਥੀ ਸਿਰਲੇਖ ਲਗਾ ਕੇ ਅਤੇ ਸ਼ੱਕੀ ਰਿਪੋਰਟਿੰਗ ਕਰਕੇ ਫਿਰਕੂ ਬਿਰਤਾਂਤ ਜੋੜਿਆ ਹੈ।

ਬੀ.ਜੇ.ਪੀ. ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਲੋਂ ਤਾਲਾਬੰਦੀ ਦੌਰਾਨ ਖਾਣ ਪੀਣ ਅਤੇ ਹੋਰ ਰਾਸ਼ਨ ਦੇਣ ਦੀ ਜਵਾਬਦੇਹੀ ਤੋਂ ਇਨਕਾਰ ਕੀਤੇ ਜਾਣ ਕਾਰਨ ਅੱਜ ਭਾਰਤੀ ਅਵਾਮ ਦਾ ਵੱਡਾ ਹਿੱਸਾ ਇਨਫੈਕਸ਼ਨ ਅਤੇ ਭੁੱਖ ਦੇ ਦੋਹਰੇ ਖਤਰੇ ਦਾ ਸਾਹਮਣਾ ਕਰ ਰਿਹਾ ਹੈ। ਇਸ ਸੂਰਤ ਵਿਚ ਲੋਕਾਂ ਦੀਆਂ ਪਦਾਰਥਕ ਹਾਲਤਾਂ ਦੀ ਅਣਦੇਖੀ ਦੇ ਖਿਲਾਫ ਵੱਡਾ ਜਨਤਕ ਰੋਸ ਉਸਰ ਸਕਦਾ ਹੈ। ਭਾਜਪਾ ਦੀ ਅਗਵਾਈ ਵਿਚ ਕੇਂਦਰ ਅਤੇ ਰਾਜ ਸਰਕਾਰਾਂ ਅਤੇ ਉਨ੍ਹਾਂ ਦੇ ਪਿਆਦੇ, ਮੁੱਖ ਧਾਰਾ ਮੀਡੀਆ ਨੇ ਇਸ ਰੋਹ ਨੂੰ ਮੁਸਲਿਮ ਭਾਈਚਾਰੇ ਖਿਲਾਫ ਬਦਲਣ ਦੀ ਜ਼ੋਰਦਾਰ ਕੋਸ਼ਿਸ਼ ਕੀਤੀ ਹੈ। ਕੋਵਿਡ-19 ਅਤੇ ਉਤਰ-ਪੂਰਬੀ ਦਿੱਲੀ ਵਿਚ ਹੋਈ ਹਿੰਸਾ ਦੇ ਸਬੰਧ ਵਿਚ ਦਿੱਲੀ ਅਤੇ ਪੂਰੇ ਦੇਸ਼ ਵਿਚ ਇਹੀ ਕਹਾਣੀ ਦੱਸੀ ਜਾ ਰਹੀ ਹੈ।

ਸਰਕਾਰ ਦੀ ਇਸ ਕਵਾਇਦ ਦਾ ਟਾਕਰਾ ਕੀਤਾ ਜਾਣਾ ਚਾਹੀਦਾ ਹੈ। ਇਹ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਕਾਰਕੁਨਾਂ ਨੂੰ ਬਦਨਾਮ ਕਰਨਾ ਤੇ ਨਿਸ਼ਾਨਾ ਬਣਾਉਣਾ ਉਨ੍ਹਾਂ ਨੂੰ ਨਿਰਉਤਸ਼ਾਹਿਤ ਕਰਨ ਅਤੇ ਅੰਦੋਲਨ ਨੂੰ ਦਬਾਉਣ ਦੀ ਰਣਨੀਤੀ ਹੈ। ਐਲਗਾਰ ਪ੍ਰੀਸ਼ਦ ਭੀਮਾ ਕੋਰੇਗਾਓਂ ਕੇਸ ਵਿਚ 11 ਵਿਦਵਾਨਾਂ, ਵਕੀਲਾਂ, ਪੱਤਰਕਾਰਾਂ ਅਤੇ ਕਵੀਆਂ ਦੀ ਗ੍ਰਿਫਤਾਰੀ ਜਾਂ ਅਖਿਲ ਗੋਗੋਈ, ਚੰਗੇਜ਼ ਖਾਨ, ਇਸ਼ਰਤ ਜਹਾਂ, ਡਾ. ਕਾਫੀਲ ਖਾਨ, ਖਾਲਿਦ ਸੈਫੀ, ਸਰਜ਼ੀਲ ਇਮਾਮ ਅਤੇ ਹੋਰ ਕਈਆਂ ਨੂੰ ਜੇਲ੍ਹ ਚ ਡੱਕਣਾ ਦਰਸਾਉਂਦਾ ਹੈ ਕਿ ਸਟੇ ਕਿਸੇ ਕਿਸਮ ਦੀ ਅਸਹਿਮਤੀ ਜਾਂ ਵਿਰੋਧ ਪ੍ਰਤੀ ਬੇਤਹਾਸ਼ਾ ਅਸਹਿਣਸ਼ੀਲ ਹੋ ਰਿਹਾ ਹੈ। ਅਜਿਹੇ ਸਮੇਂ, ਇਹ ਜ਼ਰੂਰੀ ਹੈ ਕਿ ਲੋਕਤੰਤਰੀ ਅਤੇ ਅਗਾਂਹਵਧੂ ਤਾਕਤਾਂ ਆਪਣੀ ਅਵਾਜ਼ ਬੁਲੰਦ ਕਰਨ।

***(ਪੇਸ਼ਕਸ਼: ਬੂਟਾ ਸਿੰਘ)***

# ਪਾਬੰਦੀਸ਼ੁਦਾ ਨਸ਼ੇ ਦੀ ਮਿਕਦਾਰ ਮੁਤਾਬਕ ਤੈਅ ਹੋਵੇਗੀ ਸਜ਼ਾ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਕ ਅਹਿਮ ਫੈਸਲੇ ਵਿਚ ਐਂਟੀ ਨਾਰਕੋਟਿਕਸ (ਨਸ਼ਿਆਂ ਖਿਲਾਫ) ਕਾਨੂੰਨ ਨੂੰ ਵਧੇਰੇ ਮਜ਼ਬੂਤੀ ਦਿੰਦਿਆਂ ਕਿਹਾ ਕਿ ਕਾਨੂੰਨ ਤਹਿਤ ਕਿਸੇ ਅਪਰਾਧੀ ਦੀ ਸਜ਼ਾ, ਬਰਾਮਦ ਕੀਤੀ ਜਾਂ ਫੜੀ ਗਈ ਪਾਬੰਦੀਸ਼ੁਦਾ ਡਰੱਗ (ਨਸ਼ੇ) ਦੀ ਸ਼ੁੱਧਤਾ ਉਤੇ ਨਹੀਂ ਬਲਕਿ ਇਸ ਦੀ ਮਿਕਦਾਰ ਮੁਤਾਬਕ ਨਿਰਧਾਰਿਤ ਹੋਵੇਗੀ। ਸਿਖਰਲੀ ਅਦਾਲਤ ਨੇ ਕੇਂਦਰ ਸਰਕਾਰ ਦੇ 18 ਨਵੰਬਰ 2009 ਦੇ ਐਨ.ਡੀ.ਪੀ.ਐਸ. ਐਕਟ ਨਾਲ ਸਬੰਧਤ ਨੋਟੀਫਿਕੇਸ਼ਨ ਨੂੰ ਚੁਣੌਤੀ ਦਿੰਦੀਆਂ ਕੁਝ ਪਟੀਸ਼ਨਾਂ ਨੂੰ ਵੀ ਰੱਦ ਕਰ ਦਿੱਤਾ। ਪਟੀਸ਼ਨਰਾਂ ਨੇ ਨੋਟੀਫਿਕੇਸ਼ਨ ਨੂੰ ਪੱਖਪਾਤੀ ਕਰਾਰ ਦਿੱਤਾ ਸੀ।

ਸਿਖਰਲੀ ਅਦਾਲਤ ਨੇ ਕਿਹਾ ਕਿ ਨਾਰਕੋਟਿਕਸ ਡਰੱਗਜ਼ ਤੇ ਸਾਈਕੋਟਰੋਪਿਕ ਸਬਸਟਾਂਸਿਜ਼ (ਐਨ.ਡੀ.ਪੀ.ਐਸ.) ਐਕਟ ਤਹਿਤ ਪਾਬੰਦੀਸ਼ੁਦਾ ਵਸਤਾਂ ਦੇ ਅਸਲ ਵਜ਼ਨ ਤੋਂ ਹੀ ਇਹ ਨਿਰਧਾਰਿਤ ਹੁੰਦਾ ਹੈ ਕਿ ਫੜਿਆ ਗਿਆ ਨਸ਼ਾ 'ਛੋਟੀ ਜਾਂ ਕਮਰਸ਼ੀਅਲ ਮਿਕਦਾਰ' ਸੀ।

ਜਸਟਿਸ ਅਰੁਣ ਮਿਸ਼ਰਾ, ਇੰਦਰਾ ਬੈਨਰਜੀ ਤੇ ਐਮ.ਆਰ. ਸ਼ਾਹ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਕਿਹਾ ਕਿ ਸਾਲ 2008 ਵਿਚ ਦੋ ਮੈਂਬਰੀ ਬੈਂਚ ਵੱਲੋਂ ਈ.ਮਿਸ਼ੇਲ ਰਾਜ ਦੇ ਕੇਸ ਵਿਚ ਸੁਣਾਇਆ ਫੈਸਲਾ 'ਕੋਈ ਚੰਗਾ ਕਾਨੂੰਨ ਨਹੀਂ' ਸੀ। ਦੋ ਮੈਂਬਰੀ ਬੈਂਚ ਨੇ ਉਦੋਂ ਕਿਹਾ ਸੀ ਕਿ ਨਾਰਕੋਟਿਕ ਡਰੱਗਜ਼ ਵਿਚ ਪਾਬੰਦੀਸ਼ੁਦਾ ਸਮੱਗਰੀ ਦਾ ਵਜ਼ਨ ਹੀ ਇਹ ਨਿਰਧਾਰਿਤ ਕਰਨ ਲਈ ਪ੍ਰਸੰਗਿਕ ਹੈ ਕਿ ਇਹ 'ਛੋਟੀ ਮਿਕਦਾਰ ਜਾਂ ਕਮਰਸ਼ੀਅਲ ਮਿਕਦਾਰ' ਸੀ।

## ਆਈ. ਆਈ. ਟੀ. ਵਲੋਂ ਸਸਤੀ ਕਰੋਨਾ ਕਿੱਟ ਤਿਆਰ

**ਨਵੀਂ ਦਿੱਲੀ:** ਆਈ.ਆਈ.ਟੀ. ਦਿੱਲੀ ਦੇਸ਼ ਦੀ ਪਹਿਲੀ ਅਜਿਹਾ ਸੰਸਥਾ ਬਣ ਗਈ ਹੈ ਜਿਸ ਨੇ ਕਰੋਨਾ ਵਾਇਰਸ ਦੀ ਜਾਂਚ ਲਈ ਸਸਤੀ ਆਰ.ਟੀ.-ਪੀ.ਸੀ.ਆਰ. ਕਿੱਟ ਬਣਾਈ ਹੈ। ਇਹ ਜਲਦ ਹੀ ਬਾਜ਼ਾਰ 'ਚ ਉਪਲਬਧ ਹੋਵੇਗੀ। ਆਈ.ਆਈ.ਟੀ. ਦਿੱਲੀ ਕੁਸੁਮਾ ਸਕੂਲ ਆਫ ਬਾਇਓਲੋਜੀਕਲ ਸਾਇੰਸਿਜ਼ ਦੇ ਖੋਜਕਾਰੀਆਂ ਨੇ ਕਰੋਨਾ ਦੀ ਜਾਂਚ ਲਈ ਇਹ ਕਿੱਟ ਤਿਆਰ ਕੀਤੀ ਹੈ। ਇਹ ਸੌ ਫੀਸਦੀ ਸਹੀ ਨਤੀਜੇ ਦਿੰਦੀ ਹੈ ਤੇ ਇਸ ਦੀ ਕੀਮਤ ਕਰੀਬ 300 ਰੁਪਏ ਹੋਵੇਗੀ।

# ਦਰਬਾਰ ਸਾਹਿਬ ਲਈ ਸੈਨੇਟਾਈਜ਼ਰ ਮਸ਼ੀਨ ਭੇਟ

**ਅੰਮ੍ਰਿਤਸਰ:** ਜਗਤ ਸੁੱਖ ਇੰਡਸਟਰੀ ਲੁਧਿਆਣਾ ਅਤੇ ਅਕਾਲ ਚੈਨਲ ਯੂਕੇ ਵੱਲੋਂ ਸਾਂਝੇ ਤੌਰ ਉਤੇ ਸ੍ਰੀ ਦਰਬਾਰ ਸਾਹਿਬ ਦੇ ਚੌਗਿਰਦੇ ਨੂੰ ਸੈਨੇਟਾਈਜ਼ ਕਰਨ ਲਈ ਇਕ ਸੈਨੇਟਾਈਜ਼ਰ ਮਸ਼ੀਨ ਭੇਟ ਕੀਤੀ ਗਈ।



ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਯੂਕੇ ਨਿਵਾਸੀ ਅਮਰੀਕ ਸਿੰਘ ਕੂਨਰ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਮਸ਼ੀਨ ਵਰਤਮਾਨ ਸਮੇਂ ਦੀ ਜ਼ਰੂਰਤ ਹੈ। ਉਨ੍ਹਾਂ ਸੰਗਤ ਨੂੰ ਆਖਿਆ ਕਿ ਇਸ ਵੇਲੇ ਆਪਣੇ ਆਲੇ-ਦੁਆਲੇ ਨੂੰ ਵੀ ਸਾਫ-ਸੁਥਰਾ ਰੱਖਣਾ ਵੀ ਸਾਰਿਆਂ ਦਾ ਫਰਜ਼ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਾਜਿੰਦਰ ਸਿੰਘ ਮਹਿਤਾ ਨੇ ਸੈਨੇਟਾਈਜ਼ਰ ਮਸ਼ੀਨ ਭੇਟ ਕਰਨ ਵਾਲੇ ਜਗਤ ਸੁੱਖ ਇੰਡਸਟਰੀ ਤੇ ਅਕਾਲ ਚੈਨਲ ਯੂਕੇ ਦਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਸ ਮਸ਼ੀਨ ਨਾਲ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਸਰਾਵਾਂ, ਦਫਤਰਾਂ ਤੇ ਜੋੜਾ ਘਰਾਂ ਨੂੰ ਨਿਰੰਤਰ ਸੈਨੇਟਾਈਜ਼ ਕੀਤਾ ਜਾਵੇਗਾ। ਇਸ ਦੇ ਨਾਲ ਹੀ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਵੀ ਦਵਾਈ ਦਾ ਛਿੜਕਾਅ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਵੀ ਸ਼ਰਧਾਲੂਆਂ ਦੇ ਯਤਨ ਦੀ ਸ਼ਲਾਘਾ ਕੀਤੀ ਹੈ ਅਤੇ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿਰੋਪਾਓ ਭੇਟ ਕੀਤੇ।

# ਹਵਾ ਪ੍ਰਦੂਸ਼ਣ ਰਿਕਾਰਡ ਪੱਧਰ 'ਤੇ ਹੇਠਾਂ ਆਇਆ

**ਨਵੀਂ ਦਿੱਲੀ:** ਉਤਰੀ ਭਾਰਤ 'ਚ ਹਵਾ ਦਾ ਪ੍ਰਦੂਸ਼ਣ ਇਸ ਸਮੇਂ ਸਭ ਤੋਂ ਹੇਠਲੇ ਪੱਧਰ ਉਤੇ ਹੈ। ਇਹ ਦਾਅਵਾ ਅਮਰੀਕੀ ਪੁਲਾੜ ਏਜੰਸੀ 'ਨਾਸਾ' ਵਲੋਂ ਕੀਤਾ ਗਿਆ ਹੈ। ਤਾਜ਼ਾ ਅੰਕੜਿਆਂ ਦੀ ਤੁਲਨਾ ਲਈ 2016 ਤੋਂ 2019 ਦਰਮਿਆਨ ਉਪਗ੍ਰਹਿ ਦੁਆਰਾ ਖਿੱਚੀਆਂ ਤਸਵੀਰਾਂ ਰਾਹੀਂ ਇਹ ਸਮੀਖਿਆ ਸਾਹਮਣੇ ਆਈ ਹੈ।

ਨਕਸ਼ਿਆਂ ਦੇ ਨਾਲ ਜਾਰੀ ਕੀਤੇ 2020 ਦੇ ਅੰਕੜਿਆਂ ਦੀ ਤੁਲਨਾ 2016 ਤੋਂ 2019 ਦੇ ਔਸਤ (ਏਅਰੋਸਲ) ਨਾਲ ਕੀਤੀ ਗਈ। ਏਅਰੋਸਲ ਉਹ ਮਾਣਕ ਹੈ ਜਿਸ ਕਾਰਨ ਦਿਸਣ ਦੀ ਸਮਰੱਥਾ ਘਟਦੀ ਹੈ। ਜੇਕਰ ਏਅਰੋਸਲ ਸਤਹਿ ਦੇ ਆਸ-ਪਾਸ ਹੁੰਦੇ ਹਨ ਤਾਂ ਇਹ ਸਥਿਤੀ ਪ੍ਰਦੂਸ਼ਣ ਦੇ ਲਿਹਾਜ਼ ਨਾਲ ਕਾਫੀ ਗੰਭੀਰ ਮੰਨੀ ਜਾਂਦੀ ਹੈ। ਨਾਸਾ ਦੇ ਵਿਗਿਆਨੀਆਂ ਮੁਤਾਬਕ ਇਸ ਤੋਂ ਪਹਿਲਾਂ ਉਤਰੀ ਭਾਰਤ ਦੇ ਉਪਰਲੇ ਖੇਤਰ 'ਚ ਹਵਾ ਦੇ ਪ੍ਰਦੂਸ਼ਣ ਦਾ ਏਨਾ ਘੱਟ ਪੱਧਰ ਕਦੇ ਵੇਖਣ ਨੂੰ ਨਹੀਂ ਮਿਲਿਆ। ਵਿਗਿਆਨੀ ਪਵਨ ਗੁਪਤਾ ਮੁਤਾਬਕ ਤਾਲਾਬੰਦੀ ਕਾਰਨ ਵਾਯੂ ਮੰਡਲ 'ਚ ਵੱਡੇ ਪੈਮਾਨੇ ਉਤੇ ਤਬਦੀਲੀ ਵੇਖਣ ਨੂੰ ਮਿਲੀ ਹੈ। 'ਸਟੇਟ ਆਫ ਸਾਊਥ ਐਂਡ ਸੈਂਟਰਲ ਏਸ਼ੀਆ' ਦੇ ਕਾਰਜਕਾਰੀ ਸਹਿਯੋਗੀ ਸਕੱਤਰ ਏਲਿਸ ਜੀ ਵਲੋਂ ਪਾਏ ਟਵੀਟ 'ਚ ਕਿਹਾ ਗਿਆ ਕਿ ਨਾਸਾ ਵਲੋਂ ਲਈਆਂ ਗਈਆਂ ਇਹ ਤਸਵੀਰਾਂ ਭਾਰਤ ਦੇ 20 ਸਾਲ ਦੇ ਸਭ ਤੋਂ ਘੱਟ ਪ੍ਰਦੂਸ਼ਣ ਨੂੰ ਦਰਸਾਉਂਦੀਆਂ ਹਨ।

# ਭਾਜਪਾ ਨਫਰਤ ਦਾ ਵਾਇਰਸ ਫੈਲਾ ਰਹੀ: ਕਾਂਗਰਸ



**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਭਾਜਪਾ ਉਤੇ ਮੁਲਕ 'ਚ ਫਿਰਕੂ ਅਤੇ ਨਫਰਤ ਦਾ ਵਾਇਰਸ ਫੈਲਾਉਣ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਸਮਾਜਿਕ ਸਦਭਾਵਨਾ ਨੂੰ 'ਵੱਡਾ ਖੋਰਾ' ਲਗਾਇਆ ਜਾ ਰਿਹਾ ਹੈ। ਕਾਂਗਰਸ ਵਰਕਿੰਗ ਕਮੇਟੀ ਦੀ ਬੈਠਕ ਨੂੰ ਸੰਬੋਧਨ ਕਰਦਿਆਂ ਸੋਨੀਆ ਨੇ ਕਿਹਾ ਕਿ ਹਰੇਕ ਭਾਰਤੀ ਨੂੰ ਇਸ ਦੀ ਫਿਕਰ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਪਾਰਟੀ ਨੂੰ ਇਸ ਨੁਕਸਾਨ ਨੂੰ ਪੂਰਨ ਲਈ ਸਖਤ ਮਿਹਨਤ ਕਰਨੀ ਪਵੇਗੀ।

ਵੀਡੀਓ ਕਾਨਫਰੰਸਿੰਗ ਰਾਹੀਂ ਹੋਈ ਬੈਠਕ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਕਿ ਲੌਕਡਾਊਨ ਦੀ ਸਫਲਤਾ ਕੋਵਿਡ-19 ਨਾਲ ਸਿੱਝਣ ਦੀ ਕਸੌਟੀ 'ਤੇ ਪਰਖੀ ਜਾਵੇਗੀ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਸੂਬਿਆਂ ਵਿਚਕਾਰ ਸਹਿਯੋਗ ਨਾਲ ਹੀ ਕਰੋਨਾ ਵਾਇਰਸ ਖਿਲਾਫ ਜੰਗ 'ਚ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਪਰਵਾਸੀ ਮਜ਼ਦੂਰਾਂ ਦੇ ਮੁੱਦਿਆਂ ਨੂੰ ਪਹਿਲ ਦੇ ਆਧਾਰ ਉਤੇ ਹੱਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 3 ਮਈ ਨੂੰ ਲੌਕਡਾਊਨ ਖਤਮ ਹੋਣ ਮਗਰੋਂ ਸਿਰਫ ਰੈੱਡ ਜ਼ੋਨ ਵਾਲੇ ਇਲਾਕਿਆਂ 'ਚ ਹੀ ਪਾਬੰਦੀਆਂ ਲਾਗੂ ਰਹਿਣੀਆਂ ਚਾਹੀਦੀਆਂ ਹਨ। ਕਾਂਗਰਸ ਵਰਕਿੰਗ ਕਮੇਟੀ ਨੇ ਪਿਛਲੇ ਤਿੰਨ ਹਫਤਿਆਂ 'ਚ ਦੂਜੀ ਵਾਰ ਬੈਠਕ ਕੀਤੀ ਹੈ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕਿਹਾ, "ਲੌਕਡਾਊਨ ਤੋਂ ਬਾਅਦ ਮੈਂ ਪ੍ਰਧਾਨ ਮੰਤਰੀ ਨੂੰ ਕਈ ਸੁਝਾਅ ਦਿੱਤੇ ਹਨ ਪਰ ਬਦਕਿਸਮਤੀ ਨਾਲ ਉਨ੍ਹਾਂ ਉਤੇ ਅਮਲ ਅੰਸ਼ਕ ਰੂਪ 'ਚ ਹੀ ਹੋਇਆ ਹੈ। ਕੇਂਦਰ ਨੇ ਖੁੱਲ੍ਹਦਿਲੀ ਅਤੇ ਹਮਦਰਦੀ ਨਹੀਂ ਦਿਖਾਈ।" ਕਾਂਗਰਸ ਪ੍ਰਧਾਨ ਨੇ ਦਾਅਵਾ ਕੀਤਾ ਕਿ ਲੌਕਡਾਊਨ ਦੇ ਪਹਿਲੇ ਪੜਾਅ ਦੌਰਾਨ ਕਰੀਬ 12 ਕਰੋੜ ਰੁਜ਼ਗਾਰ ਦੇ ਮੌਕੇ ਖੁੱਸ ਗਏ। ਉਨ੍ਹਾਂ ਐਮ.ਐਸ.ਐਮ.ਈ. ਸੈਕਟਰ ਲਈ ਰਾਹਤ ਪੈਕੇਜ ਦੀ ਮੰਗ ਵੀ ਕੀਤੀ ਹੈ।

## 'ਸਾਰੇ ਮੁਸਲਮਾਨਾਂ ਨੂੰ ਤਬਲੀਗੀ ਜਮਾਤ ਨਾਲ ਨਾ ਜੋੜਿਆ ਜਾਵੇ'

**ਨਵੀਂ ਦਿੱਲੀ:** ਕੌਮੀ ਘੱਟ ਗਿਣਤੀਆਂ ਬਾਰੇ ਕਮਿਸ਼ਨ ਨੇ ਕਿਹਾ ਹੈ ਕਿ ਤਬਲੀਗੀ ਜਮਾਤ ਦੀਆਂ ਹਰਕਤਾਂ ਲਈ ਪੂਰੇ ਮੁਸਲਿਮ ਭਾਈਚਾਰੇ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਪ੍ਰੈੱਸ ਇਨਫਰਮੇਸ਼ਨ ਬਿਊਰੋ ਦੇ ਪ੍ਰਿੰਸੀਪਲ ਡਾਇਰੈਕਟਰ ਜਨਰਲ ਕੇ.ਐਸ. ਢੱਟਵਾਲੀਆ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਉਹ ਮੁਲਕ 'ਚ ਇਹ ਸੁਨੇਹਾ ਜਾਰੀ ਕਰੇ ਕਿ ਤਬਲੀਗੀ ਜਮਾਤ ਦੇ ਮੈਂਬਰਾਂ ਦੀਆਂ ਹਰਕਤਾਂ ਲਈ ਮੁਸਲਿਮ ਭਾਈਚਾਰਾ ਜ਼ਿੰਮੇਵਾਰ ਨਹੀਂ ਹੈ।

# ਯੂਨੀਵਰਸਿਟੀਆਂ 'ਚ ਸਤੰਬਰ ਤੋਂ ਸੈਸ਼ਨ ਸ਼ੁਰੂ ਕਰਨ ਦੀ ਸਿਫਾਰਸ਼

**ਨਵੀਂ ਦਿੱਲੀ:** ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਵੱਲੋਂ ਨਿਯੁਕਤ ਕੀਤੀ ਗਈ ਕਮੇਟੀ ਨੇ ਯੂਨੀਵਰਸਿਟੀਆਂ ਅਤੇ ਹੋਰ ਉਚੇਰੀ ਸਿੱਖਿਆ ਵਾਲੇ ਅਦਾਰਿਆਂ 'ਚ ਜੁਲਾਈ ਦੀ ਥਾਂ ਉਤੇ ਸਤੰਬਰ ਤੋਂ ਪੜ੍ਹਾਈ (ਨਵਾਂ ਅਕਾਦਮਿਕ ਸੈਸ਼ਨ) ਸ਼ੁਰੂ ਕਰਨ ਦੀ ਸਿਫਾਰਸ਼ ਕੀਤੀ ਹੈ। ਯੂ.ਜੀ.ਸੀ. ਨੇ ਕੋਵਿਡ-19 ਕਾਰਨ ਪੜ੍ਹਾਈ ਦੇ ਹੋ ਰਹੇ ਨੁਕਸਾਨ ਅਤੇ ਲੌਕਡਾਊਨ ਕਾਰਨ ਆਨਲਾਈਨ ਸਿੱਖਿਆ ਜਿਹੇ ਮੁੱਦਿਆਂ ਉਤੇ ਵਿਚਾਰਾਂ ਲਈ ਦੋ ਕਮੇਟੀਆਂ ਬਣਾਈਆਂ ਸਨ।

ਯੂਨੀਵਰਸਿਟੀਆਂ 'ਚ ਪ੍ਰੀਖਿਆਵਾਂ ਕਰਨ ਦੇ ਰਾਹ ਲੱਭਣ ਲਈ ਇਕ ਕਮੇਟੀ ਹਰਿਆਣਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਆਰ ਸੀ ਕੁਹਾੜ ਦੀ ਅਗਵਾਈ ਹੇਠ ਬਣਾਈ ਗਈ ਸੀ। ਦੂਜੀ ਕਮੇਟੀ ਨੇ ਆਨਲਾਈਨ ਸਿੱਖਿਆ 'ਚ ਸੁਧਾਰ ਦੇ ਯਤਨਾਂ ਬਾਰੇ ਸੁਝਾਅ ਦੇਣੇ ਸਨ ਜਿਸ ਦੀ ਅਗਵਾਈ ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ (ਇਗਨੂ) ਦੇ ਵਾਈਸ ਚਾਂਸਲਰ ਨਾਗੇਸ਼ਵਰ ਰਾਓ ਕਰ ਰਹੇ ਸਨ। ਦੋਵੇਂ ਕਮੇਟੀਆਂ ਨੇ ਰਿਪੋਰਟ ਸੌਂਪ ਦਿੱਤੀ ਹੈ।

ਸੂਤਰਾਂ ਨੇ ਕਿਹਾ ਕਿ ਇਕ ਕਮੇਟੀ ਨੇ ਜੁਲਾਈ ਦੀ ਥਾਂ ਉਤੇ ਸਤੰਬਰ ਤੋਂ ਅਕਾਦਮਿਕ ਸੈਸ਼ਨ ਸ਼ੁਰੂ ਕਰਨ ਦੀ ਸਿਫਾਰਸ਼ ਕੀਤੀ ਹੈ ਜਦਕਿ ਦੂਜੀ ਕਮੇਟੀ ਨੇ ਯੂਨੀਵਰਸਿਟੀਆਂ 'ਚ ਆਨਲਾਈਨ ਪ੍ਰੀਖਿਆਵਾਂ ਕਰਾਉਣ ਦਾ ਸੁਝਾਅ ਦਿੱਤਾ ਹੈ। 'ਜੇਕਰ ਉਨ੍ਹਾਂ ਕੋਲ ਬੁਨਿਆਦੀ ਢਾਂਚਾ ਅਤੇ ਹੋਰ ਰਾਹ ਨਹੀਂ ਹਨ ਤਾਂ ਫਿਰ ਲੌਕਡਾਊਨ ਖਤਮ ਹੋਣ ਤਕ ਉਡੀਕ ਕਰਨ ਅਤੇ ਫਿਰ ਪ੍ਰੀਖਿਆਵਾਂ ਦਾ ਫੈਸਲਾ ਲਿਆ ਜਾਵੇ।' ਐਚ.ਆਰ.ਡੀ. ਮੰਤਰਾਲੇ ਦੇ ਅਧਿਕਾਰੀਆਂ ਮੁਤਾਬਕ ਦੋਵੇਂ ਰਿਪੋਰਟਾਂ ਦਾ ਹੁਣ ਅਧਿਐਨ ਹੋਵੇਗਾ ਅਤੇ ਅਗਲੇ ਹਫਤੇ ਤਕ ਇਸ ਬਾਬਤ ਸਰਕਾਰੀ ਦਿਸ਼ਾ-ਨਿਰਦੇਸ਼ ਨੋਟੀਫਾਈ ਹੋਣ ਦੀ ਸੰਭਾਵਨਾ ਹੈ।

# ਖਰੀਦ ਪ੍ਰਬੰਧਾਂ ਵਿਚੋਂ ਖੇਤੀ ਵਿਭਾਗ ਨੂੰ ਹੀ ਬਾਹਰ ਰੱਖਿਆ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕਣਕ ਦੀ ਖਰੀਦ ਲਈ ਨਵੀਂ ਕਮੇਟੀ ਦਾ ਗਠਨ ਕਰਦਿਆਂ ਕਿਸਾਨਾਂ ਦੀ ਨੁਮਾਇੰਦਗੀ ਕਰਨ ਵਾਲੇ ਖੇਤੀਬਾੜੀ ਵਿਭਾਗ ਨੂੰ ਇਸ ਵਿਚੋਂ ਬਾਹਰ ਕਰ ਦਿੱਤਾ ਹੈ। ਮੁੱਖ ਸਕੱਤਰ ਕਰਨ ਅਵਤਾਰ ਸਿੰਘ ਵੱਲੋਂ 21 ਅਪਰੈਲ ਨੂੰ ਜਾਰੀ ਹੁਕਮਾਂ ਮੁਤਾਬਕ ਨਵੀਂ ਕਮੇਟੀ ਪ੍ਰਮੁੱਖ ਸਕੱਤਰ (ਖੁਰਾਕ ਤੇ ਸਿਵਲ ਸਪਲਾਈ) ਕੇ.ਏ.ਪੀ. ਸਿਨਹਾ ਦੀ ਅਗਵਾਈ ਹੇਠ ਗਠਿਤ ਕੀਤੀ ਗਈ ਹੈ।

ਸ੍ਰੀ ਸਿਨਹਾ ਨੂੰ ਕਮੇਟੀ ਦਾ ਚੇਅਰਮੈਨ ਨਿਯੁਕਤ ਕਰਕੇ ਪੰਜਾਬ ਗੁਦਾਮ ਨਿਗਮ ਦੇ ਐਮਡੀ, ਭਾਰਤੀ ਖੁਰਾਕ ਨਿਗਮ ਦੇ ਖੇਤੀ ਜਨਰਲ ਮੈਨੇਜਰ, ਮਾਰਕਫੈਡ ਦੇ ਮੈਨੇਜਿੰਗ ਡਾਇਰੈਕਟਰ, ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੀ ਡਾਇਰੈਕਟਰ, ਸਕੱਤਰ ਪੰਜਾਬ ਰਾਜ ਮੰਡੀ ਬੋਰਡ ਅਤੇ ਪਨਸਪ ਦੇ ਮੈਨੇਜਿੰਗ ਡਾਇਰੈਕਟਰ ਨੂੰ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਪਨਗਰੇਨ ਦੇ ਮੈਨੇਜਿੰਗ ਡਾਇਰੈਕਟਰ ਨੂੰ ਨਵੀਂ ਕਮੇਟੀ ਦਾ ਕਨਵੀਨਰ ਨਿਯੁਕਤ ਕੀਤਾ ਗਿਆ ਹੈ। ਸੂਤਰਾਂ ਅਨੁਸਾਰ ਪਿਛਲੇ ਦਿਨੀਂ ਖੇਤੀਬਾੜੀ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਅਤੇ ਸਰਕਾਰ ਦੇ ਇਕ ਉਚ ਅਧਿਕਾਰੀ ਦਰਮਿਆਨ ਵੀਡੀਓ ਕਾਨਫਰੰਸਿੰਗ ਦੌਰਾਨ ਤਕਰਾਰ ਭਰੀ ਚਰਚਾ ਹੋਣ ਮਗਰੋਂ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਹ ਤੱਥ ਸਾਹਮਣੇ ਆਏ ਸਨ ਕਿ ਸੀਨੀਅਰ ਅਧਿਕਾਰੀਆਂ ਦਰਮਿਆਨ ਕਣਕ ਦੀ ਖਰੀਦ ਸਬੰਧੀ ਨੀਤੀ ਨੂੰ ਲੈ ਕੇ ਮਤਭੇਦ ਉਭਰ ਆਏ। ਇਕ ਅਧਿਕਾਰੀ ਨੇ ਪਿੰਡ-ਪਿੰਡ ਜਾਂ ਇਕੋ ਪਿੰਡ ਦੇ ਕਿਸਾਨਾਂ ਨੂੰ ਮੰਡੀ ਵਿਚ ਕਣਕ ਵੇਚਣ ਲਈ ਆਉਣ ਦੀ ਆਗਿਆ ਦੇਣ ਦੀ ਦਲੀਲ ਦਿੱਤੀ ਸੀ ਤਾਂ ਦੂਜੇ ਅਧਿਕਾਰੀ ਨੇ ਕਿਹਾ ਸੀ ਕਿ ਇਹ ਦਲੀਲ ਇਸ ਕਰਕੇ ਸੰਭਵ ਨਹੀਂ ਕਿਉਂਕਿ ਇਸ ਨਾਲ ਖਰੀਦ ਦਾ ਸੀਜ਼ਨ ਲੰਮਾ ਹੋ ਜਾਵੇਗਾ ਤੇ ਸਾਉਣੀ ਦੀਆਂ ਫਸਲਾਂ ਦੀ ਬਿਜਾਈ ਪ੍ਰਭਾਵਿਤ ਹੋਵੇਗੀ। ਇਸ ਤੋਂ ਪਹਿਲਾਂ ਸਰਕਾਰ ਵੱਲੋਂ ਕਣਕ ਦੀ ਖਰੀਦ ਸਬੰਧੀ ਕੀਤੀਆਂ ਜਾਣ ਵਾਲੀਆਂ ਮੀਟਿੰਗਾਂ ਅਤੇ ਵੀਡੀਓ ਕਾਨਫਰੰਸਿੰਗ ਦੌਰਾਨ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦੀ ਸਰਗਰਮ ਭੂਮਿਕਾ ਰਹੀ ਹੈ।

## ਪਿੰਡ ਦੇ ਹਿਸਾਬ ਨਾਲ ਖਰੀਦ ਕੇਂਦਰ ਬਣਾਏ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ 'ਚ ਕਣਕ ਦੀ ਖਰੀਦ ਨੀਤੀ 'ਚ ਵੱਡੀ ਤਬਦੀਲੀ ਕਰਦਿਆਂ ਅਨਾਜ ਮੰਡੀਆਂ ਵਿਚ ਇੱਕ ਦਿਨ ਦੌਰਾਨ ਇਕੋ ਪਿੰਡ ਦੇ ਕਿਸਾਨਾਂ ਦੀਆਂ ਜਿਣਸਾਂ ਇਕੋ ਮੰਡੀ 'ਚ ਆਉਣਾ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ ਹਨ। ਖਰੀਦ ਪ੍ਰਬੰਧਾਂ ਸਬੰਧੀ ਨਵੀਂ ਗਠਿਤ ਕਮੇਟੀ ਦੇ ਮੁਖੀ ਕੇ.ਏ.ਪੀ. ਸਿਨਹਾ ਨੇ ਹੁਕਮ ਜਾਰੀ ਕਰਦਿਆਂ 5 ਆਈ.ਏ.ਐਸ. ਅਫਸਰਾਂ ਦੀਆਂ ਜ਼ਿਲ੍ਹਾ ਵਾਰ ਡਿਊਟੀਆਂ ਲਾਈਆਂ ਹਨ। ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਦਰਮਿਆਨ ਕਣਕ ਦੀ ਖਰੀਦ ਸਬੰਧੀ ਨੀਤੀ ਨੂੰ ਲੈ ਕੇ ਕਈ ਦਿਨਾਂ ਤੋਂ ਬਹਿਸ ਚੱਲ ਰਹੀ ਹੈ। ਇਸ ਦੇ ਚੱਲਦਿਆਂ ਹੀ ਸਰਕਾਰ ਨੇ ਕਣਕ ਦੀ ਖਰੀਦ ਲਈ ਨਵੀਂ ਕਮੇਟੀ ਦਾ ਗਠਨ ਕਰਦਿਆਂ ਕਿਸਾਨਾਂ ਦੀ ਨੁਮਾਇੰਦਗੀ ਕਰਨ ਵਾਲੇ ਖੇਤੀਬਾੜੀ ਵਿਭਾਗ ਨੂੰ ਇਸ 'ਚੋਂ ਬਾਹਰ ਕਰ ਦਿੱਤਾ ਸੀ।

# ਗੰਨਾ ਕਾਸ਼ਤਕਾਰਾਂ ਨੂੰ ਪੰਜਾਹ ਕਰੋੜ ਜਾਰੀ

**ਚੰਡੀਗੜ੍ਹ:** ਕੋਵਿਡ-19 ਸੰਕਟ ਕਾਰਨ ਲਗਾਏ ਕਰਫਿਊ ਦੌਰਾਨ ਗੰਨਾ ਕਾਸ਼ਤਕਾਰਾਂ ਕਿਸਾਨਾਂ ਦੀ ਬਾਂਹ ਫੜਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੂਬੇ ਦੀਆਂ ਸਹਿਕਾਰੀ ਮਿੱਲਾਂ ਨੂੰ 50 ਕਰੋੜ ਰੁਪਏ



ਜਾਰੀ ਕੀਤੇ ਗਏ ਹਨ।

ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਇਸ ਫੈਸਲੇ ਤੋਂ ਬਾਅਦ ਸ਼ੂਗਰਫੈੱਡ ਨੂੰ ਹਾਸਲ ਹੋਈ 50 ਕਰੋੜ ਰੁਪਏ ਦੀ ਰਾਸ਼ੀ ਗੰਨਾ ਕਾਸ਼ਤਕਾਰਾਂ ਨੂੰ ਅਦਾਇਗੀ ਲਈ ਸਹਿਕਾਰੀ ਖੰਡ ਮਿੱਲਾਂ ਨੂੰ ਜਾਰੀ ਕਰ ਦਿੱਤੀ ਹੈ। ਸੰਕਟ ਦੀ ਇਸ ਘੜੀ ਵਿਚ ਇਸ ਨਾਲ ਕਿਸਾਨਾਂ ਨੂੰ ਜਿਥੇ ਵੱਡੀ ਰਾਹਤ ਮਿਲੇਗੀ, ਉਥੇ ਸੂਬਾ ਸਰਕਾਰ ਵੱਲੋਂ ਕਣਕ-ਝੋਨੇ ਦੇ ਫਸਲੀ ਚੱਕਰ ਵਿਚੋਂ ਨਿਕਲਣ ਲਈ ਫਸਲੀ ਵਿਭਿੰਨਤਾ ਦੀਆਂ ਕੋਸ਼ਿਸ਼ਾਂ ਨੂੰ ਹੁਲਾਰਾ ਮਿਲੇਗਾ। ਸਹਿਕਾਰਤਾ ਮੰਤਰੀ ਨੇ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਰੋਨਾ ਸੰਕਟ ਕਾਰਨ ਗੰਭੀਰ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰਨ ਦੇ ਬਾਵਜੂਦ ਸੂਬਾ ਸਰਕਾਰ ਵੱਲੋਂ ਕਿਸਾਨਾਂ ਦੀ ਬਾਂਹ ਫੜਨ ਦਾ ਫੈਸਲਾ ਕਿਸਾਨਾਂ ਨੂੰ ਰਾਹਤ ਦੇਵੇਗਾ। ਤਾਲਾਬੰਦੀ ਕਾਰਨ ਇਕ ਪਾਸੇ ਸੂਬਾ ਸਰਕਾਰ ਦੇ ਮਾਲੀਏ ਵਿਚ ਵੱਡੀ ਗਿਰਾਵਟ ਆਈ ਹੈ ਅਤੇ ਦੂਜੇ ਪਾਸੇ ਸਿਹਤ ਸੇਵਾਵਾਂ ਅਤੇ ਰਾਹਤ ਕਾਰਜਾਂ ਲਈ ਵੱਡੀ ਰਾਸ਼ੀ ਖਰਚੀ ਜਾ ਰਹੀ ਹੈ, ਜਿਸ ਕਾਰਨ ਸੂਬੇ ਦੇ ਆਮਦਨ ਸਰੋਤਾਂ ਤੇ ਖਰਚਿਆਂ ਵਿਚਾਲੇ ਚਿੰਤਾਜਨਕ ਪਾੜਾ ਵਧ ਗਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਵੀ ਹਾਲੇ ਕੋਈ ਰਾਹਤ ਪੈਕੇਜ ਨਹੀਂ ਦਿੱਤਾ, ਜਿਸ ਕਾਰਨ ਸੂਬਿਆਂ ਦੀ ਹਾਲਤ ਹੋਰ ਪਤਲੀ ਹੋ ਗਈ ਹੈ।

# ਬੋਚ ਬੋਚ ਪੱਬ ਧਰੀਏ...

ਆਹ ਅਲਾਮਤ ਤਾਂ ਨਵੀਂ ਨਕੋਰ ਹੈ, ਪਰ ਏਦਾਂ ਦੀਆਂ ਨਿੱਕੀਆਂ ਮੋਟੀਆਂ ਹੋਰ ਵੀ ਪਹਿਲਾਂ ਆਈਆਂ ਸਨ। ਇਹਦੇ ਅਸਰ ਦਾ ਚੇਤਾ ਬੜਾ ਚਿਰ ਰਹੇਗਾ। ਜੋ ਕਦੇ ਕਿਸੇ ਕਿਸਾਇਆ ਵੀ ਨਹੀਂ ਸੀ, ਕਰੋਨਾ ਨੇ ਕੁਝ ਮਹੀਨਿਆਂ 'ਚ ਮਨੁੱਖ ਨੂੰ ਚੇਤਾ ਕਰਾ ਦਿੱਤਾ ਹੈ। ਕਰੋਨਾ ਮੂਹਰੇ ਕੁਲ ਦੁਨੀਆਂ ਦਾ ਵਿਗਿਆਨ ਅਜੇ ਵਾਰਾਜੋਰ ਹੀ ਹੈ। ਮੇਰਾ ਮੰਨਣਾ ਹੈ ਕਿ ਵਿਗਿਆਨ ਨੇ ਇਹਦੇ 'ਤੇ ਕਾਬੂ ਪਾਉਣਾ ਹੀ ਪਾਉਣਾ ਹੈ। ਅਜੇ ਤੀਕ ਹੋਰ ਕੁਝ ਨਾ ਹੋ ਸਕਣ ਦੀ ਸੂਰਤ 'ਚ ਪੁਰਾਣੀਆਂ ਗੱਲਾਂ ਸਾਹਮਣੇ ਆ ਗਈਆਂ ਨੇ। ਆਪਣੇ ਵੇਲਿਆਂ 'ਚ ਸਾਡੇ ਆਲੇ ਪਾਸੇ ਬੱਸਾਂ 'ਚ ਆਮ ਲਿਖਿਆ ਹੁੰਦਾ ਸੀ, 'ਸਵਾਰੀ ਆਪਣੇ ਸਮਾਨ ਦੀ ਆਪ ਜ਼ਿੰਮੇਵਾਰ ਹੈ' ਜਾਂ 'ਬਚਾਓ ਵਿਚ ਹੀ ਬਚਾਓ ਹੈ।' ਲਾਹੌਰ ਵਾਲੇ ਪਾਸੇ ਟਰੱਕਾਂ 'ਤੇ ਲਿਖਿਆ ਹੁੰਦਾ ਹੈ,

**ਸੁਖਦੇਵ ਸਿੱਧੂ**

'ਫਾਸਲਾ ਰੱਖੋਂ, ਵਰਨਾ ਪਿਆਰ ਹੋ ਜਾਏਗਾ।' ਮਾਮੂਲੀ ਹਾਸੇ-ਠੱਠੇ ਵਾਲੀਆਂ ਇਨ੍ਹਾਂ ਸਲਾਹੁਤਾਂ ਦੀ ਸਾਰਥਕਤਾ ਇਸ ਸਮੇਂ ਇੰਨੀ ਵੱਧ ਜਾਵੇਗੀ, ਕਿਸ ਨੇ ਸੋਚਿਆ ਸੀ!

ਜਿੰਨਾ ਚਿਰ ਵਿਗਿਆਨ ਇਲਾਜ ਦੇ ਆਹਰ 'ਚ ਦਿਨ-ਰਾਤ ਡਟਿਆ ਹੋਇਆ ਹੈ, ਕਰੋਨਾ ਨੇ ਕਈ ਬਾਤਾਂ ਧਿਆਨ 'ਚ ਲੈ ਆਂਦੀਆਂ। ਨਿਆਰੇ ਵਰਤਾਰੇ ਸਾਹਮਣੇ ਆ ਗਏ ਹਨ। ਲੋਕਾਂ ਦੇ ਸਦੀਆਂ ਤੋਂ ਮਨਾਂ 'ਚ ਬੈਠਾ-ਬਿਠਾਇਆ ਵਿਹਾਰ ਬਦਲ ਗਿਆ। ਲੋਕ ਹੱਥ ਮਿਲਾਉਣੋਂ ਹਟ ਗਏ; ਗਲੇ ਮਿਲਣਾ ਤਾਂ ਦੂਰ ਦੀ ਗੱਲ ਹੋ ਗਈ। ਹੋਰ ਗਲ ਮਨ 'ਚ ਆਉਂਦੀ ਹੈ ਕਿ ਕਰੋਨਾ ਦੇ ਸਹਿਮ ਨੇ ਇਹ ਫੁਰਤੀ 'ਚ ਕਰਵਾ ਦਿੱਤਾ। ਸਾਡਿਆਂ ਨੇ ਗੁਰੂ ਬਾਬਿਆਂ ਦੀ ਨਸੀਹਤ ਨਹੀਂ ਮੰਨੀ। ਕੀ ਇਹ ਕੋਈ ਕਰਾਮਾਤ ਹੈ? ਕੁਦਰਤ ਨੇ ਸ਼ਾਇਦ ਮਨੁੱਖ ਦੀ ਅਸਲੀ ਅਹਿਮੀਅਤ ਦਾ ਖਿਆਲ ਕਰਵਾਇਆ ਹੈ। ਜਾਨ ਦਾ ਮੁੱਲ ਵਧ ਗਿਆ ਹੈ। ਲੋਕਾਂ ਨਾਲ ਰਾਬਤਾ ਚੋਖਾ ਜੁੜ ਗਿਆ ਹੈ। ਦਇਆ ਵੱਧ ਹਾਜ਼ਰ ਦਿਸਦੀ ਹੈ। ਕੋਮਲ ਚਿਤ ਮਦਦਗਾਰ ਲੋਕਾਂ ਦਾ ਪਤਾ ਲੱਗਾ ਹੈ। ਨਿਤਾਣਿਆਂ ਦੇ ਤਾਣ ਵੀ ਹੋ ਨਿਬੜੇ।

ਬੇਪ੍ਰਵਾਹ-ਲਾਪ੍ਰਵਾਹ ਬੰਦਿਆਂ ਦੀ ਕਿਤੇ ਘਾਟ ਨਹੀਂ ਹੈ। ਸਾਡੇ ਆਪਣੇ ਵੀ ਬਥੇਰੇ ਹਨ। ਸਿਰੇ ਦਾ ਜੁਆਬ ਤਾਂ ਇਹ ਹੁੰਦਾ ਹੈ, ਅੱਜ ਜਾਂ ਕੱਲ ਮਰਨਾ ਹੀ ਹੈ! ਕੁਝ ਲੋਕ ਇਹ ਕਹਿ ਕੇ ਰਾਜ਼ੀ ਹੋ ਲੈਂਦੇ ਹਨ ਕਿ ਅਸੀਂ ਗੰਨੇ-ਗੁੰਨੇ ਚੂਪਣ ਵਾਲੇ ਜਾਂ ਸਾਗ-ਸੂਗ ਖਾਣ ਵਾਲੇ ਬੰਦੇ ਆਂ, ਸਾਨੂੰ ਕਰੋਨਾ ਕੀ ਕਰ ਸਕਦਾ? ਇਹਦੀ ਮਾਰ ਦਾ ਕਹਿਰ ਉਨ੍ਹਾਂ ਦੇ ਭੋਲੇਪਣ ਦੇ ਵਲ 'ਚ ਆਇਆ ਨਹੀਂ ਲਗਦਾ। ਡਰ ਇਹ ਹੈ, ਕਿਸੇ ਦੀ ਬੇਇਲਮੀ 'ਚ ਕੀਤੀ ਹੋਰਾਂ ਨੂੰ ਬਹੁਤ ਮਹਿੰਗੀ ਪੈ ਸਕਦੀ ਏ। ਇਹਦੇ ਪਿੱਛੇ ਚੰਗੀ-ਮਾੜੀ, ਹੋਈ-ਬੀਤੀ ਦਾ ਭਾਂਡਾ ਕੁਦਰਤ ਸਿਰ ਮੜ੍ਹਨ ਦਾ ਸੁਭਾਅ ਵੀ ਹੋ ਸਕਦਾ ਹੈ। ਜਾਂ ਵੇਦਾਂ ਗ੍ਰੰਥਾਂ ਦੇ ਮਨ ਮਰਜ਼ੀ ਦੇ ਹਵਾਲਿਆਂ ਆਸਰੇ ਮਨ ਨੂੰ ਢਾਰਸ ਦੇ ਲੈਣਾ ਵੱਡਾ ਆਸਰਾ ਵੀ ਹੋ ਸਕਦਾ ਹੈ। ਔਖ ਪੈਣ 'ਤੇ ਜੋ ਵੀ ਕਿਸੇ ਨੇ ਕਰਨਾ ਹੈ, ਕਰੋਗੇ; ਪਰ ਕੁਝ ਕਿਆਸ ਕਰ ਲੈਣ 'ਚ ਭੋਰਾ ਹਰਜ਼ ਨਹੀਂ ਹੈ। ਅਜੇ ਤਾਂ ਭਲਾ ਚੌਕਸੀ 'ਚ ਹੀ ਹੈ।

ਕਦੇ ਕਿਸੇ ਨੇ ਸੋਚਿਆ ਸੀ ਕਿ ਢਿੱਡ ਭਰ ਕੇ ਖਾਂਦੇ, ਸ਼ਹਿਰਾਂ ਦੇ ਮੱਧ ਵਰਗੀ ਬਾਸ਼ਿੰਦੇ ਕਿਸੇ ਕੂੜਾ ਚੁੱਕਣ ਵਾਲੇ 'ਤੇ ਉਪਰਲੀਆਂ ਮੰਜ਼ਿਲਾਂ ਤੋਂ ਫੁੱਲ ਪੱਤੀਆਂ ਦੀ ਬਰਖਾ ਕਰ ਦੇਣਗੇ? ਜਾਂ ਉਸ ਦੇ ਗਲ 'ਚ ਨਵੇਂ ਨਕੋਰ ਨੋਟਾਂ ਵਾਲੇ ਹਾਰ ਪਾ ਪਾ ਕੇ ਉਨ੍ਹਾਂ ਦੀ 'ਅਹਿਮੀਅਤ' ਦਰਸਾ ਦੇਣਗੇ। ਐਸਾ ਸਿਰਫ ਵਿਆਹ ਵੇਲੇ ਲਾੜੇ ਜਾਂ ਸਰਵਾਲੇ ਨਾਲ ਹੁੰਦਾ ਆਇਆ ਹੈ। ਅੱਜ ਕੱਲ ਇਹ ਲੀਡਰਾਂ, ਗਵੱਈਆਂ, ਬਾਬਿਆਂ, ਦੇਵੀਆਂ ਜਾਂ ਹੋਰ ਵੱਡੇ ਰੁਤਬਿਆਂ ਵਾਲਿਆਂ ਨਾਲ ਵੀ ਹੋ ਜਾਂਦਾ ਹੈ। ਸਮੇਂ ਸਮੇਂ ਦਾ ਗੇੜ ਹੈ। ਸ਼ਬਦ 'ਕੰਮੀ ਕੰਮੀਣ' ਇਨ੍ਹਾਂ ਲਈ ਸਹਿੰਦਾ ਬਣ ਗਿਆ ਸੀ। ਅਸਲ 'ਚ ਤਾਂ ਇਨ੍ਹਾਂ ਲਈ ਹੋਰ ਰਾਖਵੇਂ ਲਫਜ਼ ਵਰਤੇ ਜਾਂਦੇ ਹਨ। ਆਪਣੇ ਰਾਹ ਤੁਰਿਆ ਜਾਂਦਾ ਬੰਦਾ ਵੀ ਬਿਨਾ ਕਿਸੇ ਕਾਰਨ ਇਨ੍ਹਾਂ ਨੂੰ ਗਾਲੀ ਗਲੋਚ ਕਰ ਸਕਦਾ ਹੈ। ਆਹ ਗੱਲ ਕਿਸੇ ਨੂੰ ਚੁੱਭ ਵੀ ਸਕਦੀ ਹੈ, ਬਈ ਜਦ ਹੁਣ ਰਵੱਈਆ ਬਦਲ ਗਿਆ ਹੈ ਤਾਂ ਚਿਤਾਰਨ ਦੀ ਕੀ ਲੋੜ ਹੈ? ਬਿਲਕੁਲ ਆਦਰ ਮਾਣ ਕਰਨ ਵਾਲਿਆਂ ਨੇ ਸ਼ੋਭਾ ਵਾਲਾ ਕੰਮ ਕੀਤਾ ਹੈ। ਨਿਮਾਣਿਆਂ ਦਾ ਮਾਣ ਹੀ ਗਿਆ। ਸਹੀ ਵਿਹਾਰ 'ਚ ਬਦਲ ਉਦੋਂ ਦੇਖਣ ਵਾਲਾ ਹੋਣਾ ਹੈ, ਜਦੋਂ ਕਰੋਨਾ ਦੇ ਕਰੋਪ 'ਤੇ ਕਾਬੂ ਪੈ ਗਿਆ ਤੇ ਜੀਵਨ ਮੁੜ ਆਪਣੀ ਰਾਹੇ ਪੈ ਗਿਆ।

ਡਾਕਟਰਾਂ, ਨਰਸਾਂ ਤੇ ਹਸਪਤਾਲਾਂ 'ਚ ਹੋਰ ਕਈ ਤਰ੍ਹਾਂ ਦਾ ਕੰਮ ਕਰਨ ਵਾਲੇ, ਖਾਣ-ਪੀਣ ਵਾਲੀਆਂ ਦੁਕਾਨਾਂ ਖੁੱਲ੍ਹੀਆਂ ਰੱਖਣ ਵਾਲੇ, ਬਰੈਡਾਂ ਬਣਾਉਣ ਵਾਲੇ, ਵੱਧ ਗਈ ਉਮਰ ਕਾਰਨ ਆਪਣਾ ਆਪ ਨਾ ਸੋਧ ਸਕਣ ਵਾਲਿਆਂ ਦੀ ਸੇਵਾ 'ਚ ਜੁੱਟੇ ਜਾਂ ਗਹਿਰੇ ਸਰੀਰਕ ਅਲਾਮਤਾਂ ਵਾਲਿਆਂ ਦੀ ਦਿਨ ਰਾਤ ਦੇਖ ਭਾਲ ਕਰਨ ਵਾਲੇ ਅੱਜ ਕਲ ਸੱਭੇ ਜ਼ਿੰਦਾਬਾਦ ਹਨ-ਕੱਲ ਤੀਕ ਇਹ ਨਿਗੁਣੇ ਸੇਵਾਦਾਰ ਸਨ। ਹਾਲਾਤ ਦੇ ਜ਼ੋਰ ਇਨ੍ਹਾਂ ਨੇ ਆਪਣੀ ਅਹਿਮੀਅਤ ਕਬੂਲ ਕਰਵਾ ਲਈ ਹੈ। ਸਵਾਲ ਹੈ ਕਿ ਕੀ ਇਹ ਆਫਤ ਟਲ ਜਾਣ 'ਤੇ ਲੋਕ ਇਨ੍ਹਾਂ ਦੀ ਕੁਰਬਾਨੀ ਯਾਦ ਰੱਖਣਗੇ?

ਇਟਲੀ 'ਚ ਕਰੋਨਾ ਮਰੀਜ਼ਾਂ ਦੀ ਸੇਵਾ ਕਰਦਿਆਂ ਕਈ ਡਾਕਟਰ-ਨਰਸਾਂ ਦੀ ਜਾਨ ਚਲੀ ਗਈ। ਵਲੈਤ 'ਚ ਕੁਝ ਡਾਕਟਰਾਂ-ਨਰਸਾਂ ਨਾਲ ਵੀ ਏਦਾਂ ਹੀ ਹੋਇਆ ਹੈ। ਬੰਦੇ ਦਾ ਹੌਸਲਾ ਦੇਖੋ, ਇਨ੍ਹਾਂ ਨੂੰ ਪਤਾ ਹੈ ਕਿ ਇਹ ਕੰਮ ਜਾਨ ਨੂੰ ਜੋਖਮ 'ਚ ਪਾਉਣ ਵਾਲਾ ਹੈ। ਹੋਰ ਤਾਂ ਹੋਰ ਰਿਟਾਇਰ ਹੋ ਚੁਕੇ ਹਜ਼ਾਰਾਂ ਡਾਕਟਰ, ਨਰਸਾਂ ਬਿਨਾ ਕਿਸੇ ਝਿਜਕ ਵਾਪਿਸ ਡਿਊਟੀਆਂ 'ਤੇ ਆ ਗਏ ਹਨ। ਇਹ ਬੇਗਰਜ਼ ਮਨੁੱਖੀ ਸੁਭਾਅ ਦਾ ਸੂਰਮਤਾਈ ਵਾਲਾ ਹਿੱਸਾ ਹੈ। ਜਦੋਂ ਵਲੈਤ ਦਾ ਪ੍ਰਧਾਨ ਮੰਤਰੀ ਕਰੋਨਾ ਦੀ ਮਾਰ ਤੋਂ ਬਚ ਕੇ ਸਹੀ ਸਲਾਮਤ ਘਰ ਆਇਆ ਤਾਂ ਉਸ ਨੇ ਹਸਪਤਾਲ ਦੇ ਅਮਲੇ ਫੈਲੇ ਦਾ ਸ਼ੁਕਰੀਆ ਕੀਤਾ, ਪਰ ਦੋਂਹ ਨਰਸਾਂ ਦਾ ਖਾਸ ਧੰਨਵਾਦ ਕੀਤਾ। ਇਨ੍ਹਾਂ 'ਚੋਂ ਇਕ ਨਿਊਜ਼ੀਲੈਂਡ ਦੀ ਹੈ ਤੇ ਦੂਜਾ ਪੁਰਤਗਾਲ ਦਾ ਭਾਈ ਹੈ। ਸਾਨੂੰ ਆਸ ਰਹੇਗੀ ਕਿ ਪ੍ਰਧਾਨ ਮੰਤਰੀ ਦਾ ਇਹ ਨਿਰਾ ਸਿਆਸੀ ਬਿਆਨ ਨਾ ਰਹਿ ਜਾਵੇ। ਔਖੇ ਹਾਲਾਤ 'ਚ ਕੰਮ ਕਰਨ ਵਾਲੇ ਇਨ੍ਹਾਂ ਕਾਮਿਆਂ ਦੀ ਬਾਂਹ ਫੜ੍ਹਨ ਦਾ ਹੌਸਲਾ ਬੌਰਿਸ ਜੌਹਨਸਨ ਆਉਣ ਵਾਲੇ ਵੇਲਿਆਂ 'ਚ ਵੀ ਰੱਖੂ? ਊਠ ਕਿਸ ਕਰਵਟ ਬੈਠੂ, ਸਮਾਂ ਦੱਸੂ! ਸਭ ਨੂੰ ਵਲੈਤ ਦੀ ਨੈਸ਼ਨਲ ਹੈਲਥ ਸਰਵਿਸ ਦੀ ਵੁੱਕਤ ਦਾ ਅਹਿਸਾਸ ਹੋ ਗਿਆ ਹੈ।

ਸਾਡੇ ਵਾਲੇ ਪਾਸੇ ਤਾਂ ਏਦਾਂ ਦੇ ਘੱਟ ਹੀ ਹੁੰਦੇ ਹਨ, ਪਰ ਮਹਿਬੂਬ ਲਾਹੌਰੀਏ ਪੱਤਰਕਾਰ ਹਸਨ ਨਿਸਾਰ ਨੇ ਆਪਣੇ ਸੁਭਾਅ ਮੁਤਾਬਕ ਬਹੁਤ ਤਲਖ, ਪਰ ਹਕੀਕਤ ਬਿਆਨ ਕਰ ਦਿੱਤੀ ਹੈ, "ਜੇ ਕੁਝ ਦੌਲਤੀਏ ਚਲਦੇ ਕਾਰੋਬਾਰਾਂ ਦੇ ਖੜੌਣ ਜਾਂ ਬੰਦ ਹੋਣ ਨਾਲ ਔਖੇ ਹੋਏ ਹਨ ਤਾਂ ਕੋਈ ਫਿਕਰ ਵਾਲੀ ਗੱਲ ਨਹੀਂ। ਜੇ ਦੋ ਸੌ ਛੱਬੀ ਦੌਲਤੀਏ ਗਏ ਵੀ ਤਾਂ ਕੀ ਫਰਕ ਪਊ? ਜੇ ਇਹ ਦੋ ਲੱਖ ਛੱਬੀ ਵੀ ਹੋਣ ਤਾਂ ਵੀ ਦੁਨੀਆਂ ਨੂੰ ਫਰਕ ਨਹੀਂ ਪਏਗਾ। ਅਸਰ ਉਦੋਂ ਹੋਣਾ ਹੈ, ਜਦੋਂ ਮਜ਼ਦੂਰ, ਕਿਸਾਨ, ਕੰਮੀ-ਕਮੀਣ ਇਨ੍ਹਾਂ ਦਾ ਢਿੱਡ ਭਰਨ ਲਈ ਨਾ ਰਹੇ।" ਜੇ ਐਸੀ ਸੂਰਤ ਆ ਜਾਂਦੀ ਹੈ ਤਾਂ ਵੱਡੇ ਅਮੀਰਜ਼ਾਦਿਆਂ ਦਾ ਪੰਦਰਾਂ-ਵੀਹਾਂ ਦਿਨਾਂ ਦੇ ਵਿਚ ਵਿਚ ਮਲੀਆ ਮੇਟ ਵੀ ਹੋ ਸਕਦਾ ਹੈ; ਜਦੋਂ ਕਿ ਮਜ਼ਦੂਰ, ਕਿਸਾਨ, ਕੰਮੀ, ਡਰਾਈਵਰ, ਮੋਚੀ, ਨਾਈ, ਵੇਟਰ, ਕੁੱਕ, ਜੀਂਦੇ ਰਹਿਣਗੇ ਤਾਂ ਸਭ ਦਾ ਢਿੱਡ ਭਰਦੇ ਰਹਿਣਗੇ। ਜੇ ਲੋਕਾਂ ਦਾ ਢਿੱਡ ਭਰਨ ਵਾਲੇ ਨਾ ਹੋਏ, ਤਦ ਕੀ ਹੋਊ? ਗੱਲ ਗਹਿਰੀ ਹੈ!

ਇਸ ਕੌੜੀ ਸੱਚਾਈ ਦਾ ਸਾਡਿਆਂ 'ਚੋਂ ਕਿਸੇ ਨੇ ਹਾਲੇ ਹੁੰਗਾਰਾ ਨਹੀਂ ਭਰਿਆ। ਕਿਉਂ ਭਲਾ? ਆਪਣੇ ਡਾਕਟਰ ਸੱਜਣਾਂ ਨੂੰ ਪੁੱਛ ਲਈਦਾ ਹੈ; ਉਨ੍ਹਾਂ ਦੀ ਮੰਨ ਵੀ ਲਈਦੀ ਹੈ, ਪਰ ਜਿਨ੍ਹਾਂ 'ਤੇ ਯਕੀਨ ਹੈ, ਉਨ੍ਹਾਂ ਸਭ ਦੀ ਰਾਏ ਵੀ ਇਕਸੁਰ ਨਹੀਂ ਹੈ। ਵੇਲਾ ਔਖਾ ਹੈ, ਅਸੀਂ ਹੁਣ ਕੀ ਕਰੀਏ?

ਬੱਸ, ਬੋਚ ਬੋਚ ਪੱਬ ਧਰੀਏ। ਪ੍ਰਦੂਸ਼ਣ ਏਨਾ ਘਟ ਗਿਆ ਹੈ ਕਿ ਦਮੇ ਦੇ ਮਰੀਜ਼ਾਂ ਨੂੰ ਸਾਹ ਲੈਣ 'ਚ ਸੌਖ ਹੋ ਗਈ ਹੈ। ਜਲੰਧਰੋਂ ਉਤਰ 'ਚ ਪਹਾੜੀਆਂ ਦਿਸਣ ਲੱਗ ਪਈਆਂ ਹਨ ਤੇ ਉਨ੍ਹਾਂ 'ਤੇ ਜੰਮੀ ਬਰਫ ਵੀ; ਪੰਜਾਹ ਕੁ ਸਾਲ ਪਹਿਲਾਂ, ਜੇ ਤੜਕੇ ਛੇ ਕੁ ਵਜੇ ਉਠਦੇ ਤਾਂ ਵੀ ਐਸੇ ਨਜ਼ਾਰੇ ਦਿਸ ਜਾਂਦੇ ਸਨ। ਜਨਵਰੀ 'ਚ ਹੋਣ ਵਾਲੇ ਪ੍ਰਦੂਸ਼ਣ 'ਤੇ ਅਸਰ ਅਜੇ ਦੇਖਣਾ ਹੈ। ਚਿੜੀਆਂ ਚੂਕਣ ਤੇ ਪੰਛੀ ਵੱਧ ਚਹਿਕਣ ਲੱਗ ਪਏ ਹਨ। ਘਰਾਂ ਲਾਗੇ ਜਾਨਵਰ ਆਉਣੇ ਸ਼ੁਰੂ ਹੋ ਗਏ ਹਨ। ਸੜਕਾਂ ਦੇ ਲਾਗੇ ਬੰਨੇ ਘਾਹ ਹਰਾ ਕਚੂਰ ਦਿਸਦਾ ਹੈ। ਰੁੱਖ ਵੱਧ ਹਰੇ-ਭਰੇ ਦਿਸਦੇ ਹਨ।

ਲੋੜੋਂ ਵੱਧ ਭੱਜ ਦੌੜ ਕਰਨ ਵਾਲਿਆਂ ਲਈ ਘਰ 'ਚ ਮਿਲ ਬਹਿਣ ਦਾ ਸਬੱਬ ਹੋ ਗਿਆ ਹੈ। ਜ਼ਮੀਨ 'ਤੇ ਅੱਡੀ ਨਾ ਲੱਗਣ ਦੇਣ ਵਾਲੀ ਜ਼ਿੰਦਗੀ ਦੇ ਮੁਲੰਕਣ ਦਾ ਵੇਲਾ ਮਿਲ ਗਿਆ ਹੈ ਤੇ ਇਹਦਾ ਸੁਆਦ ਲੈਣ ਦਾ ਵੀ। ਕਈਆਂ ਨੂੰ ਰਤਾ ਕੁ ਸਾਹ ਲੈਣ ਦੀ ਲੋੜ ਸੀ, ਉਹ ਕੰਮ ਵੀ ਹੋ ਗਿਆ ਹੈ। ਵੇਲਾ ਔਖਾ ਹੈ। ਐਸੇ ਸਮਿਆਂ 'ਚ ਢਾਰਸ ਬੰਨ੍ਹਾਉਣ ਲਈ ਮੇਰੀ ਦਾਦੀ ਕਿਹਾ ਕਰਦੀ ਸੀ, 'ਦੁੱਖ ਆਵੇ, ਪਰ ਸੁੱਖ ਦਾ ਆਵੇ।' ਕੀ ਮਨੁੱਖਾ ਜੀਵਨ ਦੀ ਤੰਦ ਏਨੀ ਕਮਜ਼ੋਰ ਹੈ ਕਿ ਝਟਕਾ ਵੀ ਭਾਰੀ ਪੈ ਸਕਦਾ!

## ਨਾਸਾ ਵਲੋਂ ਹਾਈ ਪ੍ਰੈੱਸ਼ਰ ਵੈਂਟੀਲੇਟਰ ਤਿਆਰ

**ਵਾਸ਼ਿੰਗਟਨ:** ਨਾਸਾ ਦੇ ਇੰਜੀਨੀਅਰਾਂ ਨੇ ਕੋਵਿਡ-19 ਦੇ ਮਰੀਜ਼ਾਂ ਲਈ ਨਵਾਂ ਹਾਈ ਪ੍ਰੈੱਸ਼ਰ ਵੈਂਟੀਲੇਟਰ ਵਿਕਸਤ ਕੀਤਾ ਹੈ। ਉਪਕਰਨ ਦਾ ਨਾਮ ਵੈਂਟੀਲੇਟਰ ਇੰਟਰਵੈਨਸ਼ਨ ਤਕਨਾਲੋਜੀ ਅਕਸੈਸੀਬਲ ਲੋਕਲੀ (ਵਾਈਟਲ) ਰੱਖਿਆ ਗਿਆ ਹੈ ਅਤੇ ਨਿਊ ਯਾਰਕ ਦੇ ਆਈਕਾਹਨ ਸਕੂਲ ਆਫ ਮੈਡੀਸਨ 'ਚ ਇਸ ਹਫਤੇ ਇਸ ਦਾ ਪ੍ਰੀਖਣ ਕੀਤਾ ਗਿਆ।

ਇਹ ਵੈਂਟੀਲੇਟਰ ਘੱਟ ਲੱਛਣਾਂ ਵਾਲੇ ਮਰੀਜ਼ਾਂ ਦੇ ਇਲਾਜ ਲਈ ਤਿਆਰ ਕੀਤਾ ਗਿਆ ਹੈ।

## ਸਿਹਤ ਕਰਮੀਆਂ ਦੀ ਸੁਰੱਖਿਆ ਬਾਰੇ ਆਰਡੀਨੈਂਸ ਲਾਗੂ

**ਨਵੀਂ ਦਿੱਲੀ:** ਕਰੋਨਾ ਵਾਇਰਸ ਖਿਲਾਫ ਮੋਹਰੀ ਰਹਿ ਕੇ ਜੰਗ ਲੜ ਰਹੇ ਸਿਹਤ ਕਰਮੀਆਂ ਖਿਲਾਫ ਹਿੰਸਕ ਕਾਰਵਾਈਆਂ ਜਾਂ ਮਹਾਮਾਰੀ ਦੌਰਾਨ ਸੰਪਤੀ ਨੂੰ ਨੁਕਸਾਨ ਪਹੁੰਚਾਏ ਜਾਣ ਨੂੰ ਗੈਰ-ਜ਼ਮਾਨਤੀ ਜੁਰਮ ਕਰਾਰ ਦੇਣ ਵਾਲਾ ਆਰਡੀਨੈਂਸ ਹੋਂਦ 'ਚ ਆ ਗਿਆ ਹੈ। ਮਹਾਮਾਰੀ ਰੋਗ (ਸੋਧ) ਆਰਡੀਨੈਂਸ 2020 ਤਹਿਤ ਸਿਹਤ ਕਰਮੀਆਂ ਜਾਂ ਸੰਪਤੀ ਨੂੰ ਨੁਕਸਾਨ ਪਹੁੰਚਾਏ ਜਾਣ ਉਤੇ ਮੁਆਵਜ਼ੇ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

ਕੇਂਦਰੀ ਕੈਬਨਿਟ ਨੇ ਆਰਡੀਨੈਂਸ ਨੂੰ ਪ੍ਰਵਾਨਗੀ ਦੇ ਦਿੱਤੀ ਸੀ ਜਿਸ ਉਤੇ ਰਾਸ਼ਟਰਪਤੀ ਨੇ ਮੋਹਰ ਲਗਾ ਦਿੱਤੀ ਹੈ। ਆਰਡੀਨੈਂਸ ਮੁਤਾਬਕ ਡਾਕਟਰਾਂ, ਨਰਸਾਂ ਅਤੇ ਹੋਰ ਸਿਹਤ ਕਰਮੀਆਂ ਨਾਲ ਹਿੰਸਾ ਦੀ ਸੂਰਤ 'ਚ ਤਿੰਨ ਮਹੀਨੇ ਤੋਂ ਪੰਜ ਸਾਲ ਦੀ ਕੈਦ ਹੋਵੇਗੀ ਅਤੇ 50 ਹਜ਼ਾਰ ਤੋਂ 2 ਲੱਖ ਰੁਪਏ ਦਾ ਜੁਰਮਾਨਾ ਕੀਤਾ ਜਾਵੇਗਾ। ਗੰਭੀਰ ਰੂਪ 'ਚ ਜਖਮੀ ਕਰਨ ਉਤੇ ਛੇ ਮਹੀਨੇ ਤੋਂ ਸੱਤ ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ ਜਦਕਿ ਇਕ ਲੱਖ ਰੁਪਏ ਤੋਂ ਪੰਜ ਲੱਖ ਰੁਪਏ ਤੱਕ ਦਾ ਜੁਰਮਾਨਾ ਹੋਵੇਗਾ।

ਹਮਲਾਵਰ ਨੂੰ ਮੁਆਵਜ਼ਾ ਵੀ ਅਦਾ ਕਰਨਾ ਪਵੇਗਾ ਅਤੇ ਸੰਪਤੀ ਦੇ ਨੁਕਸਾਨ ਉਤੇ ਬਾਜ਼ਾਰ ਕੀਮਤ ਤੋਂ ਦੁੱਗਣਾ ਮੁਆਵਜ਼ਾ ਦੇਣਾ ਪਵੇਗਾ।

### ਸਸਕਾਰ ਰੋਕਣ ਵਾਲੇ ਨੂੰ ਹੋਵੇਗੀ ਤਿੰਨ ਸਾਲ ਜੇਲ੍ਹ

**ਚੇਨੱਈ:** ਤਾਮਿਲਨਾਡੂ ਸਰਕਾਰ ਨੇ ਕਿਹਾ ਹੈ ਹੈ ਜੋ ਵੀ ਕਰੋਨਾ ਕਾਰਨ ਮਰਨ ਵਾਲੇ ਨੂੰ ਦਫਨਾਉਣ ਜਾਂ ਸਸਕਾਰ ਕਰਨ 'ਚ ਅੜਿੱਕਾ ਪਾਏਗਾ ਤਾਂ ਉਹ ਤਿੰਨ ਸਾਲ ਕੈਦ ਦਾ ਹੱਕਦਾਰ ਹੋਵੇਗਾ। ਸਰਕਾਰ ਨੇ ਇਸ ਸਬੰਧੀ ਆਰਡੀਨੈਂਸ ਜਾਰੀ ਕੀਤਾ ਹੈ। ਲੋਕਾਂ ਵੱਲੋਂ ਕਰੋਨਾ ਪੀੜਤਾਂ ਦੀਆਂ ਅੰਤਿਮ ਰਸਮਾਂ 'ਚ ਅੜਿੱਕਾ ਪਾਏ ਜਾਣ ਦੀਆਂ ਖਬਰਾਂ ਸਾਹਮਣੇ ਆਉਣ ਤੋਂ ਬਾਅਦ ਇਹ ਕਦਮ ਚੁੱਕਿਆ ਗਿਆ ਹੈ। ਹੁਣ ਜੋ ਵੀ ਕਰੋਨਾ ਕਾਰਨ ਮਰਨ ਵਾਲੇ ਦੀਆਂ ਅੰਤਿਮ ਰਸਮਾਂ 'ਚ ਅੜਿੱਕਾ ਪਾਵੇਗਾ, ਉਸ ਖਿਲਾਫ ਤਾਮਿਲਨਾਡੂ ਲੋਕ ਸਿਹਤ ਐਕਟ, 1939 ਦੀ ਧਾਰਾ 74 ਤਹਿਤ ਕਾਰਵਾਈ ਕੀਤੀ ਜਾਵੇਗੀ।

## ਗੁਰੂ ਨਾਨਕ ਸਾਹਿਬ ਅਤੇ ਗੈਬੀ ਸ਼ਕਤੀਆਂ?

'ਪੰਜਾਬ ਟਾਈਮਜ਼' ਦੇ 25 ਅਪਰੈਲ ਦੇ ਅੰਕ ਵਿਚ ਛਪਿਆ ਡਾ. ਗੋਬਿੰਦਰ ਸਿੰਘ ਸਮਰਾਓ ਦਾ ਲੇਖ ਜਪੁ ਜੀ ਉਤੇ ਪਿਛੋਕੜ ਵਿਚ ਕੀਤੇ ਟੀਕਿਆਂ 'ਤੇ ਤਬਸਰਾ ਕਾਫੀ ਰੌਚਕ ਹੈ ਅਤੇ ਹਰ ਸਿੱਖਿਅਤ ਗੁਰੂ ਨਾਨਕ ਨਾਮ ਲੇਵਾ ਦੀ ਤਵੱਜੋ ਮੰਗਦਾ ਹੈ। ਉਨ੍ਹਾਂ ਆਪਣੇ ਇਸ ਲੇਖ ਵਿਚ ਵਿਸ਼ੇਸ਼ ਤੌਰ 'ਤੇ ਮਿਸਾਲ ਵਜੋਂ ਭਾਈ ਵੀਰ ਸਿੰਘ ਵੱਲੋਂ ਜਪੁ ਜੀ ਸਾਹਿਬ ਦੇ ਕੀਤੇ ਅਰਥਾਂ 'ਤੇ ਸ਼ੱਕ ਪ੍ਰਗਟਾਇਆ ਹੈ। ਮੈਂ ਇਸ ਵਿਸ਼ੇ 'ਤੇ ਡਾ. ਸਮਰਾਓ ਨਾਲ ਕਾਫੀ ਹੱਦ ਤੱਕ ਸਹਿਮਤ ਹਾਂ।

ਮੈਂ ਦੋ ਕੁ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਬਾਰੇ ਵਿਸਤ੍ਰਿਤ ਜਾਣਕਾਰੀ ਹਿੱਤ ਲੁਧਿਆਣੇ ਦੀ ਇਕ ਬੁੱਕ ਸ਼ਾਪ ਨੂੰ ਫੋਨ ਕਰਕੇ ਗੁਰੂ ਨਾਨਕ ਰਚਿਤ ਬਾਣੀ ਤੇ ਜੀਵਨ ਕਾਲ ਬਾਰੇ ਕੁਝ ਕਿਤਾਬਾਂ ਬਾਰੇ ਸੁਝਾਓ ਮੰਗਿਆ। ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਗੁਰੂ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਵੇਲੇ ਪ੍ਰਕਾਸ਼ਿਤ 'ਗੁਰੂ ਨਾਨਕ ਬਾਣੀ ਪ੍ਰਕਾਸ਼' ਦੇ ਦੋ ਖੰਡਾਂ ਅਤੇ ਭਾਈ ਵੀਰ ਸਿੰਘ ਰਚਿਤ 'ਸ੍ਰੀ ਗੁਰੂ ਨਾਨਕ ਚਮਤਕਾਰ' ਦੇ ਦੋ ਭਾਗਾਂ ਦੀ ਸਿਫਾਰਸ਼ ਕੀਤੀ। ਮੈਂ ਉਨ੍ਹਾਂ ਦਾ ਸੁਝਾਓ ਮੰਨ ਲਿਆ ਤੇ ਕਿਤਾਬਾਂ ਆਰਡਰ ਕਰ ਦਿੱਤੀਆਂ।

ਬਹੁਤ ਹੈਰਾਨੀ ਅਤੇ ਅਫਸੋਸ ਹੋਇਆ ਕਿ 'ਪੰਜਾਬੀ' ਨਾਮ ਵਾਲੀ ਅਤੇ 'ਪੰਜਾਬੀ' ਭਾਸ਼ਾ ਦੀ ਕਸ਼ਟੋਡੀਅਨ ਅਖਵਾਉਣ ਵਾਲੀ ਯੂਨੀਵਰਸਿਟੀ ਪੱਧਰ ਦੀ ਸੰਸਥਾ ਨੇ ਇਸ ਅਹਿਮ ਪੁਸਤਕ ਨੂੰ ਵੀ ਆਮ ਪੁਸਤਕਾਂ ਵਾਂਗ ਹੀ ਛਾਪਿਆ। ਟਾਈਪ ਸੈਟਿੰਗ ਅਤੇ ਛਪਾਈ ਬਿਲਕੁਲ ਹੀ ਆਮ ਸਕੂਲੀ ਕਿਤਾਬਾਂ ਜਿਹੀ। ਡਾ. ਤਾਰਨ ਸਿੰਘ ਵੱਲੋਂ ਕੀਤੇ ਟੀਕੇ ਵਿਚ ਵੀ ਯੂਨੀਵਰਸਿਟੀ ਪੱਧਰ ਵਾਲੀ ਕੋਈ ਵਿਲੱਖਣਤਾ ਨਜ਼ਰ ਨਹੀਂ ਆਈ। ਭਾਈ ਵੀਰ ਸਿੰਘ ਵੱਲੋਂ ਰਚਿਤ ਪੁਸਤਕਾਂ ਵਿਚ ਪੁਸਤਕਾਂ ਦੇ ਨਾਮ ਦੇ ਅਨੁਰੂਪ ਹੀ 'ਚਮਤਕਾਰੀ' ਨੁਕਤੇ ਨੂੰ ਕੇਂਦਰ ਵਿਚ ਰੱਖਿਆ ਗਿਆ ਹੈ ਅਤੇ ਗੁਰੂ ਨਾਨਕ ਨੂੰ ਗੈਬੀ ਸ਼ਕਤੀਆਂ ਨਾਲ ਲੈਸ ਹਿੰਦੂ ਦੇਵਤਿਆਂ ਦੇ ਸਮਾਨੰਤਰ ਪ੍ਰਕਾਸ਼ਿਤ ਕੀਤਾ ਗਿਆ ਹੈ।

ਮੇਰੇ ਵਿਚਾਰ ਅਨੁਸਾਰ ਜੇ ਗੁਰੂ ਨਾਨਕ ਪਾਸ ਗੈਬੀ ਸ਼ਕਤੀਆਂ ਸਨ ਤਾਂ ਫਿਰ ਉਨ੍ਹਾਂ ਨੂੰ ਹਜ਼ਾਰਾਂ ਮੀਲ ਲੰਮੀਆਂ ਦੇਸ਼-ਦੇਸ਼ਾਂਤਰ ਦੀਆਂ ਯਾਤਰਾਵਾਂ ਕਰਕੇ ਸਮਾਜਕ/ਧਾਰਮਿਕ ਅਨਿਆਂ ਵਿਰੁੱਧ ਅਵਾਜ਼ ਉਠਾਉਣ ਤੇ ਫਿਰ ਉਨ੍ਹਾਂ ਦੇ ਸਟੀਕ ਜਵਾਬ ਲਈ ਸੰਵਾਦ ਰਚਾਉਣ ਦੀ ਕੀ ਲੋੜ ਸੀ? ਅਸੀਂ ਸਿੱਖ, ਸੰਸਾਰ ਵਿਚ ਮੌਜੂਦ ਸਮਾਜਕ ਨਾਬਰਾਬਰੀ ਤੇ ਧਾਰਮਿਕ ਦਲ-ਦਲ ਵਿਚੋਂ ਮਨੁੱਖਤਾ ਨੂੰ ਬਾਹਰ ਕੱਢਣ ਅਤੇ ਜੱਗ ਤਾਰਨ ਦੀ ਦ੍ਰਿਸ਼ਟੀ ਤੇ ਸਮਰੱਥਾ ਰੱਖਣ ਵਾਲੇ ਆਪਣੇ ਸਮਰੱਥ ਗੁਰੂ ਸਾਹਿਬ ਨੂੰ ਕਿਉਂ ਕਰਾਮਾਤੀ ਬਣਾਉਣ 'ਤੇ ਤੁਲੇ ਹੋਏ ਹਾਂ? ਜਦੋਂ ਕਿ ਗੁਰੂ ਸਾਹਿਬ ਨੇ ਕਰਾਮਾਤ ਦੀ ਤੁਲਨਾ ਕਹਿਰ ਨਾਲ ਕੀਤੀ ਹੈ। ਸ਼ਾਇਦ ਗੁਰੂ ਨਾਨਕ ਸਾਹਿਬ ਨੇ ਦੂਰ ਦ੍ਰਿਸ਼ਟੀ ਨਾਲ ਭਾਂਪ ਲਿਆ ਸੀ ਕਿ ਉਸ ਦੇ ਪੈਰੋਕਾਰ ਵੀ ਕਿਤੇ ਪ੍ਰਚਲਿਤ ਦੇਵੀ-ਦੇਵਤਿਆਂ ਤੋਂ ਭ੍ਰਮਿਤ ਨਾ ਹੋ ਜਾਣ ਅਤੇ ਅਜਿਹੀ ਸਥਿਤੀ ਨੂੰ ਸਪਸ਼ਟ ਕਰਨ ਲਈ ਹੀ ਸ਼ਾਇਦ ਉਨ੍ਹਾਂ ਨੇ ਆਪਣੇ ਮੁਖਾਰਬਿੰਦ ਤੋਂ ਉਚਾਰਿਆ, "ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥...ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥"

### ਭੁੱਲ ਦੀ ਸੋਧ

**ਪੰਜਾਬ ਟਾਈਮਜ਼ ਦੇ 25 ਅਪਰੈਲ ਦੇ ਅੰਕ ਵਿਚ 'ਕਾਵਿ ਜਗਤ' ਪੰਨੇ ਉਤੇ ਛਪੀ ਕਵਿਤਾ 'ਪੁਆਧੀ ਦੀ ਬੇਨਤੀ' ਦੇ ਲੇਖਕ ਚਰਨ ਪੁਆਧੀ ਹਨ। ਗਲਤੀ ਨਾਲ ਲੇਖਕ ਦਾ ਨਾਂ ਠਾਕਰ ਸਿੰਘ ਬਸਾਤੀ ਲਿਖ ਹੋ ਗਿਆ ਸੀ।**

## ਸੰਪਾਦਕ ਦੀ ਡਾਕ

ਕੀ ਅਸੀਂ ਸਿੱਖ, ਗੁਰੂ ਨਾਨਕ ਸਾਹਿਬ ਦੀ ਤੁਲਨਾ ਗੈਬੀ ਸ਼ਕਤੀਆਂ ਨਾਲ ਲੈਸ ਮਿਥਿਹਾਸਕ ਪ੍ਰਚਲਿਤ ਦੇਵੀਆਂ-ਦੇਵਤਿਆਂ ਨਾਲ ਕਰ ਕੇ ਕਿਤੇ ਆਪਣੇ ਗੁਰੂ ਅਤੇ ਉਸ ਦੀਆਂ ਪ੍ਰਾਪਤੀਆਂ ਨੂੰ ਛੋਟਾ ਤਾਂ ਨਹੀਂ ਕਰ ਰਹੇ?

*-ਅਮਰਜੀਤ ਸਿੰਘ ਮੁਲਤਾਨੀ*
*ਨਿਊ ਯਾਰਕ।*

## 'ਪ੍ਰੇਮ ਭਗਤ' ਅਤੇ 'ਪ੍ਰੇਮ ਭਗਤਿ' ਦਾ ਅਰਥ

**ਸੰਪਾਦਕ ਜੀ,**

ਪੰਜਾਬ ਟਾਈਮਜ਼ ਦੇ 11 ਅਪਰੈਲ 2020 ਦੇ ਅੰਕ ਵਿਚ ਡਾ. ਅਜੀਤ ਸਿੰਘ ਕੋਟਕਪੂਰਾ ਦਾ ਇੱਕ ਲੇਖ 'ਪ੍ਰੇਮ ਭਗਤ ਜੇਹ ਜਾਨੀ' ਛਪਿਆ ਸੀ। ਲੇਖਕ ਨੇ ਕਰਾਮਾਤੀ ਢੰਗ ਨਾਲ ਖਾਲਸੇ ਦੇ ਸਾਜਨਾ ਦਿਨ ਵਾਲੀ ਕਹਾਣੀ ਲਿਖੀ ਹੈ, ਜਦੋਂ ਕਿ ਗੁਰੂ ਪਾਤਿਸ਼ਾਹ ਕਰਾਮਾਤਾਂ ਦਿਖਾਉਣ ਦੇ ਪੱਖ ਵਿਚ ਨਹੀਂ ਸਨ। ਲੇਖਕ ਨੇ ਗੁਰਬਾਣੀ ਵਿਚੋਂ ਲਿਖੀ ਤੁਕ ਨੂੰ ਸ਼ਬਦ-ਜੋੜਾਂ ਵਲੋਂ ਬੇਧਿਆਨੀ ਨਾਲ ਲਿਖਿਆ ਹੈ। ਲੇਖਕ ਨੇ ਲਿਖਿਆ ਹੈ, "ਖਾਲਸਾ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਦੇ ਸਲੋਕਾਂ ਵਿਚ ਦਰਜ ਹੈ, ਕਹੁ ਕਬੀਰ ਜਨ ਭਈ ਖਾਲਸੇ ਪ੍ਰੇਮ ਭਗਤ ਜੇਹ ਜਾਨੀ॥" (ਪੰਨਾ 655)

ਗੁਰਬਾਣੀ ਦੀ ਸਹੀ ਤੁਕ ਇਸ ਤਰ੍ਹਾਂ ਹੈ, ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ॥ ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥੪॥੩॥

ਅਰਥ ਵਿਚਾਰ: ਇਨ੍ਹਾਂ ਤੁਕਾਂ ਵਿਚ ਭਗਤ ਕਬੀਰ ਜੀ ਵਲੋਂ ਵਰਤੇ ਸ਼ਬਦ 'ਖਾਲਸਾ' ਦਾ ਅਰਥ 'ਖੰਡੇ ਦੀ ਪਾਹੁਲ ਲੈਣ ਵਾਲੇ' ਨਹੀਂ, ਸਗੋਂ 'ਮੌਤ ਦੇ ਡਰ ਤੋਂ ਆਜ਼ਾਦ ਹੋਣ ਵਾਲੇ' ਹੈ। ਪ੍ਰੋ. ਸਾਹਿਬ ਸਿੰਘ ਇਸ ਤਰ੍ਹਾਂ ਅਰਥ ਕਰਦੇ ਹਨ, "ਸਾਰੇ ਜਗਤ ਉਤੇ ਕਾਲ ਦਾ ਸਹਿਮ ਪਿਆ ਹੋਇਆ ਹੈ, ਭਰਮੀ ਗਿਆਨੀ ਵੀ ਉਸੇ ਹੀ ਲੇਖੇ ਵਿਚ ਲਿਖੇ ਗਏ ਹਨ (ਉਹ ਭੀ ਮੌਤ ਦੇ ਸਹਿਮ ਵਿਚ ਹੀ ਹਨ)। ਹੇ ਕਬੀਰ! (ਆਖ) ਜਿਨ੍ਹਾਂ ਮਨੁੱਖਾਂ ਨੇ ਪ੍ਰੇਮਾ-ਭਗਤੀ ਕਰਨੀ ਸਮਝ ਲਈ ਹੈ, ਉਹ (ਮੌਤ ਦੇ ਸਹਿਮ ਤੋਂ) ਆਜ਼ਾਦ ਹੋ ਗਏ ਹਨ।"

ਲੇਖਕ ਨੇ 'ਭਗਤਿ' ਅਤੇ 'ਭਗਤ' ਸ਼ਬਦ ਨੂੰ ਇੱਕੋ ਜਿਹਾ ਹੀ ਸਮਝ ਕੇ ਵਰਤਿਆ ਜਾਪਦਾ ਹੈ, ਕਿਉਂਕਿ ਪਾਠੀ ਬੋਲਣ ਵਿਚ ਗਲਤੀ ਕਰਦਿਆਂ 'ਭਗਤਿ' ਸ਼ਬਦ ਨੂੰ 'ਭਗਤ' ਹੀ ਬੋਲਦੇ ਹਨ। ਬੋਲਣ ਦੀ ਇਹ ਗਲਤੀ ਲਿਖਤ ਵਿਚ ਨਹੀਂ ਹੋਣੀ ਚਾਹੀਦੀ, ਕਿਉਂਕਿ ਲਿਖਤ ਵਿਚ ਸ਼ਬਦ-ਜੋੜ ਨਹੀਂ ਬਦਲੇ ਜਾ ਸਕਦੇ।

ਪ੍ਰੋ. ਸਾਹਿਬ ਸਿੰਘ ਵਲੋਂ ਲਿਖੀ 'ਗੁਰਬਾਣੀ ਵਿਆਕਰਣ' ਪੁਸਤਕ ਵਿਚ ਕੀਤੀ ਖੋਜ ਅਨੁਸਾਰ 'ਭਗਤਿ' ਸ਼ਬਦ ਇਸਤਰੀ ਲਿੰਗ ਇੱਕਬਚਨ ਨਾਂਵ ਹੈ, ਜਦੋਂ ਕਿ ਗੁਰਬਾਣੀ ਵਿਆਕਰਣ ਅਨੁਸਾਰ 'ਭਗਤ' ਸ਼ਬਦ ਪੁਲਿੰਗ ਬਹੁਬਚਨ ਨਾਂਵ ਬਣਦਾ ਹੈ ਅਤੇ ਇਸ ਤੋਂ ਪਿੱਛੋਂ ਸਬੰਧਕ ਨਹੀਂ ਆਉਂਦਾ। ਲੇਖਕ ਵਲੋਂ ਦਿੱਤੇ ਸਿਰਲੇਖ 'ਪ੍ਰੇਮ ਭਗਤ ਜੇਹ ਜਾਨੀ' ਵਿਚ 'ਪ੍ਰੇਮ ਭਗਤ' ਦਾ ਅਰਥ ਬਣਦਾ ਹੈ, ਭਗਤਾਂ ਦਾ ਪ੍ਰੇਮ, ਜਦੋਂ ਕਿ ਸਹੀ ਤੁਕਾਂਸ਼ 'ਪ੍ਰੇਮ ਭਗਤਿ' ਦਾ ਅਰਥ ਬਣਦਾ ਹੈ, ਪ੍ਰੇਮਾ ਭਗਤੀ।

*-ਕਸ਼ਮੀਰਾ ਸਿੰਘ (ਪ੍ਰੋ.)*
*ਫੋਨ: 801-414-0171*

# ਕੁਦਰਤ ਨਾਲ ਇਕਸੁਰ ਆਰਥਕ ਵਿਕਾਸ ਹੀ ਸਹਾਈ ਹੋਵੇਗਾ

***ਕੁਦਰਤ ਨੂੰ ਦਰ-ਕਿਨਾਰ ਕਰਕੇ ਮਨੁੱਖ ਨੇ ਬਹੁਤ ਸਾਰੀਆਂ ਆਫਤਾਂ ਸਹੇੜੀਆਂ ਹਨ। ਸਿਆਣੇ ਲੋਕ ਮਨੁੱਖ ਨੂੰ ਇਸ ਬਾਰੇ ਅਕਸਰ ਚੇਤੇ ਕਰਵਾਉਂਦੇ ਰਹਿੰਦੇ ਹਨ। ਜਲੰਧਰ ਵੱਸਦੇ ਸ. ਗੁਰਬਚਨ ਸਿੰਘ ਨੇ ਅਜਿਹੇ ਸਿਆਣਿਆਂ ਦੇ ਅਨੇਕਾਂ ਹਵਾਲਿਆਂ ਨਾਲ ਆਪਣੀ ਗੱਲ ਆਪਣੇ ਇਸ ਲੇਖ ਵਿਚ ਆਖ ਸੁਣਾਈ ਹੈ। ਤੱਥ ਇਹੀ ਦੱਸਦੇ ਹਨ ਕਿ ਕੁਦਰਤ ਨਾਲ ਛੇੜਖਾਨੀ ਕਰਕੇ ਮਨੁੱਖ ਅਗਲਾ ਕਦਮ ਅਗਾਂਹ ਨਹੀਂ ਵਧਾ ਸਕਦਾ। -ਸੰਪਾਦਕ***

**ਗੁਰਬਚਨ ਸਿੰਘ**
**ਫੋਨ: 91-98156-98451**

ਬਿਨਾ ਸ਼ੱਕ ਕੁਦਰਤ ਉਤੇ ਜਿੱਤ ਪ੍ਰਾਪਤ ਕਰਨ ਦੀ ਖੁਸ਼ਫਹਿਮੀ ਵਿਚ ਮਨੁੱਖ ਨੇ ਆਪਣੀ ਕੁਦਰਤੀ ਫਿਤਰਤ ਵੀ ਗੁਆ ਲਈ ਹੈ। ਬੁੱਧੀਮਾਨ ਕਹਿੰਦੇ ਹਨ, ਮਨੁੱਖ ਨਾਸਵੰਤ ਕੁਦਰਤੀ ਜੀਵ ਹੈ। ਉਹ ਸਦੀਵੀ ਰਹਿਣ ਵਾਲੀ ਕੁਦਰਤ ਦਾ ਹੀ ਅਟੁੱਟ ਅੰਗ ਹੈ। ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ (ਗੁਰੂ ਗ੍ਰੰਥ ਸਾਹਿਬ, ਪੰਨਾ 695)। ਮਨੁੱਖ ਦੇ ਜਿਉਂਦੇ ਰਹਿਣ ਲਈ ਸਾਰੀਆਂ ਲੋੜੀਂਦੀਆਂ ਵਸਤਾਂ ਕੁਦਰਤ ਕੋਲੋਂ ਪ੍ਰਾਪਤ ਹੁੰਦੀਆਂ ਹਨ। ਜ਼ਿੰਦਗੀ ਭਰ ਆਪਣੇ ਜਿਉਂਦੇ ਰਹਿਣ ਲਈ ਮਨੁੱਖ ਇਸ ਕੁਦਰਤ ਨਾਲ ਨਿਰੰਤਰ ਲੈਣ-ਦੇਣ ਕਰਦਾ ਹੈ। ਇਨ੍ਹਾਂ ਕੁਦਰਤੀ ਭੰਡਾਰਾਂ ਦਾ ਮਾਲਕ ਕੋਈ ਇਕੱਲਾ-ਇਕਹਿਰਾ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ ਨਹੀਂ, ਸਗੋਂ ਸਮੁੱਚੀ ਮਨੁੱਖ ਜਾਤੀ ਹੈ।

ਕੁਦਰਤ ਨਾਲ ਇਕਸੁਰ ਤੇ ਸਰਬੱਤ ਨਾਲ ਜੁੜ ਕੇ ਹੱਥੀਂ ਕਿਰਤ ਕਰਨੀ, ਇਸ ਕਿਰਤ ਦੀਆਂ ਸਮੂਹਿਕ ਪ੍ਰਾਪਤੀਆਂ ਨੂੰ ਸਭ ਨਾਲ ਵੰਡ ਕੇ ਛਕਣਾ ਤੇ ਚੇਤੰਨ ਅਨੁਭਵੀ ਮਨ ਦੀ ਅਵਸਥਾ ਵਿਚ ਵਿਚਰਦਿਆਂ ਆਪਣੇ ਮਨੁੱਖੀ ਜਜ਼ਬਿਆਂ ਨੂੰ ਜ਼ਬਤ ਵਿਚ ਰੱਖ ਕੇ ਆਪਣੀਆਂ ਮਨੁੱਖੀ ਲੋੜਾਂ ਦੀ ਪੂਰਤੀ ਕਰਨੀ ਅਤੇ ਆਪਣੇ ਮਨੁੱਖੀ ਜਜ਼ਬਿਆਂ ਦਾ ਭਰਪੂਰ ਅਨੰਦ ਮਾਣਨਾ ਹੀ ਅਸਲੀ ਮਨੁੱਖ ਦੀ ਨਿਸ਼ਾਨੀ ਹੈ। ਸਰਬਸਾਂਝੀਵਾਲਤਾ ਦੀ ਭਾਵਨਾ ਤੇ ਸਰਬੱਤ ਦੇ ਭਲੇ ਦੇ ਸਦਾਚਾਰ ਦੀ ਤਾਂਘ ਮਨ ਵਿਚ ਰੱਖ ਕੇ ਅੱਗੇ ਵਧਦਾ ਪਰਉਪਕਾਰੀ ਮਨੁੱਖ ਹੀ ਅਸਲੀ ਮਨੁੱਖ ਹੈ। ਸਰਬਸਾਂਝੀਵਾਲਤਾ ਦੀ ਸਮਾਜੀ ਚੇਤਨਾ ਤੇ ਸਰਬਤ ਦੇ ਭਲੇ ਦਾ ਸਦਾਚਾਰ ਹੀ ਇਸ ਮਨੁੱਖ ਦੀ ਜ਼ਿੰਦਗੀ ਹੈ, "ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣੁ ਪਾਈਐ॥" ਪਰ ਅਜੋਕਾ ਮਨੁੱਖ ਇਹ ਸਾਰਾ ਕੁਝ ਭੁੱਲ ਚੁਕਾ ਹੈ। ਅਜਿਹਾ ਕਿਉਂ ਵਾਪਰਿਆ?

ਪ੍ਰੋ. ਪਿਆਰਾ ਸਿੰਘ ਭੋਗਲ ਨੇ ਆਪਣੀ ਇਕ ਲਿਖਤ ਵਿਚ ਲਿਖਿਆ ਹੈ, "ਆਪਣੀਆਂ ਸਭ ਖੋਜਾਂ ਤੇ ਕਾਢਾਂ ਨਾਲ ਮਨੁੱਖ ਨੂੰ ਗੁਮਾਨ ਹੋਣ ਲੱਗਾ ਕਿ ਮੈਂ ਕੁਦਰਤ ਉਤੇ ਜਿੱਤ ਪ੍ਰਾਪਤ ਕਰ ਲਈ ਹੈ, ਪਰ ਕੁਦਰਤ ਬੇਅੰਤ ਹੈ। ਬ੍ਰਹਿਮੰਡ ਬਹੁਤ ਵੱਡਾ ਹੈ। ਸ਼ਕਤੀਸ਼ਾਲੀ ਤੇ ਭੇਤ ਭਰਿਆ ਹੈ। ਨਤੀਜਾ ਇਹ ਹੈ ਕਿ ਚੀਨ ਦੇ ਸ਼ਹਿਰ ਵੂਹਾਨ ਵਿਚ ਕਰੋਨਾ ਜਾਂ ਕੋਵਿਡ-19 ਫੁਟ ਪਈ। ... ਹੁਣ ਇਹ ਬਿਮਾਰੀ ਚੀਨ ਵਿਚੋਂ ਨਿਕਲ ਕੇ ਭਾਰਤ ਸਮੇਤ ਸਾਰੇ ਸੰਸਾਰ ਵਿਚ ਫੈਲ ਗਈ ਹੈ। ਅਮਰੀਕਾ, ਇੰਗਲੈਂਡ ਤੇ ਯੂਰਪ ਸਾਰੇ ਸੰਸਾਰ 'ਚ ਸਭ ਤੋਂ ਵੱਧ ਉਨਤ ਤੇ ਸਭ ਤੋਂ ਵੱਧ ਖੁਸ਼ਹਾਲ ਹਿੱਸੇ ਮੰਨੇ ਜਾਂਦੇ ਸਨ, ਪਰ ਹੁਣ ਇਹੋ ਖਿਤੇ ਇਸ ਮਹਾਮਾਰੀ ਦੇ ਸਭ ਤੋਂ ਵੱਡੇ ਨਿਸ਼ਾਨਾ ਬਣੇ ਹਨ। ਯੂਰਪ ਦੇ ਦੋ ਦੇਸ਼ਾਂ-ਇਟਲੀ ਤੇ ਸਪੇਨ ਵਿਚ ਹਜ਼ਾਰਾਂ ਮੌਤਾਂ ਹੋਈਆਂ ਹਨ। ਇਹੋ ਹਾਲ ਅਮਰੀਕਾ ਦਾ ਹੈ।

... ਬੁੱਧੀਮਾਨ ਕਹਿੰਦੇ ਹਨ, ਮਨੁੱਖ ਆਪਣੀ ਅਕਲ ਤੇ ਉਨਤੀ ਦੇ ਹੰਕਾਰ ਵਿਚ ਜੋ ਜੀਵਨ-ਢੰਗ ਅਪਨਾ ਰਿਹਾ ਸੀ, ਉਹ ਗਲਤ ਸੀ। ਖਾਂਦਾ ਖੂਬ ਸੀ। ਐਸ਼ ਕਰਦਾ ਸੀ। ਕਦੇ-ਕਦੇ ਖੇਡਦਾ ਵੀ ਸੀ। ਥੋੜ੍ਹੀ ਬਹੁਤ ਕਸਰਤ ਵੀ ਕਰਦਾ ਸੀ, ਪਰ ਸਮੁਚੇ ਤੌਰ 'ਤੇ ਉਹ ਤਰੱਕੀ ਦੀ ਦੌੜ ਵਿਚ ਲੱਗਾ ਹੋਇਆ ਸੀ। ਧਨ ਇਕੱਠਾ ਕਰਨਾ ਮੁੱਖ ਨਿਸ਼ਾਨਾ ਬਣ ਗਿਆ ਸੀ। ਹਰ ਮਨੁੱਖ ਦੂਜੇ ਨੂੰ ਪਛਾੜਨਾ ਚਾਹੁੰਦਾ ਸੀ। ਬੁੱਧੀਮਾਨ ਕਹਿੰਦੇ ਹਨ, ਅੰਗਰੇਜ਼ੀ ਭਾਸ਼ਾ ਦੇ ਸ਼ਬਦ ਵਰਤ ਕੇ ਅੱਜ ਇਨਸਾਨ, ਇਨਸਾਨ ਨਹੀਂ ਰਿਹਾ, ਸਗੋਂ ਚੂਹਾ ਦੌੜ (ਰੈਟ ਰੇਸ) ਵਿਚ ਗਲਤਾਨ ਮਸ਼ੀਨ ਬਣ ਗਿਆ ਹੈ। ਉਸ ਨੂੰ ਤਾਂ ਸਿਰਫ ਧਨ ਚੇਤੇ ਰਹਿੰਦਾ ਹੈ ਜਾਂ ਹੋਰ ਪਦਾਰਥ। ਜਿਉਣਾ ਤੇ ਸੁਆਦ ਨਾਲ ਜਿਉਣਾ ਭੁੱਲ ਚੁਕੀ ਗੱਲ ਬਣ ਗਈ ਹੈ। ਇਸੇ ਕਰ ਕੇ ਕਰੋਨਾ ਨੇ ਭੂਚਾਲ ਵਾਂਗ ਸਾਰੀ ਧਰਤੀ ਹਿਲਾ ਦਿੱਤੀ ਹੈ। ਉਨਤ ਤੋਂ ਉਨਤ ਦੇਸ਼ ਤੇ ਅਮੀਰ ਤੋਂ ਅਮੀਰ ਵਿਅਕਤੀ ਭੈਅ-ਭੀਤ ਹਨ, ਪਰ ਕੀ ਭਟਕੀ ਹੋਈ ਇਨਸਾਨੀ ਭੀੜ ਹੁਣ ਰੁਕ ਕੇ ਸਿਆਣਪ ਵੱਲ ਮੋੜਾ ਕਟੇਗੀ? ਚੂਹਾ ਦੌੜ ਛੱਡੇਗੀ?

ਸਾਰਾ ਭਾਰਤ ਬਾਹਰੋਂ ਨਿਕਲ ਕੇ ਘਰੀਂ ਮੁੜਿਆ ਹੈ। ਪਹਿਲਾਂ ਘਰ ਸਨ, ਪਰ ਮਨੁੱਖ ਘਰ ਘੱਟ ਰਹਿੰਦਾ ਸੀ। ਸੜਕਾਂ ਉਤੇ ਅਤੇ ਪੈਸੇ ਕਮਾਉਣ ਦੀਆਂ ਥਾਂਵਾਂ ਉਤੇ ਵੱਧ ਰਹਿੰਦਾ ਸੀ। ਹੁਣ ਸ਼ਹਿਰੀ ਲੋਕ ਵੀ ਘਰ ਆ ਕੇ ਬੈਠੇ ਹਨ। ਪਰਿਵਾਰ ਇਕੱਠੇ ਹੋ ਕੇ ਬੈਠੇ ਹਨ। ਸਾਲਾਂ ਬਾਅਦ ਘਰ ਬੈਠ ਕੇ ਸਾਹ ਸੌਖੇ ਲੈਣੇ ਸ਼ੁਰੂ ਕੀਤੇ ਹਨ। ਰੈਸਟੋਰੈਂਟਾਂ ਤੇ ਹੋਟਲਾਂ ਦਾ ਖਾਣਾ ਭੁੱਲ ਕੇ ਘਰ ਵਿਚ ਬਣਦੀ ਸਾਦਾ ਦਾਲ-ਰੋਟੀ ਖਾਣੀ ਸ਼ੁਰੂ ਕੀਤੀ ਹੈ। ਹੋਰ ਤਾਂ ਹੋਰ, ਪਹਿਲਾਂ ਪੜ੍ਹੇ-ਲਿਖੇ ਲੋਕ ਵੀ ਚੰਗੀ ਤਰ੍ਹਾਂ ਹੱਥ ਧੋਣੇ ਭੁੱਲ ਗਏ ਸਨ। ਹੁਣ ਘਰ ਵਿਚ ਬੈਠਿਆਂ ਵਾਰ-ਵਾਰ ਹੱਥ ਧੋਣ ਦੀ ਆਦਤ ਪੈ ਰਹੀ ਹੈ। ਇਹ ਜੀਵਨ-ਸ਼ੈਲੀ ਬਿਮਾਰੀਆਂ ਤੋਂ ਮੁਕਤੀ ਦੇਣ ਵਾਲੀ ਹੈ, ਪਰ ਅਜੇ ਮੋੜਾ ਮਾਮੂਲੀ ਹੈ। ਕੁਦਰਤ ਤਾਂ ਅਜੇ ਵੀ ਭੁੱਲੀ ਹੋਈ ਹੈ। ਚੜ੍ਹਦੇ ਤੇ ਛਿਪਦੇ ਸੂਰਜ ਦੀ ਝਾਕੀ ਵੱਲ ਅਜੇ ਵੀ ਧਿਆਨ ਨਹੀਂ। ਬਾਹਰ ਮੰਦ-ਮੰਦ ਵਗ ਰਹੀ ਹਵਾ ਵੱਲ ਵੀ ਧਿਆਨ ਨਹੀਂ। ਕੁਦਰਤ ਦੇ ਵਿਸ਼ਾਲ ਪਸਾਰੇ ਵੱਲ ਦੇਖੋ। ਨਦੀਆਂ ਕਲ-ਕਲ ਕਰ ਕੇ ਵਗਦੀਆਂ ਹਨ। ਹਵਾ ਮੰਦ-ਮੰਦ ਵਗਦੀ ਹੈ। ਹਵਾ ਵਗਦਿਆਂ ਬ੍ਰਿਛਾਂ ਦੇ ਪੱਤੇ ਇਉਂ ਇਕ-ਦੂਜੇ ਨਾਲ ਖਹਿੰਦੇ ਹਨ, ਜਿਵੇਂ ਗਿੱਧਾ ਪਾ ਰਹੇ ਹੋਣ। ਸੂਰਜ ਸਵੇਰ ਨੂੰ ਚੜ੍ਹਦਾ ਤੇ ਤ੍ਰਿਕਾਲਾਂ ਨੂੰ ਛਿਪਦਾ ਹੈ। ਸੂਰਜ ਨੂੰ ਕੋਈ ਕਾਹਲ ਨਹੀਂ। ਸ਼ਾਨ ਨਾਲ ਦਿਸਹੱਦੇ ਉਤੇ ਝਾਤੀ ਮਾਰਦਾ ਹੈ। ਹੌਲੀ-ਹੌਲੀ ਉਪਰ ਵਲ ਨੂੰ ਆਉਂਦਾ ਹੈ, ਪਰ ਅਕਲਾਂ ਵਾਲਾ ਇਨਸਾਨ ਇਨ੍ਹਾਂ ਬਹੁਤ ਮਨਮੋਹਣੀਆਂ ਤੇ ਰਹੱਸ ਭਰੀਆਂ ਝਾਕੀਆਂ ਵੱਲ ਵੇਖਣਾ ਹੀ ਭੁਲ ਚੁਕਾ ਹੈ।"

ਡਾ. ਸਵਰਾਜ ਸਿੰਘ ਦੀ ਹੁਣੇ ਛਪੀ ਇਕ ਲਿਖਤ ਅਨੁਸਾਰ, ਮਨੁੱਖੀ ਹੋਂਦ ਦੇ ਪੰਜ ਵਖ-ਵਖ ਪੱਧਰ ਹਨ। ਸਭ ਤੋਂ ਮੁਢਲੇ ਪੱਧਰ 'ਤੇ ਮਨੁੱਖ ਦੀ ਨਿਜੀ ਹੋਂਦ ਹੈ। ਇਸ ਤੋਂ ਉਪਰਲਾ ਪੱਧਰ ਪਰਿਵਾਰਕ ਹੋਂਦ ਹੈ। ਇਸ ਤੋਂ ਉਪਰਲਾ ਪੱਧਰ ਸਮਾਜੀ ਹੋਂਦ ਹੈ ਅਤੇ ਇਸ ਤੋਂ ਉਪਰਲਾ ਪੱਧਰ ਸਭਿਆਚਾਰਕ ਹੋਂਦ ਹੈ। ਸਭ ਤੋਂ ਉਪਰਲਾ ਪੱਧਰ ਮਨੁੱਖ ਦੀ ਆਤਮਿਕ ਹੋਂਦ ਹੈ।

ਮਨੁੱਖ ਦੀ ਨਿਜੀ ਹੋਂਦ ਸਭ ਤੋਂ ਮੁਢਲੇ ਪੱਧਰ ਦੀ ਹੈ, ਜਿਸ ਦਾ ਮੁਖ ਮੰਤਵ ਆਪਣੀ ਜੈਵਿਕ ਹੋਂਦ ਨੂੰ ਕਾਇਮ ਰੱਖਣਾ ਹੈ। ਖਾਣ-ਪੀਣ-ਹੱਗਣ ਤੇ ਲਿੰਗ-ਤ੍ਰਿਪਤੀ ਤਕ ਸੀਮਤ ਇਹ ਹੋਂਦ ਸਾਡੀਆਂ ਮੂਲ ਬਿਰਤੀਆਂ 'ਤੇ ਨਿਰਭਰ ਕਰਦੀ ਹੈ। ਇਸ ਪੱਧਰ 'ਤੇ ਮਨੁੱਖ ਦੀ ਪਹਿਲ ਸਿਰਫ ਆਪੇ ਦੀ ਸੰਭਾਲ ਹੁੰਦੀ ਹੈ। ਮਨੁੱਖ ਦੀ ਸੋਚ ਮੁਖ ਤੌਰ 'ਤੇ ਨਿਜ ਦੁਆਲੇ ਕੇਂਦ੍ਰਿਤ ਰਹਿੰਦੀ ਹੈ। ਇਸ ਤੋਂ ਉਪਰਲਾ ਪੱਧਰ ਪਰਿਵਾਰਕ ਹੋਂਦ ਹੈ, ਜਿਸ ਵਿਚ ਮਨੁੱਖ ਆਪਣੇ ਜੈਵਿਕ ਰਿਸ਼ਤਿਆਂ ਨਾਲ ਸਾਂਝ ਦਾ ਅਹਿਸਾਸ ਕਰਦਾ ਹੈ। ਇਹ ਪੱਧਰ ਵੀ ਮਨੁੱਖ ਦੀ ਜੈਵਿਕ ਹੋਂਦ ਦਾ ਹੀ ਪਸਾਰ ਹੈ। ਇਸ ਪੱਧਰ 'ਤੇ ਮਨੁੱਖ ਆਪਣੇ ਪਰਿਵਾਰ ਨਾਲ ਆਪਣੇ ਹਿਤਾਂ ਦੀ ਸਾਂਝ ਵੇਖਦਾ ਹੈ। ਇਹ ਦੋਨੋਂ ਪੱਧਰ ਜੈਵਿਕ ਹਨ। ਇਸ ਵਾਸਤੇ ਕਿਸੇ ਵਿਸ਼ੇਸ਼ ਨੇਮ ਭਾਵ ਜ਼ਾਬਤਾ ਵਿਕਸਿਤ ਕਰਨ ਦੀ ਲੋੜ ਨਹੀਂ ਪੈਂਦੀ। ਇਨ੍ਹਾਂ ਪੱਧਰਾਂ 'ਤੇ ਮੁਖ ਰੂਪ ਵਿਚ ਕੁਦਰਤੀ ਬਿਰਤੀਆਂ ਹੀ ਪ੍ਰਭਾਵਿਤ ਕਰਦੀਆਂ ਹਨ।

ਮਨੁੱਖ ਦੀ ਸਮਾਜੀ ਹੋਂਦ ਉਸ ਦੀ ਜੈਵਿਕ ਹੋਂਦ ਤੋਂ ਉਪਰ ਹੈ। ਮਨੁੱਖ ਕਿਸੇ ਨਾ ਕਿਸੇ ਸਮਾਜੀ ਇਕਾਈ ਦਾ ਅੰਗ ਬਣ ਕੇ ਜਿਉਂਦਾ ਹੈ। ਕਿਸੇ ਵੀ ਸਮਾਜ ਦਾ ਅੰਗ ਬਣਨ ਲਈ ਮਨੁੱਖ ਨੂੰ ਉਸ ਦੇ ਨੇਮਾਂ ਤੇ ਜ਼ਾਬਤੇ ਦੇ ਘੇਰੇ ਵਿਚ ਰਹਿਣਾ ਪੈਂਦਾ ਹੈ। ਇਹ ਬਾਹਰੀ ਜ਼ਾਬਤਾ ਹੁੰਦਾ ਹੈ, ਭਾਵ ਇਸ ਦਾ ਫੈਸਲਾ ਬਾਹਰੋਂ ਸਮਾਜ ਕਰਦਾ ਹੈ। ਇਸ ਤੋਂ ਉਪਰਲਾ ਪੱਧਰ ਸਭਿਆਚਾਰਕ ਹੋਂਦ ਦਾ ਹੈ। ਸਭਿਆਚਾਰ ਦਾ ਸਬੰਧ ਸਾਡੇ ਜੀਵਨ ਢੰਗ ਤੇ ਸਾਡੀਆਂ ਕਦਰਾਂ ਕੀਮਤਾਂ ਨਾਲ ਹੁੰਦਾ ਹੈ। ਬੋਲੀ ਸਭਿਆਚਾਰ ਦਾ ਮੂਲ ਆਧਾਰ ਹੈ। ਬੋਲੀ ਦੇ ਆਧਾਰ 'ਤੇ ਹੀ ਸਮੂਹਿਕ ਸਭਿਆਚਾਰ ਵਿਕਸਿਤ ਹੁੰਦਾ ਹੈ ਅਤੇ ਮਨੁੱਖ ਆਪਣੀ ਸਭਿਆਚਾਰਕ ਪਛਾਣ ਬਣਾਉਂਦਾ ਹੈ। ਸਮਾਜੀ ਹੋਂਦ ਦਾ ਮੁੱਖ ਖੇਤਰ ਬਾਹਰਲਾ ਹੈ, ਅਰਥਾਤ ਸਮਾਜ ਨਾਲ ਅੰਤਰਕ੍ਰਿਆ ਹੈ, ਪਰ ਸਭਿਆਚਾਰ ਮੁਖ ਤੌਰ 'ਤੇ ਮਨੁੱਖ ਦੀਆਂ ਅੰਦਰੂਨੀ ਭਾਵਨਾਵਾਂ ਨਾਲ ਜੁੜਿਆ ਹੁੰਦਾ ਹੈ। ਇਸ ਲਈ ਕਿਸੇ ਸਭਿਆਚਾਰ ਦਾ ਅੰਗ ਬਣਨ ਲਈ ਮਨੁੱਖ ਨੂੰ ਬਾਹਰੀ ਨੇਮਾਂ ਜਾਂ ਬਾਹਰੀ ਜ਼ਾਬਤੇ ਦੀ ਲੋੜ ਨਹੀਂ ਹੁੰਦੀ, ਸਗੋਂ ਅੰਦਰੂਨੀ ਸਵੈ-ਜ਼ਾਬਤੇ ਦੀ ਲੋੜ ਹੁੰਦੀ ਹੈ।



ਕਿਸੇ ਸਭਿਆਚਾਰ ਨਾਲ ਆਪਣਾ ਸਬੰਧ ਬਣਾਈ ਰੱਖਣ ਲਈ ਮਨੁੱਖ ਨੂੰ ਉਸ ਸਭਿਆਚਾਰ ਦੀਆਂ ਸਦਾਚਾਰੀ ਕੀਮਤਾਂ ਨਾਲ ਜਜ਼ਬਾਤੀ ਸਾਂਝ ਬਣਾਈ ਰੱਖਣੀ ਪੈਂਦੀ ਹੈ। ਇਹ ਸਾਂਝ ਕਿਸੇ ਬਾਹਰਲੇ ਜ਼ਬਤ ਨਾਲ ਨਹੀਂ, ਸਗੋਂ ਅੰਦਰੂਨੀ ਜ਼ਬਤ ਨਾਲ ਬਣਦੀ ਹੈ। ਬਾਹਰਲੇ ਜ਼ਬਤ ਨਾਲੋਂ ਅੰਦਰੂਨੀ ਸਵੈ-ਜ਼ਾਬਤਾ ਉਪਰਲੇ ਪੱਧਰ ਦਾ ਹੁੰਦਾ ਹੈ। ਇਸ ਲਈ ਮਨੁੱਖ ਦੀ ਸਭਿਆਚਾਰਕ ਹੋਂਦ ਸਮਾਜੀ ਹੋਂਦ ਨਾਲੋਂ ਉਪਰਲੇ ਪੱਧਰ ਦੀ ਹੁੰਦੀ ਹੈ। ਭਾਵੇਂ ਹੋਂਦ ਦੇ ਇਹ ਚਾਰੇ ਪੱਧਰ ਸਰੀਰਕ ਹੋਂਦ ਨਾਲ ਜੁੜੇ ਹੋਏ ਹਨ, ਪਰ ਸਭਿਆਚਾਰਕ ਹੋਂਦ ਵਿਚ ਸਾਡੀਆਂ ਭਾਵਨਾਵਾਂ, ਕਦਰਾਂ ਕੀਮਤਾਂ, ਸਦਾਚਾਰ ਤੇ ਨੈਤਿਕਤਾ ਸ਼ਾਮਲ ਹੋਣ ਕਰਕੇ ਇਹ ਇਨ੍ਹਾਂ ਚਾਰਾਂ ਪੱਧਰਾਂ ਵਿਚੋਂ ਮਨੁੱਖ ਦਾ ਸਭ ਤੋਂ ਵਿਕਸਿਤ ਭਾਵ ਉਪਰਲਾ ਪੱਧਰ ਹੈ।

ਇਨ੍ਹਾਂ ਚਾਰਾਂ ਪੱਧਰਾਂ ਤੋਂ ਉਪਰ ਮਨੁੱਖ ਦੀ ਆਤਮਿਕ ਹੋਂਦ ਹੈ। ਇਸ ਪੱਧਰ 'ਤੇ ਮਨੁੱਖ ਆਪਣੀ ਸਰੀਰਕ ਹੋਂਦ ਨੂੰ ਪਾਰ ਕਰ ਜਾਂਦਾ ਹੈ। ਇਹ ਹੋਂਦ ਉਸ ਦੀ ਚੇਤਨਾ (ਆਤਮਾ) ਨਾਲ ਜੁੜੀ ਹੁੰਦੀ ਹੈ। ਮਨੁੱਖੀ ਚੇਤਨਾ (ਆਤਮਾ) ਕਿਸੇ ਵੀ ਘੇਰੇ ਵਿਚ ਸੀਮਤ ਨਹੀਂ ਹੁੰਦੀ, ਸਗੋਂ ਅਸੀਮ ਹੁੰਦੀ ਹੈ। ਇਸ ਪੱਧਰ ਦੀ ਹੋਂਦ ਨੂੰ ਬ੍ਰਹਿਮੰਡੀ, ਯੂਨੀਵਰਸਲ ਜਾਂ ਕੌਸਮਿਕ ਹੋਂਦ ਵੀ ਕਿਹਾ ਜਾ ਸਕਦਾ ਹੈ। ਬਾਕੀ ਚਾਰੇ ਪੱਧਰਾਂ ਵਿਚ ਵਖਰੇਵੇਂ ਹੁੰਦੇ ਹਨ। ਮਨੁੱਖ ਕਿਸੇ ਸਮਾਜ ਜਾਂ ਸਭਿਆਚਾਰ ਦਾ ਅੰਗ ਹੋ ਸਕਦਾ ਹੈ। ਇਹ ਵਖਰੇਵੇਂ ਜਾਂ ਵਿਰੋਧ ਕੁਦਰਤੀ ਤੌਰ 'ਤੇ ਵਿਕਸਿਤ ਹੋਏ ਹੁੰਦੇ ਹਨ। ਇਸ ਲਈ ਇਨ੍ਹਾਂ ਨੂੰ ਕੁਦਰਤੀ ਵਿਰੋਧ ਜਾਂ ਲੋਕਾਂ ਵਿਚਲੇ ਵਿਰੋਧ ਜਾਂ ਦੋਸਤਾਨਾ ਵਿਰੋਧ ਕਿਹਾ ਜਾ ਸਕਦਾ ਹੈ। ਲੋਕ-ਦੋਖੀ ਰਾਜਨੀਤੀ ਲੋਕਾਂ ਵਿਚਲੇ ਭਾਵ ਦੋਸਤਾਨਾ ਵਿਰੋਧਾਂ ਨੂੰ ਦੁਸ਼ਮਣੀ ਵਾਲੇ ਵਿਰੋਧ ਵਿਚ ਬਦਲਣ ਦੇ ਯਤਨ ਕਰਦੀ ਹੈ, ਪਰ ਆਤਮਿਕ (ਚੇਤਨਾ ਦੇ) ਪੱਧਰ 'ਤੇ ਕੋਈ ਵਖਰੇਵਾਂ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ ਅਵਸਥਾ ਵਿਚ ਕੋਈ ਵਿਰੋਧ ਨਹੀਂ ਹੁੰਦੀ। ਇਸ ਅਵਸਥਾ ਵਿਚ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ', 'ਜੋ ਹਮ ਸਹਿਰੀ ਸੋ ਮੀਤ ਹਮਾਰਾ' ਦਾ ਜਜ਼ਬਾ ਪੈਦਾ ਹੁੰਦਾ ਹੈ।

ਗੁਰਮਤਿ ਵਿਚ ਇਸ ਨੂੰ ਸਹਿਜ ਅਵਸਥਾ ਕਿਹਾ ਗਿਆ ਹੈ। ਜਿਥੇ ਕੋਈ ਵਖਰੇਵਾਂ, ਵਿਰੋਧ ਜਾਂ ਟਕਰਾਅ ਨਹੀਂ ਹੈ। ਸਹਿਜ ਵਿਚੋਂ ਅਨੰਦ ਉਪਜਦਾ ਹੈ। ਜਿਥੇ ਸੁੱਖ ਦਾ ਵਿਰੋਧੀ ਦੁੱਖ ਹੈ, ਉਥੇ ਅਨੰਦ ਦਾ ਕੋਈ ਵਿਰੋਧੀ ਨਹੀਂ ਹੈ। ਇਥੇ ਮਨੁੱਖ ਦੀ ਹੋਂਦ ਕੁਦਰਤ ਨਾਲ ਪੂਰਨ ਤੌਰ 'ਤੇ ਇਕਸੁਰਤਾ ਵਾਲੀ ਹੁੰਦੀ ਹੈ। ਮਨੁੱਖ ਆਪਣੀ ਹੋਂਦ ਨੂੰ ਕੁਦਰਤ ਨਾਲੋਂ ਨਿਖੇੜ ਕੇ ਨਹੀਂ, ਸਗੋਂ ਕੁਦਰਤ ਦੇ ਅੰਗ ਵਜੋਂ ਵੇਖਦਾ ਹੈ। ਉਸ ਨੂੰ ਸਮਝ ਆਉਂਦੀ ਹੈ ਕਿ ਉਹ ਸਮੁੱਚੀ ਕੁਦਰਤ ਜਾਂ ਸਰਬਤ ਦਾ ਹੀ ਇਕ ਅੰਗ ਹੈ ਅਤੇ ਸਰਬਤ ਦੇ ਭਲੇ ਦੇ ਨਾਲ ਹੀ ਉਸ ਦਾ ਭਲਾ ਵੀ ਜੁੜਿਆ ਹੋਇਆ ਹੈ। ਇਸ ਨੂੰ ਮਨੁੱਖੀ ਵਿਕਾਸ ਦਾ ਸਭ ਤੋਂ ਉਪਰਲਾ ਪੱਧਰ ਕਿਹਾ ਜਾ ਸਕਦਾ ਹੈ।

ਪੂਰਨ ਤੌਰ 'ਤੇ ਜਾਗ੍ਰਿਤ ਮਨੁੱਖ ਨੂੰ ਗੁਰੂ ਨਾਨਕ ਸਾਹਿਬ 'ਗੁਰਮੁਖ' ਅਤੇ ਗੁਰੂ ਗੋਬਿੰਦ ਸਿੰਘ ਜੀ 'ਖਾਲਸਾ' ਕਹਿੰਦੇ ਹਨ। ਮਾਰਕਸ ਨੇ ਇਸੇ ਪੱਧਰ ਦੇ ਮਨੁੱਖ ਨੂੰ ਕਮਿਊਨਿਸਟ ਕਿਹਾ ਹੈ। ਇਸ ਪੱਧਰ 'ਤੇ ਪਹੁੰਚਣ ਲਈ ਆਤਮਿਕ ਇਨਕਲਾਬ ਦੀ ਲੋੜ ਹੈ। ਖਾਲਸੇ ਦੇ ਰੂਪ ਵਿਚ ਨਵੇਂ ਮਨੁੱਖ ਦੀ ਸਿਰਜਣਾ ਵਾਸਤੇ ਆਤਮਿਕ ਇਨਕਲਾਬ ਦਾ ਜ਼ਿਕਰ ਕੀਤਾ ਗਿਆ ਹੈ। ਮਾਰਕਸ ਨੇ ਵੀ ਆਪਣੀ ਫਿਲਾਸਫੀ ਵਿਚ ਆਤਮਿਕ ਇਨਕਲਾਬ ਦਾ ਜ਼ਿਕਰ ਕੀਤਾ ਹੈ, ਪਰ ਇਹ ਸੰਕਲਪ ਮਾਰਕਸਵਾਦੀਆਂ ਵਲੋਂ ਅਮਲ ਵਿਚ ਨਹੀਂ ਲਿਆਂਦਾ ਜਾ ਸਕਿਆ। ਮਾਰਕਸ ਦਾ ਕਮਿਊਨਿਸਟ ਮਨੁੱਖ ਵੀ ਅਸਲ 'ਚ ਪੂਰਨ ਰੂਪ ਵਿਚ ਜਾਗ੍ਰਿਤ ਹੋਣ 'ਤੇ ਹੀ ਆਧਾਰਿਤ ਹੈ। ਮਾਰਕਸ ਦਾ ਕਥਨ ਹੈ, "ਨਿਜੀ ਜਾਇਦਾਦ ਤੇ ਪੈਸੇ ਦੇ ਗਲਬੇ ਅਧੀਨ ਕੁਦਰਤ ਬਾਰੇ ਬਣਿਆ ਦ੍ਰਿਸ਼ਟੀਕੋਣ ਅਸਲ ਵਿਚ ਕੁਦਰਤ ਪ੍ਰਤੀ ਨਫਰਤ ਅਤੇ ਅਮਲ ਵਿਚ ਕੁਦਰਤ ਪ੍ਰਤੀ ਜਹਾਲਤ ਪੈਦਾ ਕਰਦਾ ਹੈ।"

ਏਂਗਲਜ਼ ਨੇ ਲਿਖਿਆ ਹੈ, "ਪਹਿਲੀ ਵਾਰ ਹੁਣ ਹੀ ਅਸਲੀ ਮਨੁੱਖੀ ਆਜ਼ਾਦੀ ਦੀ ਗੱਲ ਕੀਤੀ ਜਾ ਸਕਦੀ ਹੈ। ਕੁਦਰਤ ਦੇ ਜਾਣੇ ਹੋਏ ਨੇਮਾਂ ਨਾਲ ਇਕਸੁਰ ਹੋ ਕੇ ਜ਼ਿੰਦਗੀ ਜਿਉਣਾ ਹੀ ਅਸਲੀ ਮਨੁੱਖੀ ਆਜ਼ਾਦੀ ਹੈ।"

ਉਹ ਮਨੁੱਖ, ਜੋ ਕੁਦਰਤ ਨਾਲ ਪੂਰੀ ਤਰ੍ਹਾਂ ਇਕਸੁਰਤਾ ਨਾਲ ਜੀਵਨ ਜੀਅ ਰਹੇ ਹਨ, ਉਹ ਸਾਰੇ ਆਪਣੀ ਸਮਰਥਾ ਅਨੁਸਾਰ ਕੰਮ ਕਰਦੇ ਹਨ ਅਤੇ ਆਪਣੀਆਂ ਲੋੜਾਂ ਅਨੁਸਾਰ ਉਜਰਤ ਲੈਂਦੇ ਹਨ। ਇਸ ਨੂੰ ਅੰਗਰੇਜ਼ੀ ਵਿਚ ਮਾਰਕਸ ਨੇ 'ਫਰੋਮ ਈਚ ਅਕਾਰਡਿੰਗ ਟੂ ਹਿਜ਼ ਏਬਲਿਟੀ ਐਂਡ ਈਚ ਅਕਾਰਡਿੰਗ ਟੂ ਹਿਜ਼ ਨੀਡਜ਼' ਕਿਹਾ ਹੈ। ਪੂਰਨ ਤੌਰ 'ਤੇ ਜਾਗ੍ਰਿਤ ਮਨੁੱਖ ਹੀ ਆਪਣੀਆਂ ਤਰਕ ਸੰਗਤ ਲੋੜਾਂ ਦੀ ਪਛਾਣ ਕਰ ਸਕਦਾ ਹੈ।

ਰੂਸ ਦਾ ਇਨਕਲਾਬ ਸਿਆਸੀ ਇਨਕਲਾਬ ਸੀ, ਜਿਸ ਨੇ ਅਜੇ ਹੋਰ ਉਚੇ ਪੱਧਰ ਵੱਲ ਵਧਣਾ ਸੀ, ਪਰ ਸਾਮਰਾਜੀ ਦੇਸ਼ਾਂ ਨੇ ਰੂਸੀ ਇਨਕਲਾਬ ਨੂੰ ਖਤਮ ਕਰਨ ਲਈ ਪੂਰੀ ਤਰ੍ਹਾਂ ਰੂਸ ਨੂੰ ਘੇਰ ਲਿਆ। ਅਜਿਹੇ ਹਾਲਾਤ ਵਿਚ ਰੂਸੀ ਇਨਕਲਾਬ ਦੀਆਂ ਪ੍ਰਾਪਤੀਆਂ ਬਚਾਉਣ ਲਈ ਲੈਨਿਨ ਨੂੰ ਵਕਤੀ ਤੌਰ 'ਤੇ ਪਿਛੇ ਹਟਣਾ ਪਿਆ ਅਤੇ ਉਸ ਨੂੰ ਆਰਥਕਤਾ ਉਤੇ ਜ਼ੋਰ ਦੇਣਾ ਪਿਆ; ਪਰ ਸਟਾਲਿਨ ਨੇ ਲੈਨਿਨ ਦੀ ਵਕਤੀ ਨੀਤੀ ਨੂੰ ਇਕ ਤਰ੍ਹਾਂ ਨਾਲ ਸਥਾਈ ਨੀਤੀ ਬਣਾਉਣ ਦਾ ਯਤਨ ਕੀਤਾ, ਭਾਵੇਂ ਇਸ ਪਿਛੇ ਵੀ ਕਈ ਮਜਬੂਰੀਆਂ ਤੇ ਹਾਲਾਤ ਹੋ ਸਕਦੇ ਹਨ, ਜਿਵੇਂ ਸਾਮਰਾਜੀ ਦੇਸ਼ਾਂ ਦੇ ਰੂਸੀ ਇਨਕਲਾਬ ਨੂੰ ਪੁੱਠਾ ਗੇੜਾ ਦੇਣ ਦੇ ਯਤਨ ਤੇ ਸਟਾਲਿਨ ਦਾ ਗੈਰ ਰੂਸੀ (ਜਾਰਜੀਅਨ) ਹੋਣਾ; ਭਾਵ ਲੈਨਿਨ ਵਾਂਗ ਰੂਸੀ ਮਾਨਸਿਕਤਾ ਨੂੰ ਸਮਝਣ ਦੇ ਸਮਰਥ ਨਾ ਹੋਣਾ ਵੀ ਹੋ ਸਕਦਾ ਹੈ।

ਅੰਤ ਵਿਚ ਸਾਮਰਾਜੀ ਦੇਸ਼ ਰੂਸ ਵਿਚਲੇ ਇਨਕਲਾਬ ਨੂੰ ਪੁੱਠਾ ਗੇੜਾ ਦੇਣ ਵਿਚ ਸਫਲ ਹੋ ਗਏ। ਚੀਨ ਵਿਚ ਮਾਓ ਜ਼ੇ ਤੁੰਗ ਨੇ ਰੂਸ ਦੇ ਤਜਰਬੇ ਤੋਂ ਸਬਕ ਸਿੱਖ ਕੇ ਚੀਨ ਵਿਚ ਸਿਆਸੀ ਤੋਂ ਸਭਿਆਚਾਰਕ ਇਨਕਲਾਬ ਵਲ ਵਧਣ ਦਾ ਯਤਨ ਕੀਤਾ, ਪਰ ਪੱਛਮੀ ਸਰਮਾਏਦਾਰੀ ਨੇ ਚੀਨ ਵਿਚਲੇ ਇਨਕਲਾਬ ਨੂੰ ਵੀ ਅੱਗੇ ਲੈ ਕੇ ਜਾਣ ਵਿਚ ਰੁਕਾਵਟਾਂ ਖੜ੍ਹੀਆਂ ਕਰ ਦਿੱਤੀਆਂ। ਜਿਵੇਂ ਰੂਸ ਵਿਚ ਇਨਕਲਾਬ ਨੂੰ ਪੁੱਠਾ ਗੇੜਾ ਦਿੱਤਾ ਗਿਆ, ਉਸੇ ਤਰ੍ਹਾਂ ਸਾਮਰਾਜੀ ਦੇਸ਼ ਚੀਨ ਨੂੰ ਘੇਰ ਕੇ ਉਸ ਦੇ ਇਨਕਲਾਬ ਨੂੰ ਵੀ ਪੁੱਠਾ ਗੇੜਾ ਦੇਣ ਵਾਸਤੇ ਨਿਰੰਤਰ ਯਤਨਸ਼ੀਲ ਹਨ।

ਪੱਛਮੀ ਸਰਮਾਏਦਾਰੀ ਨੇ ਨਾ ਸਿਰਫ ਰੂਸ, ਚੀਨ ਤੇ ਹੋਰਨਾਂ ਦੇਸ਼ਾਂ ਵਿਚਲੇ ਸਿਆਸੀ ਇਨਕਲਾਬਾਂ ਨੂੰ ਪੁੱਠਾ ਗੇੜਾ ਦੇਣ ਦਾ ਯਤਨ ਕੀਤਾ ਹੈ, ਸਗੋਂ ਆਪਣੇ ਦੇਸ਼ਾਂ ਵਿਚ ਵੀ ਮਨੁੱਖੀ ਹੋਂਦ ਨੂੰ ਉਪਰਲੇ ਪੱਧਰ ਤਕ ਲੈ ਕੇ ਜਾਣ ਦੀ ਥਾਂ ਥੱਲੇ ਸੁੱਟਿਆ ਹੈ। ਮਨੁੱਖ ਦੀ ਹੋਂਦ ਵਿਚੋਂ ਆਤਮਿਕ (ਚੇਤਨਾ) ਤੱਤ ਨੂੰ ਪੂਰੀ ਤਰ੍ਹਾਂ ਖਤਮ ਕਰਕੇ ਉਸ ਨੂੰ ਸਿਰਫ ਪਦਾਰਥ (ਆਰਥਕਤਾ) ਤਕ ਸੀਮਤ ਕਰ ਦਿੱਤਾ ਹੈ। ਪੱਛਮੀ ਸਰਮਾਏਦਾਰੀ ਦੇ ਖਪਤਕਾਰੀ ਸਭਿਆਚਾਰ ਨੇ ਦੂਜੇ ਸਭ ਸਭਿਆਚਾਰਾਂ ਨੂੰ ਨਿਗਲਣਾ ਸ਼ੁਰੂ ਕੀਤਾ ਹੋਇਆ ਹੈ। ਪੱਛਮੀ ਸਰਮਾਏਦਾਰ ਦੇਸ਼ਾਂ ਵਿਚ ਮਨੁੱਖ ਦੀ ਸਭਿਆਚਾਰਕ ਹੋਂਦ ਪੂਰੀ ਤਰ੍ਹਾਂ ਖਤਮ ਹੋ ਚੁਕੀ ਹੈ। ਮਨੁੱਖ ਦੀ ਹੋਂਦ ਨੂੰ ਸਿਰਫ ਖਪਤਕਾਰੀ ਹੋਂਦ ਤਕ ਸੀਮਤ ਕਰ ਦਿੱਤਾ ਗਿਆ ਹੈ। ਸਾਮਰਾਜੀ ਖਪਤਕਾਰੀ ਸਭਿਆਚਾਰ ਨੇ ਦੂਜੇ ਦੇਸ਼ਾਂ 'ਤੇ ਵੀ ਹਮਲਾ ਕਰਕੇ ਉਨ੍ਹਾਂ ਦੀ ਵਿਲੱਖਣ ਸਭਿਆਚਾਰਕ ਹੋਂਦ ਨੂੰ ਖਤਮ ਕਰਨ ਦਾ ਯਤਨ ਸ਼ੁਰੂ ਕੀਤਾ ਹੋਇਆ ਹੈ।

ਪੱਛਮੀ ਸਰਮਾਏਦਾਰੀ ਨੇ ਉਦਾਰਵਾਦ ਦੇ ਰੂਪ ਵਿਚ ਅਤਿ ਦਰਜੇ ਦੇ ਨਿਜਵਾਦ ਨੂੰ ਉਕਸਾ ਕੇ ਮਨੁੱਖ ਨੂੰ ਅਮਲੀ ਤੌਰ 'ਤੇ ਸਮਾਜ ਅਤੇ ਪਰਿਵਾਰ ਨਾਲੋਂ ਤੋੜ ਦਿੱਤਾ ਹੈ। ਦੂਜੇ ਸ਼ਬਦਾਂ ਵਿਚ ਮਨੁੱਖ ਦੀ ਹੋਂਦ ਨੂੰ ਸਭ ਤੋਂ ਮੁਢਲੇ ਪੱਧਰ ਅਰਥਾਤ ਨਿਜੀ ਹੋਂਦ ਤਕ ਸੀਮਤ ਕਰ ਦਿੱਤਾ ਹੈ। ਇਹ ਮਨੁੱਖੀ ਵਿਕਾਸ ਨੂੰ ਦਿੱਤਾ ਗਿਆ ਪੁੱਠਾ ਗੇੜਾ ਹੈ। ਇਸੇ ਕਰਕੇ ਅਜੋਕਾ ਮਨੁੱਖ ਘੋਰ ਇਕਲਾਪੇ ਦਾ ਸ਼ਿਕਾਰ ਹੈ। ਇਕਲਾਪੇ ਤੇ ਨਿਜਵਾਦ ਦਾ ਸ਼ਿਕਾਰ ਮਨੁੱਖ ਭਲਾ ਕਰੋਨਾ ਵਾਇਰਸ ਜਿਹੀ ਭਿਆਨਕ ਤੇ ਰਹੱਸਮਈ ਬਿਮਾਰੀ ਨਾਲ ਲੜਨ ਦਾ ਹੌਸਲਾ ਕਿਵੇਂ ਕਰ ਸਕਦਾ ਹੈ? ਇਸੇ ਕਰਕੇ ਸੰਸਾਰ ਭਰ ਦਾ ਮਨੁੱਖ ਇਸ ਬਿਮਾਰੀ ਤੋਂ ਲੋੜੋਂ ਵੱਧ ਡਰਿਆ ਹੋਇਆ ਹੈ।

## ਪਾਠਕਾਂ ਦੀ ਗੱਲ

# ਸਬਕ ਕਰੋਨਾ ਤੋਂ

ਕਰੋਨਾ ਮਹਾਮਾਰੀ ਤੋਂ ਦੁਨੀਆਂ ਜਿਸ ਤਰ੍ਹਾਂ ਪ੍ਰਭਾਵਿਤ ਹੋਈ ਹੈ, ਇਸ ਬਾਰੇ ਕਿਸੇ ਨੇ ਸੋਚਿਆ ਹੀ ਨਹੀਂ ਹੋਣਾ, ਪਰ ਜੇ ਇਸ ਤੋਂ ਕੁਝ ਸਬਕ ਲਏ ਜਾਣ ਤਾਂ ਲਾਹੇਵੰਦ ਹੋਣਗੇ। ਇਸ ਦੌਰਾਨ ਵਾਤਾਵਰਣ ਬਹੁਤ ਹੱਦ ਤੱਕ ਪ੍ਰਦੂਸ਼ਣ ਮੁਕਤ ਹੋਇਆ ਹੈ। ਮਨੁੱਖ ਦੇ ਲਾਲਚੀ ਸੁਭਾਅ ਨੇ ਕੁਦਰਤ ਨਾਲ ਹੱਦੋਂ ਵੱਧ ਖਿਲਵਾੜ ਕੀਤਾ ਹੈ, ਜਿਸ ਦਾ ਖਮਿਆਜਾ ਵੀ ਕਿਸੇ ਹੋਰ ਰੂਪ ਵਿਚ ਭੁਗਤਣਾ ਪੈ ਸਕਦਾ ਹੈ। ਖੈਰ! ਫਿਲਹਾਲ ਕੁਝ ਉਨ੍ਹਾਂ ਗੱਲਾਂ ਦਾ ਜ਼ਿਕਰ ਕਰਾਂਗੇ, ਜੋ ਇਸ ਮਹਾਮਾਰੀ ਨਾਲ ਲੜਦਿਆਂ ਸਾਨੂੰ ਕੁਝ ਇਸ਼ਾਰਾ ਕਰਦੀਆਂ ਹਨ।

ਪਹਿਲੀ ਗੱਲ, ਧਰਮ ਸਥਾਨਾਂ 'ਚ ਹੁਣ ਹਾਜਰੀ ਬਹੁਤ ਘਟੀ ਹੈ ਤੇ ਉਸੇ ਅਨੁਪਾਤ ਵਿਚ ਚੜ੍ਹਾਵਾ ਵੀ ਘਟਿਆ ਹੈ। ਕੀ ਹੁਣ ਰੱਬ ਨੂੰ ਕੋਈ ਫਰਕ ਪਿਆ ਹੈ? ਹਾਂ, ਪੁਜਾਰੀ ਵਰਗ ਨੂੰ ਜਰੂਰ ਚਿੰਤਾ ਹੋਣੀ ਹੈ, ਜਿਨ੍ਹਾਂ ਦੀ ਰੋਜੀ ਰੋਟੀ ਦਾ ਆਸਰਾ ਇਹ ਧਰਮ ਸਥਾਨ ਹਨ। ਹੁਣ ਸੋਚੀਏ, ਜੇ ਇਸ ਚੜ੍ਹਾਵੇ ਤੇ ਦਾਨ ਪੁੰਨ ਨਾਲ ਹਸਪਤਾਲ ਅਤੇ ਮੈਡੀਕਲ ਸੁਵਿਧਾਵਾਂ ਦਾ ਵਿਸਥਾਰ ਕੀਤਾ ਹੁੰਦਾ ਤਾਂ ਅੱਜ ਬਹੁਤ ਕੰਮ ਆਉਂਦਾ। ਧਰਮ ਸਥਾਨਾਂ 'ਤੇ ਮੜ੍ਹਿਆ ਸੋਨਾ ਅਤੇ ਸੰਗਮਰਮਰ ਅੱਜ ਕਿਸੇ ਕੰਮ ਨਹੀਂ ਆ ਰਿਹਾ। ਕਰਾਮਾਤਾਂ ਦਾ ਬਾਜ਼ਾਰ ਵੀ ਠੰਡਾ ਪਿਆ ਜਾਪਦਾ ਹੈ।

ਦੂਜੀ ਗੱਲ, ਅੱਜ ਅੰਤਿਮ ਰਸਮਾਂ ਬਿਨਾ ਕਿਸੇ ਇਕੱਠ ਅਤੇ ਸਮਾਜਕ ਦਿਖਾਵੇ ਦੇ ਕੀਤੀਆਂ ਜਾ ਰਹੀਆਂ ਹਨ, ਜਿਸ ਨਾਲ ਜਾਇਆ ਹੋਣ ਵਾਲਾ ਸਮਾਂ ਅਤੇ ਪੈਸੇ ਦੀ ਬਰਬਾਦੀ ਘੱਟ ਹੋਈ ਹੈ। ਸੀਮਤ ਆਵਾਜਾਈ ਨਾਲ ਪ੍ਰਦੂਸ਼ਣ ਘਟਿਆ ਹੈ। ਕੀ ਹੁਣ ਪਰਲੋਕ ਸਿਧਾਰੀਆਂ ਆਤਮਾਵਾਂ ਨੂੰ ਕੋਈ ਫਰਕ ਪਿਆ ਹੋਵੇਗਾ? ਬਿਲਕੁਲ ਨਹੀਂ, ਕਿਉਂਕਿ ਸੰਸਾਰਕ ਅਡੰਬਰ ਸੰਸਾਰ ਵਿਚ ਹੀ ਰਹਿ ਜਾਂਦੇ ਹਨ।

ਤੀਜੀ ਅਹਿਮ ਗੱਲ ਹੈ ਵਿਆਹ ਸ਼ਾਦੀਆਂ ਦੀ, ਜੋ ਕਈ ਥਾਂਈਂ ਬੜੀ ਸਾਦਗੀ ਨਾਲ ਬਿਨਾ ਢੋਲ ਢਮੱਕੇ ਤੋਂ ਨੇਪਰੇ ਚਾੜ੍ਹੀਆਂ ਗਈਆਂ, ਜਿਸ ਨਾਲ ਧਨ ਅਤੇ ਸਮਾਂ ਤਾਂ ਬਚਿਆ ਈ ਹੈ, ਆਵਾਜਾਈ ਘਟਣ ਨਾਲ ਕੁਦਰਤ ਨੂੰ ਵੀ ਸੁਖ ਦਾ ਸਾਹ ਆਇਆ ਹੈ। ਜਾਪਦਾ ਹੈ, ਕੁਦਰਤ ਸਾਡੇ ਕੰਨ ਖਿੱਚ ਕੇ ਨਸੀਹਤ ਦੇ ਰਹੀ ਹੈ, ਜਿਸ ਤੋਂ ਅਵੇਸਲੇ ਹੋਣਾ ਮਨੁੱਖਤਾ ਦੇ ਭਵਿੱਖ ਲਈ ਖਤਰੇ ਦੀ ਘੰਟੀ ਹੋਵੇਗੀ।


ਕੁਝ ਸਮਾਂ ਪਹਿਲਾਂ ਅਡੋਲਫ ਜਸਟ ਦੀ ਲਿਖੀ ਪੁਸਤਕ 'ਰਿਟਰਨ ਟੂ ਨੇਚਰ' ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ ਸੀ, ਜਿਸ ਵਿਚ ਉਸ ਨੇ ਬੜੇ ਪ੍ਰਭਾਵਪੂਰਨ ਤਰੀਕੇ ਨਾਲ ਬਿਆਨ ਕੀਤਾ ਸੀ ਕਿ ਮਨੁੱਖਤਾ ਦਾ ਕੁਦਰਤ ਤੋਂ ਦੂਰ ਹੁੰਦੇ ਚਲੇ ਜਾਣਾ ਵੰਨ-ਸੁਵੰਨੀਆਂ ਬੀਮਾਰੀਆਂ ਦਾ ਮੁੱਢ ਬੰਨ੍ਹ ਰਿਹਾ ਹੈ। ਆਓ, ਸਮਾਂ ਰਹਿੰਦੇ ਇਸ ਨੂੰ ਸਮਝੀਏ ਅਤੇ ਕੁਦਰਤ ਨੂੰ ਹੀ ਰੱਬ ਦਾ ਦਰਜਾ ਦੇ ਕੇ ਬੇਲੋੜੇ ਅਡੰਬਰਾਂ ਤੋਂ ਮੁਕਤੀ ਪਾਈਏ।

***-ਹਰਜੀਤ ਦਿਓਲ, ਬਰੈਂਪਟਨ***

# ਸੰਵੇਦਨਸ਼ੀਲਤਾ ਦੇ ਸਮੂਹਿਕ ਉਧਾਲੇ ਨੂੰ ਰੋਕੋ!

ਮੇਰੇ ਦੋਸਤ ਬਹੁਤ ਭਾਵੁਕ ਹਨ। ਉਨ੍ਹਾਂ ਨੂੰ ਓਨੀ ਆਪਣੀ ਫਿਕਰ ਨਹੀਂ, ਜਿੰਨੀ ਦੂਜਿਆਂ ਦੀ ਹੈ! ਮੈਨੂੰ ਜਿੰਨਾ ਪਿਆਰ ਉਹ ਕਰਦੇ ਹਨ, ਓਨਾ ਸ਼ਾਇਦ ਮੈਂ ਵੀ ਆਪਣੇ ਆਪ ਨੂੰ ਨਾ ਕਰਦਾ ਹੋਵਾਂ। ਉਨ੍ਹਾਂ ਦੀ ਇਹ ਸੰਵੇਦਨਸ਼ੀਲਤਾ ਮੇਰੇ ਲਈ ਹਮੇਸ਼ਾ ਫਿਕਰਮੰਦੀ ਦਾ ਸਬੱਬ ਬਣੀ ਰਹਿੰਦੀ ਹੈ। ਬਹੁਤ ਵਾਰ ਸਮਝਾਇਐ ਕਿ ਜ਼ਿੰਦਗੀ ਏਦਾਂ ਨਹੀਂ ਚਲ ਸਕਦੀ ਕਿ ਸੰਵੇਦਨਸ਼ੀਲਤਾ ਤੁਹਾਡੇ ਤਰਕ ਨੂੰ ਹੀ ਮਾਰ ਦੇਵੇ! ਇਸੇ ਕਾਰਨ ਇਸ ਪਿਆਰ ਦੇ ਨਾਲ ਸਾਡਾ ਤਕਰਾਰ ਵੀ ਹੋ ਜਾਂਦੈ। ਮੇਰੀ ਇਹ ਸਮਝਦਾਰੀ ਹੈ, ਹੋ ਸਕਦੈ ਗਲਤ ਵੀ ਹੋਵੇ ਕਿ ਜਿਸ ਪਿਆਰ 'ਚ ਤਕਰਾਰ ਨਹੀਂ, ਉਹ ਪਿਆਰ ਹੋ ਈ ਨਹੀਂ ਸਕਦਾ!

'ਕਰੋਨਾ ਸੰਕਟ' ਦੇ ਇਨ੍ਹਾਂ ਦਿਨਾਂ ਦੌਰਾਨ ਮੈਨੂੰ ਸਖਤ ਹਦਾਇਤ ਹੈ ਕਿ ਘਰੋਂ ਬਾਹਰ ਪੈਰ



**ਇੰਦਰਜੀਤ ਚੁਗਾਵਾਂ**
ਫੋਨ: 559-779-9805

ਨਹੀਂ ਪਾਉਣਾ। ਕੋਈ ਵੀ ਖਬਰ ਹੋਵੇ, ਸਭ ਤੋਂ ਪਹਿਲਾਂ ਉਨ੍ਹਾਂ ਕੋਲ ਪਹੁੰਚਦੀ ਹੈ ਤੇ ਫਿਰ ਮੇਰੇ ਕੋਲ। ਨਾਲ ਹੀ ਹਦਾਇਤ ਵੀ, "ਮੈਨੂੰ ਪਤਾ ਜਨਾਬ ਦਾ! ਆਪਣੀ ਘੱਟ, ਦੁਨੀਆਂ ਦੀ ਚਿੰਤਾ ਵੱਧ! ਰੱਬ ਦਾ ਵਾਸਤਾ, ਜਾਨ ਐ ਤਾਂ ਜਹਾਨ ਹੈ!" ਲੰਮੀਆਂ ਨਸੀਹਤਾਂ ਦੇ ਸਿਲਸਿਲੇ ਵਿਚੋਂ ਟੋਕ ਕੇ ਮੈਨੂੰ ਕਹਿਣਾ ਪੈਂਦਾ ਹੈ ਕਿ ਖਬਰ ਬਾਰੇ ਪਤਾ ਜ਼ਰੂਰ ਕਰ ਲਿਆ ਕਰੋ ਪਹਿਲਾਂ ਕਿ ਸੱਚੀ ਵੀ ਐ। ਇਹ ਕਹਿਣ 'ਤੇ ਉਹ ਨਾਰਾਜ਼ ਹੋ ਕੇ ਫੋਨ ਕੱਟ ਦਿੰਦੇ ਹਨ ਤੇ ਅਗਲੇ ਦਿਨ ਨਵੀਂ ਖਬਰ ਸੁਣਾਉਣ ਤੱਕ ਨਾਰਾਜ਼ਗੀ ਬਰਕਰਾਰ ਰਹਿੰਦੀ ਹੈ!

ਇਸ ਵਾਰ ਦੋ ਦੋਸਤਾਂ ਵਲੋਂ ਇੱਕੋ ਖਬਰ ਦੀ ਕਲਿਪਿੰਗ ਵਟਸਐਪ 'ਤੇ ਮਿਲੀ। ਸਵੇਰ ਦਾ ਵੇਲਾ, ਚੈਕ ਕਰਦੇ ਸਾਰ ਨਾਲ ਈ ਫੋਨ, "ਦੇਖੀਂ ਕਿਤੇ ਭਰਾਵਾ...!" ਖਬਰ ਕੀ ਹੈ; ਨਿਊ ਯਾਰਕ 'ਚ ਸ਼ਮਸ਼ਾਨ ਘਾਟਾਂ 'ਚ ਦਾਹ-ਸਸਕਾਰ ਕਰਨ ਵਾਲੇ ਮੁਲਾਜ਼ਮਾਂ ਨੂੰ ਸੌਣ ਦਾ ਵੀ ਸਮਾਂ ਨਹੀਂ ਮਿਲ ਰਿਹਾ। ਇੱਕ ਮਾਈਕਲ ਜੋਨਸ ਨਾਂ ਦਾ ਮੁਲਾਜ਼ਮ ਕੰਮ ਕਰਦਾ ਕਰਦਾ ਥੱਕ ਕੇ ਸੌਂ ਗਿਆ ਤੇ ਦੂਜੇ ਮੁਲਾਜ਼ਮਾਂ ਨੇ ਉਸ ਨੂੰ ਉਹ ਬੰਦਾ ਸਮਝ ਲਿਆ, ਜਿਸ ਦੀ ਕਰੋਨਾ ਕਾਰਨ ਮੌਤ ਹੋ ਚੁਕੀ ਸੀ ਤੇ ਵਾਰੀ ਉਸੇ ਦਾ ਦਾਹ-ਸਸਕਾਰ ਕਰਨ ਦੀ ਸੀ। ਉਨੀਂਦੇ ਦੇ ਝੰਬੇ ਮੁਲਾਜ਼ਮਾਂ ਨੇ ਉਸ ਨੂੰ ਚੁੱਕ ਕੇ ਭੱਠੀ 'ਚ ਰੱਖ ਦਿੱਤਾ। ਇਸ ਤੋਂ ਪਹਿਲਾਂ ਕਿ ਉਨ੍ਹਾਂ ਨੂੰ ਗਲਤੀ ਦਾ ਅਹਿਸਾਸ ਹੁੰਦਾ, ਉਸ ਦਾ ਜਿਉਂਦੇ ਜੀਅ ਭੋਗ ਪੈ ਚੁਕਾ ਸੀ। ਮੈਂ ਵੀ ਪ੍ਰੇਸ਼ਾਨ ਹੋ ਉਠਿਆ ਤੇ ਭਾਵੁਕ ਵੀ! ਮੇਰੀ ਹਮਸਫਰ ਦੀਆਂ ਅੱਖਾਂ ਵੀ ਭਰ ਆਈਆਂ। ਇੰਨੇ ਨੂੰ ਇੰਗਲੈਂਡ ਤੋਂ ਬੱਚਿਆਂ ਦੀ ਮਾਸੀ ਦਾ ਫੋਨ ਆ ਗਿਆ ਤੇ ਖਬਰ ਉਸ ਕੋਲ ਵੀ ਪਹੁੰਚ ਗਈ! ਉਹ ਵੀ ਪ੍ਰੇਸ਼ਾਨ ਹੋ ਉਠੀ, ਪਰ ਇਸ ਖਬਰ ਦਾ ਪੰਜ-ਦਸ ਮਿੰਟ 'ਚ ਭੋਗ ਪੈ ਗਿਆ, ਕਿਉਂਕਿ ਦੋਹਾਂ ਭੈਣਾਂ ਦੀ ਗੱਲਬਾਤ ਦੇ ਚੱਲਦਿਆਂ ਮੈਂ ਇੰਟਰਨੈਟ 'ਤੇ ਜਾ ਕੇ ਚੈਕ ਕਰ ਲਿਆ ਸੀ ਕਿ ਇਹ ਸੱਚੀ ਖਬਰ ਨਹੀਂ, ਸਗੋਂ ਕੋਰੀ ਅਫਵਾਹ ਹੈ।

ਐਪਰ, ਮੇਰੇ ਦੋਸਤ ਗਲਤ ਨਹੀਂ ਸਨ, ਉਨ੍ਹਾਂ ਦੀ ਫਿਕਰਮੰਦੀ ਗਲਤ ਨਹੀਂ ਸੀ। ਉਨ੍ਹਾਂ ਕੋਲ ਵਿਹਲ ਈ ਨਹੀਂ ਹੈ ਕਿ ਖਬਰ ਨੂੰ ਭਰੋਸੇਯੋਗਤਾ ਦੇ ਪਹਿਲੂ ਤੋਂ ਵੀ ਵਿਚਾਰਨ। ਉਹ ਭੁੱਲ ਗਏ ਹਨ ਕਿ ਖਬਰ ਨੂੰ ਟੁਣਕਾ ਕੇ ਦੇਖਣਾ ਬੇਹੱਦ ਜ਼ਰੂਰੀ ਹੈ, ਕਿਉਂਕਿ ਖੱਪਤਵਾਦੀ ਦੌਰ ਦੌਰਾਨ ਖਬਰ ਤਾਂ ਕੀ, ਕੋਈ ਸ਼ੈਅ ਵੀ, ਇੱਥੋਂ ਤੱਕ ਕਿ ਰਿਸ਼ਤੇ ਵੀ ਭਰੋਸੇਯੋਗ ਨਹੀਂ ਰਹੇ।

ਖਬਰ ਪਹਿਲੀ ਨਜ਼ਰੇ ਪ੍ਰੇਸ਼ਾਨ ਕਰਨ ਵਾਲੀ ਹੈ ਤੇ ਜਦ ਅਖਬਾਰ ਨੇ ਛਾਪੀ ਹੋਵੇ ਤਾਂ ਫਿਰ ਇੱਕ ਆਮ ਪਾਠਕ ਲਈ ਗਲਤ ਵੀ ਕਿਵੇਂ ਹੋ ਸਕਦੀ ਐ! ਜ਼ਮਾਨਾ ਸੋਸ਼ਲ ਮੀਡੀਏ ਦਾ ਐ ਤੇ ਫਿਕਰਮੰਦੀ ਜਾਹਰ ਕਰਨ ਲਈ ਕਿ ਦੇਖੋ ਯਾਰੋ, ਆਹ ਕੀ ਹੋਣ ਲੱਗ ਪਿਆ, ਮੱਲੋ-ਮੱਲੀ ਸ਼ੇਅਰ ਵਾਲਾ ਬਟਨ ਨੱਪਿਆ ਜਾਂਦੈ। ਅੱਗੋਂ ਗਰੁਪ ਬਣੇ ਹੋਏ ਐ ਤੇ ਇੱਕ ਬੰਦਾ ਦੱਸ ਦੱਸ ਗਰੁਪਾਂ ਦਾ ਮੈਂਬਰ ਹੁੰਦੈ ਤੇ ਖਬਰ ਵਰੋਲਾ ਬਣ ਜਾਂਦੀ ਐ। ਪਤਾ ਕਰਨ ਦੀ, ਕਿੰਤੂ ਕਰਨ ਦੀ ਜ਼ਹਿਮਤ ਕੋਈ ਨਹੀਂ ਉਠਾਉਂਦਾ। ਕੀਹਦੇ ਕੋਲ ਏਨਾ ਸਮਾਂ! ਪਰ ਗੱਲ ਅੱਗੇ ਤੋਂ ਅੱਗੇ ਸਾਂਝੀ ਕਰਕੇ ਸਕੂਨ ਤਾਂ ਹਾਸਲ ਕਰਨਾ ਈ ਹੋਇਆ! ਇਸ ਤਰ੍ਹਾਂ ਅਣਹੋਈ ਖਬਰ, ਹੋਣੀ ਬਣ, ਸਮਾਜ ਦੇ ਵੱਡੇ ਹਿੱਸੇ ਦੇ ਜ਼ਿਹਨ 'ਤੇ ਛਾ ਜਾਂਦੀ ਹੈ।

ਜੇ ਮੈਂ ਇਸ ਖਬਰ ਨੂੰ ਉਸੇ ਵੇਲੇ ਚੈਕ ਕਰਨ ਦੀ ਜ਼ਹਿਮਤ ਨਾ ਉਠਾਉਂਦਾ ਤਾਂ ਇਹ ਮੇਰੇ ਆਲੇ ਦੁਆਲੇ ਵੀ ਵਰੋਲਾ ਬਣ ਛਾ ਜਾਣੀ ਸੀ; ਪਰ ਮੈਂ ਜੇ ਰੋਕ ਸਕਿਆਂ ਹਾਂ ਤਾਂ ਆਪਣੇ ਸੀਮਤ ਦਾਇਰੇ 'ਚ। ਇਹ ਖਬਰ ਮੇਰੇ ਦੋਸਤਾਂ ਨੇ ਹੋਰਨਾਂ ਨੂੰ ਵੀ ਭੇਜੀ ਹੋਵੇਗੀ। ਉਨ੍ਹਾਂ ਦਾ ਇੱਕੋ-ਇੱਕ ਦੋਸਤ ਮੈਂ ਈ ਤਾਂ ਨਹੀਂ ਤੇ ਅੱਗੋਂ ਕਿੰਨਿਆਂ ਨੇ ਇਹ ਚੈਕ ਕੀਤੀ ਹੋਵੇਗੀ, ਕਹਿ ਨਹੀਂ ਸਕਦਾ ਕਿਉਂਕਿ ਜ਼ਮਾਨਾ ਈ ਪੱਕੀ-ਪਕਾਈ ਖਾਣ ਦਾ ਹੈ!

ਇਹ ਖਬਰ ਦਰਅਸਲ ਸਭ ਤੋਂ ਪਹਿਲਾਂ ਇੱਕ ਵੈਬਸਾਈਟ "ਵੀਕਲੀ ਇਨਕੁਆਇਰਰ" 'ਤੇ ਪੋਸਟ ਕੀਤੀ ਗਈ। ਇੱਥੋਂ ਇਹ ਖਬਰ ਵੱਖ ਵੱਖ ਵੈਬਸਾਈਟਾਂ ਤੇ ਅਖਬਾਰਾਂ ਨੇ ਲੈ ਕੇ ਆਪੋ-ਆਪਣੇ ਪਾਠਕਾਂ ਨੂੰ ਪਰੋਸ ਦਿੱਤੀ। ਦੇਖਣ ਨੂੰ ਇਹ ਇੱਕ ਆਮ ਗੱਲ ਜਾਪ ਸਕਦੀ ਹੈ, ਪਰ ਇਹ ਇਸ ਪਿੱਛੇ ਇੱਕ ਬਹੁਤ ਹੀ ਖਤਰਨਾਕ ਖੇਡ ਹੈ, ਜਿਸ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ ਤੇ ਉਹ ਵੀ ਇਸ ਦੌਰ ਵਿਚ, ਜਦੋਂ ਪੂਰੀ ਦੁਨੀਆਂ ਆਪੋ-ਆਪਣੇ ਘਰਾਂ 'ਚ ਕੈਦ ਭੁਗਤ ਰਹੀ ਹੈ।

ਸਾਨੂੰ ਇੱਕ ਜਿਉਂਦੇ ਬੰਦੇ ਨੂੰ ਲਾਸ਼ ਮੰਨਣ ਲਈ ਕਿਹਾ ਜਾਂਦਾ ਹੈ ਤੇ ਫਿਰ ਉਸ ਜਿਉਂਦੀ ਲਾਸ਼ ਨੂੰ ਫੂਕਣ ਦਾ ਨਾਟਕ ਕਰਕੇ ਸਾਡੀ ਸੰਵੇਦਨਾ ਨੂੰ ਪਰਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਸੀਂ ਮਨੁੱਖ ਹਾਂ ਯਾਰੋ! ਇੱਕ ਜਿਉਂਦੇ ਮਨੁੱਖ ਨੂੰ ਭੱਠੀ 'ਚ ਝੋਕਣ ਦਾ ਖਿਆਲ ਵੀ ਸਾਨੂੰ ਝੰਜੋੜ ਕੇ ਰੱਖ ਦਿੰਦਾ ਹੈ। ਗੱਲ ਇਥੇ ਹੀ ਨਹੀਂ ਖਤਮ ਹੋ ਜਾਂਦੀ, ਸਾਡੇ ਨਾਲ ਫਿਰ ਅਜਿਹਾ ਨਾਟਕ ਖੇਡਿਆ ਜਾਂਦਾ ਹੈ। ਅਸੀਂ ਮੁੜ ਹਾਏ-ਤੌਬਾ ਮਚਾਉਂਦੇ ਹਾਂ ਤੇ ਸ਼ਾਂਤ ਹੋ ਜਾਂਦੇ ਹਾਂ। ਇਹ ਨਾਟਕ ਜਦ ਵਾਰ-ਵਾਰ ਸਾਡੇ ਅੱਗੇ ਦੁਹਰਾਇਆ ਜਾਵੇਗਾ ਤਾਂ ਫਿਰ ਅਸੀਂ ਕੋਈ ਪ੍ਰਤਿਕ੍ਰਿਆ ਕਰਨੋਂ ਹਟ ਜਾਵਾਂਗੇ। ਅੰਤ ਕੀ ਹੋਵੇਗਾ? ਉਹ ਸੱਚਮੁੱਚ ਸਾਡੇ 'ਚੋਂ ਕਿਸੇ ਨੂੰ ਜਿਉਂਦੇ ਜੀਅ ਚੁੱਕ ਕੇ ਭੱਠੀ 'ਚ ਰੱਖ ਦੇਣਗੇ ਤੇ ਅਸੀਂ ਸਮਝਾਂਗੇ ਕਿ ਇਹ ਸਭ ਨਾਟਕ ਹੋ ਰਿਹਾ ਹੈ! ਅੱਜ ਇਹ ਮਾਈਕਲ ਦੇ ਨਾਂ 'ਤੇ ਹੋਇਆ ਹੈ, ਭਲਕੇ ਮਲਕੀਤ ਦੇ ਨਾਂ 'ਤੇ ਹੋਵੇਗਾ ਤੇ ਫੇਰ ਮਲਿਕ ਦੇ ਨਾਂ 'ਤੇ!

ਜਦ ਤੱਕ ਸਾਨੂੰ ਪਤਾ ਲੱਗੇਗਾ, ਬਹੁਤ ਦੇਰ ਹੋ ਚੁਕੀ ਹੋਵੇਗੀ ਤੇ ਅਸੀਂ ਥੋੜ੍ਹਾ ਬਹੁਤ ਹਾਏ-ਤੌਬਾ ਮਚਾ ਕੇ ਸ਼ਾਂਤ ਹੋ ਜਾਵਾਂਗੇ।

ਇਹ ਹੈ ਸਮਾਜ ਦੀ ਸੰਵੇਦਨਸ਼ੀਲਤਾ ਦਾ ਸਮੂਹਿਕ ਉਧਾਲਾ! ਤੁਸੀਂ ਆਪਣੇ ਆਪ ਨੂੰ ਸੰਵੇਦਨਸ਼ੀਲ ਸਮਝੋਗੇ ਤੇ ਬਿਨਾ ਸ਼ੱਕ ਹੋਵੋਗੇ ਵੀ, ਪਰ ਤੁਹਾਨੂੰ ਪਤਾ ਨਹੀਂ ਚੱਲੇਗਾ ਕਿ ਤੁਸੀਂ ਹਾਅ ਦਾ ਨਾਅਰਾ ਮਾਰਨਾ ਕਿਸ ਦੇ ਹੱਕ ਵਿਚ ਹੈ। ਤੇ ਇਹ ਹੋ ਰਿਹਾ ਹੈ, ਬਿਨਾ ਸ਼ੱਕ ਸਾਡੀਆਂ-ਤੁਹਾਡੀਆਂ ਅੱਖਾਂ ਅੱਗੇ ਹੋ ਰਿਹਾ ਹੈ!

ਇਹ ਕੋਈ ਇਕੱਲੀਕਾਰੀ ਘਟਨਾ ਨਹੀਂ, ਇਸ ਕਿਸਮ ਦੀਆਂ ਘਟਨਾਵਾਂ ਦਾ ਸਿਲਸਿਲਾ ਬੱਝਿਆ ਚਲਿਆ ਆ ਰਿਹਾ ਹੈ। ਇਸ ਤੋਂ ਪਹਿਲਾਂ ਨਿਜ਼ਾਮੁਦੀਨ ਮਰਕਜ਼ ਨਾਲ ਜੋੜ ਕੇ ਇੱਕ ਨਹੀਂ, ਕਈ ਵੀਡੀਓ ਚਰਚਾ ਵਿਚ ਆ ਚੁਕੇ ਹਨ। ਇੱਕ ਵੀਡੀਓ 'ਚ ਮੁਸਲਿਮ ਬੰਦੇ ਪਲੇਟਾਂ ਨੂੰ ਥੁੱਕ ਲਾ ਰਹੇ ਹਨ ਤੇ ਚਮਚੇ ਮੂੰਹ 'ਚ ਪਾ ਕੇ ਇੱਕ ਪਾਸੇ ਰੱਖ ਰਹੇ ਹਨ। ਨਾਲ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਇਹ ਤਬਲੀਗੀ ਜਮਾਤ ਵੱਲੋਂ ਕਰੋਨਾ ਵਾਇਰਸ ਫੈਲਾਉਣ ਦੀ ਸਾਜਿਸ਼ ਅਧੀਨ ਹੋ ਰਿਹਾ ਹੈ। ਜਦ ਇਹ ਵੀਡੀਓ ਮੈਨੂੰ ਭੇਜੀ ਗਈ ਤਾਂ ਮੈਂ ਆਪਣੇ ਦੋਸਤ ਨੂੰ ਕਿਹਾ ਕਿ ਇੰਜ ਨਹੀਂ ਹੋ ਸਕਦਾ ਯਾਰ! ਜ਼ਰਾ ਸੋਚ ਕਿ ਇਹ ਬਰਤਨ ਹੋਰ ਕਿਸੇ ਨੇ ਨਹੀਂ ਵਰਤਣੇ, ਮੁਸਲਿਮ ਵਿਅਕਤੀ ਹੀ ਵਰਤਣਗੇ ਤੇ ਕੋਈ ਮੁਸਲਮਾਨ ਦੂਜੇ ਮੁਸਲਮਾਨ ਬਾਰੇ ਬੁਰਾ ਕਿਉਂ ਸੋਚੇਗਾ? ਤੇ ਇਹ ਵੀ ਹੋ ਸਕਦਾ ਹੈ ਕਿ ਵੀਡੀਓ ਨਾਲ ਛੇੜ-ਛਾੜ ਕੀਤੀ ਗਈ ਹੋਵੇ! ਜਵਾਹਰ ਵਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਆਗੂ ਕਨ੍ਹਈਆ ਕੁਮਾਰ ਨਾਲ ਅਜਿਹਾ ਵਾਪਰੇ ਨੂੰ ਕੋਈ ਬਹੁਤੀ ਦੇਰ ਨਹੀਂ ਹੋਈ ਤੇ ਇਹ ਮਾਮਲਾ ਅੱਜ ਵੀ ਜਾਰੀ ਹੈ।...ਤੇ ਹੋਇਆ ਵੀ ਇੰਜ ਹੀ!

ਇਹ ਵੀਡੀਓ ਮੁਸਲਿਮ ਭਾਈਚਾਰੇ ਦਾਊਦੀ ਬੋਹਰਾ ਨਾਲ ਸਬੰਧਤ ਇੱਕ ਫਿਰਕੇ ਦੇ ਬੀਤੇ ਸਾਲ ਹੋਏ ਇੱਕ ਸਮਾਗਮ ਦੀ ਨਿਕਲੀ। ਇਸ ਭਾਈਚਾਰੇ ਦੀ ਰਵਾਇਤ ਹੈ ਕਿ ਅੰਨ ਦਾ ਇੱਕ ਵੀ ਦਾਣਾ ਅਜਾਈਂ ਨਹੀਂ ਜਾਣ ਦੇਣਾ। ਇਸ ਲਈ ਸਮਾਗਮਾਂ ਦੌਰਾਨ ਉਹ ਬਰਤਨ ਸਾਫ ਕਰਨ ਤੋਂ ਪਹਿਲਾਂ ਉਨ੍ਹਾ ਨੂੰ ਚੱਟਦੇ ਹਨ। ਸਬੰਧਤ ਵੀਡੀਓ 'ਚ ਇਹੋ ਕੁਝ ਹੋ ਰਿਹਾ ਸੀ, ਪਰ ਉਸ ਨੂੰ ਪੇਸ਼ ਇਸ ਢੰਗ ਨਾਲ ਕੀਤਾ ਗਿਆ ਕਿ ਹਰ ਦੇਖਣ ਸੁਣਨ ਵਾਲੇ ਦੇ ਮਨ ਅੰਦਰ ਮੁਸਲਿਮ ਭਾਈਚਾਰੇ ਵਿਰੁਧ ਨਫਰਤ ਭਰ ਜਾਵੇ। ਇਸ ਦਾ ਧਰਮ ਗੁਰੂ ਸਈਦਨਾ ਸੈਫੂਦੀਨ ਭਾਜਪਾ ਦਾ ਨਜ਼ਦੀਕੀ ਹੈ ਤੇ ਉਸ ਦੇ ਸਮਾਗਮਾਂ 'ਚ ਮੋਦੀ ਆਮ ਹੀ ਦੇਖੇ ਜਾਂਦੇ ਹਨ, ਪਰ ਭਾਜਪਾ ਦੇ ਆਈ. ਟੀ. ਸੈਲ ਨੇ ਆਪਣਾ ਹਿੱਤ ਸਾਧਣ ਲਈ ਆਪਣੇ ਹੀ ਨਜ਼ਦੀਕੀ ਦੀ ਵੀਡੀਓ ਵਰਤਣ 'ਚ ਜ਼ਰਾ ਜਿੰਨੀ ਵੀ ਸੰਗ-ਸ਼ਰਮ ਮਹਿਸੂਸ ਨਾ ਕੀਤੀ। ਬਰਤਨ ਚੱਟਣ ਦੀ ਇਸ ਰਵਾਇਤ ਨੂੰ ਅੰਨੀ ਸ਼ਰਧਾ ਕਿਹਾ ਜਾ ਸਕਦਾ ਹੈ, ਇਸ ਵਿਰੁਧ ਲਿਖਿਆ ਜਾ ਸਕਦਾ ਹੈ, ਇਸੇ ਭਾਈਚਾਰੇ 'ਚ ਇਸ ਦੇ ਮਾੜੇ ਪ੍ਰਭਾਵ ਬਾਰੇ ਜਾਗਰੂਕਤਾ ਪੈਦਾ ਕੀਤੀ ਜਾਣੀ ਚਾਹੀਦੀ ਹੈ, ਪਰ ਇਸ ਵੀਡੀਓ ਨੂੰ ਅਸਲੋਂ ਵੱਖਰੇ ਢੰਗ ਨਾਲ ਪੇਸ਼ ਕੀਤਾ ਜਾਣਾ ਤਾਂ ਆਮ ਲੋਕਾਂ ਦੀ ਮਾਸੂਮੀਅਤ ਨਾਲ ਧ੍ਰੋਹ ਕਮਾਉਣਾ ਹੈ।







ਇੱਕ ਹੋਰ ਵੀਡੀਓ ਹੈ, ਜਿਸ ਨੂੰ ਨਿਜ਼ਾਮੁਦੀਨ ਮਰਕਜ਼ ਨਾਲ ਜੋੜ ਕੇ ਘੁਮਾਇਆ ਗਿਆ ਹੈ, ਜਿਸ ਵਿਚ ਪੁਲਿਸ ਵੈਨ 'ਚ ਬੈਠਾ ਇੱਕ ਵਿਅਕਤੀ ਸਾਹਮਣੇ ਬੈਠੇ ਪੁਲਿਸ ਮੁਲਾਜ਼ਮਾਂ 'ਤੇ ਥੁੱਕ ਰਿਹਾ ਹੈ। ਜਦ ਮੇਰੇ ਇੱਕ ਦੋਸਤ ਨੇ ਇਹ ਵੀਡੀਓ ਭੇਜ ਕੇ ਪੁੱਛਿਆ ਕਿ ਠੀਕ ਐ ਕਿ ਆਪਾਂ ਘੱਟ ਗਿਣਤੀਆਂ ਦੇ ਹਮਾਇਤੀ ਹਾਂ, ਪਰ ਇਹਨੂੰ ਕਿਸ ਤਰ੍ਹਾਂ ਵਾਜਬ ਠਹਿਰਾਵਾਂਗੇ? ਮੈਂ ਉਸੇ ਵਕਤ ਆਪਣੇ ਦੋਸਤ ਨੂੰ ਕਿਹਾ ਸੀ ਕਿ ਮਸਲਾ ਇਹ ਨਹੀਂ ਕਿ ਤੁਸੀਂ ਦੇਖ ਕੀ ਰਹੇ ਓ, ਮਸਲਾ ਇਹ ਐ ਕਿ ਤੁਹਾਨੂੰ ਦਿਖਾ ਕੌਣ ਰਿਹੈ? ਚੰਗੀ ਗੱਲ ਇਹ ਰਹੀ ਕਿ ਮੇਰਾ ਇਹ ਦੋਸਤ ਫੌਰੀ ਤੌਰ 'ਤੇ ਸੰਭਲ ਗਿਆ ਤੇ ਕਹਿਣ ਲੱਗਾ, "ਯਾਰ ਇਹ ਗੱਲ ਮੇਰੇ ਜ਼ਿਹਨ 'ਚ ਕਿਉਂ ਨਾ ਆਈ!" ਮੈਂ ਕਿਹਾ ਕਿ ਮਸਲਾ ਇਹ ਨਹੀਂ ਕਿ ਤੇਰੇ ਜ਼ਿਹਨ 'ਚ ਪਹਿਲਾਂ ਕਿਉਂ ਨਹੀਂ ਆਈ, ਮਸਲਾ ਇਹ ਐ ਕਿ ਜਿਸ ਦੇ ਜ਼ਿਹਨ 'ਚ ਵੀ ਆਈ, ਉਸ ਨੇ ਅੱਗੇ ਗੱਲ ਕੀਤੀ ਜਾਂ ਨਹੀਂ? ਹੁਣ ਤੇਰੇ ਜ਼ਿਹਨ 'ਚ ਜੇ ਆ ਗਈ ਐ ਤਾਂ ਇਹ ਤੇਰੇ ਕੋਲ ਈ ਨਹੀਂ ਰਹਿਣੀ ਚਾਹੀਦੀ! ਇਹ ਵੀਡੀਓ ਵੀ ਪੁਰਾਣੀ ਨਿਕਲੀ, ਜੋ ਇੱਕ ਕੈਦੀ ਨੇ ਪੁਲਿਸ ਵੱਲੋਂ ਘਰ ਦਾ ਬਣਿਆ ਖਾਣਾ ਨਾ ਖਾਣ ਦਿੱਤੇ ਜਾਣ ਕਾਰਨ ਪੈਦਾ ਹੋਈ ਤਲਖੀ ਦੌਰਾਨ ਕੀਤੀ ਗਈ ਹਰਕਤ ਨਾਲ ਸਬੰਧਤ ਹੈ।

ਵਰਗਲਾਵੇ ਦੀ ਵਗ ਰਹੀ ਹਵਾ ਦੇ ਲਪੇਟੇ 'ਚ ਆ ਜਾਣ ਵਾਲੇ ਆਪਣੇ ਦੋਸਤਾਂ ਨੂੰ ਮੈਂ ਕਸੂਰਵਾਰ ਨਹੀਂ ਕਹਾਂਗਾ, ਉਲਟਾ ਕਸੂਰਵਾਰ ਮੈਂ ਹੋਵਾਂਗਾ, ਜੇ ਮੌਕੇ ਸਿਰ ਬਾਂਹ ਫੜ ਕੇ ਉਨ੍ਹਾਂ ਨੂੰ ਮੈਂ ਲੀਹ 'ਤੇ ਨਹੀਂ ਲਿਆਉਂਦਾ। ਦੇਸ਼ ਦੇ ਮੀਡੀਏ ਦਾ ਬਹੁਤ ਵੱਡਾ ਹਿੱਸਾ ਵਰਗਲਾਵੇ ਦਾ ਕੰਮ ਹੀ ਕਰ ਰਿਹਾ ਹੈ। ਕਰੋਨਾ ਵਾਇਰਸ ਨਾਲ ਜੋੜ ਕੇ ਉਪਰ ਚਰਚਿਤ ਵੀਡੀਓ ਦੇਸ਼ ਦੇ ਪ੍ਰਮੁੱਖ ਟੀ. ਵੀ. ਨਿਊਜ਼ ਚੈਨਲਾਂ ਨੇ ਇੰਜ ਸਨਸਨੀਖੇਜ਼ ਢੰਗ ਨਾਲ ਪ੍ਰਸਾਰਿਤ ਕੀਤੇ ਹਨ ਤੇ ਖਬਰਾਂ ਪ੍ਰਮੁਖ ਅਖਬਾਰਾਂ ਨੇ ਪ੍ਰਕਾਸ਼ਿਤ ਕੀਤੀਆਂ ਹਨ ਕਿ ਆਮ ਮਨੁੱਖ ਤਾਂ ਕੀ, ਪੜ੍ਹਿਆ-ਲਿਖਿਆ ਸਮਝਿਆ ਜਾਂਦਾ ਹਿੱਸਾ ਵੀ ਲਪੇਟੇ 'ਚ ਆ ਜਾਂਦਾ ਹੈ।

ਜ਼ਰਾ ਗਹੁ ਨਾਲ ਦੇਖੋ ਨਿਊਜ਼ ਚੈਨਲਾਂ ਦੀ ਪੇਸ਼ਕਾਰੀ, "ਮਰਕਜ਼ ਕੀ ਲਾਪਰਵਾਹੀ, ਕਰੋਨਾ ਹੂਆ ਹਾਵੀ!...ਭਾਰਤ ਮੇਂ ਕਰੋਨਾ ਸਾਜਿਸ਼ ਪਰ ਬਹੁਤ ਬੜਾ ਖੁਲਾਸਾ!...ਕੈਸੇ ਰੁਕੇਗਾ ਥੂ-ਥੂ ਗੈਂਗ ਕਾ ਅਸ਼ਲੀਲਤਾ ਵਾਲਾ ਆਤੰਕ!" ਜ਼ੀ ਨਿਊਜ਼, ਆਜ ਤੱਕ, ਨਿਊਜ਼ ਇੰਡੀਆ, ਏ. ਐਨ. ਆਈ. ਜਿਹੇ ਚੈਨਲਾਂ ਨੇ ਮੁਸਲਿਮ ਭਾਈਚਾਰੇ ਵਿਰੁਧ ਅਜਿਹੇ ਬੁਲੇਟਿਨ ਪ੍ਰਸਾਰਿਤ ਕਰਕੇ ਨਫਰਤ ਫੈਲਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ।

ਬਾਂਦਰਾ 'ਚ ਜੋ ਕਹਿਰ ਮਜ਼ਦੂਰਾਂ 'ਤੇ ਢਾਹਿਆ ਗਿਆ ਹੈ, ਉਸ ਪਿੱਛੇ ਭਲਾ ਕੀ ਕਾਰਨ ਸੀ? ਉਹ ਵੀ ਗੋਦੀ ਮੀਡੀਆ ਦੀ ਪੂਰੀ ਵਿਓਂਤਬੰਦੀ ਨਾਲ ਵਾਪਰਿਆ। ਪਹਿਲਾਂ 'ਏ. ਬੀ. ਪੀ. ਮਰਾਠੀ' ਇਹ ਖਬਰ ਦਿੰਦਾ ਹੈ ਕਿ ਇਸ ਤਰੀਕ ਨੂੰ ਬਾਂਦਰਾ ਤੋਂ ਲੰਮੀ ਦੂਰੀ ਵਾਲੀਆਂ ਗੱਡੀਆਂ ਚੱਲਣਗੀਆਂ। ਪਰਵਾਸੀ ਮਜ਼ਦੂਰਾਂ ਲਈ ਕੰਮ ਕਰਨ ਵਾਲੀ ਐਨ. ਜੀ. ਓ. ਇਸ ਖਬਰ 'ਤੇ ਭਰੋਸਾ ਕਰਕੇ ਮਜ਼ਦੂਰਾਂ ਨੂੰ ਬਾਂਦਰਾ ਸਟੇਸ਼ਨ ਆਉਣ ਲਈ ਕਹਿੰਦੀ ਹੈ ਤੇ ਨਤੀਜਾ ਤੁਹਾਡੇ ਸਾਹਮਣੇ ਹੈ। ਦੂਜੇ ਪਾਸੇ ਇਸੇ ਕੰਪਨੀ ਦਾ ਨੈਸ਼ਨਲ ਚੈਨਲ, ਏ. ਬੀ. ਪੀ. ਨਿਊਜ਼ ਖਬਰ ਬੁਲੇਟਿਨ ਨੂੰ ਹੋਰ ਸਨਸਨੀਖੇਜ਼ ਬਣਾ ਕੇ ਪੇਸ਼ ਕਰਦਿਆਂ ਦਾਅਵਾ ਕਰਦਾ ਹੈ ਕਿ ਮਜ਼ਦੂਰਾਂ ਨੂੰ ਬਾਂਦਰਾ ਸਟੇਸ਼ਨ 'ਤੇ ਇਕੱਠਾ ਕਰਨ ਦੀ ਸਾਜਿਸ਼ ਨਾਲ ਲਗਦੀ ਮਸਜਿਦ 'ਚ ਘੜੀ ਗਈ ਸੀ। ਇੱਕ ਹੀ ਨਿਊਜ਼ ਚੈਨਲ ਸੂਬੇ 'ਚ ਹੋਰ ਬੋਲੀ ਬੋਲਦਾ ਹੈ ਤੇ ਦੇਸ਼-ਪੱਧਰ 'ਤੇ ਹੋਰ ਬੋਲੀ ਬੋਲਦਾ ਹੈ।

ਜ਼ਿਕਰਯੋਗ ਹੈ ਕਿ ਮਹਾਰਾਸ਼ਟਰ ਸਰਕਾਰ ਨੇ ਝੂਠੀ ਖਬਰ ਪ੍ਰਸਾਰਿਤ ਕਰਨ ਦੇ ਦੋਸ਼ ਹੇਠ ਏ. ਬੀ. ਪੀ. ਮਰਾਠੀ ਵਿਰੁਧ ਪਰਚਾ ਵੀ ਦਰਜ ਕੀਤਾ ਹੈ। ਇਸੇ ਤਰ੍ਹਾਂ ਯੂ. ਪੀ. ਪੁਲਿਸ ਜ਼ੀ ਨਿਊਜ਼ ਦੀਆਂ ਕਰੋਨਾ ਵਾਇਰਸ ਨੂੰ ਮੁਸਲਿਮ ਭਾਈਚਾਰੇ ਨਾਲ ਜੋੜ ਕੇ ਪ੍ਰਸਾਰਿਤ ਕੀਤੀਆਂ ਗਈਆਂ ਛੇ ਖਬਰਾਂ ਦਾ ਖੰਡਨ ਕਰ ਚੁਕੀ ਹੈ। ਇਸ ਦੇ ਬਾਵਜੂਦ ਕੂੜ ਪਸਾਰੇ ਦਾ ਸਿਲਸਿਲਾ ਜਾਰੀ ਹੈ। ਭਰੋਸੇਯੋਗਤਾ ਕਿੱਧਰ ਚਲੇ ਗਈ? ਇਹ ਇੱਕ ਪ੍ਰੇਸ਼ਾਨ ਕਰਨ ਵਾਲਾ ਸਵਾਲ ਹੈ।

ਲੋਕਾਂ ਨੂੰ ਇਹ ਨਹੀਂ ਦੱਸਿਆ ਦਾ ਰਿਹਾ ਕਿ ਖਤਰਨਾਕ ਬਿਮਾਰੀ ਦੇ ਪਸਾਰੇ ਨੂੰ ਰੋਕਣ ਲਈ ਸਰੀਰਕ ਦੂਰੀ ਚਾਹੀਦੀ ਹੈ, ਨਾ ਕਿ ਮਨਾਂ ਵਿਚ ਦੂਰੀ! ਸਮਾਜਕ ਦੂਰੀ (ਸੋਸ਼ਲ ਡਿਸਟੈਨਸਿੰਗ) ਲਫਜ਼ ਦੀ ਵਰਤੋਂ ਹੀ ਗਲਤ ਹੈ। ਮੀਡੀਆ ਦਾ ਜ਼ੋਰ ਤਾਂ ਇਸ ਗੱਲ 'ਤੇ ਲੱਗਾ ਹੋਇਆ ਹੈ ਕਿ ਹਰ ਬਿਮਾਰੀ, ਹਰ ਸਮੱਸਿਆ ਲਈ ਮੁਸਲਿਮ ਭਾਈਚਾਰਾ ਹੀ ਦੋਸ਼ੀ ਹੈ। ਜਦ ਕੰਨਾਂ 'ਚ ਹਰ ਪਾਸਿਓਂ ਅਜਿਹੀਆਂ ਅਵਾਜ਼ਾਂ ਈ ਪੈਣ ਤਾਂ ਵਰਗਲਾਵੇ ਦੀ ਸੰਭਾਵਨਾ ਤੋਂ ਕੌਣ ਨਾਂਹ ਕਰ ਸਕਦੈ!

ਅਸੀਂ ਜਦ ਪ੍ਰਾਇਮਰੀ ਸਕੂਲ 'ਚ ਪੜ੍ਹਦੇ ਸਾਂ ਤਾਂ ਇੱਕ ਬੋਧ ਕਥਾ ਸਾਡੇ ਪਾਠਕ੍ਰਮ ਦਾ ਹਿੱਸਾ ਹੁੰਦੀ ਸੀ। ਪੂਰੀ ਤਾਂ ਯਾਦ ਨਹੀਂ, ਸੰਖੇਪ 'ਚ ਉਹ ਕਥਾ ਇੰਜ ਸੀ ਕਿ ਇੱਕ ਆਜੜੀ ਆਪਣੇ ਅੱਲ੍ਹੜ ਪੁੱਤ ਨੂੰ ਸ਼ਹਿਰ ਲੇਲਾ ਵੇਚ ਕੇ ਸੌਦਾ ਲੈਣ ਭੇਜਦਾ ਹੈ। ਰਸਤੇ 'ਚ ਠੱਗ ਉਸ ਮਗਰ ਲੱਗ ਜਾਂਦੇ ਹਨ। ਉਹ ਵਾਰੋ-ਵਾਰੀ ਉਸ ਕੋਲੋਂ ਲੰਘਦੇ ਲੇਲੇ ਨੂੰ ਕੁੱਤਾ ਕਹਿ ਕੇ ਪੁੱਛਦੇ ਹਨ ਕਿ ਉਹ ਇਹ ਕੁੱਤਾ ਕਿਉਂ ਚੁੱਕੀ ਫਿਰ ਰਿਹੈਂ? ਉਹ ਅੱਲ੍ਹੜ ਠੱਗਾਂ ਦੀਆਂ ਗੱਲਾਂ 'ਚ ਆ ਕੇ ਆਪਣੇ ਲੇਲੇ ਨੂੰ ਕੁੱਤਾ ਸਮਝ ਬੈਠਦਾ ਹੈ ਤੇ ਉਸ ਨੂੰ ਛੱਡ ਦਿੰਦਾ ਹੈ ਅਤੇ ਠੱਗ ਲੇਲਾ ਲੈ ਕੇ ਰਫੂਚੱਕਰ ਹੋ ਜਾਂਦੇ ਹਨ! ਇਸ ਕਹਾਣੀ ਦਾ ਤੱਤਸਾਰ ਇਹ ਸੀ ਕਿ ਲੋਕ ਕੀ ਕਹਿੰਦੇ ਹਨ, ਉਸ 'ਤੇ ਯਕੀਨ ਕਰਨ ਤੋਂ ਪਹਿਲਾਂ ਠੰਡੇ ਦਿਮਾਗ ਨਾਲ ਵਾਰ-ਵਾਰ ਸੋਚੋ ਤੇ ਖੁਦ ਫੈਸਲਾ ਕਰੋ ਕਿ ਠੀਕ ਕੀ ਐ ਤੇ ਗਲਤ ਕੀ!

ਇਹ ਕੋਈ ਛੋਟੀ-ਮੋਟੀ ਜ਼ਿੰਮੇਵਾਰੀ ਨਹੀਂ ਹੈ, ਖਾਸ ਕਰ ਉਦੋਂ, ਜਦੋਂ ਦੇਸ਼ ਦੀ ਸੁਪਰੀਮ ਕੋਰਟ ਨੇ ਹੱਥ ਖੜੇ ਕਰ ਦਿੱਤੇ ਹੋਣ! ਕਰੋਨਾ ਵਾਇਰਸ ਦੇ ਪਸਾਰੇ ਲਈ ਮੁਸਲਿਮ ਭਾਈਚਾਰੇ ਨੂੰ ਦੋਸ਼ੀ ਠਹਿਰਾਏ ਜਾਣ ਵਾਲੀਆਂ ਖਬਰਾਂ 'ਤੇ ਰੋਕ ਲਾਉਣ ਲਈ ਜਮੀਅਤ ਉਲਾਮਾ-ਇ-ਹਿੰਦ ਨੇ ਸੁਪਰੀਮ ਕੋਰਟ ਦਾ ਕੁੰਡਾ ਜਾ ਖੜਕਾਇਐ, ਜਿਸ ਵੱਲੋਂ ਪੇਸ਼ ਹੋਏ ਉਘੇ ਵਕੀਲ ਏਜਾਜ਼ ਮਕਬੂਲ ਨੇ ਕਿਹਾ ਕਿ ਪ੍ਰਿੰਟ, ਇਲੈਕਟ੍ਰਾਨਿਕ ਤੇ ਸੋਸ਼ਲ ਮੀਡੀਆ ਦੇ ਇੱਕ ਹਿੱਸੇ ਵੱਲੋਂ ਕਰੋਨਾ ਦੇ ਪਸਾਰੇ ਨੂੰ ਤਬਲੀਗੀ ਜਮਾਤ ਦੀ ਨਿਜ਼ਾਮੁਦੀਨ ਮਰਕਜ਼ ਨਾਲ ਜੋੜਿਆ ਜਾ ਰਿਹਾ ਹੈ ਤੇ ਇਸ ਨੂੰ 'ਕਰੋਨਾ ਜਿਹਾਦ' ਤੇ 'ਕਰੋਨਾ ਅਤਿਵਾਦ' ਦਾ ਨਾਂ ਦਿੱਤਾ ਜਾ ਰਿਹਾ ਹੈ ਅਤੇ ਪੁਰਾਣੇ ਵੀਡੀਓ ਇਸ ਮਰਕਜ਼ ਨਾਲ ਜੋੜ ਕੇ ਦਿਖਾਏ ਜਾ ਰਹੇ ਹਨ।

ਮਕਬੂਲ ਨੇ ਕਿਹਾ ਕਿ ਅਜਿਹਾ ਕਰਨਾ ਸੰਵਿਧਾਨ ਦੀ ਧਾਰਾ 21 ਦੀ ਉਲੰਘਣਾ ਹੈ। ਅਜਿਹੀਆਂ ਝੂਠੀਆਂ ਖਬਰਾਂ 'ਤੇ ਰੋਕ ਲਾਉਣ ਲਈ ਹਦਾਇਤ ਜਾਰੀ ਕਰਨ 'ਚ ਦੇਰੀ ਮੁਸਲਿਮ ਭਾਈਚਾਰੇ ਵਿਰੁਧ ਮੰਦਭਾਵਨਾ, ਦੁਸ਼ਮਣੀ ਤੇ ਨਫਰਤ ਨੂੰ ਬੜਾਵਾ ਦੇਵੇਗੀ। ਦੇਸ਼ ਦੇ ਪ੍ਰਮੁਖ ਜੱਜ ਜਸਟਿਸ ਐਸ. ਏ. ਬੋਬੜੇ ਦੀ ਅਗਵਾਈ ਵਾਲੇ ਬੈਂਚ ਨੇ ਕੋਈ ਫੌਰੀ ਹਦਾਇਤ ਜਾਰੀ ਕਰਨ ਤੋਂ ਨਾਂਹ ਕਰਦਿਆਂ ਕਿਹਾ ਹੈ ਕਿ ਅਸੀਂ ਮੀਡੀਆ 'ਤੇ ਕੋਈ ਰੋਕ ਨਹੀਂ ਲਾ ਸਕਦੇ। ਹੁਣ ਦੇਸ਼ ਦੀ ਸਰਵ-ਉਚ ਅਦਾਲਤ ਇਸ ਬਾਰੇ ਕੀ ਫੈਸਲਾ ਲੈਂਦੀ ਹੈ ਤੇ ਕਦੋਂ ਲੈਂਦੀ ਹੈ? ਇਹ ਤਾਂ ਕਿਹਾ ਨਹੀਂ ਜਾ ਸਕਦਾ, ਪਰ ਇਹ ਗੱਲ ਪੱਕੀ ਹੈ ਕਿ ਮੀਡੀਆ ਉਸ ਵੇਲੇ ਤੱਕ ਕਾਫੀ ਨੁਕਸਾਨ ਕਰ ਚੁਕਾ ਹੋਵੇਗਾ।

ਇਸ ਸਬੰਧੀ ਅਮਰੀਕੀ ਅਸ਼ਵੇਤ ਅਧਿਕਾਰ ਅੰਦੋਲਨ ਦੇ ਆਗੂ ਤੇ ਮਨੁੱਖੀ ਅਧਿਕਾਰ ਕਾਰਕੁੰਨ ਮਾਲਕਮ ਐਕਸ ਦਾ ਇਹ ਕਥਨ ਅੱਜ ਬਹੁਤ ਹੀ ਪ੍ਰਸੰਗਕ ਹੈ, "ਜੇ ਤੁਸੀਂ ਚੌਕੰਨੇ ਨਹੀਂ ਰਹੋਗੇ ਤਾਂ ਅਖਬਾਰ ਤੁਹਾਨੂੰ ਉਨ੍ਹਾਂ ਲੋਕਾਂ ਨਾਲ ਨਫਰਤ ਕਰਨਾ ਸਿਖਾ ਦੇਣਗੇ, ਜਿਨ੍ਹਾਂ ਦਾ ਸੋਸ਼ਣ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਲੋਕਾਂ ਨੂੰ ਪਿਆਰ ਕਰਨਾ ਸਿਖਾ ਦੇਣਗੇ, ਜੋ ਸੋਸ਼ਣ ਕਰ ਰਹੇ ਹਨ।"

ਟੀ. ਵੀ. ਚੈਨਲਾਂ/ਅਖਬਾਰਾਂ ਤੋਂ ਨਾਰਾਜ਼ ਨਹੀਂ ਹੋਣਾ ਚਾਹੀਦਾ, ਕਿਉਂਕਿ ਉਹ ਉਹੀ ਕੰਮ ਕਰ ਰਹੇ ਹਨ, ਜੋ ਉਨ੍ਹਾਂ ਦੇ ਮਾਲਕ ਕਹਿ ਰਹੇ ਹਨ। ਹਾਂ ਗੁੱਸੇ ਜ਼ਰੂਰ ਹੋਣਾ ਚਾਹੀਦੈ, ਗੁੱਸਾ ਇਨ੍ਹਾਂ ਦਾ ਬਾਈਕਾਟ ਕਰਕੇ ਕੱਢਿਆ ਜਾ ਸਕਦੈ, ਪਰ ਸੋਸ਼ਲ ਮੀਡੀਏ ਦਾ ਕੀ ਕੀਤਾ ਜਾਵੇ? ਇਹ ਇੱਕ ਅਹਿਮ ਸੁਆਲ ਹੈ! ਇਹ ਗੱਲ ਆਮ ਈ ਕਹੀ-ਸੁਣੀ ਜਾਂਦੀ ਹੈ ਕਿ ਮਨੁੱਖ ਸੁਭਾਅ ਪੱਖੋਂ ਇੱਕ ਸਮਾਜੀ ਪ੍ਰਾਣੀ ਹੈ। ਉਹ ਆਪਣੇ ਆਲੇ-ਦੁਆਲੇ ਲੋਕਾਂ ਨਾਲ ਬਣਾ ਕੇ ਰੱਖਦਾ ਹੈ, ਸਫਾਈ ਰੱਖਦਾ ਹੈ, ਦੂਜੇ ਦੀਆਂ ਭਾਵਨਾਵਾਂ ਦਾ ਖਿਆਲ ਰੱਖਦਾ ਹੈ, ਉਨ੍ਹਾਂ ਦਾ ਦੁੱਖ-ਦਰਦ ਵੰਡਾਉਂਦਾ ਹੈ, ਦੂਜੇ ਲੋਕਾਂ ਖਾਤਰ ਆਪਣੇ ਹਿੱਤ ਅਕਸਰ ਪਿੱਛੇ ਰੱਖ ਦਿੰਦਾ ਹੈ। ਸਭ ਤੋਂ ਵੱਡੀ ਗੱਲ ਕਿ ਉਸ ਵਿਚ ਅੱਖ-ਸ਼ਰਮ ਹੈ, ਜੋ ਉਸ ਨੂੰ ਬਾਕੀ ਜੀਵਾਂ ਤੋਂ ਅਲੱਗ ਕਰਦੀ ਹੈ।

ਕੀ ਕਾਰਨ ਹੈ ਕਿ ਸੋਸ਼ਲ ਮੀਡੀਏ 'ਤੇ ਅੱਖ-ਸ਼ਰਮ ਗਾਇਬ ਹੈ? ਦਰਅਸਲ, ਇਸ ਮੀਡੀਆ 'ਤੇ ਵੀ ਰਾਜ ਕਰ ਰਹੀ ਹਾਕਮ ਜਮਾਤ ਬੁਰੀ ਤਰ੍ਹਾਂ ਕਾਬਜ਼ ਹੈ ਤੇ ਉਹ ਇਸ ਨੂੰ ਆਪਣੇ ਰਾਜਸੀ ਮਨੋਰਥਾਂ ਲਈ ਇੱਕ ਹਥਿਆਰ ਵਜੋਂ ਵਰਤ ਰਹੀ ਹੈ। ਭਾਜਪਾ ਦਾ ਆਈ. ਟੀ. ਸੈਲ ਕੂੜ ਤੋਲਣ 'ਚ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ। ਇਸ ਮਾਹੌਲ 'ਚ ਜਾਗਰੂਕ ਤਬਕੇ ਦੀ ਜ਼ਿੰਮੇਵਾਰੀ ਬਹੁਤ ਵੱਧ ਗਈ ਹੈ। ਉਸ ਨੂੰ ਚਾਹੀਦਾ ਹੈ ਕਿ ਸਮਾਜ ਦੀ ਸੰਵੇਦਨਸ਼ੀਲਤਾ ਦਾ ਸਮੂਹਿਕ ਉਧਾਲਾ ਨਾ ਹੋਣ ਦੇਵੇ। ਜਦ ਵੀ ਤੁਹਾਡੇ ਕੋਲ ਕੋਈ ਖਬਰ, ਕੋਈ ਵੀਡੀਓ ਆਉਂਦੀ ਹੈ ਤਾਂ ਉਸ ਨੂੰ ਅੱਗੇ ਤੋਰਨ ਦੀ ਕਾਹਲ ਨਾ ਕਰੋ। ਸਾਨੂੰ ਪਤਾ ਹੋਣਾ ਚਾਹੀਦੈ ਕਿ ਫੌਰੀ ਤੌਰ 'ਤੇ ਕਿਹੜੀ ਚੀਜ਼ ਆਪਣੇ ਦਾਇਰੇ ਨਾਲ ਸਾਂਝੀ ਕਰਨੀ ਹੈ। ਹਰ ਖਬਰ, ਹਰ ਵੀਡੀਓ ਦੀ ਤਹਿ ਤੱਕ ਲਾਜ਼ਮੀ ਜਾਇਆ ਜਾਣਾ ਚਾਹੀਦੈ। ਜੇ ਜ਼ਹਿਰ ਦੇ ਵਪਾਰੀਆਂ ਨੇ ਇੰਟਰਨੈਟ ਰਾਹੀਂ ਹਨੇਰੀ ਲਿਆਂਦੀ ਹੋਈ ਹੈ ਤਾਂ ਇਸ ਦਾ ਤੋੜ ਵੀ ਉਸੇ ਜਗ੍ਹਾ ਪਿਆ ਹੈ। ਹਥਿਆਰ ਇੱਕ ਈ ਹੁੰਦੈ, ਉਹ ਜਾਨ ਬਚਾਉਂਦੈ ਵੀ ਐ ਤੇ ਜਾਨ ਲੈਂਦਾ ਵੀ ਐ! ਫਰਕ ਇਸ ਗੱਲ ਦਾ ਹੁੰਦੈ ਕਿ ਉਹ ਕਿਸ ਦੇ ਹੱਥ ਵਿਚ ਐ ਤੇ ਉਸ ਦਾ ਮੂੰਹ ਕਿਸ ਵੱਲ ਐ! ਇੰਟਰਨੈਟ 'ਤੇ ਕਿਸੇ ਵੀ ਖਬਰ/ਤੱਥ ਦੀ ਭਰੋਸੇਯੋਗਤਾ ਪਰਖੀ ਜਾ ਸਕਦੀ ਹੈ। ਹਾਂ, ਇਹ ਕੰਮ ਸਮਾਂ ਮੰਗਦਾ ਹੈ ਤੇ ਸਮਾਂ ਸਾਨੂੰ ਕੱਢਣਾ ਈ ਪੈਣਾ ਹੈ! ਮਿਸ਼ਨਰੀ ਭਾਵਨਾ ਨਾਲ ਕੰਮ ਕਰਨ ਵਾਲੇ ਅਜਿਹੇ ਸਮਰਪਿਤ ਗਰੁਪਾਂ, ਸੰਸਥਾਵਾਂ ਦਾ ਗਠਨ ਬੇਹੱਦ ਜ਼ਰੂਰੀ ਹੋ ਗਿਆ ਹੈ, ਜੋ ਕੂੜ-ਪਸਾਰੇ ਵਿਰੁਧ ਨਿਰੰਤਰ ਪਹਿਰੇਦਾਰੀ ਰੱਖਣ ਤੇ ਲੋਕਾਂ 'ਚ 'ਜਾਗਦੇ ਰਹੋ' ਦਾ ਹੋਕਾ ਦਿੰਦੀਆਂ ਰਹਿਣ!

ਜਾਤੀ ਵਿਤਕਰੇ ਤੋਂ ਰਹਿਤ, ਹਕੀਕੀ ਨਾਰੀ ਮੁਕਤੀ ਵਾਲਾ ਇੱਕ ਜਮਾਤ ਰਹਿਤ 'ਬੇਗਮਪੁਰਾ' ਸਿਰਜਣ ਲਈ, ਸਰਬੱਤ ਦੇ ਭਲੇ ਵਾਸਤੇ ਇਹ ਹੋਕਾ, ਇਹ ਪਹਿਰੇਦਾਰੀ ਬਹੁਤ ਜ਼ਰੂਰੀ ਹੈ! ਆਮੀਨ!!

# ਰੰਗਾਂ ਵਿਚ ਘੁਲੀ ਮੁਹੱਬਤ





*ਰੈਮਬਰਾਂਟ ਦਾ 1942 ਵਿਚ ਬਣਾਇਆ ਮਸ਼ਹੂਰ ਚਿੱਤਰ 'ਨਾਈਟ ਵਾਚ' ਅਤੇ (ਸੱਜੇ) ਰੈਮਬਰਾਂਟ ਦਾ ਆਪਣੀ ਪਤਨੀ ਸਾਸਕੀਆ ਨਾਲ ਬਣਾਇਆ ਆਪਣਾ ਸਵੈ-ਚਿੱਤਰ।*

ਕਲਾ ਪਰਿਕਰਮਾ

ਅੰਮ੍ਰਿਤਾ ਪ੍ਰੀਤਮ

ਹੁਨਰ ਕਿਹੜੇ ਰਾਹਵਾਂ ਤੋਂ ਤੁਰ ਕੇ ਔਂਦਾ ਹੈ, ਕਿਹੜੇ ਪੈਂਡੇ ਗਾਹ ਕੇ, ਕੋਈ ਨਹੀਂ ਜਾਣਦਾ। ਦੁਨੀਆਂ ਦੇ ਮਸ਼ਹੂਰ ਡੱਚ ਚਿੱਤਰਕਾਰ ਰੈਮਬਰਾਂਟ (15 ਜੁਲਾਈ 1606-4 ਅਕਤੂਬਰ 1669) ਦੀ ਮਾਂ ਡਬਲਰੋਟੀਆਂ ਸੇਕਣ ਵਾਲੇ ਬਾਪ ਦੇ ਘਰ ਜੰਮੀ ਸੀ। ਚਿੱਤਰਕਾਰ ਦਾ ਬਾਪ ਮਿੱਲ ਦਾ ਕਾਮਾ ਸੀ, ਤੇ ਉਨ੍ਹਾਂ ਦੇ ਸੱਤਾਂ ਬੱਚਿਆਂ ਵਿਚੋਂ ਇਹ ਰੈਮਬਰਾਂਟ ਛੇਵਾਂ ਬੱਚਾ ਸੀ।

ਘਰ ਦਾ ਇਕ ਪੁੱਤਰ ਮਿੱਲ ਦਾ ਕਾਮਾ ਹੀ ਬਣਿਆ ਸੀ, ਦੂਜਾ ਡਬਲਰੋਟੀਆਂ ਸੇਕਣ ਵਾਲਾ, ਤੇ ਤੀਜਾ ਮੋਚੀ ਪਰ ਇਸ ਰੈਮਬਰਾਂਟ ਨੂੰ ਕਲਾ ਦਾ ਇਸ਼ਕ ਕਿਵੇਂ ਲੱਗਾ, ਕੋਈ ਨਹੀਂ ਜਾਣਦਾ।

ਰੈਮਬਰਾਂਟ ਸ਼ੋਹਰਤ ਦੇ ਸਿਖਰ ਉਤੇ ਸੀ, ਜਦੋਂ 1932 ਵਿਚ ਉਹਦੀ ਮੁਲਾਕਾਤ ਵੀਹਾਂ ਵਰ੍ਹਿਆਂ ਦੀ ਹੁਸੀਨਾ ਸਾਸਕੀਆ ਨਾਲ ਹੋਈ ਸੀ। ਇਹ ਸਾਸਕੀਆ ਰੈਮਬਰਾਂਟ ਦੇ ਆਰਟ ਡੀਲਰ ਦੀ ਰਿਸ਼ਤੇ ਵਿਚੋਂ ਭੈਣ ਲਗਦੀ ਸੀ, ਅੰਤਾਂ ਦੀ ਸੋਹਣੀ ਤੇ ਅਮੀਰ ਜਿਹਨੇ ਵਿਰਸੇ ਵਿਚ ਬਹੁਤ ਵੱਡੀ ਜਾਇਦਾਦ ਪਾਈ ਹੋਈ ਸੀ। ਰੈਮਬਰਾਂਟ ਦਾ ਇਸ਼ਕ ਸਾਸਕੀਆ ਦੀ ਪੋਰਟਰੇਟ ਬਣਾਉਣ ਤੋਂ ਸ਼ੁਰੂ ਹੋਇਆ ਸੀ ਜਿਹਨੇ 5 ਜੂਨ 1633 ਵਿਚ ਮੰਗਣੀ ਦਾ ਰਿਸ਼ਤਾ ਅਖਤਿਆਰ ਕਰ ਲਿਆ, ਤੇ ਹੋਰ ਵਰ੍ਹੇ ਪਿੱਛੋਂ ਵਿਆਹ ਦਾ। ਰੈਮਬਰਾਂਟ ਨੇ ਆਪਣੀ ਬੀਵੀ ਨੂੰ ਕਈ ਵਾਰ ਤੇ ਕਈ ਤਰ੍ਹਾਂ ਕੈਨਵਸ ਉਤੇ ਚਿੱਤਰਿਆ ਸੀ।

ਰੈਮਬਰਾਂਟ ਦੀ ਘਰੋਗੀ ਜ਼ਿੰਦਗੀ ਵਿਚ ਇਕ ਹਾਦਸਾ ਲਗਾਤਾਰ ਵਾਪਰਦਾ ਗਿਆ, ਉਹਦੇ ਘਰ ਜਿਹੜਾ ਵੀ ਬੱਚਾ ਪੈਦਾ ਹੁੰਦਾ ਸੀ, ਕੁਝ ਹਫਤਿਆਂ ਦਾ ਹੋ ਕੇ ਮਰ ਜਾਂਦਾ ਸੀ। ਚੌਥਾ ਬੱਚਾ ਪੁੱਤਰ ਹੋਇਆ, ਜਿਹਦੇ ਲਈ ਉਹ ਉਦਾਸ ਦਿਲੋਂ ਕੱਫਨ ਦੀ ਤਿਆਰੀ ਕਰਦੇ ਪਏ ਸਨ ਕਿ ਬੱਚਾ ਬਚ ਗਿਆ ਪਰ ਮਾਂ ਹਮੇਸ਼ਾ ਲਈ ਮੰਜੀ ਉਤੇ ਪੈ ਗਈ। ਇਹ ਬੱਚਾ 22 ਸਤੰਬਰ 1641 ਨੂੰ ਹੋਇਆ ਸੀ, ਤੇ ਅਗਲਾ ਵਰ੍ਹੇ, 5 ਜੂਨ 1642 ਨੂੰ ਸਾਸਕੀਆ ਨੇ ਵਸੀਹਤ ਲਿਖੀ ਕਿ ਜੇ ਰੈਮਬਰਾਂਟ ਉਹਦੇ ਮਰਨ ਪਿੱਛੋਂ ਹੋਰ ਵਿਆਹ ਨਾ ਕਰੇ ਤਾਂ ਮੇਰੀ ਸਾਰੀ ਜਾਇਦਾਦ ਦਾ ਉਹ ਵਾਰਿਸ ਹੋਵੇਗਾ, ਨਹੀਂ ਤਾਂ ਸਿਰਫ ਬੱਚਾ ਵਾਰਿਸ ਹੋਵੇਗਾ।

ਇਸ ਵਸੀਅਤ ਤੋਂ 9 ਦਿਨ ਬਾਅਦ ਸਾਸਕੀਆ ਮਰ ਗਈ ਸੀ। ਸਾਸਕੀਆ ਦੇ ਜਿਉਂਦੇ ਜੀਅ ਰੈਮਬਰਾਂਟ ਨੇ ਉਹਦੇ ਅਨੇਕਾਂ ਚਿੱਤਰ ਬਣਾਏ ਸਨ ਪਰ ਜੋ ਉਹਦੀ ਮੌਤ ਤੋਂ ਬਾਅਦ 1643 ਵਿਚ ਬਣਾਇਆ ਕਿਹਾ ਜਾਂਦਾ ਹੈ, ਉਹ ਚਿੱਤਰਕਾਰ ਦਾ ਬੇਮਿਸਾਲ ਚਿੱਤਰ ਹੈ। ਸਾਸਕੀਆ ਦੀ ਮੌਤ ਤੋਂ ਬਾਅਦ ਰੈਮਬਰਾਂਟ ਦੇ ਲੈਂਡਸਕੇਪ ਵੀ ਉਹਦੀ ਕਲਾ ਦਾ ਇਤਿਹਾਸਕ ਮੋੜ ਹਨ।

ਇਸ ਤੋਂ ਬਾਅਦ ਰੈਮਬਰਾਂਟ ਦੀ ਜ਼ਿੰਦਗੀ ਵਿਚ ਤੂਫਾਨੀ ਹਾਦਸਾ ਵਾਪਰ ਗਿਆ। ਬੱਚੇ ਦੀ ਦੇਖ ਭਾਲ ਲਈ ਉਹਨੇ ਜਿਹੜੀ ਔਰਤ ਨੂੰ ਘਰ ਦੀ ਰਖਵਾਲੀ ਦਿੱਤੀ ਸੀ, ਉਸ ਦੀ ਦਿਲਚਸਪੀ ਕਲਾਕਾਰ ਵਿਚ ਨਹੀਂ ਸੀ, ਉਹਦੀ ਦੌਲਤ ਵਿਚ ਸੀ; ਤੇ ਜਦੋਂ ਰੈਮਬਰਾਂਟ ਨੇ ਉਹਦੀ ਨੀਅਤ ਜਾਣ ਲਈ, ਉਹਨੂੰ ਬਹੁਤ ਸਾਰਾ ਪੈਸਾ ਦੇ ਕੇ ਘਰੋਂ ਚਲੇ ਜਾਣ ਲਈ ਆਖਿਆ ਪਰ ਉਹ ਪੈਸੇ ਦੇ ਮੋਹ ਵਿਚ ਕੂਲੇ ਇਨਸਾਨੀ ਰਿਸ਼ਤੇ ਨੂੰ ਕਚਿਹਰੀ ਦੇ ਬੂਹੇ ਤੱਕ ਲੈ ਗਈ ਕਿ ਰੈਮਬਰਾਂਟ ਨੇ ਉਹਦੇ ਨਾਲ ਵਿਆਹ ਦਾ ਇਕਰਾਰ ਕੀਤਾ ਹੋਇਆ ਸੀ। ਕਚਿਹਰੀ ਦੇ ਫੈਸਲੇ ਅਨੁਸਾਰ, ਰੈਮਬਰਾਂਟ ਨੂੰ ਵਰ੍ਹੇ ਦੀ ਦੋ ਸੋ ਸਿੱਕੇ (ਪੈਨਸ਼ਨ ਜਿਹੀ) ਉਹ ਔਰਤ ਦੇ ਨਾਂ ਕਰਨੀ ਪਈ।

ਹੈਨਡਰਿਕਯ ਸਟੌਫਲਜ਼ ਰੈਮਬਰਾਂਟ ਦੀ ਜ਼ਿੰਦਗੀ ਵਿਚ ਤੀਸਰੀ ਔਰਤ ਸੀ ਜਿਹੜੀ ਅਸਲ ਵਿਚ ਪਹਿਲੀ ਔਰਤ ਵੀ ਆਖਿਆ ਜਾ ਸਕਦਾ ਹੈ ਜਿਹਨੇ ਆਪਣੀ ਸਾਰੀ ਹੋਂਦ ਨਾਲ ਰੈਮਬਰਾਂਟ ਦਾ ਦਿਲ ਜਿੱਤ ਲਿਆ ਸੀ।



*ਰੈਮਬਰਾਂਟ ਦਾ 1934 ਵਿਚ ਸਾਸਕੀਆ ਦਾ ਬਣਾਇਆ ਚਿੱਤਰ।*



*ਰੈਮਬਰਾਂਟ ਦਾ 1659 ਵਿਚ ਬਣਾਇਆ ਆਪਣਾ ਸਵੈ-ਚਿੱਤਰ।*

ਇਹ ਹੈਨਡਰਿਕਯ ਕਿਸਾਨ ਘਰ ਦੀ ਕੁੜੀ ਸੀ, ਤੇ ਰੈਮਬਰਾਂਟ ਦੇ ਘਰ ਦੀ ਸੰਭਾਲ ਲਈ ਰੱਖੀ ਗਈ ਸੀ ਪਰ ਇਹ ਉਹ ਕੁੜੀ ਸੀ ਜਿਹਦੇ ਦਿਲ ਦੀ ਸੱਚਾਈ ਤੇ ਸਾਦਗੀ ਦੀ ਰੈਮਬਰਾਂਟ ਨੂੰ ਚਿਰਾਂ ਦੀ ਤਲਬ ਸੀ।

ਰੈਮਬਰਾਂਟ ਦੇ ਇਤਿਹਾਸਕਾਰ ਲਿਖਦੇ ਹਨ ਕਿ ਉਹਨੇ ਸਾਸਕੀਆ ਨੂੰ ਪਿਆਰ ਜ਼ਰੂਰ ਕੀਤਾ ਸੀ ਪਰ ਉਸ ਪਿਆਰ ਵਿਚ ਸਾਸਕੀਆ ਦੇ ਉਚੇ ਘਰਾਣੇ ਦੀ ਇੱਜ਼ਤ ਤੇ ਅਮੀਰੀ ਦੀ ਰਿਆਇਤ ਵੀ ਸ਼ਾਮਿਲ ਸੀ ਪਰ ਹੈਨਡਰਿਕਯ ਕੋਲ ਇਨਸਾਨੀ ਖੂਬੀਆਂ ਤੋਂ ਇਲਾਵਾ ਹੋਰ ਕੁਝ ਨਹੀਂ ਸੀ।

ਪਰ ਇਹ ਔਰਤ ਜਦੋਂ ਰੈਮਬਰਾਂਟ ਦੇ ਚਿੱਤਰਾਂ ਵਿਚ ਕਈ ਤਰ੍ਹਾਂ ਨਾਲ ਚਿੱਤਰੀ ਗਈ ਤਾਂ ਉਹਦੇ ਲਈ ਸਮਾਜਿਕ ਵੇਲਾ ਔਖਾ ਹੋ ਗਿਆ। ਉਹਦੀ ਆਬਰੂ ਉਤੇ ਇਸ਼ਾਰੇ ਹੋਣ ਲੱਗੇ ਕਿ ਉਹ ਅਜਿਹੇ ਮਰਦ ਨਾਲ ਜ਼ਿੰਦਗੀ ਜਿਉ ਰਹੀ ਹੈ ਜੋ ਕਾਨੂੰਨਨ ਉਹਦਾ ਖਾਵੰਦ ਨਹੀਂ।

ਇਕ ਇਲਜ਼ਾਮ ਰੈਮਬਰਾਂਟ ਉਤੇ ਵੀ ਲਾਇਆ ਜਾਣ ਲੱਗਾ ਕਿ ਉਹ ਆਪਣੀ ਬੀਵੀ ਦੀ ਵਸੀਅਤ ਮੁਤਾਬਿਕ ਉਹਦੀ ਦੌਲਤ ਨੂੰ ਹੱਥੋਂ ਨਾ ਛੱਡਣ ਲਈ ਕਾਨੂੰਨੀ ਵਿਆਹ ਨਹੀਂ ਕਰ ਰਿਹਾ।

ਸਤ੍ਹਾਰਵੀਂ ਸਦੀ ਦਾ ਇਹ ਵੇਲਾ ਗਿਰਜਿਆਂ ਦੀ ਹਕੂਮਤ ਦਾ ਵੇਲਾ ਸੀ। ਇਸ ਲਈ ਦੋਵੇਂ ਮੁਜਰਮ ਪਾਦਰੀਆਂ ਵੱਲੋਂ ਬੁਲਾਏ ਗਏ। ਇਸ ਵੇਲੇ ਰੈਮਬਰਾਂਟ ਦਾ ਇਕ ਹੋਰ ਗੁਨਾਹ ਸਾਹਮਣੇ ਆਇਆ ਕਿ ਉਹ ਕੌਮੀ ਗਿਰਜੇ ਦਾ ਮੈਂਬਰ ਨਹੀਂ ਸੀ।

ਇਹ ਵੇਲਾ ਹੈਨਡਰਿਕਯ ਦੀ ਮਾਨਸਿਕ ਜੁਰਅਤ ਦਾ ਵੇਲਾ ਸੀ ਜਿਹਨੇ ਪਾਦਰੀਆਂ ਸਾਹਮਣੇ ਰੈਮਬਰਾਂਟ ਨਾਲ ਕਿਸੇ ਵੀ ਗੈਰ ਕਾਨੂੰਨੀ ਸਬੰਧ ਤੋਂ ਇਨਕਾਰ ਕਰ ਦਿੱਤਾ। ਤਾਂ ਵੀ ਉਹਨੂੰ ਕੁਝ ਜੁਰਮਾਨਾ ਭਰਨਾ ਪਿਆ ਜੋ ਉਹਨੇ ਖੁਸ਼ੀ ਨਾਲ ਭਰ ਦਿੱਤਾ ਪਰ ਇਸ ਜੁਰਮਾਨੇ 'ਤੇ ਪਛਤਾਵੇ ਦਾ ਰੂਹ ਨਾਲ ਕੋਈ ਸਬੰਧ ਨਹੀਂ ਸੀ। ਉਹ ਰੈਮਬਰਾਂਟ ਨਾਲ ਉਸੇ ਤਰ੍ਹਾਂ ਆਪਣੀ ਵਫਾ ਪਾਲਦੀ ਰਹੀ, ਜਿਵੇਂ ਪਹਿਲਾਂ ਪਾਲਦੀ ਸੀ। ਇਸ ਦੁਖਦਾਈ ਹਾਦਸੇ ਦੇ ਤਿੰਨਾਂ ਮਹੀਨਿਆਂ ਪਿੱਛੋਂ ਉਹਨੇ ਰੈਮਬਰਾਂਟ ਦੀ ਧੀ ਜੰਮੀ ਸੀ ਜਿਹਦਾ ਨਾਂ ਉਨ੍ਹਾਂ ਦੋਹਾਂ ਨੇ ਕਾਰਨੀਲੀਆ ਰੱਖਿਆ ਸੀ।

ਇਹ ਨਾਂ ਕਾਰਨੀਲੀਆ ਰੈਮਬਰਾਂਟ ਨੇ ਆਪਣੀਆਂ ਪਹਿਲੀਆਂ ਉਨ੍ਹਾਂ ਦੋਹਾਂ ਧੀਆਂ ਦਾ ਵੀ ਰੱਖਿਆ ਸੀ ਜੋ ਉਹਦੀ ਬੀਵੀ ਸਾਸਕੀਆ ਤੋਂ ਜੰਮੀਆਂ ਸਨ, ਤੇ ਸਿਰਫ ਕੁਝ ਕੁਝ ਹਫਤੇ ਜਿਊਂਦੀਆਂ ਰਹੀਆਂ ਸਨ। ਇਹ ਤੀਜੀ ਕਾਰਨੀਲੀਆ ਜਿਊਂਦੀ ਰਹੀ। ਹੈਨਡਰਿਕਯ ਜਿਵੇਂ ਇਸ ਬੱਚੀ ਦੀ ਪੂਰੀ ਮਾਂ ਬਣੀ, ਉਸੇ ਤਰ੍ਹਾਂ ਰੈਮਬਰਾਂਟ ਦੇ ਪੁੱਤਰ ਟਾਈਟਸ ਦੀ ਮਾਂ ਵੀ ਬਣੀ ਰਹੀ।

ਇਹ ਹੈਨਡਰਿਕਯ ਦੀ ਆਪਣੀ ਉਚੀ ਸ਼ਖਸੀਅਤ ਸੀ ਕਿ ਰੈਮਬਰਾਂਟ ਦੀ ਇਸ ਪ੍ਰੇਮਿਕਾ-ਪਤਨੀ ਦੇ ਸਾਹਮਣੇ ਸੱਚਮੁੱਚ ਦਾ ਕਾਨੂੰਨ ਛੋਟਾ ਹੋ ਗਿਆ ਸੀ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਮਈ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-428



*ਅੰਦਰ ਵੜੇ ਕਰੋਨਾ ਤੋਂ ਡਰੇ ਸਾਰੇ,*
*ਫਿਕਰ ਪਿਆ ਏ ਬਹੁਤ ਰੁਜ਼ਗਾਰ ਦਾ ਜੀ।*
*ਲੋੜਵੰਦਾਂ ਨੂੰ ਭੇਜ'ਤੀ ਕਣਕ ਜਲਦੀ,*
*ਧੰਨਵਾਦ 'ਪੰਜਾਬ ਸਰਕਾਰ' ਦਾ ਜੀ!*

## ਕੈਪਸ਼ਨ ਮੁਕਾਬਲਾ-426



ਰਲ-ਮਿਲ ਕੇ ਕਾਰਜ ਕਰਨੇ
ਸਾਂਝੀਵਾਲਤਾ ਦਾ ਇਹ ਹੈ ਚਿੰਨ੍ਹ।
ਬੇਸ਼ੁਮਾਰ ਕੜਾਹੀਆਂ ਲੋੜੀਂਦੀਆਂ
ਕੰਮ ਮੁਕਾਉਣਾ ਦਿਨ ਦੇ ਦਿਨ।
ਟਰਾਲੀਆਂ 'ਤੇ ਕੜਾਹੀਆਂ ਦੀ
ਸ਼ੁਰੂ ਹੋ ਗਈ ਲੱਦ-ਲਦਾਈ,
ਦੂਜੀ ਜਗ੍ਹਾ ਪਹੁੰਚ ਸੰਗਤ ਨੇ
ਹੱਥ ਵਟਾਉਂਦਾ ਰਲ ਕੇ ਭਾਈ।

**-ਦਰਸ਼ਨਪਾਲ ਦੋਸਾਂਝ**

---

ਸੁੱਚੀ ਕਿਰਤ ਤੇ ਕਾਰ ਸੇਵਾ,
ਅਸੀਂ ਕਰਦੇ ਆਏ ਹਾਂ।
ਜ਼ੁਲਮ ਮੁੱਦਤਾਂ ਤੋਂ ਜਾਬਰ ਦਾ,
ਅਸੀਂ ਜਰਦੇ ਆਏ ਹਾਂ।
ਇਤਿਹਾਸ ਗਵਾਹ ਸਾਡਾ
ਕਦੇ ਖੈਰਾਤ ਨਾ ਮੰਗਦੇ,
ਢਾਹੇ ਨੇ ਜਦੋਂ ਚਾਨਣ ਮੁਨਾਰੇ,
ਅਸੀਂ ਖੁਦ ਬਣਾਏ ਨੇ।

**-ਸੇਵਾ ਸਿੰਘ ਨੂਰਪੁਰੀ**

---

ਤਿਆਰ-ਬਰ-ਤਿਆਰ ਇੰਨ੍ਹ, ਕੜਾਹੀਆਂ
ਰਾਹ, ਪੁਲ ਜਾਂ ਕਾਰ ਸੇਵਾ ਕੋਈ।
ਸਿੱਖ ਸੰਗਤ ਝੱਟ ਪੁੱਜ ਜਾਵੇ
ਜਿੱਧਰੋਂ ਵੀ ਪੈ ਜਾਵੇ ਕਨਸੋਈ।
ਸ਼ਰਧਾ ਨਾਲ ਕੰਮ ਨਿਬੇੜ ਕੇ
ਘਰ ਪਰਤਣ ਲਈ ਸਮਾਨ ਜਾਵਣ ਢੋਈ।

**-ਦਵਿੰਦਰ ਕੌਰ**

---

ਤਨ, ਮਨ ਦੇ ਨਾਲ ਕਰਕੇ ਸੇਵਾ
ਸਾਂਝਾ ਕੰਮ ਮੁਕਾਇਆ।
ਘਰੋ ਘਰਾਂ ਨੂੰ ਕਰੀ ਤਿਆਰੀ
ਲੈ ਯਾਦਾਂ ਦਾ ਸਰਮਾਇਆ।
'ਕੱਠ ਦੇ ਅੱਗੇ ਕੁਝ ਨਾ ਅੜਦਾ
ਕਰਕੇ ਸੱਚ ਦਿਖਾਇਆ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਸ਼ਾਂਤਮਈ ਸਮਾਜਕ ਤਬਦੀਲੀ ਦਾ ਰਾਹ
ਦਿਖਾਇਆ ਗੁਰਾਂ ਨੇ 'ਕਾਰ ਸੇਵਾ' ਦੇ ਨਾਲ।
ਇਕ ਦੂਜੇ ਦੀ ਹਿੰਮਤ ਨਾਲ ਰਲ ਕੇ
ਸਾਂਝੀਵਾਲਤਾ ਦੇ ਕੰਮ ਹੁੰਦੇ ਕਮਾਲ।
ਨਿਰਸਵਾਰਥ ਇਨਸਾਨ ਬਣਾਏ
ਮਨੁੱਖਤਾ ਦੀ ਸੇਵਾ ਜਿਨ੍ਹਾਂ ਦਾ ਮਲਾਲ।

**-ਅਮਰਜੀਤ ਸਿੰਘ ਤੂਰ**
**ਫੋਨ: 91-98784-69639**

---

ਤਸਲੇ ਭਰ ਕੇ ਟਰਾਲੀ ਵਿਚ
ਕਰ ਲਈ ਜਾਣ ਦੀ ਤਿਆਰੀ,
ਤੇਰੇ ਨਾਮ ਲੇਵਾ ਨਾ ਕਦੇ ਥੱਕਣ
ਇਹ ਕਾਰਜ ਸੇਵਾ ਦਾ ਕਰਦੇ
ਤਾਂ ਹੀ ਤੇਰੇ ਨਾਂ ਦੀ ਪਾਉਂਦੇ ਰਸਾਈ।
ਤੇਰੀਆਂ ਰਹਿਮਤਾਂ ਬਖਸ਼ਿਸ਼ਾਂ ਨੂੰ
ਅੱਜ ਸਾਰੀ ਖਲਕ ਮੰਨੇ,
ਹੱਥੀਂ ਕਿਰਤ ਕਰਦੇ ਨਾ ਥੱਕਦੇ
ਧੰਨ ਬਾਬਾ ਤੂੰ ਤੇ ਧੰਨ ਤੇਰੀ ਕਮਾਈ।

**-ਸੁਕੰਨਿਆ ਭਾਰਦਵਾਜ ਨਾਭਾ**
**ਫੋਨ: 815-307-3112**

---

ਇਸ ਥਾਂ ਹੋਇਆ ਕੰਮ ਸਮਾਪਤ
ਅਗਲੀ ਥਾਂ 'ਤੇ ਚੱਲੇ।
ਕਾਮਿਆਂ ਨੇ ਲੌਕਡਾਊਨ ਵਿਚ
ਮੁੜ ਤੋਂ ਮੋਰਚੇ ਮੱਲੇ।
ਟੀਮ ਦਾ ਆਗੂ ਗਿਣ ਗਿਣ ਕੇ
ਸਮਾਨ ਟਰਾਲੀ ਵਿਚ ਧਰਦਾ।
ਢਿੱਡ ਨੂੰ ਝੁਲਕਾ ਦੇਣ ਦੀ ਖਾਤਰ
ਕੰਮ ਬਿਨਾ ਨਾ ਸਰਦਾ।

**-ਸੁਖਦੇਵ ਸ਼ਰਮਾ, ਧੂਰੀ**
**ਫੋਨ: 91-95920-85886**

---

ਟਰਾਲੀ ਭਰ ਲਈ ਕੜਾਹੀਆਂ ਨਾਲ
ਹੁਣ ਕਿੱਦਾਂ ਇਸ ਨੂੰ ਚਲਾਵਾਂਗੇ।
ਜਦੋਂ ਨਿਕਲਾਂਗੇ ਸੜਕ 'ਤੇ
ਕਈਆਂ ਦੀ ਜਾਨ ਜੋਖਮ 'ਚ ਪਾਵਾਂਗੇ।
ਹਟਾਂਗੇ ਨਹੀਂ ਇਸ ਤਰ੍ਹਾਂ ਕਰਨਾ
ਮੁੜ ਮੁੜ ਕੇ ਫਿਰ ਦੁਹਰਾਵਾਂਗੇ।

**-ਇੰਦਰਜੀਤ ਮੰਗਾ**
**ਪਿਟਸਬਰਗ, ਕੈਲੀਫੋਰਨੀਆ।**

# ਵਿਕਾਸ ਲਈ ਗੁਜਰਾਤ ਮਾਡਲ ਹੋਵੇ ਜਾਂ ਕੇਰਲ ਮਾਡਲ?

ਇਸ ਸਦੀ ਦੇ ਪਹਿਲੇ ਦਹਾਕੇ ਦੇ ਅਖੀਰ ਵਿਚ ਜਦੋਂ ਨਰਿੰਦਰ ਮੋਦੀ ਨੇ 'ਗੁਜਰਾਤ ਮਾਡਲ' ਦਾ ਪ੍ਰਚਾਰ ਸ਼ੁਰੂ ਕੀਤਾ ਤਾਂ ਇਹ ਦੂਜੀ ਵਾਰ ਸੀ, ਜਦੋਂ ਭਾਰਤ ਦੇ ਕਿਸੇ ਸੂਬੇ ਨੇ ਆਪਣੇ ਨਾਂ ਨਾਲ ਅਜਿਹਾ ਵੱਡਾ, ਸਵੈ-ਪ੍ਰਚਾਰਕ ਵਿਸ਼ੇਸ਼ਣ ਜੋੜਿਆ ਸੀ। ਪਹਿਲਾ ਸੂਬਾ ਕੇਰਲ ਸੀ। ਇਸ ਦੇ ਨਾਂ ਵਾਲੇ 'ਕੇਰਲ ਮਾਡਲ' ਦਾ ਮੂਲ 1970ਵਿਆਂ ਦੇ ਅਧਿਐਨ ਨਾਲ ਜੁੜਦਾ ਹੈ ਜੋ ਤਿਰੂਵਨੰਤਪੁਰਮ ਦੇ ਸੈਂਟਰ ਫਾਰ ਡਿਵੈਲਪਮੈਂਟ ਸਟੱਡੀਜ਼ ਦੇ ਅਰਥ ਸ਼ਾਸਤਰੀਆਂ ਨੇ ਕੀਤਾ ਸੀ। ਇਹ ਅਧਿਐਨ ਕਹਿੰਦਾ ਹੈ ਕਿ ਆਬਾਦੀ (ਘੱਟ ਜਨਮ ਦਰ), ਸਿੱਖਿਆ (ਔਰਤਾਂ ਦੀ ਉਚੀ ਸਾਖਰਤਾ ਦਰ) ਅਤੇ ਸਿਹਤ (ਨਵਜੰਮੇ ਬਾਲਾਂ

**ਰਾਮਚੰਦਰ ਗੁਹਾ**

ਦੀ ਘੱਟ ਮੌਤ ਦਰ ਤੇ ਉਚੀ ਤੰਦਰੁਸਤੀ ਦਰ) ਆਦਿ ਵਰਗੇ ਸੂਚਕ ਅੰਕਾਂ ਨੂੰ ਦੇਖੀਏ ਤਾਂ ਗਰੀਬ ਮੁਲਕ ਭਾਰਤ ਦੇ ਇਸ ਛੋਟੇ ਜਿਹੇ ਸੂਬੇ ਨੇ ਕਮਾਲ ਕਾਰਗੁਜ਼ਾਰੀ ਦਿਖਾਈ ਜੋ ਕੁਝ ਥਾਈਂ ਯੂਰਪ ਤੇ ਉਤਰੀ ਅਮਰੀਕਾ ਦੇ ਕੁਝ ਹਿੱਸਿਆਂ ਤੋਂ ਵੀ ਬਿਹਤਰ ਸੀ। ਇਉਂ ਅਰਥ ਸ਼ਾਸਤਰੀਆਂ ਤੇ ਆਬਾਦੀ ਮਾਹਿਰਾਂ ਤੋਂ ਮਿਲੇ ਹੁਲਾਰੇ ਤੋਂ ਜੋਸ਼ ਵਿਚ ਆਏ ਕੇਰਲ ਨੇ ਸਮਾਜ ਸ਼ਾਸਤਰੀਆਂ ਤੇ ਸਿਆਸੀ ਮਾਹਿਰਾਂ ਤੋਂ ਵੀ ਆਪਣੀਆਂ ਤਾਰੀਫਾਂ ਕਰਵਾਉਣੀਆਂ ਸ਼ੁਰੂ ਕਰ ਦਿੱਤੀਆਂ। ਇਕ ਪਾਸੇ ਜਿਥੇ ਅਰਥ ਸ਼ਾਸਤਰੀਆਂ ਤੇ ਆਬਾਦੀ ਮਾਹਿਰਾਂ ਦਾ ਕਹਿਣਾ ਸੀ ਕਿ 20ਵੀਂ ਸਦੀ ਦੌਰਾਨ ਕੇਰਲ ਵਿਚ ਜਾਤ ਤੇ ਜਮਾਤ ਦੇ ਵਖਰੇਵੇਂ ਮੁੱਕ ਗਏ ਹਨ, ਉਥੇ ਸਮਾਜ ਸ਼ਾਸਤਰੀਆਂ ਤੇ ਸਿਆਸੀ ਮਾਹਿਰਾਂ ਦਾ ਦਾਅਵਾ ਸੀ ਕਿ ਸੰਵਿਧਾਨ ਦੀਆਂ 73ਵੀਂਆਂ ਤੇ 74ਵੀਂਆਂ ਤਰਮੀਮਾਂ ਨੂੰ ਲਾਗੂ ਕਰਨ ਦੇ ਮਾਮਲੇ ਵਿਚ ਕੇਰਲ ਮੁਲਕ ਦੇ ਬਾਕੀ ਸੂਬਿਆਂ ਤੋਂ ਮੋਹਰੀ ਰਿਹਾ ਹੈ। ਇਨ੍ਹਾਂ ਮੁਤਾਬਿਕ, ਕੇਰਲ ਦੀਆਂ ਮਿਉਂਸਿਪੈਲਿਟੀਆਂ ਅਤੇ ਪੰਚਾਇਤਾਂ ਨੂੰ ਦੇਸ਼ ਦੇ ਬਾਕੀ ਸੂਬਿਆਂ ਤੋਂ ਵੱਧ ਅਖਤਿਆਰ ਮਿਲੇ ਹੋਏ ਸਨ।

ਮਰਹੂਮ ਅਮਰੀਕੀ ਰਾਸ਼ਟਰਪਤੀ ਜੌਹਨ ਐਫ ਕੈਨੇਡੀ ਦੀ ਮਸ਼ਹੂਰ ਟਿੱਪਣੀ ਹੈ: ਸਫਲਤਾ ਦਾ ਸਿਹਰਾ ਬੰਨ੍ਹਾਉਣ ਲਈ ਬਥੇਰੇ ਹੁੰਦੇ ਹਨ (ਪਰ ਅਸਫਲਤਾ ਯਤੀਮ ਹੁੰਦੀ ਹੈ)। ਜਦੋਂ ਕੇਰਲ ਦੀਆਂ ਇਨ੍ਹਾਂ ਪ੍ਰਾਪਤੀਆਂ ਦਾ ਪ੍ਰਚਾਰ ਹੋਇਆ ਤਾਂ ਬਹੁਤ ਸਾਰੇ ਅਦਾਰਿਆਂ ਨੇ ਸਿਹਰਾ ਆਪਣੇ ਸਿਰ ਲੈਣ ਲਈ ਭੱਜ-ਦੌੜ ਸ਼ੁਰੂ ਕਰ ਦਿੱਤੀ। ਸੂਬੇ ਵਿਚ ਲੰਮਾ ਸਮਾਂ ਸੱਤਾ ਵਿਚ ਰਹੇ ਕਮਿਊਨਿਸਟਾਂ ਨੇ ਦਾਅਵਾ ਕੀਤਾ ਕਿ ਇਹ ਉਨ੍ਹਾਂ ਵਲੋਂ ਆਰਥਿਕ ਨੀਤੀਆਂ ਵਿਚ ਕੀਤੀ ਵਿਆਪਕ ਤਬਦੀਲੀ ਦਾ ਸਿੱਟਾ ਸੀ। ਸ੍ਰੀ ਨਰਾਇਣਾ ਗੁਰੂ (1855-1928) ਦੇ ਪੈਰੋਕਾਰਾਂ ਦਾ ਦਾਅਵਾ ਸੀ ਕਿ ਇਹ ਪ੍ਰਾਪਤੀਆਂ ਇਸ ਮਹਾਨ ਸਮਾਜ ਸੁਧਾਰਕ ਵਲੋਂ ਦਿੱਤੇ ਸਮਤਾ-ਸਮਾਨਤਾ ਦੇ ਸੁਨੇਹੇ ਦਾ ਸਿੱਟਾ ਸਨ। ਦੂਜੇ ਪਾਸੇ ਟ੍ਰਾਵਨਕੋਰ ਤੇ ਕੋਚੀਨ ਦੇ ਹਾਕਮਾਂ ਦੇ ਵਫਾਦਾਰਾਂ ਦਾ ਕਹਿਣਾ ਸੀ ਕਿ ਸਿੱਖਿਆ, ਖਾਸਕਰ ਕੁੜੀਆਂ ਦੀ ਸਿੱਖਿਆ ਪੱਖੋਂ ਉਨ੍ਹਾਂ ਦੇ ਹਾਕਮਾਂ ਨੇ ਬਾਕੀ ਮੁਲਕ ਦੇ ਮਹਾਰਾਜਿਆਂ ਤੇ ਨਵਾਬਾਂ ਨਾਲੋਂ ਵੱਧ ਦਲੇਰਾਨਾ ਕਦਮ ਚੁੱਕੇ ਸਨ। ਕੇਰਲ ਦਾ ਇਸਾਈ ਭਾਈਚਾਰਾ ਵੀ ਪਿੱਛੇ ਨਾ ਰਿਹਾ, ਇਸ ਦਾ ਕਹਿਣਾ ਸੀ ਕਿ ਕੁਝ ਬਿਹਤਰੀਨ ਸਕੂਲ, ਕਾਲਜ ਤੇ ਹਸਪਤਾਲ ਚਰਚ ਚਲਾਉਂਦਾ ਹੈ ਪਰ ਇਹ ਮਾਮਲਾ ਕੇਰਲ ਅਤੇ ਭਾਰਤ ਦੇ ਆਸਟਰੇਲੀਅਨ ਇਤਿਹਾਸਕਾਰ ਰੌਬਿਨ ਜੈਫਰੀ ਉਤੇ ਛੱਡ ਦਿੱਤਾ ਗਿਆ। ਇਨ੍ਹਾਂ ਸਾਰੇ ਦਾਅਵਿਆਂ ਬਾਰੇ ਉਨ੍ਹਾਂ ਦੀ ਕਿਤਾਬ 'ਪੌਲਿਟਿਕਸ, ਵਿਮੈਨ ਅਤੇ ਵੈੱਲ-ਬੀਇੰਗ' ਆਪਣੇ ਆਪ ਵਿਚ ਫੈਸਲਾਕੁਨ ਕਿਰਤ ਹੈ।

ਇਹ 'ਕੇਰਲ ਮਾਡਲ' ਦੇ ਤੱਤ ਸਨ। ਦੂਜੇ ਪਾਸੇ ਉਸ 'ਗੁਜਰਾਤ ਮਾਡਲ' ਵਿਚ ਕੀ ਸੀ, ਜਿਸ ਬਾਰੇ ਨਰਿੰਦਰ ਮੋਦੀ ਨੇ 2007 ਤੋਂ ਪ੍ਰਚਾਰ ਸ਼ੁਰੂ ਕੀਤਾ? ਇਸ ਬਾਰੇ ਵੱਡੇ ਪੱਧਰ ਉਤੇ ਬਿਆਨਬਾਜ਼ੀ ਦੇ ਬਾਵਜੂਦ ਮੋਦੀ ਨੇ ਖੁਦ ਕਦੇ ਸਪਸ਼ਟ ਨਹੀਂ ਕੀਤਾ। ਸ਼ੱਕ ਹੈ ਕਿ ਇਹ ਸ਼ਬਦ-ਸਿਰਜਣਾ ਸਵੈ-ਪ੍ਰੇਰਿਤ ਸੀ, ਜਾਂ ਇਸ ਤੋਂ ਪਹਿਲੇ ਸ਼ਬਦ (ਕੇਰਲ ਮਾਡਲ) ਦਾ ਸਿੱਟਾ ਸੀ। ਮੋਦੀ ਦਾ ਕਹਿਣਾ ਸੀ ਕਿ ਗੁਜਰਾਤ ਮਾਡਲ, ਕੇਰਲ ਮਾਡਲ ਤੋਂ ਵੱਖਰਾ ਅਤੇ ਬਿਹਤਰ ਹੈ। ਕੇਰਲ ਮਾਡਲ ਦੀ ਮੁੱਖ ਕਮਜ਼ੋਰੀ ਇਹ ਸੀ ਕਿ ਇਹ ਨਿਜੀ ਨਿਵੇਸ਼ ਨੂੰ ਖਿੱਚਣ ਵਿਚ ਨਾਕਾਮ ਰਿਹਾ। ਮਾਰਕਸਵਾਦੀ ਵਿਚਾਰਧਾਰਾ ਤੇ ਟਰੇਡ ਯੂਨੀਅਨ ਸਿਆਸਤ, ਦੋਵੇਂ ਇਸ ਦੇ ਹੱਕ ਵਿਚ ਨਹੀਂ ਸਨ। ਦੂਜੇ ਪਾਸੇ ਮੋਦੀ ਦੇ ਮੁੱਖ ਮੰਤਰੀ ਹੁੰਦਿਆਂ ਕਰਵਾਏ ਸਾਲਾਨਾ 'ਵਾਈਬਰੈਂਟ ਗੁਜਰਾਤ ਸਮਿਟ' ਖਾਸ ਤੌਰ ਤੇ ਨਿਜੀ ਨਿਵੇਸ਼ ਲਈ ਹੀ ਸਨ।

ਬਿਨਾਂ ਸ਼ੱਕ ਮੋਦੀ ਹਮਾਇਤੀਆਂ ਲਈ ਨਿਜੀ ਪੂੰਜੀ ਨਿਵੇਸ਼ ਵਾਸਤੇ ਇਹ ਖੁੱਲ੍ਹਾਪਣ ਹੀ ਉਸ 'ਗੁਜਰਾਤ ਮਾਡਲ' ਦੀ ਸਭ ਤੋਂ ਵੱਡੀ ਖੂਬੀ ਸੀ। ਇਹੋ ਕਾਰਨ ਸੀ ਕਿ ਜਦੋਂ ਮੋਦੀ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਵਾਸਤੇ ਆਪਣੀ ਮੁਹਿੰਮ ਆਰੰਭੀ ਤਾਂ ਨਾ ਸਿਰਫ ਵੱਡੇ, ਸਗੋਂ ਛੋਟੇ ਕਾਰੋਬਾਰੀ ਵੀ ਉਨ੍ਹਾਂ ਦੀ ਹਮਾਇਤ 'ਤੇ ਆ ਗਏ। ਇਸੇ ਤਰ੍ਹਾਂ ਯੂ.ਪੀ.ਏ. ਦੀ ਬਦਇੰਤਜ਼ਾਮੀ ਤੇ ਭ੍ਰਿਸ਼ਟਾਚਾਰ ਤੋਂ ਅੱਕੇ ਨੌਜਵਾਨ ਪੀੜ੍ਹੀ ਦੇ ਪੇਸ਼ੇਵਰ ਵੀ ਮੋਦੀ ਦੀ ਪਿੱਠ 'ਤੇ ਆ ਗਏ ਜੋ ਉਨ੍ਹਾਂ ਨੂੰ ਆਧੁਨਿਕੀਕਰਨ ਦੇ ਅਜਿਹੇ ਮਸੀਹੇ ਵਜੋਂ ਦੇਖ ਰਹੇ ਸਨ ਜਿਸ ਤੋਂ ਭਾਰਤ ਨੂੰ ਆਰਥਿਕ ਮਹਾਂਸ਼ਕਤੀ ਬਣਾ ਦੇਣ ਦੀ ਉਮੀਦ ਸੀ। ਮੋਦੀ ਇਨ੍ਹਾਂ ਅਤੇ ਅਜਿਹੇ ਹੋਰ ਅਨੇਕਾਂ ਹਮਾਇਤੀ ਸਮੂਹਾਂ ਦੀ ਮਦਦ ਨਾਲ ਮਈ 2014 ਵਿਚ ਪ੍ਰਧਾਨ ਮੰਤਰੀ ਬਣ ਗਏ।

ਗੁਜਰਾਤ ਮਾਡਲ ਦੇ ਕੁਝ ਹੋਰ ਵੀ ਪੱਖ ਸਨ ਜਿਨ੍ਹਾਂ ਬਾਰੇ ਮੋਦੀ ਨੇ ਕਦੇ ਗੱਲ ਨਹੀਂ ਕੀਤੀ, ਪਰ ਇਨ੍ਹਾਂ ਪੱਖਾਂ ਬਾਰੇ ਉਹ ਲੋਕ ਚੰਗੀ ਤਰ੍ਹਾਂ ਜਾਣੂ ਹਨ ਜਿਹੜੇ ਗੁਜਰਾਤ ਬਾਰੇ ਭਾਰਤੀ ਸਨਅਤ ਦੇ ਮਹਾਂਰਥੀਆਂ ਦੇ ਮੁਕਾਬਲੇ ਕਿਤੇ ਬਿਹਤਰ ਢੰਗ ਨਾਲ ਵਾਕਫ ਹਨ। ਇਨ੍ਹਾਂ ਪੱਖਾਂ ਵਿਚ ਸ਼ਾਮਲ ਹੈ ਸੂਬੇ ਦੀਆਂ ਘੱਟਗਿਣਤੀਆਂ (ਖਾਸਕਰ ਮੁਸਲਮਾਨਾਂ) ਨੂੰ ਸਮਾਜ ਦੀ ਮੁੱਖ ਧਾਰਾ ਵਿਚੋਂ ਕੱਢ ਕੇ ਦੂਜੇ ਦਰਜੇ ਦੇ ਸ਼ਹਿਰੀ ਬਣਾ ਦੇਣਾ; ਅਖਤਿਆਰਾਂ ਦਾ ਮੁੱਖ ਮੰਤਰੀ ਕੋਲ ਕੇਂਦਰੀਕਰਨ ਅਤੇ ਉਨ੍ਹਾਂ ਦੇ ਆਲੇ-ਦੁਆਲੇ ਵਿਅਕਤੀਪੂਜਕ ਪ੍ਰਸੰਸਕਾਂ ਦੀ ਜੁੰਡਲੀ ਸਿਰਜਣਾ; ਯੂਨੀਵਰਸਿਟੀਆਂ ਦੀ ਆਜ਼ਾਦੀ ਤੇ ਖੁਦਮੁਖਤਾਰੀ ਉਤੇ ਹਮਲੇ; ਪ੍ਰੈਸ ਦੀ ਆਜ਼ਾਦੀ ਵਿਚ ਕਟੌਤੀਆਂ; ਤੇ ਮੁੱਖ ਮੰਤਰੀ ਦੇ ਆਲੋਚਕਾਂ ਤੇ ਸਿਆਸੀ ਵਿਰੋਧੀਆਂ ਪ੍ਰਤੀ ਬਦਲੇਖੋਰ ਰਵੱਈਆ।

ਮੋਦੀ ਦੀ ਪ੍ਰਧਾਨ ਮੰਤਰੀ ਵਾਸਤੇ ਮੁਹਿੰਮ ਦੌਰਾਨ, ਉਨ੍ਹਾਂ ਦੇ ਗੁਜਰਾਤ ਮਾਡਲ ਦੇ ਇਨ੍ਹਾਂ ਹਨੇਰੇ ਪੱਖਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ ਗਿਆ ਪਰ ਹੁਣ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਦੇ ਛੇ ਸਾਲ ਦੇ ਕਾਰਜਕਾਲ ਦੌਰਾਨ ਇਹ ਪੱਖ ਮੁੜ ਉਭਰ ਆਏ ਹਨ। ਸਿਆਸਤ ਦਾ ਫਿਰਕੂਕਰਨ, ਜਨਤਕ ਅਦਾਰਿਆਂ ਉਤੇ ਕਬਜ਼ਾ, ਪ੍ਰੈਸ ਨੂੰ ਡਰਾਉਣਾ, ਵਿਰੋਧੀਆਂ ਨੂੰ ਤੰਗ-ਪ੍ਰੇਸ਼ਾਨ ਕਰਨ ਲਈ ਪੁਲੀਸ ਤੇ ਜਾਂਚ ਏਜੰਸੀਆਂ ਦੀ ਦੁਰਵਰਤੋਂ ਅਤੇ ਸ਼ਾਇਦ ਇਸ ਤੋਂ ਵੀ ਅਗਾਂਹ - ਪਾਰਟੀ, ਕੈਬਨਿਟ, ਸਰਕਾਰ ਤੇ ਗੋਦੀ ਮੀਡੀਆ ਵੱਲੋਂ ਉਨ੍ਹਾਂ ਨੂੰ ਦੇਵਤਾ ਸਮਾਨ ਮਹਾਨ ਆਗੂ ਬਣਾ ਕੇ ਪੇਸ਼ ਕੀਤਾ ਜਾਣਾ - ਆਦਿ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਵਜੋਂ ਕਾਰਜਕਾਲ ਦੇ ਖਾਸ ਪੱਖ ਹਨ। ਇਸ ਦੌਰਾਨ, ਗੁਜਰਾਤ ਮਾਡਲ ਦੇ ਜਿਸ ਪੱਖ ਨੂੰ 2014 ਤੋਂ ਪਹਿਲਾਂ ਸਭ ਤੋਂ ਵੱਧ ਪ੍ਰਚਾਰਿਆ ਗਿਆ, ਉਹ ਨਕਾਰਾ ਸਾਬਤ ਹੋਇਆ ਹੈ। ਮੋਦੀ ਨੇ ਖੁੱਲ੍ਹੇ ਬਾਜ਼ਾਰ ਦਾ ਸੁਧਾਰਕ ਹੋਣ ਦੀ ਥਾਂ ਅਜਿਹਾ ਪ੍ਰਭਾਵ ਸਿਰਜਣ ਦੀ ਕੋਸ਼ਿਸ਼ ਕੀਤੀ ਕਿ ਆਰਥਿਕ ਮਾਮਲਿਆਂ ਦੇ ਸਭ ਤੋਂ ਵੱਡੇ ਜਾਣਕਾਰ ਉਹੀ ਹਨ।




ਮੈਨੂੰ ਜਿਸ ਚੀਜ਼ ਨੇ ਕੇਰਲ ਮਾਡਲ ਵੱਲ ਦੁਬਾਰਾ ਖਿੱਚਿਆ, ਉਹ ਉਹੋ ਹੈ ਜਿਸ ਨੂੰ ਗੁਜਰਾਤ ਮਾਡਲ ਬਦਲਣਾ ਜਾਂ ਦਬਾਉਣਾ ਚਾਹੁੰਦਾ ਹੈ। ਇਸ ਮਾਡਲ ਦੀ 1980ਵਿਆਂ ਤੇ 90ਵਿਆਂ ਵਿਚ ਕਾਫੀ ਚਰਚਾ ਸੀ ਪਰ ਹਾਲੀਆ ਸਾਲਾਂ ਦੌਰਾਨ ਸਿਆਸੀ ਚਰਚਾ 'ਚ ਕਿਤੇ ਨਹੀਂ ਸੀ ਸੁਣਾਈ ਦੇ ਰਿਹਾ। ਇਸ ਨੂੰ ਕੋਵਿਡ-19 ਦਾ ਧੰਨਵਾਦ ਕਰਨਾ ਚਾਹੀਦਾ ਹੈ ਜਿਸ ਨੇ ਇਸ ਨੂੰ ਦੁਬਾਰਾ ਕੇਂਦਰ ਵਿਚ ਲਿਆਂਦਾ ਹੈ, ਕਿਉਂਕਿ ਕੇਰਲ ਨੇ ਜਿਸ ਢੰਗ ਨਾਲ ਕੋਵਿਡ ਸੰਕਟ ਦਾ ਸਾਹਮਣਾ ਕੀਤਾ, ਇਸ ਨਾਲ ਸਿੱਖਿਆ ਤੇ ਇਸ ਨੂੰ ਨੱਥ ਪਾਈ, ਉਸ ਸਦਕਾ ਇਸ ਸੂਬੇ ਨੇ ਮੁੜ ਦਿਖਾ ਦਿੱਤਾ ਹੈ ਕਿ ਇਹ ਭਾਰਤ ਹੀ ਨਹੀਂ ਸਗੋਂ ਸ਼ਾਇਦ ਸਾਰੇ ਸੰਸਾਰ ਲਈ ਮਾਡਲ ਹੋ ਸਕਦਾ ਹੈ।

ਇਸ ਸੰਕਟ ਨਾਲ ਕੇਰਲ ਨੇ ਕਿਵੇਂ ਨਜਿੱਠਿਆ, ਇਸ ਬਾਰੇ ਮੀਡੀਆ ਵਿਚ ਕਾਫੀ ਕਵਰੇਜ ਹੋਈ ਹੈ। ਕੇਰਲ ਦੀ ਇਸ ਕਾਮਯਾਬੀ ਪਿਛੇ ਇਸ ਦੀ ਇਤਿਹਾਸਕ ਵਿਰਾਸਤ ਹੈ। ਕੇਰਲ ਵਾਸੀ ਵੱਧ ਪੜ੍ਹੇ-ਲਿਖੇ ਹਨ, ਇਸ ਕਾਰਨ ਉਨ੍ਹਾਂ ਦਾ ਆਮ ਜੀਵਨ ਦਾ ਕਾਰ-ਵਿਹਾਰ ਅਜਿਹਾ ਹੈ, ਜਿਹੜਾ ਭਾਈਚਾਰਕ ਲਾਗ ਫੈਲਣ ਦੀ ਸੰਭਾਵਨਾ ਘਟਾਉਂਦਾ ਹੈ। ਸਿਹਤ ਸੰਭਾਲ ਇੰਨੀ ਵਧੀਆ ਹੈ ਕਿ ਜੇ ਕੋਈ ਬੰਦਾ ਪਾਜ਼ੇਟਿਵ ਆ ਵੀ ਜਾਵੇ, ਤਾਂ ਵੀ ਉਸ ਦਾ ਫੌਰੀ ਤੇ ਸਹੀ ਇਲਾਜ ਹੋ ਜਾਵੇਗਾ। ਸੂਬੇ ਵਿਚ ਜਾਤ ਅਤੇ ਲਿੰਗ ਵਿਤਕਰੇ ਬਾਕੀ ਭਾਰਤ ਜਿੰਨੇ ਤਿੱਖੇ ਨਹੀਂ, ਇਸ ਕਾਰਨ ਉਥੇ ਲੋਕਾਂ ਲਈ ਸਿਹਤ ਸੰਭਾਲ ਤੇ ਮੈਡੀਕਲ ਸੂਚਨਾ ਤੱਕ ਪਹੁੰਚ ਜ਼ਿਆਦਾ ਔਖੀ ਨਹੀਂ। ਉਥੋਂ ਦੇ ਪ੍ਰਸ਼ਾਸਕੀ ਸਿਸਟਮ ਵਿਚ ਅਖਤਿਆਰਾਂ ਦਾ ਵਿਕੇਂਦਰੀਕਰਨ ਅਜਿਹਾ ਹੈ ਕਿ ਪੰਚਾਇਤ ਦੇ ਮੁਖੀ ਨੂੰ ਕੋਈ ਕਾਰਵਾਈ ਕਰਨ ਜਾਂ ਫੈਸਲਾ ਕਰਨ ਤੋਂ ਪਹਿਲਾਂ ਸਿਖਰਲੇ ਆਗੂਆਂ ਵੱਲ ਨਹੀਂ ਦੇਖਣਾ ਪੈਂਦਾ। ਕੇਰਲ ਦੇ ਸਿਆਸੀ ਸਭਿਆਚਾਰ ਦੀਆਂ ਦੋ ਹੋਰ ਵੀ ਅਹਿਮ ਖੂਬੀਆਂ ਹਨ, ਜਿਨ੍ਹਾਂ ਨੇ ਮੌਜੂਦਾ ਹਾਲਾਤ ਵਿਚ ਇਸ ਦੀ ਮਦਦ ਕੀਤੀ ਹੈ; ਇਸ ਦੇ ਸਿਖਰਲੇ ਆਗੂ ਆਮ ਕਰ ਕੇ ਬਾਕੀ ਮੁਲਕ ਨਾਲੋਂ ਜ਼ਿਆਦਾ ਜ਼ਮੀਨੀ ਪੱਧਰ ਤੇ ਕੰਮ ਕਰਨ ਵਾਲੇ ਅਤੇ ਘੱਟ ਆਕੜਖੋਰ ਹਨ।

ਇਸ ਦੇ ਬਾਵਜੂਦ ਇਹ ਨਹੀਂ ਆਖਿਆ ਜਾ ਸਕਦਾ ਕਿ ਕੇਰਲ ਪੂਰੀ ਤਰ੍ਹਾਂ ਮੁਕੰਮਲ ਤੇ ਦਰੁਸਤ ਸੂਬਾ ਹੈ। ਉਥੇ ਭਾਵੇਂ ਬੀਤੇ ਕਈ ਦਹਾਕਿਆਂ ਤੋਂ ਕੋਈ ਵੱਡਾ ਫਿਰਕੂ ਫਸਾਦ ਨਹੀਂ ਹੋਇਆ, ਤਾਂ ਵੀ ਉਥੋਂ ਦੀ ਰੋਜ਼ਾਨਾ ਜ਼ਿੰਦਗੀ ਵਿਚ ਹਿੰਦੂਆਂ, ਇਸਾਈਆਂ ਤੇ ਮੁਸਲਮਾਨਾਂ ਦੇ ਆਪਸੀ ਸਬੰਧਾਂ ਵਿਚ ਝਿਜਕ ਅਤੇ ਦੂਰੀ ਰਹਿੰਦੀ ਹੈ। ਜਾਤਪਾਤ ਤੇ ਮਰਦ ਪ੍ਰਧਾਨਤਾ ਕਮਜ਼ੋਰ ਜ਼ਰੂਰ ਪਈ ਹੈ ਪਰ ਖਤਮ ਨਹੀਂ ਹੋਈ। ਪੜ੍ਹਿਆ-ਲਿਖਿਆ ਵਰਗ ਅਜੇ ਵੀ ਨਿਜੀ ਕਾਰੋਬਾਰਾਂ ਤੇ ਉਦਮਾਂ ਵਲ ਸ਼ੱਕ ਦੀ ਨਜ਼ਰ ਨਾਲ ਦੇਖਦਾ ਹੈ, ਜਿਸ ਦਾ ਕੋਵਿਡ ਤੋਂ ਬਾਅਦ ਦੇ ਦੌਰ ਵਿਚ ਸੂਬੇ ਨੂੰ ਭਾਰੀ ਨੁਕਸਾਨ ਹੋ ਸਕਦਾ ਹੈ। ਹੁਣ ਸੂਬੇ ਨੂੰ ਖਾੜੀ ਮੁਲਕਾਂ ਵਿਚ ਗਏ ਇਸ ਦੇ ਬਾਸ਼ਿੰਦਿਆਂ ਤੋਂ ਜ਼ਿਆਦਾ ਰਕਮਾਂ ਆਉਣ ਦੀ ਉਮੀਦ ਨਹੀਂ ਹੈ।

ਅਜਿਹੀਆਂ ਖਾਮੀਆਂ ਦੇ ਬਾਵਜੂਦ ਕੇਰਲ ਵਾਸੀਆਂ ਨੇ ਬਾਕੀ ਭਾਰਤ ਵਾਲਿਆਂ ਨੂੰ ਬੜਾ ਕੁਝ ਸਿਖਾਇਆ ਹੈ। ਅਸੀਂ ਪਿਛਲੇ ਸਮੇਂ ਦੌਰਾਨ ਇਨ੍ਹਾਂ ਕਈ ਖੂਬੀਆਂ ਨੂੰ ਭੁੱਲ ਗਏ ਸਾਂ ਪਰ ਇਨ੍ਹਾਂ ਦੀ ਹੁਣ ਮੁੜ ਚਰਚਾ ਹੋ ਰਹੀ ਹੈ ਜਿਸ ਤੋਂ ਸਾਨੂੰ ਪ੍ਰੇਰਨਾ ਵੀ ਮਿਲੇਗੀ ਤੇ ਸੇਧ ਵੀ। ਸੂਬੇ ਵੱਲੋਂ ਅਤੀਤ ਵਿਚ ਹਾਸਲ ਕੀਤੀ ਸਫਲਤਾ ਤੇ ਹੁਣ ਵਾਲੀ ਸਫਲਤਾ, ਦੋਵੇਂ ਸਾਇੰਸ, ਪਾਰਦਰਸ਼ਤਾ, ਵਿਕੇਂਦਰੀਕਰਨ ਅਤੇ ਸਮਾਜਿਕ ਬਰਾਬਰੀ ਉਤੇ ਆਧਾਰਤ ਹਨ। ਕੇਰਲ ਮਾਡਲ ਦੇ ਪਹਿਲਾਂ ਵੀ ਇਹੋ ਚਾਰ ਥੰਮ੍ਹ ਸਨ ਤੇ ਹੁਣ ਵੀ ਹਨ। ਇਸੇ ਤਰ੍ਹਾਂ ਗੁਜਰਾਤ ਮਾਡਲ ਦੇ ਚਾਰ ਥੰਮ੍ਹ ਹਨ - ਸ਼ੱਕ, ਸਭ ਕੁਝ ਗੁਪਤ ਰੱਖਣਾ, ਕੇਂਦਰੀਕਰਨ ਤੇ ਫਿਰਕੂ ਕੱਟੜਪੁਣਾ। ਇਸੇ ਲਈ ਸਾਨੂੰ ਪਹਿਲੇ, ਭਾਵ ਕੇਰਲ ਮਾਡਲ ਦੀ ਲੋੜ ਹੈ ਅਤੇ ਹਮੇਸ਼ਾ ਰਹੇਗੀ।

# ਕਰੋਨਾ ਖਿਲਾਫ ਲੜਾਈ ਦੀ ਹਕੀਕਤ

ਭਾਰਤ ਵਿਚ ਕਰੋਨਾ ਖਿਲਾਫ ਲੜਾਈ 'ਇਕ ਪਾਸੇ ਖੂਹ, ਦੂਜੇ ਪਾਸੇ ਖਾਈ' ਵਾਲੇ ਹਾਲ ਵਿਚ ਪਹੁੰਚ ਗਈ ਹੈ। ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਇਸ ਯੁੱਧ ਨੂੰ ਸਿਰਫ ਤਿੰਨ ਤਰੀਕਿਆਂ ਨਾਲ ਜਿੱਤਿਆ ਜਾ ਸਕਦਾ ਹੈ। ਪਹਿਲਾ, ਕਿਸੇ ਕਰੋਨਾ ਰੋਕੂ ਵੈਕਸੀਨ (ਟੀਕੇ ਦੀ) ਕਾਢ ਕੱਢੀ ਜਾਵੇ। ਦੂਜਾ, ਮਨੁੱਖੀ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਨੂੰ ਵਧਾਇਆ ਜਾਵੇ; ਭਾਵ ਪਹਿਲਾਂ ਲੋਕਾਂ ਨੂੰ ਵੱਡੇ ਪੱਧਰ 'ਤੇ ਲਾਗ ਲੱਗੇ ਤੇ ਉਸੇ ਪ੍ਰਕਿਰਿਆ ਵਿਚ ਉਨ੍ਹਾਂ ਦਾ ਸਰੀਰ ਉਸ ਲਾਗ ਨਾਲ ਸੰਘਰਸ਼ ਕਰਦੇ-ਕਰਦੇ ਕਰੋਨਾ ਦੇ ਖਿਲਾਫ

**ਅਭੈ ਕੁਮਾਰ ਦੂਬੇ**

ਲੜਨ ਵਾਲੀ ਸਮਰੱਥਾ ਪ੍ਰਾਪਤ ਕਰ ਲਵੇ। ਤੀਜਾ, ਟੈਸਟਿੰਗ ਤੇ ਤਾਲਾਬੰਦੀ ਦਾ ਇਹ ਸਿਲਸਿਲਾ ਘੱਟੋ-ਘੱਟ 2 ਜਾਂ 3 ਮਹੀਨੇ ਤੱਕ ਹੋਰ ਚਲਾਇਆ ਜਾਵੇ।

ਹੈਰਾਨੀ ਹੈ ਕਿ ਭਾਰਤ ਵਰਗੇ ਦੇਸ਼ ਲਈ ਇਨ੍ਹਾਂ ਤਿੰਨਾਂ ਤਰੀਕਿਆਂ ਵਿਚੋਂ ਕੋਈ ਵੀ ਤਰੀਕਾ ਉਪਲਬਧ ਨਹੀਂ। ਜਿਥੋਂ ਤੱਕ ਵੈਕਸੀਨ ਦਾ ਸਵਾਲ ਹੈ, ਯੂਰਪੀ ਦੇਸ਼ ਅਤੇ ਚੀਨ ਇਸ ਸਬੰਧੀ ਲਗਨ ਨਾਲ ਲੱਗੇ ਹੋਏ ਹਨ। ਜੇ ਅਸੀਂ ਮੰਨ ਵੀ ਲਈਏ ਕਿ ਇਨ੍ਹਾਂ ਦੇਸ਼ਾਂ ਦੇ ਵਿਗਿਆਨੀ ਦੇਰ ਸਵੇਰ ਕੋਈ ਨਾ ਕੋਈ ਵੈਕਸੀਨ ਬਣਾ ਲੈਣਗੇ, ਤਾਂ ਵੀ ਸਾਨੂੰ ਸਮਝਣਾ ਚਾਹੀਦਾ ਹੈ ਕਿ ਉਹ ਵੈਕਸੀਨ ਇਕ ਸਾਲ ਦੇ ਪ੍ਰੀਖਣ ਤੋਂ ਪਹਿਲਾਂ ਸਾਰੀ ਦੁਨੀਆਂ ਵਿਚ ਵੰਡੀ ਨਹੀਂ ਜਾ ਸਕਦੀ। ਇਸ ਲਈ ਵੈਕਸੀਨ ਵਾਲੇ ਬਦਲ 'ਤੇ ਤਾਂ ਫਿਲਹਾਲ ਭਰੋਸਾ ਨਹੀਂ ਕਰ ਸਕਦੇ। ਦੂਜੇ ਬਦਲ ਬਾਰੇ ਸੋਚ ਕੇ ਹੀ ਡਰ ਲਗਦਾ ਹੈ। ਬਿਮਾਰੀਆਂ ਨਾਲ ਲੜਨ ਦੀ ਸਰੀਰ ਦੀ ਉਚ ਸਮਰੱਥਾ ਲਈ ਜ਼ਰੂਰੀ ਹੈ ਕਿ ਪਹਿਲਾਂ ਕਿਸੇ ਵੀ ਆਬਾਦੀ ਦੇ ਘੱਟੋ-ਘੱਟ 60-70 ਫੀਸਦੀ ਹਿੱਸੇ ਨੂੰ ਲਾਗ ਲੱਗੇ, ਤਦ ਹੀ ਇਸ ਨਾਲ ਲੜਨ ਦੀ ਸ਼ਕਤੀ ਵਿਕਸਿਤ ਹੋ ਸਕਦੀ ਹੈ। 130 ਕਰੋੜ ਦੀ ਆਬਾਦੀ ਵਾਲੇ ਭਾਰਤ ਵਿਚ 60 ਫੀਸਦੀ ਦਾ ਮਤਲਬ ਹੈ, 78 ਕਰੋੜ ਲੋਕਾਂ ਨੂੰ ਲਾਗ ਲਗਣੀ ਅਤੇ ਇਸ ਪ੍ਰਕਿਰਿਆ ਵਿਚ ਘੱਟੋ-ਘੱਟ ਦੋ ਫੀਸਦੀ ਕਰੋੜ ਲੋਕਾਂ ਦੀ ਜਾਨ ਜਾਣ ਦਾ ਖਤਰਾ ਪੈਦਾ ਹੋਣਾ। ਇਹ ਇੰਨੀ ਵੱਡੀ ਕੀਮਤ ਹੈ ਜਿਸ ਨੂੰ ਭਾਰਤ ਵਰਗਾ ਦੇਸ਼ ਕਦੀ ਅਦਾ ਕਰਨ ਲਈ ਤਿਆਰ ਨਹੀਂ ਹੋ ਸਕਦਾ।

ਹੁਣ ਰਹਿ ਜਾਂਦਾ ਹੈ ਤੀਜਾ ਬਦਲ। ਲਗਾਤਾਰ ਟੈਸਟਿੰਗ ਤੇ ਤਾਲਾਬੰਦੀ ਦਾ ਬਦਲ ਪਰ ਇਸ ਮੁਕਾਮ 'ਤੇ ਵੀ ਭਾਰਤ ਦੀ ਹਾਲਤ ਖਸਤਾ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਆਬਾਦੀ ਦੇ ਘੱਟੋ-ਘੱਟ ਇਕ ਫੀਸਦੀ ਲੋਕਾਂ ਦੇ ਟੈਸਟ ਜ਼ਰੂਰੀ ਹਨ। ਭਾਰਤ ਇਸ ਉਦੇਸ਼ ਤੋਂ ਕਿੰਨਾ ਦੂਰ ਹੈ? ਤਾਲਾਬੰਦੀ ਦੇ 40 ਦਿਨ ਹੋਣ ਵਾਲੇ ਹਨ ਅਤੇ ਅਸੀਂ ਕੁਲ 5 ਲੱਖ ਦੇ ਨੇੜੇ-ਤੇੜੇ ਹੀ ਟੈਸਟ ਕਰ ਸਕੇ ਹਾਂ। ਵਿਸ਼ਵ ਸਿਹਤ ਸੰਗਠਨ ਅਨੁਸਾਰ ਇਹ ਗਿਣਤੀ ਸਵਾ ਕਰੋੜ ਦੇ ਨੇੜੇ-ਤੇੜੇ ਹੋਣੀ ਚਾਹੀਦੀ ਸੀ। ਅਸੀਂ ਚੀਨ ਤੋਂ ਜੋ ਟੈਸਟਿੰਗ ਕਿੱਟਾਂ ਮੰਗਵਾਈਆਂ ਸਨ, ਉਨ੍ਹਾਂ ਦੀ ਗੁਣਵੱਤਾ ਵੀ ਸ਼ੱਕੀ ਹੈ, ਇਸ ਲਈ ਇਨ੍ਹਾਂ ਦੀ ਵਰਤੋਂ ਰੋਕ ਦਿੱਤੀ ਗਈ ਹੈ। ਜਿਥੋਂ ਤੱਕ ਲਗਾਤਾਰ ਤਾਲਾਬੰਦੀ ਚਲਾਈ ਰੱਖਣ ਦਾ ਸਵਾਲ ਹੈ, ਇਹ ਵਿਚਾਰ ਸਾਡੇ ਸਮਾਜ ਅਤੇ ਰਾਸ਼ਟਰ ਦੇ ਭਵਿਖ ਨੂੰ ਪੂਰੀ ਤਰ੍ਹਾਂ ਹਨੇਰੇ ਵੱਲ ਲਿਜਾਣ ਵਾਲਾ ਪ੍ਰਤੀਤ ਹੁੰਦਾ ਹੈ। ਸਾਰੇ ਮਾਹਿਰ ਬਿਨਾਂ ਕਿਸੇ ਵਿਵਾਦ ਦੇ ਇਸ ਸਿੱਟੇ 'ਤੇ ਪੁੱਜੇ ਹਨ ਕਿ ਜੇ ਛੇਤੀ ਹੀ ਆਰਥਿਕ ਸਰਗਰਮੀਆਂ ਸ਼ੁਰੂ ਨਾ ਹੋਈਆਂ ਅਤੇ ਅਰਥਚਾਰੇ ਦੇ ਵੱਖ-ਵੱਖ ਖੇਤਰਾਂ ਦੇ ਲਈ ਆਰਥਿਕ ਮਦਦ ਵਾਸਤੇ ਵਿਸ਼ਾਲ ਪੈਕੇਜਾਂ ਦਾ ਐਲਾਨ ਨਾ ਕੀਤਾ ਗਿਆ ਤਾਂ ਉਸ ਦੇ ਨਤੀਜੇ ਵਜੋਂ ਪੈਦਾ ਹੋਣ ਵਾਲੀ ਹਾਲਤ ਭਿਆਨਕ ਹੋਵੇਗੀ; ਭਾਵ ਇਸ ਵਿਚੋਂ ਨਿਕਲਣ ਨੂੰ ਕਈ ਦਹਾਕੇ ਲੱਗ ਜਾਣਗੇ।

ਸਰਕਾਰ ਅਤੇ ਉਸ ਦੀ ਨੁਮਾਇੰਦਗੀ ਕਰਨ ਵਾਲੇ ਮਾਹਿਰ (ਅਰਵਿੰਦ ਪਨਗੜ੍ਹੀਆ ਤੇ ਰਾਜੀਵ ਕੁਮਾਰ ਆਦਿ) ਇਹ ਸਮਝਾਉਣ 'ਚ ਲੱਗੇ ਹੋਏ ਹਨ ਕਿ 2-3 ਕਾਰਨਾਂ ਨਾਲ ਸਾਡਾ ਆਰਥਿਕ ਭਵਿਖ ਅਚਾਨਕ ਉੱਜਲ ਹੋ ਗਿਆ ਹੈ। ਉਹ ਕਹਿੰਦੇ ਹਨ ਕਿ ਦੁਨੀਆਂ ਦੇ ਬਾਜ਼ਾਰ ਵਿਚ ਖਪਤ ਤਕਰੀਬਨ ਸਿਫਰ ਹੋ ਜਾਣ ਦੇ ਕਾਰਨ ਪੈਟਰੋਲੀਅਮ ਪਦਾਰਥਾਂ ਦੀ ਕੋਈ ਕੀਮਤ ਨਹੀਂ ਰਹਿ ਗਈ, ਭਾਰਤ ਇਸ ਹਾਲਤ ਦਾ ਲਾਭ ਉਠਾ ਸਕਦਾ ਹੈ। ਦੂਜਾ, ਚੀਨ ਖਿਲਾਫ ਇਸ ਸਮੇਂ ਸਾਰੀ ਦੁਨੀਆਂ ਵਿਚ ਮਾਹੌਲ ਬਣ ਗਿਆ ਹੈ, ਕਿਉਂਕਿ ਇਸ ਨੂੰ ਕਰੋਨਾ ਦਾ ਸਿਰਜਕ ਮੰਨਿਆ ਜਾ ਰਿਹਾ ਹੈ। ਇਸ ਲਈ ਸਪਲਾਈ ਚੇਨ ਵਿਚ ਉਸ ਦਾ ਉਚਾ ਮੁਕਾਮ ਬਰਕਰਾਰ ਨਹੀਂ ਰਹਿ ਸਕੇਗਾ। ਇਥੇ ਭਾਰਤ ਦਖਲ ਦੇ ਕੇ ਸਪਲਾਈ ਚੇਨ ਵਿਚ ਖੁਦ ਨੂੰ ਉਪਰ ਲਿਜਾ ਸਕਦਾ ਹੈ ਅਤੇ ਚੀਨ ਦੀ ਥਾਂ ਲੈ ਸਕਦਾ ਹੈ। ਜੇ ਅਜਿਹਾ ਹੁੰਦਾ ਹੈ ਤਾਂ ਜੋ ਕਾਰਖਾਨੇ ਚੀਨ ਵਿਚ ਹਨ, ਉਹ ਭਾਰਤ ਵਿਚ ਆ ਸਕਦੇ ਹਨ।

ਅਜਿਹੀਆਂ ਗੱਲਾਂ ਸੁਣ ਕੇ ਸੱਚਮੁੱਚ ਹੈਰਾਨੀ ਹੁੰਦੀ ਹੈ। ਅੰਗਰੇਜ਼ੀ ਦੀ ਕਹਾਵਤ ਹੈ: 'ਇਨ ਦਿ ਲਾਂਗ ਰਨ, ਐਵਰੀਬਡੀ ਵੁੱਡ ਬੀ ਡੈੱਡ', ਪਰ ਜਦੋਂ 'ਸ਼ਾਰਟ ਰਨ' ਵਿਚ ਜਾਣ ਦੇ ਲਾਲੇ ਪਏ ਹੋਣ, ਅਜਿਹੀ ਸੂਰਤ ਵਿਚ 'ਲਾਂਗ ਰਨ' ਦੀ ਚਰਚਾ ਸਿਰਫ ਅਨਿਸ਼ਚਿਤਤਾ ਹੀ ਪੈਦਾ ਕਰ ਸਕਦੀ ਹੈ। ਬਦਲੀ ਹੋਈ ਸੰਸਾਰ ਹਾਲਤ ਦਾ ਲਾਭ ਉਠਾਉਣ ਲਾਇਕ ਯੋਗਤਾ ਭਾਰਤੀ ਅਰਥਚਾਰੇ ਦੇ ਕੋਲ ਨਹੀਂ ਹੈ ਅਤੇ ਨਾ ਹੀ ਸਾਡੀ ਸਰਕਾਰ ਇਸ ਤਰ੍ਹਾਂ ਦੀਆਂ ਯੋਗਤਾਵਾਂ ਤੇ ਪਹਿਲਕਦਮੀਆਂ ਰੱਖਦੀ ਹੈ।

ਪ੍ਰਧਾਨ ਮੰਤਰੀ ਨੇ 'ਤਾਜ਼ਾ' 'ਮਨ ਕੀ ਬਾਤ' ਵਿਚ ਕਿਹਾ ਹੈ ਕਿ ਕਰੋਨਾ ਖਿਲਾਫ 'ਪੀਪਲ ਡ੍ਰਿਵਿਨ', ਭਾਵ ਲੋਕਾਂ ਵਲੋਂ ਲੜੀ ਜਾ ਰਹੀ ਹੈ। ਇਹ ਸੁਣਨ ਨੂੰ ਚੰਗਾ ਲਗਦਾ ਹੈ ਪਰ ਇਸ ਵਿਚ ਇਕ ਗੱਲ ਲੁਕੀ ਹੋਈ ਹੈ ਕਿ ਇਸ ਲੜਾਈ ਦੀ ਨੁਮਾਇੰਦਗੀ ਜਨਤਾ ਹੀ ਕਰ ਰਹੀ ਹੈ, ਸਰਕਾਰ ਇਸ ਦੀ 'ਡ੍ਰਾਈਵਿੰਗ ਫੋਰਸ' ਦੇ ਰੂਪ ਵਿਚ ਅਜੇ ਤੱਕ ਉਭਰ ਕੇ ਅੱਗੇ ਨਹੀਂ ਆ ਸਕੀ। ਸਰਕਾਰ ਜ਼ਿਆਦਾ ਤੋਂ ਜ਼ਿਆਦਾ ਇਹੀ ਕਰਨ ਦੇ ਸਮਰੱਥ ਹੋ ਰਹੀ ਹੈ ਕਿ ਵੱਖ-ਵੱਖ ਤਰੀਕਿਆਂ ਨਾਲ ਤਾਲਾਬੰਦੀ ਭੰਗ ਕਰਨ ਵਾਲਿਆਂ ਨੂੰ ਕਾਨੂੰਨੀ ਸਜ਼ਾ ਦੇ ਡਰ ਦਿੱਤੇ ਜਾ ਰਹੇ ਹਨ। ਇੰਨਾ ਵੱਡਾ ਦੇਸ਼, ਵਿਸ਼ਵ ਸ਼ਕਤੀ ਹੋਣ ਦੇ ਦਾਅਵੇ, ਤੇ ਕਰੋਨਾ ਤੋਂ ਪਹਿਲਾਂ 5 ਖਰਬ ਡਾਲਰ ਦੀ ਅਰਥ ਵਿਵਸਥਾ ਬਣਾਉਣ ਦੇ ਸੁਪਨੇ, ਪਰ ਅਜੇ ਤੱਕ ਅਸੀਂ ਕਰੋਨਾ ਟੈਸਟਿੰਗ ਕਿੱਟਾਂ ਵੀ ਨਹੀਂ ਬਣਾ ਸਕੇ। ਹੋਰ ਤਾਂ ਹੋਰ, ਅਜਿਹੀਆਂ ਖਬਰਾਂ ਵੀ ਕਿਤੇ ਸੁਣਨ ਨੂੰ ਨਹੀਂ ਮਿਲੀਆਂ ਕਿ ਕਿੱਟਾਂ ਬਣਾਉਣ ਦੀ ਕੋਈ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ ਜਾਂ ਨਹੀਂ। ਸਰਕਾਰ ਅਤੇ ਉਸ ਦੇ ਤੰਤਰ ਦੀ ਇਹ ਭਿਆਨਕ ਨਾਕਾਮੀ ਸਿਰਫ ਇਸੇ ਤਰ੍ਹਾਂ ਲੁਕ ਸਕਦੀ ਹੈ ਕਿ ਅਸੀਂ ਕਰੋਨਾ ਦੇ ਖਿਲਾਫ ਲੜਾਈ ਨੂੰ 'ਲੋਕਾਂ ਵਲੋਂ ਲੜੀ ਜਾ ਰਹੀ ਲੜਾਈ' ਕਹਿ ਕੇ ਪਿਛਲੀ ਗਲੀ ਥਾਣੀਂ ਨਿਕਲ ਜਾਈਏ। ਸਰਕਾਰ ਦੀ ਪਹਿਲਕਦਮੀ ਦੀ ਘਾਟ ਦਾ ਆਲਮ ਇਹ ਹੈ ਕਿ ਉਹ ਅੱਜ ਤੱਕ ਪੇਂਡੂ ਖੇਤਰਾਂ ਵਿਚੋਂ ਸ਼ਹਿਰ ਜਾ ਕੇ ਰੋਜ਼ੀ ਕਮਾਉਣ ਵਾਲੇ ਮਜ਼ਦੂਰਾਂ ਨੂੰ ਕੱਢ ਕੇ ਉਨ੍ਹਾਂ ਦੇ ਘਰਾਂ ਤੱਕ ਪਹੁੰਚਾਉਣ ਦੀ ਕੋਈ ਨੀਤੀ ਤੱਕ ਨਹੀਂ ਬਣਾ ਸਕੀ।

ਅਸੀਂ ਅਜਿਹੀਆਂ ਗੱਲਾਂ ਕਰ ਕੇ ਖੁਸ਼ ਹੋ ਸਕਦੇ ਹਾਂ ਕਿ ਨਾ ਤਾਂ ਸਾਡੇ ਹਸਪਤਾਲਾਂ ਵਿਚ ਭੀੜ ਹੈ, ਨਾ ਹੀ ਸ਼ਮਸ਼ਾਨਘਾਟਾਂ ਤੇ ਕਬਰਿਸਤਾਨਾਂ ਵਿਚ; ਪਰ ਨਾ ਦੇ ਬਰਾਬਰ ਟੈਸਟਿੰਗ ਹੋਣ ਦੇ ਕਾਰਨ ਸਾਨੂੰ ਪਤਾ ਹੀ ਨਹੀਂ ਹੈ ਕਿ ਕਿੰਨੇ ਲੋਕਾਂ ਨੂੰ ਕਰੋਨਾ ਹੋਇਆ ਹੈ। ਜਿਨ੍ਹਾਂ ਨੂੰ ਹੋਇਆ ਹੈ, ਉਨ੍ਹਾਂ ਦੀ ਬਿਮਾਰੀ ਦਾ ਪੱਧਰ ਕੀ ਹੈ? ਕੀ ਉਹ ਇਕਾਂਤਵਾਸ ਨਾਲ ਹੀ ਠੀਕ ਹੋ ਜਾਣਗੇ ਜਾਂ ਉਨ੍ਹਾਂ ਨੂੰ ਆਈ.ਸੀ.ਯੂ. ਵਿਚ ਦਾਖਲ ਕਰਨਾ ਪਵੇਗਾ। ਚੀਨ ਦੇ ਅਨੁਭਵ ਨਾਲ ਸਮਝਿਆ ਜਾ ਰਿਹਾ ਹੈ ਕਿ ਕਰੋਨਾ ਦਾ ਗ੍ਰਾਫ ਠੀਕ ਹੋਣ ਵਿਚ ਘੱਟੋ-ਘੱਟ 10 ਹਫਤੇ ਚਾਹੀਦੇ ਹਨ; ਭਾਵ 15 ਮਈ ਤੱਕ ਤਾਂ ਤਾਲਾਬੰਦੀ ਰੱਖਣੀ ਹੀ ਚਾਹੀਦੀ ਹੈ।

# ਮਈ ਮਹੀਨੇ ਦਾ ਵਿਰਸਾ


## ਮਈ ਦਿਵਸ 'ਤੇ

ਮਈ ਦਾ ਮਹੀਨਾ ਦੁਨੀਆਂ ਭਰ ਵਿਚ ਮਿਹਨਤੀ ਲੋਕਾਂ ਦੇ ਹੱਕਾਂ ਪ੍ਰਤੀ ਸੰਘਰਸ਼ਾਂ ਦਾ ਪ੍ਰਤੀਕ ਹੈ। ਮਈ ਮਹੀਨੇ ਦੀ ਪਹਿਲੀ ਤਾਰੀਖ ਨੂੰ ਦੁਨੀਆਂ ਭਰ ਵਿਚ ਮਜ਼ਦੂਰ ਜਮਾਤ ਅਤੇ ਹੋਰ ਮਿਹਨਤੀ ਲੋਕ ਸ਼ਿਕਾਗੋ ਦੇ ਅਮਰ ਸ਼ਹੀਦਾਂ ਨੂੰ ਯਾਦ ਕਰਦੇ ਹਨ ਅਤੇ ਲੁੱਟ ਰਹਿਤ ਸਮਾਜ ਦੀ ਸਿਰਜਣਾ ਦੇ ਪ੍ਰਣ ਨੂੰ ਦ੍ਰਿੜਾਉਂਦੇ ਹਨ। ਇਹ ਕੌਮਾਂਤਰੀ ਦਿਵਸ ਸਮੁੱਚੇ ਸੰਸਾਰ ਅਤੇ ਕਿਰਤੀਆਂ ਵਿਚਾਲੇ ਸਮਾਜੀ ਸਾਂਝ ਦੀ ਭਾਵਨਾ ਦਾ ਸੰਚਾਰ ਕਰਦਾ ਹੈ, ਏਕੇ ਦੀ ਮਹੱਤਤਾ ਦੱਸਦਾ ਹੈ।

ਮਈ ਦਿਵਸ ਦਾ ਇਤਿਹਾਸ 19ਵੀਂ ਸਦੀ ਦੇ ਇੰਡਸਟਰੀਅਲ ਰੈਵੋਲਿਊਸ਼ਨ (Industrial Revolution) ਪਿਛੋਂ ਯੂਰਪ ਵਿਚ ਸ਼ੁਰੂ ਹੋਇਆ, ਜਦੋਂ ਕਾਰਖਾਨੇਦਾਰ ਆਪਣੇ ਕਾਮਿਆਂ ਕੋਲੋਂ ਚਾਨਣ ਸ਼ੁਰੂ ਹੋਣ ਤੋਂ ਚਾਨਣ ਖਤਮ (Dawn to Dusk) ਹੋਣ ਤੱਕ ਕੰਮ ਕਰਵਾਉਂਦੇ ਸਨ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਯੂਰਪ ਵਿਚ ਚਾਨਣ ਸਵੇਰੇ ਪੰਜ ਵਜੇ ਤੋਂ ਸ਼ਾਮ ਨੌਂ ਵਜੇ ਤੱਕ ਰਹਿੰਦਾ ਹੈ, ਭਾਵ ਮਜ਼ਦੂਰ ਨੂੰ 15-16 ਘੰਟੇ ਕੰਮ ਕਰਨਾ ਪੈਂਦਾ ਸੀ।

ਇਹ ਸਰਾਸਰ ਧੱਕਾ ਹੁੰਦਾ ਵੇਖ ਕੇ 1816 ਵਿਚ ਅਗਾਂਹਵਧੂ ਸ਼ਖਸੀਅਤਾਂ ਨੇ ਇਸ ਦੇ ਵਿਰੋਧ ਵਿਚ ਅਵਾਜ਼ ਵੀ ਉਠਾਈ, ਜਿਨ੍ਹਾਂ ਵਿਚ ਦੁਨੀਆਂ ਦੇ ਮਸ਼ਹੂਰ ਕਵੀ ਲਾਰਡ ਵਾਇਰਨ ਦਾ ਨਾਂ ਜ਼ਿਕਰਯੋਗ ਹੈ। ਲਾਰਡ ਵਾਇਰਨ ਇੰਗਲੈਂਡ ਦੇ ਲਾਰਡ ਘਰਾਣੇ ਦਾ ਸੀ। ਉਸ ਦਾ ਕੱਪੜਾ ਮਿੱਲਾਂ ਦੇ ਲੁਡੀਜ਼ ਕਾਮਿਆਂ ਨਾਲ ਖੜ੍ਹਨਾ ਰਈਸ ਘਰਾਣੇ ਨੂੰ ਚੰਗਾ ਨਾ ਲੱਗਾ, ਜਿਸ ਕਾਰਨ ਉਸ ਨੂੰ ਇੰਗਲੈਂਡ ਛੱਡ ਕੇ ਇਟਲੀ ਜਾਣਾ ਪਿਆ; ਪਰ ਕਿਰਤੀਆਂ ਦੇ ਹੱਕ 'ਚ ਖਲ੍ਹੋਣ ਨਾਲ ਕੰਮ ਦੇ ਸਮੇਂ ਦੀ ਲੜਾਈ ਸ਼ੁਰੂ ਹੋ ਗਈ, ਜੋ 19ਵੀਂ ਸਦੀ ਦੇ 8ਵੇਂ ਦਹਾਕੇ ਵਿਚ ਜਾ ਕੇ ਗਰਮ ਹੋਈ, ਜਿੱਥੋਂ ਇੱਕ ਦਿਨ ਕੰਮ ਕਰਨ ਦਾ ਸਮਾਂ 8 ਘੰਟੇ ਮਿਥਣ ਦਾ ਸੰਘਰਸ਼ ਸ਼ੁਰੂ ਹੋਇਆ।

ਪਹਿਲੀ ਮਈ 1886 ਨੂੰ ਯੂਰਪ ਦੇ ਕਿਰਤੀਆਂ ਦੇ ਸੰਘਰਸ਼ 'ਤੇ ਸਹੀ ਪਾਉਣ ਦਾ ਪ੍ਰਗਟਾਵਾ ਸਾਰੇ ਸੰਸਾਰ ਦੇ ਫੈਕਟਰੀ ਮਜ਼ਦੂਰਾਂ ਨੇ ਇੱਕ ਦਿਨ ਦੀ ਹੜਤਾਲ ਕਰਕੇ ਕੀਤਾ। ਅਮਰੀਕਾ ਦੇ ਵੱਡੇ ਸਨਅਤੀ ਸ਼ਹਿਰਾਂ ਵਿਚ ਜਿਵੇਂ ਨਿਊ ਯਾਰਕ, ਸਿਆਟਲ, ਲਾਸ ਏਂਜਲਸ ਤੇ ਸ਼ਿਕਾਗੋ ਵਿਚ ਮਜ਼ਦੂਰਾਂ ਨੇ ਇਕੱਠ ਕੀਤੇ। ਸਭ ਤੋਂ ਵੱਡਾ ਇਕੱਠ ਸ਼ਿਕਾਗੋ ਵਿਚ ਹੋਇਆ, ਜਿਸ ਨੂੰ ਵੇਖ ਕੇ ਸ਼ਿਕਾਗੋ ਦੀ ਅਫਸਰਸ਼ਾਹੀ ਬੌਖਲਾ ਗਈ ਤੇ ਆਪਣੇ ਖਾਸੇ ਅਨੁਸਾਰ ਤਿੰਨ ਮਈ ਨੂੰ ਮਜ਼ਦੂਰਾਂ ਦੀ ਹੋ ਰਹੀ ਮੀਟਿੰਗ 'ਤੇ ਵਹਿਸ਼ੀ ਜ਼ੁਲਮ ਕੀਤਾ, ਜਿਸ ਵਿਚ 6 ਮਜ਼ਦੂਰ ਸ਼ਹੀਦ ਹੋ ਗਏ।



ਮਜ਼ਦੂਰ ਆਗੂਆਂ ਦਾ ਇਕ ਚਿੱਤਰ




ਦਿਹਾੜੀ ਨੂੰ 8 ਘੰਟੇ ਸਮਾਂ ਬੱਧ ਕਰਨ ਲਈ ਪੁਰਅਮਨ ਮੁਜਾਹਰਾਕਾਰੀ 4 ਮਈ ਨੂੰ ਪੁਲਿਸ ਦੇ ਬਰਬਰਤਾ ਭਰਪੂਰ ਤਸ਼ੱਦਦ ਵਿਰੁੱਧ ਘਾਹ ਮੰਡੀ (Hay Market) ਸ਼ਿਕਾਗੋ ਵਿਚ ਇਕੱਤਰ ਹੋਏ। ਇਸ ਵਿਸ਼ਾਲ ਇਕੱਠ ਨੂੰ ਖਿੰਡਾਉਣ ਲਈ ਹਾਕਮਾਂ ਨੇ ਇੱਕ ਬੰਬ ਸੁੱਟਿਆ, ਜਿਸ ਨਾਲ ਇੱਕ ਪੁਲਿਸ ਸਾਰਜੈਂਟ ਮਾਰਿਆ ਗਿਆ। ਇਸ ਘਟਨਾ ਨੂੰ ਬਹਾਨਾ ਬਣਾ ਕੇ ਲਾਗੇ ਬੈਠੀ ਫੌਜ ਦੀ ਟੁਕੜੀ ਨੇ ਗੋਲੀਆਂ ਦੀ ਬੌਛਾੜ ਕਰ ਦਿੱਤੀ ਤੇ 4 ਹੋਰ ਮਜ਼ਦੂਰ ਸ਼ਹੀਦ ਹੋ ਗਏ।

ਸਰਕਾਰ ਨੇ ਜਵਾਬੀ ਕਾਰਵਾਈ ਵਿਚ 8 ਮੁਜਾਹਰਾਕਾਰੀ ਮਜ਼ਦੂਰ ਆਗੂਆਂ ਵਿਰੁੱਧ ਕੋਰਟ ਵਿਚ ਮੁਕੱਦਮਾ ਕਰ ਦਿੱਤਾ।

ਮਜ਼ਦੂਰ ਵਿਰੋਧੀ ਸਰਕਾਰਾਂ ਭਾਵੇਂ ਕਸੂਰਵਾਰ ਹੁੰਦੀਆਂ ਹਨ, ਪਰ ਆਪਣਾ ਪੱਖ ਵਿਕਾਊ ਮੀਡੀਏ ਨਾਲ ਕਾਨੂੰਨ ਦੇ ਰਾਖਿਆਂ ਨੂੰ ਖਰੀਦ ਕੇ ਆਪਣੇ ਆਪ ਨੂੰ ਬੇਕਸੂਰ ਸਿੱਧ ਕਰਦੀਆਂ ਹਨ। ਧੱਕਾ ਕਰਦੀਆਂ ਹਨ। ਭਾਵੇਂ ਬੰਬ ਧਮਾਕੇ ਨਾਲ ਸਬੰਧਤ ਕੋਈ ਵੀ ਆਗੂ ਕਸੂਰਵਾਰ ਸਿੱਧ ਨਹੀਂ ਹੋਇਆ, ਫਿਰ ਵੀ 7 ਮਜ਼ਦੂਰ ਆਗੂਆਂ-ਅਲਬਰਟ ਪਾਰਸਨਜ਼, ਅਗਸਤ ਸਪਾਈਜ਼, ਮਾਈਕਲ ਸ਼ਾਅਬ, ਲੂਈਸ ਲਿੰਗ, ਅਡੌਲਫ ਫਿਸ਼ਰ, ਸੈਮੂਅਲ ਫੀਲਡਨ ਤੇ ਜਾਰਜ ਐਂਗਲ ਨੂੰ ਮੌਤ ਦੀ ਸਜ਼ਾ ਅਤੇ ਅੱਠਵੇਂ ਆਗੂ ਆਸਕਰ ਨੀਵ ਨੂੰ 15 ਸਾਲ ਦੀ ਕੈਦ ਸੁਣਾਈ ਗਈ। ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ ਮੁਕੱਦਮੇ ਦੌਰਾਨ ਇਹ ਸਾਬਤ ਵੀ ਹੋ ਗਿਆ ਸੀ ਕਿ ਫਾਂਸੀ ਦੀ ਸਜ਼ਾਯਾਫਤਾ ਵਿਚੋਂ ਦੋ ਆਗੂ ਹੀ ਮੁਜਾਹਰੇ ਵਿਚ ਸ਼ਾਮਿਲ ਸਨ।

ਧਨਕੁਬੇਰਾਂ ਵਲੋਂ ਮਜ਼ਦੂਰ ਵਿਰੋਧੀ ਵਰਤੇ ਢੰਗ ਤਰੀਕੇ ਦਾ ਵਿਰੋਧ ਹੋਇਆ। ਅਗਾਂਹਵਧੂ ਅਮਰੀਕਨਾਂ ਅਤੇ ਯੂਰਪੀਅਨਾਂ ਨੇ ਕੋਰਟ ਦੇ ਫੈਸਲਿਆਂ ਵਿਰੁੱਧ ਅਵਾਜ਼ ਉਠਾਈ, ਪਰ ਬਹੁਤੀਆਂ ਦਲੀਲਾਂ ਅਣਸੁਣੀਆਂ ਕਰ ਦਿੱਤੀਆਂ ਗਈਆਂ। ਸਿਰਫ ਸੈਮੂਅਲ ਫੀਲਡਨ ਅਤੇ ਮਾਈਕਲ ਸ਼ਾਅਬ ਦੀਆਂ ਸਜ਼ਾਵਾਂ ਨੂੰ ਉਮਰ ਕੈਦ ਵਿਚ ਬਦਲਿਆ ਗਿਆ। ਲੂਈਸ ਕਿੰਗ ਦਾ ਜੇਲ੍ਹ ਵਿਚ ਦਿਹਾਂਤ ਹੋ ਗਿਆ ਅਤੇ ਬਾਕੀ ਚਾਰ ਨੂੰ 11 ਨਵੰਬਰ 1887 ਨੂੰ ਫਾਂਸੀ ਦੇ ਤਖਤੇ 'ਤੇ ਚੜ੍ਹਾ ਕੇ ਸ਼ਹੀਦ ਕਰ ਦਿੱਤਾ ਗਿਆ। ਫਾਂਸੀ ਦੇ ਤਖਤੇ ਵੱਲ ਵਧਦਿਆਂ ਅਗਸਤ ਸਪਾਈਜ਼ ਦੇ ਆਖਰੀ ਸ਼ਬਦ ਸਨ, "ਇੱਕ ਸਮਾਂ ਆਵੇਗਾ, ਜਦੋਂ ਸਾਡੀ ਚੁੱਪ ਸਾਡੇ ਸ਼ਬਦਾਂ ਨਾਲੋਂ ਵੱਧ ਬੋਲੇਗੀ।" ਇਹ ਮਜ਼ਦੂਰਾਂ ਦੇ ਸਾਂਝੇ ਕਾਰਜ ਲਈ ਬਲੀਦਾਨ ਦੇਣ ਦੀ ਰਵਾਇਤ ਦੀ ਸ਼ੁਰੂਆਤ ਸੀ।

ਜਿਨ੍ਹਾਂ ਤਿੰਨ ਆਗੂਆਂ ਨੂੰ ਉਮਰ ਕੈਦ ਹੋਈ ਸੀ, ਉਨ੍ਹਾਂ ਨੂੰ 1893 ਵਿਚ ਰਿਹਾ ਕਰ ਦਿੱਤਾ ਗਿਆ। ਇਲੀਨਾਏ ਦੇ ਗਵਰਨਰ ਜੌਹਨ ਪੀਟਰ ਅਲਟਗੈਲਡ ਨੂੰ ਇਹ ਮੰਨਣਾ ਪਿਆ ਸੀ ਕਿ ਮਜ਼ਦੂਰ ਆਗੂਆਂ ਦੇ ਜ਼ੁਰਮ ਸਾਬਤ ਨਹੀਂ ਹੋਏ, ਕੋਰਟ ਵਲੋਂ ਕੀਤੇ ਫੈਸਲੇ ਤੇ ਸਜ਼ਾਵਾਂ ਪੱਖਪਾਤੀ ਸਨ।

ਆਲਮੀ ਕਿਰਤੀ ਲਹਿਰ ਨੇ ਸ਼ਿਕਾਗੋ ਕੇਸ ਨੂੰ 'ਹੇਅ ਮਾਰਕਿਟ ਕੇਸ' ਦਾ ਨਾਂ ਦਿੱਤਾ। 1889 ਵਿਚ ਪੈਰਿਸ ਵਿਖੇ 'ਇੰਟਰਨੈਸ਼ਨਲ ਵਰਕਿੰਗ ਮੈਨਜ਼ ਐਸੋਸੀਏਸ਼ਨ' ਦੀ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ 1890 ਤੋਂ ਹਰ ਸਾਲ ਪਹਿਲੀ ਮਈ ਦਾ ਦਿਨ ਮਜ਼ਦੂਰ ਜਮਾਤ ਦੇ 'ਕੌਮਾਂਤਰੀ ਇੱਕਮੁਠਤਾ ਦਿਵਸ' ਵਜੋਂ ਮਨਾਇਆ ਜਾਵੇਗਾ ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕੀਤੀ ਜਾਵੇਗੀ।

ਜਿਨ੍ਹਾਂ ਨੇ ਸਾਰੇ ਸੰਸਾਰ ਦੀ ਕਿਰਤੀ ਜਮਾਤ ਨੂੰ 8 ਘੰਟੇ ਦੀ ਦਿਹਾੜੀ ਦਾ ਸਮਾਂ ਹੋਣ ਦੀ ਜਿੱਤ ਪ੍ਰਾਪਤ ਕਰਕੇ ਦਿੱਤੀ, ਅਸੀਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸੰਸਾਰ ਦੇ ਸਾਰੇ ਕਿਰਤੀ ਵਰਗ ਨੂੰ ਮਈ ਦਿਵਸ ਦੀਆਂ ਵਧਾਈਆਂ ਦਿੰਦੇ ਹਾਂ।

**ਵਲੋਂ: ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ**

## ਮਜ਼ਦੂਰ

ਹਾਂ ਮੈਂ ਮਜ਼ਦੂਰ ਹਾਂ!
ਜਿਸ ਨੇ ਮੁੱਢ ਕਦੀਮੋਂ
ਆਪਣੇ ਅਰਮਾਨਾਂ ਦਾ ਗਲਾ ਘੁੱਟ
ਲੋੜਾਂ ਨੂੰ ਬਾ-ਮੁਸ਼ਕਿਲ ਪੂਰਾ ਕੀਤਾ।
ਗਰੀਬੀ ਦਾ ਦਰਦ ਪਿੰਡੇ ਹੰਢਾਇਆ
ਆਪਣੀ ਆਤਮਾ ਤੱਕ ਨੂੰ ਛਲਣੀ ਕੀਤਾ।
ਜਿਹਦੀ ਮਿਹਨਤ ਸਦਕਾ,
ਚਿਮਨੀਆਂ 'ਚੋਂ ਨਿਕਲਦੇ ਧੂਏਂ ਨੇ,
ਸਨਅਤੀ ਘਰਾਣਿਆਂ ਨੂੰ ਖੁਸ਼ਹਾਲ ਕੀਤਾ।
ਪਰ ਉਨ੍ਹਾਂ!
ਮੇਰੀ ਅਣਥੱਕ ਮਿਹਨਤ ਦਾ
ਹਰ ਵੇਲੇ ਸੋਸ਼ਣ ਕੀਤਾ।

ਹਾਂ ਮੈਂ ਮਜ਼ਦੂਰ ਹਾਂ!
ਜਿਹਨੇ ਚੀਨ ਦੀ ਦੀਵਾਰ ਤੋਂ ਲੈ ਕੇ
ਲਾਲ ਕਿਲ੍ਹੇ ਜਿਹੇ ਤੱਕ ਉਸਾਰੇ!
ਜਿਹਨੇ ਖੁਦ ਦੀ ਮੁਹੱਬਤ ਦੇ ਗਲੇ ਘੁੱਟ
ਤਾਜ ਮਹਿਲ ਦੀ ਤਾਅਮੀਰ ਕਰ,
ਸ਼ਾਹਜਹਾਂ ਮੁਮਤਾਜ਼ ਦੇ ਪਿਆਰ ਨੂੰ
ਲਾਸਾਨੀ ਪਛਾਣ ਦਿੱਤੀ।

ਹਾਂ ਮੈਂ ਮਜ਼ਦੂਰ ਹਾਂ!
ਮੇਰੇ ਕਿੰਨੇ ਹੀ ਰੰਗ ਤੇ ਰੂਪ ਨੇ
ਪਰ ਜਿਸ ਨੂੰ ਆਖਦੇ ਨੇ ਤਕਦੀਰ,
ਉਹ ਸਭਨਾਂ ਦੀ ਇਕੋ ਜਿਹੀ ਹੈ।
ਮੈਂ ਉਸਾਰੀ ਅਧੀਨ ਇਮਾਰਤਾਂ
ਖੇਤਾਂ, ਫੈਕਟਰੀਆਂ 'ਚ ਮੌਜੂਦ ਹਾਂ।

ਹਾਂ ਮੈਂ ਮਜ਼ਦੂਰ ਹਾਂ!
ਮੈਂ ਅਕਸਰ ਸਰਕਾਰੀ ਅਤੇ
ਪ੍ਰਾਈਵੇਟ ਦਫਤਰਾਂ ਵਿਚ
ਅਫਸਰ ਹਾਕਮਾਂ ਦੀਆਂ
ਝਿੜਕਾਂ ਖਾਣ ਲਈ ਮਜਬੂਰ ਹਾਂ।
ਕੁਦਰਤੀ ਆਫਤ ਹੋਵੇ
ਜਾਂ ਫਿਰਕੂ ਦੰਗਾ ਕੋਈ,
ਪਲੇਗ ਹੋਏ ਜਾਂ ਕਰੋਨਾ ਵਾਇਰਸ,
ਮੈਂ ਹਰ ਥਾਂ ਮੁਢਲੀਆਂ ਸਫਾ 'ਚ
ਕੁਰਬਾਨੀ ਦੇਣ ਲਈ ਮਜਬੂਰ ਹਾਂ!

ਹਾਂ ਮੈਂ ਮਜ਼ਦੂਰ ਹਾਂ!
ਕਹਿੰਦੇ ਹਨ ਕਿ ਮਨੁੱਖ
ਬਹੁਤ ਤਰੱਕੀ ਕਰ ਗਿਆ ਏ।
ਚੰਨ 'ਤੇ ਫਤਿਹ ਪਾ ਲਈ
ਤੇ ਮੰਗਲ ਵਲ ਵਧ ਗਿਆ ਏ।
ਪਰ ਮੇਰੇ ਗਰੀਬ ਲਈ
ਰੋਜ਼ੀ ਰੋਟੀ ਦੇ ਮਸਲੇ ਬੜੇ ਨੇ।
ਕਹਿੰਦੇ ਹਨ, ਸੰਵਿਧਾਨ 'ਚ
ਮਨੁੱਖਾਂ ਲਈ ਅਧਿਕਾਰ ਬੜੇ ਨੇ,
ਪਰ ਮੇਰੇ ਸਾਹਮਣੇ ਹਾਲੇ ਵੀ
ਹਨੇਰੇ ਬੜੇ ਨੇ! ਹਨੇਰੇ ਬੜੇ ਨੇ!!

**-ਮੁਹੰਮਦ ਅੱਬਾਸ ਧਾਲੀਵਾਲ**

# ਮਜ਼ਦੂਰਾਂ ਦੇ ਸੁਪਨਿਆਂ ਨੂੰ ਵੀ ਮਾਰ ਰਿਹਾ ਹੈ ਕਰੋਨਾ ਵਾਇਰਸ!

ਕਰੋਨਾ ਵਾਇਰਸ ਨੇ ਇਸ ਸਮੇਂ ਸਾਰੀ ਦੁਨੀਆਂ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਇੱਕ ਤਰ੍ਹਾਂ ਨਾਲ ਪੂਰੇ ਸੰਸਾਰ ਦੀ ਆਰਥਕਤਾ ਦਾ ਚੱਕਾ ਜਾਮ ਹੋ ਕੇ ਰਹਿ ਗਿਆ ਹੈ। ਭਾਰਤ ਵਿਚ ਜਦੋਂ ਇਸ ਵਾਇਰਸ ਨੇ ਦਸਤਕ ਦਿੱਤੀ ਤਾਂ

**ਹਰਜਿੰਦਰ ਸਿੰਘ ਗੁਲਪੁਰ**
**ਮੈਲਬੌਰਨ (ਆਸਟ੍ਰੇਲੀਆ)**
**ਫੋਨ: +0061411218801**

ਭਾਰਤ ਦੀ ਅਰਥ ਵਿਵਸਥਾ ਮੰਦੀ ਦੀ ਕਗਾਰ 'ਤੇ ਖੜ੍ਹੀ ਸੀ। ਬਾਜ਼ਾਰ ਅੰਦਰ ਕਰੋਨਾ ਵਾਇਰਸ ਦੀ ਕੋਈ ਦਵਾਈ ਉਪਲਬਧ ਨਾ ਹੋਣ ਕਾਰਨ ਬਾਕੀ ਦੇਸ਼ਾਂ ਵਾਂਗ ਭਾਰਤ ਨੂੰ ਵੀ ਮਜਬੂਰੀ ਵੱਸ ਲੌਕਡਾਊਨ ਦਾ ਫੈਸਲਾ ਕਰਨਾ ਪਿਆ ਹੈ, ਜਿਸ ਦੇ ਚੱਲਦਿਆਂ ਦੇਸ਼ ਅੰਦਰ ਆਰਥਕ ਸਰਗਰਮੀਆਂ ਪੂਰੀ ਤਰ੍ਹਾਂ ਠੱਪ ਹੋ ਗਈਆਂ ਹਨ। ਇਸ ਦੇ ਮੱਦੇਨਜ਼ਰ ਬੇਰੁਜ਼ਗਾਰੀ ਦੇ ਇੱਕ ਦਮ ਵਧਣ ਦਾ ਖਦਸ਼ਾ ਪੈਦਾ ਹੋ ਗਿਆ ਹੈ।

ਦੇਸ਼ ਵਿਚ ਪੈਦਾ ਹੋਏ ਨਵੇਂ ਹਾਲਾਤ ਦੌਰਾਨ ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕਾਨਮੀ (ਸੀ. ਐਮ. ਆਈ. ਈ.) ਨੇ ਤਾਲਾਬੰਦੀ ਦੇ ਸਮੇਂ ਦੌਰਾਨ ਇੱਕ ਸਰਵੇਖਣ ਕੀਤਾ ਹੈ। 5 ਅਪਰੈਲ ਤੱਕ ਕੀਤੇ ਗਏ ਸਰਵੇਖਣ ਵਿਚ ਦੁਖੀ ਕਰਨ ਵਾਲੇ ਖੁਲਾਸੇ ਸਾਹਮਣੇ ਆਏ ਹਨ। ਇਸ ਸਰਵੇਖਣ ਬਾਰੇ 'ਆਊਟ ਲੁਕ' ਨਾਲ ਸਬੰਧਿਤ ਪ੍ਰਸ਼ਾਂਤ ਸ਼੍ਰੀਵਾਸਤਵ ਨੇ ਉਪਰੋਕਤ ਸੰਸਥਾ ਦੇ ਸੀ. ਈ. ਓ. ਮਹੇਸ਼ ਵਿਆਸ ਨਾਲ ਵਿਸਤ੍ਰਿਤ ਗੱਲਬਾਤ ਕਰਨ ਪਿਛੋਂ ਦੱਸਿਆ ਹੈ ਕਿ ਸਥਿਤੀ ਬਹੁਤ ਗੰਭੀਰ ਹੈ। ਤਾਲਾਬੰਦੀ ਦੇ ਪਹਿਲੇ ਪੰਦਰਵਾੜੇ ਦੇ ਸਰਵੇਖਣ ਦੌਰਾਨ ਸਾਹਮਣੇ ਆਇਆ ਕਿ ਮਜ਼ਦੂਰੀ ਦੀ ਹਿੱਸੇਦਾਰੀ ਦਰ (ਲੇਬਰ ਪਾਰਟੀਸਿਪੇਸ਼ਨ ਰੇਟ) 42 ਫੀਸਦੀ ਤੋਂ ਵੀ ਹੇਠ ਆ ਗਈ ਸੀ, ਜੋ ਹੁਣ 36 ਫੀਸਦੀ ਦੇ ਪੱਧਰ 'ਤੇ ਆ ਗਈ ਹੈ।

ਮਜ਼ਦੂਰੀ ਹਿੱਸੇਦਾਰੀ ਦਰ ਵਿਚ ਗਿਰਾਵਟ ਆਉਣ ਦੇ ਫਲਸਰੂਪ ਬੇਰੁਜ਼ਗਾਰੀ ਦਰ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਬੇਰੁਜ਼ਗਾਰੀ 23 ਫੀਸਦੀ ਦੇ ਪੱਧਰ 'ਤੇ ਪਹੁੰਚ ਜਾਣ ਕਾਰਨ ਰੁਜ਼ਗਾਰ ਦੇ ਮੌਕੇ ਬਹੁਤ ਘੱਟ ਹੋ ਗਏ ਹਨ। ਨੌਕਰੀ ਦੀ ਮੰਗ ਕਰਨ ਵਾਲਿਆਂ ਦੀ ਗਿਣਤੀ ਵਿਚ 6-7 ਫੀਸਦੀ ਦੀ ਗਿਰਾਵਟ ਆਈ ਹੈ, ਜੋ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਮਜ਼ਦੂਰੀ ਹਿੱਸੇਦਾਰੀ ਦਰ ਵਿਚ ਗਿਰਾਵਟ ਦਾ ਅਰਥ ਹੈ ਕਿ ਲੋਕਾਂ ਵਿਚ ਨੌਕਰੀ ਮਿਲਣ ਦੀ ਆਸ ਘੱਟ ਹੁੰਦੀ ਜਾ ਰਹੀ ਹੈ। ਇਸ ਨੂੰ ਸਾਹਿਤਕ ਬੋਲੀ ਵਿਚ 'ਸਪਨਿਆਂ ਦਾ ਮਰ ਜਾਣਾ' ਵੀ ਕਿਹਾ ਜਾ ਸਕਦਾ ਹੈ। ਨੌਕਰੀ ਦੀ ਮੰਗ ਕਰਨ ਸਮੇਂ ਜਦੋਂ ਰੁਜ਼ਗਾਰ ਨਹੀਂ ਮਿਲਦਾ, ਉਸ ਨੂੰ ਬੇਰੁਜ਼ਗਾਰੀ ਦਰ ਕਿਹਾ ਜਾਂਦਾ ਹੈ। ਤਾਲਾਬੰਦੀ ਤੋਂ ਪਹਿਲਾਂ 43 ਫੀਸਦੀ ਮਜ਼ਦੂਰੀ ਹਿੱਸੇਦਾਰੀ ਦਰ ਸਮੇਂ 6-7 ਫੀਸਦੀ ਲੋਕਾਂ ਨੂੰ ਰੁਜ਼ਗਾਰ ਨਹੀਂ ਮਿਲਦਾ ਸੀ। ਹੁਣ ਇਹ ਦਰ ਡਿੱਗ ਕੇ 36 ਫੀਸਦੀ 'ਤੇ ਆ ਚੁਕੀ ਹੈ, ਜਿਸ ਦੇ ਚੱਲਦਿਆਂ 23 ਫੀਸਦੀ ਲੋਕਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ।

ਸਪਸ਼ਟ ਹੈ ਕਿ ਵੱਡੀ ਪੱਧਰ 'ਤੇ ਲੋਕਾਂ ਕੋਲ ਨੌਕਰੀਆਂ ਨਹੀਂ ਹਨ। ਆਮ ਤੌਰ 'ਤੇ ਸ਼ਹਿਰੀ ਇਲਾਕਿਆਂ ਵਿਚ ਬੇਰੁਜ਼ਗਾਰੀ ਦਰ ਵੱਧ ਹੁੰਦੀ ਹੈ, ਪਰ ਜਿਸ ਤਰ੍ਹਾਂ ਨਾਲ ਸ਼ਹਿਰੀ ਇਲਾਕਿਆਂ ਦੇ ਨਾਲ ਨਾਲ ਪੇਂਡੂ ਇਲਾਕਿਆਂ ਵਿਚ ਬੇਰੁਜ਼ਗਾਰੀ ਦਰ ਵਧੀ ਹੈ, ਉਸ ਤੋਂ ਸਥਿਤੀ ਦੀ ਗੰਭੀਰਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਸ਼ਹਿਰੀ ਇਲਾਕਿਆਂ ਵਿਚ ਮਜ਼ਦੂਰੀ ਹਿੱਸੇਦਾਰੀ ਦਰ 40-41 ਫੀਸਦੀ ਤੋਂ ਡਿੱਗ ਕੇ 32 ਫੀਸਦੀ 'ਤੇ ਆ ਗਈ ਹੈ, ਜਦੋਂ ਕਿ ਬੇਰੁਜ਼ਗਾਰੀ ਦਰ 31 ਫੀਸਦੀ 'ਤੇ ਪਹੁੰਚ ਗਈ ਹੈ। ਇਸੇ ਤਰ੍ਹਾਂ ਪੇਂਡੂ ਇਲਾਕਿਆਂ ਵਿਚ ਮਜ਼ਦੂਰੀ ਹਿੱਸੇਦਾਰੀ ਦਰ ਵਿਚ ਬਹੁਤ ਗਿਰਾਵਟ ਨੋਟ ਕੀਤੀ ਗਈ ਹੈ। ਨਤੀਜੇ ਵਜੋਂ ਬੇਰੁਜ਼ਗਾਰੀ ਦਰ 6 ਫੀਸਦੀ ਤੋਂ ਵੱਧ ਕੇ 20 ਫੀਸਦੀ 'ਤੇ ਪਹੁੰਚ ਗਈ ਹੈ। ਇਸ ਹਾਲਤ ਦੇ ਬਣਨ ਦੇ ਵੱਡੇ ਕਾਰਨਾਂ ਵਿਚੋਂ ਤਾਲਾਬੰਦੀ ਦਾ ਐਲਾਨ ਅਚਾਨਕ ਕਰਨਾ ਮੰਨਿਆ ਜਾ ਰਿਹਾ ਹੈ।

ਇਨ੍ਹਾਂ ਹਾਲਤਾਂ ਵਿਚ ਲੱਖਾਂ ਮਜ਼ਦੂਰ ਘਰਾਂ ਤੋਂ ਸੈਂਕੜੇ ਕਿਲੋਮੀਟਰ ਦੂਰ ਇੱਕ ਤਰ੍ਹਾਂ ਨਾਲ ਫਸ ਗਏ ਹਨ। ਦੇਸ਼ ਵਿਚ ਮਜ਼ਦੂਰਾਂ ਦੀ ਵੱਡੀ ਗਿਣਤੀ ਹੈ, ਜੋ ਘਰਾਂ ਤੋਂ 150-200 ਕਿਲੋਮੀਟਰ ਦੂਰ ਆ ਕੇ ਵੱਡੇ ਸ਼ਹਿਰਾਂ ਵਿਚ ਨੌਕਰੀ ਕਰਦੀ ਹੈ। ਇਹ ਲੋਕ ਹਰ ਹਫਤੇ ਆਪਣੇ ਘਰ ਚਲੇ ਜਾਂਦੇ ਹਨ। ਲੱਖਾਂ ਲੋਕ ਅਜਿਹੇ ਹਨ, ਜੋ ਬਹੁਤ ਦੂਰ ਕੰਮ ਕਾਜ ਕਰਨ ਕਰਕੇ ਸਾਲ-ਛਿਮਾਹੀ ਹੀ ਘਰਾਂ ਨੂੰ ਜਾਂਦੇ ਹਨ। ਇਹ ਸਾਰੇ ਲੋਕ ਤਾਲਾਬੰਦੀ ਕਾਰਨ ਆਪੋ ਆਪਣੇ ਕੰਮ ਕਰਨ ਦੀਆਂ ਥਾਂਵਾਂ 'ਤੇ ਫਸ ਗਏ ਹਨ। ਲੌਕਡਾਊਨ ਦੇ ਚੱਲਦਿਆਂ ਉਨ੍ਹਾਂ ਲਈ ਘਰ ਪਹੁੰਚਣਾ ਅਜੇ ਸੰਭਵ ਨਹੀਂ ਹੈ। ਇਹ ਉਨ੍ਹਾਂ ਲਈ ਬਹੁਤ ਵੱਡਾ ਮਾਨਸਿਕ ਸਦਮਾ ਹੈ। ਘਰ ਪਰਤਣ ਦੀ ਇੱਛਾ (Home sick) ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਪੱਖੋਂ ਦੁਖੀ ਕਰ ਰਹੀ ਹੈ। ਆਪਣੇ ਹੀ ਦੇਸ਼ ਅੰਦਰ ਉਹ ਕੈਦੀ ਬਣ ਕੇ ਦਿਨ ਕੱਟਣ ਲਈ ਮਜਬੂਰ ਹਨ। ਇਸ ਦੇ ਨਾਲ ਹੀ ਘੱਟ ਉਜਰਤ ਵਾਲੇ ਮਜ਼ਦੂਰਾਂ ਨੂੰ ਰੁਪਏ ਪੈਸੇ ਦੀ ਦਿੱਕਤ ਵੀ ਪ੍ਰੇਸ਼ਾਨ ਕਰ ਰਹੀ ਹੈ। ਉਨ੍ਹਾਂ ਦੀ ਬੱਚਤ ਖਤਮ ਹੋ ਰਹੀ ਹੈ, ਜਿਸ ਨਾਲ ਸਥਿਤੀ ਹੋਰ ਖਰਾਬ ਹੋਣ ਦਾ ਖਦਸ਼ਾ ਹੈ।



ਸਰਵੇਖਣ ਦੌਰਾਨ ਪਤਾ ਲੱਗਾ ਹੈ ਕਿ ਘਰਾਂ ਤੋਂ ਬਾਹਰ ਫਸੇ ਮਜ਼ਦੂਰਾਂ ਦੀ ਪਹਿਲੀ ਇੱਛਾ ਇਹ ਹੈ ਕਿ ਜਦੋਂ ਵੀ ਉਨ੍ਹਾਂ ਨੂੰ ਮੌਕਾ ਮਿਲੇਗਾ, ਉਹ ਆਪਣੇ ਘਰਾਂ ਨੂੰ ਜਾਣਗੇ। ਉਹ ਇਸ ਸਮੇਂ ਨੌਕਰੀ ਬਾਰੇ ਨਹੀਂ ਸੋਚ ਰਹੇ। ਇਸ ਮਾਹੌਲ ਵਿਚ ਆਉਣ ਵਾਲਾ ਸਮਾਂ ਸਰਕਾਰਾਂ ਲਈ ਬਹੁਤ ਚਣੌਤੀ ਭਰਿਆ ਹੋਵੇਗਾ। ਖੇਤੀਬਾੜੀ ਅਤੇ ਉਦਯੋਗ ਖੇਤਰ ਵਾਸਤੇ ਵੀ ਇੱਕ ਵਾਰ ਘਰਾਂ ਨੂੰ ਚਲੇ ਗਏ ਮਜ਼ਦੂਰਾਂ ਨੂੰ ਵਾਪਸ ਲਿਆਉਣਾ ਸੌਖਾ ਨਹੀਂ ਹੋਵੇਗਾ। ਜਿਸ ਤਰ੍ਹਾਂ ਕਰੋਨਾ ਵਾਇਰਸ ਦੇਸ਼ ਅੰਦਰ ਪੈਰ ਪਸਾਰ ਰਿਹਾ ਹੈ, ਉਸ ਦੇ ਮੱਦੇਨਜ਼ਰ ਅਜੇ ਸਰਕਾਰਾਂ ਕੋਲ ਤਾਲਾਬੰਦੀ ਦਾ ਹੋਰ ਕੋਈ ਬਦਲ ਨਹੀਂ ਹੈ। ਉਪਰੋਕਤ ਸੰਸਥਾ ਦੀ ਮੰਨੀਏ ਤਾਂ ਕਰੀਬ 12 ਕਰੋੜ ਲੋਕਾਂ ਦੇ ਰੁਜ਼ਗਾਰ 'ਤੇ ਅਸਰ ਪਵੇਗਾ।

# ਸੁਪਨਾ, ਜੋ ਸੱਚ ਹੀ ਤਾਂ ਹੈ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਉਨ੍ਹਾਂ ਤਾਰਿਆਂ ਨਾਲ ਗੱਲਾਂ ਕਰਦਿਆਂ ਪ੍ਰੇਰਿਆ ਸੀ, "ਤਾਰਿਆਂ ਵੱਲ ਦੇਖੋ। ਉਨ੍ਹਾਂ ਨੂੰ ਨਿਹਾਰੋ। ਉਨ੍ਹਾਂ ਦੇ ਦੀਦਿਆਂ ਵਿਚ ਝਾਕੋ। ਫਿਰ ਪਤਾ ਲੱਗੇਗਾ ਕਿ ਤਾਰੇ ਤੁਹਾਨੂੰ ਹੀ ਦੇਖਣ ਲਈ ਹਰ ਰਾਤ ਨੂੰ ਅੰਬਰ-ਵਿਹੜੇ ਵਿਚ ਦਸਤਕ ਦਿੰਦੇ।...ਤਾਰਿਆਂ ਨਾਲ ਗੱਲਾਂ ਕੀਤਿਆਂ ਹੀ ਮਨੁੱਖ ਸਵੈ-ਚਿੰਤਨ ਕਰਨ ਦੀ ਸੋਚੇਗਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਪਰਵਾਸ ਲਈ ਪਰਵਾਜ਼ ਵਿਚੋਂ ਉਪਜੀ ਪੀੜ ਅਤੇ ਆਪਣੀ ਮਿੱਟੀ ਤੇ ਰਿਸ਼ਤਿਆਂ ਦੀ ਮਹਿਕ ਤੋਂ ਦੂਰ ਜਾਣ ਦਾ ਝੋਰਾ ਅਵਚੇਤਨ ਵਿਚ ਬੈਠੇ ਸੁਪਨੇ ਰਾਹੀਂ ਬਿਆਨ ਕੀਤਾ ਹੈ, "ਪਰਦੇਸ ਜਾਣ ਵਾਲਿਆ! ਤੈਨੂੰ ਤਾਂ ਸ਼ਾਇਦ ਚੇਤਾ ਨਾ ਹੋਵੇ, ਪਰ ਤੂੰ ਜਾਣ ਵੇਲੇ ਆਪਣੇ ਮਾਪਿਆਂ ਤੋਂ ਦੂਰ ਜਾਣ ਦਾ ਦਰਦ, ਭੈਣ-ਭਰਾਵਾਂ ਤੋਂ ਵਿਛੜਨ ਦੀ ਪੀੜਾ, ਸੰਗੀਆਂ-ਸਾਥੀਆਂ ਦੇ ਸਾਥ ਨੂੰ ਮਾਣਨ ਤੋਂ ਵਿਰਵੇ ਹੋਣ ਦੀ ਚੀਸ ਅਤੇ ਮਾਣੇ ਹੋਏ ਚੌਗਿਰਦੇ ਦੀ ਘਾਟ ਵੀ ਆਪਣੇ ਨਾਲ ਹੀ ਲੈ ਕੇ ਜਾ ਰਿਹਾ ਏਂ। ਇਸ ਨੇ ਤੈਨੂੰ ਦੇਰ-ਸਵੇਰ ਤੇ ਗਾਹੇ-ਬਗਾਹੇ ਸਤਾਉਂਦੇ ਰਹਿਣਾ।" ਉਹ ਕਹਿੰਦੇ ਹਨ, "ਜਾਣ ਵਾਲਿਆ! ਬਹੁਤ ਕੁਝ ਹੈ ਤੇਰੀ ਅਰਧ-ਚੇਤਨਾ ਵਿਚ, ਜੋ ਤੂੰ ਜਾਣੇ-ਅਣਜਾਣੇ ਨਾਲ ਹੀ ਲੈ ਜਾ ਰਿਹਾ ਏਂ। ਬਹੁਤ ਮਹੀਨ, ਡੂੰਘੀਆਂ ਅਤੇ ਅਥਾਹ ਹੁੰਦੀਆਂ ਨੇ ਇਸ ਦੀਆਂ ਪਰਤਾਂ, ਕਿਉਂਕਿ ਸੋਚਾਂ ਦੀਆਂ ਘੁੰਮਣਘੇਰੀਆਂ ਕਦੋਂ ਬੰਦੇ ਵਿਚੋਂ ਮਨਫੀ ਹੁੰਦੀਆਂ ਨੇ? ਮਨ ਵਿਚੋਂ ਕਦੋਂ ਮਿਟਦੀ ਹੈ, ਤਿੜਕੇ ਸੁਪਨਿਆਂ ਦੀ ਟੀਸ?...ਤੂੰ ਦੱਸ, ਭਾਵੇਂ ਨਾ ਦੱਸ, ਬਹੁਤ ਕੁਝ ਤੇਰੇ ਮਨ ਵਿਚ ਮਚਲਦਾ ਤੂਫਾਨ ਬਣ ਕੇ ਨਾਲ ਜਾਣ ਲਈ ਕਾਹਲਾ ਏ।" -ਸੰਪਾਦਕ*

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸੁਪਨਾ ਆਉਂਦਾ ਹੈ। ਆਪਣੇ ਪਿਆਰੇ ਪੰਜਾਬ ਤੋਂ ਅਮਰੀਕਾ ਨੂੰ ਜਾਣ ਦੀ ਕਾਹਲ ਹੈ। ਭਾਰਤ ਦੇ ਏਅਰਪੋਰਟ 'ਤੇ ਇਮੀਗਰੇਸ਼ਨ ਅਫਸਰ ਪਾਸਪੋਰਟ ਵੱਲ ਦੇਖਦਾ ਹੈ। ਫਿਰ ਮੇਰੇ ਵੰਨੀਂ ਦੇਖ ਕੇ ਪੁੱਛਦਾ ਹੈ, "ਵਿਦੇਸ਼ ਨੂੰ ਜਾ ਰਿਹਾ ਏਂ? ਕੀ ਲੈ ਕੇ ਜਾ ਰਿਹਾ ਏਂ?"

ਮੈਂ ਆਲੇ-ਦੁਆਲੇ ਦੇਖਦਾ ਕਹਿੰਦਾ ਹਾਂ ਕਿ ਕੁਝ ਵੀ ਗੈਰ-ਕਾਨੂੰਨੀ ਨਹੀਂ। ਸਿਰਫ ਲੋੜ ਦੀਆਂ ਵਸਤਾਂ ਹੀ ਲੈ ਕੇ ਜਾ ਰਿਹਾ ਹਾਂ, ਜੋ ਲਿਜਾ ਸਕਦਾ ਹਾਂ। ਉਹ ਬਹੁਤ ਹੀ ਸੰਜੀਦਗੀ ਨਾਲ ਮੇਰੇ ਵੰਨੀਂ ਦੇਖਦਾ ਕਹਿੰਦਾ ਹੈ, "ਤੂੰ ਬਹੁਤ ਕੁਝ ਲੈ ਕੇ ਜਾ ਰਿਹਾ ਏਂ ਮਿੱਤਰ ਪਿਆਰੇ। ਸ਼ਾਇਦ ਤੈਨੂੰ ਪਤਾ ਨਾ ਹੋਵੇ ਜਾਂ ਕਿਆਸ ਨਾ ਹੋਵੇ। ਬਹੁਤ ਕੁਝ ਤੇਰੇ ਨਾਲ ਜਾ ਰਿਹਾ ਏ। ਇਸ ਦਾ ਸਿਰਫ ਕੁਝ ਕੁ ਲੋਕਾਂ ਨੂੰ ਹੀ ਅਹਿਸਾਸ ਏ, ਜੋ ਸੁਚੇਤ ਨੇ, ਚਿੰਤਕ ਨੇ ਤੇ ਫਿਕਰਮੰਦ ਨੇ। ਇਸ ਫਿਕਰਮੰਦੀ ਕਾਰਨ ਹੀ ਉਨ੍ਹਾਂ ਦੀ ਚੇਤਨਾ, ਉਨ੍ਹਾਂ ਨੂੰ ਬਹੁਤ ਕੁਰੇਦਦੀ ਏ।"

ਅਫਸਰ ਕਹਿੰਦਾ ਏ, "ਤੂੰ ਜਾ ਰਿਹਾ ਏਂ। ਆਪਣੇ ਨਾਲ ਆਪਣੀ ਦਿੱਖ, ਦਿੱਭ-ਦ੍ਰਿਸ਼ਟੀ ਅਤੇ ਸਮੁੱਚ ਨੂੰ ਲੈ ਕੇ ਜਾ ਰਿਹਾ ਏ। ਤੇਰੀ ਦਸਤਾਰ ਵੀ ਬਾਹਰ ਜਾ ਰਹੀ ਏ, ਦਾਹੜੀ ਵੀ, ਦਰਿਆਦਿਲੀ ਅਤੇ ਦਰਦਵੰਤਾ ਵੀ ਤੇਰੇ ਨਾਲ ਹੀ ਵਿਰਾਸਤੀ ਰੂਪ ਵਿਚ ਬਾਹਰ ਨੂੰ ਤੁਰ ਪਈ ਏ। ਜਦ ਤੂੰ ਆਪਣੇ ਪਹਿਰਾਵੇ, ਸੂਰਤ ਅਤੇ ਰੋਅਬ-ਦਾਅਬ ਵਿਚੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਪਛਾਣ ਨਵੀਂ ਧਰਤੀ 'ਤੇ ਸਿਰਜੇਂਗਾ ਤਾਂ ਪੰਜਾਬ ਨੂੰ ਬਹੁਤ ਹਿਰਖ ਹੋਵੇਗਾ, ਕਿਉਂਕਿ ਕਿਸੇ ਹੋਰ ਦੇਸ਼ ਦਾ ਹਾਸਲ, ਪੰਜਾਬ ਲਈ ਤਾਂ ਵੱਡਾ ਘਾਟਾ ਹੋਵੇਗਾ ਹੀ।"

"ਤੂੰ ਜਾ ਰਿਹਾ ਏਂ ਤਾਂ ਆਪਣੇ ਨਾਲ ਪੰਜਾਬੀਅਤ ਰੰਗੀ ਸਭਿਆਚਾਰਕ ਦਿੱਖ ਵੀ ਲੈ ਕੇ ਜਾ ਰਿਹਾ ਏਂ। ਪੰਜਾਬ ਦੀ ਧਰਤੀ ਨੂੰ ਨਕਾਰਿਆ ਤੇ ਦੁਰਕਾਰਿਆ ਜਾ ਰਿਹਾ ਏ। ਜਦ ਪੰਜਾਬੀ ਹੀ ਇਸ ਦੀ ਅਣਦੇਖੀ ਕਰਨ ਲੱਗ ਪੈਣਗੇ ਜਾਂ ਇਸ ਦੀ ਉਚਮਤਾ 'ਤੇ ਪ੍ਰਸ਼ਨ ਉਗ ਪੈਣ ਤਾਂ ਸਿਰਫ ਕੁਝ ਹੀ ਫਿਕਰਮੰਦ ਲੋਕ ਹੁੰਦੇ, ਜਿਨ੍ਹਾਂ ਨੂੰ ਪੰਜਾਬੀਅਤ ਨਾਲ ਮੋਹ ਹੁੰਦਾ। ਉਹ ਮੋਹ ਵੀ ਤੂੰ ਆਪਣੇ ਨਾਲ ਤਾਂ ਲੈ ਕੇ ਜਾ ਰਿਹਾ ਏਂ।"

"ਤੂੰ ਬਾਹਰ ਜਾ ਰਿਹਾ ਏਂ ਤਾਂ ਤੂੰ ਆਪਣੇ ਨਾਲ ਆਪਣਾ ਬਚਪਨਾ ਵੀ ਲੁਕਾ ਕੇ ਲਿਜਾ ਰਿਹਾ ਏਂ। ਪੁਰਾਣੀਆਂ ਸਾਂਝਾਂ, ਯਾਰੀਆਂ ਅਤੇ ਦੋਸਤੀਆਂ ਦੀ ਮਹਿਕੀਲੀ ਯਾਦ ਨੂੰ ਆਪਣੇ ਸੀਨੇ ਵਿਚ ਛੁਪਾ ਕੇ ਤਾਂ ਲੈ ਜਾ ਰਿਹਾ ਏਂ! ਇਸ ਤੋਂ ਤੂੰ ਕਿਵੇਂ ਮੁੱਕਰ ਸਕਦੈਂ? ਤੇਰੇ ਨਾਲ ਹੀ ਜਾ ਰਿਹਾ ਏ ਉਹ ਪਿੰਡ, ਉਸ ਦੀ ਮਿੱਟੀ ਦੀ ਮਹਿਕ, ਗਲੀਆਂ ਵਿਚ ਫਿਰਨ ਦਾ ਚਾਅ ਅਤੇ ਭੱਠੀ 'ਤੇ ਦਾਣੇ ਭੁੰਨਾਉਣ ਦਾ ਸ਼ੌਕ। ਪੁਰਾਣੇ ਸਕੂਲ ਦੀਆਂ ਕੰਧਾਂ 'ਤੇ ਉਕਰੀਆਂ ਇਬਾਰਤਾਂ, ਜਿਨ੍ਹਾਂ ਨੇ ਤੈਨੂੰ ਸੁਪਨੇ ਦਿਤੇ ਸਨ। ਲੈ ਕੇ ਜਾ ਰਿਹਾ ਏਂ ਪੁਰਾਣਾ ਘਰ, ਹਵੇਲੀ, ਖੂਹ, ਮੋਟਰਾਂ ਅਤੇ ਉਨ੍ਹਾਂ ਦੀਆਂ ਨਿਆਮਤਾਂ ਵਿਚੋਂ ਪੁੰਗਰ ਕੇ ਪ੍ਰਵਾਨ ਚੜ੍ਹੀ ਉਸ ਸੋਚ ਨੂੰ, ਜੋ ਪਿੰਡ, ਪਰਿਵਾਰ ਅਤੇ ਪ੍ਰਕਿਰਤੀ ਦਾ ਹਾਸਲ ਸੀ।"

"ਤੂੰ ਜਾ ਰਿਹਾ ਏਂ ਤਾਂ ਆਪਣੇ ਨਾਲ ਉਹ ਸਾਰਾ ਗਿਆਨ ਵੀ ਲੈ ਕੇ ਜਾ ਰਿਹਾ ਏਂ, ਜੋ ਤੂੰ ਆਪਣੇ ਬਜੁਰਗਾਂ, ਅਧਿਆਪਕਾਂ, ਵਡੇਰਿਆਂ ਅਤੇ ਚੰਗੇ ਬੰਦਿਆਂ ਦੀ ਸੰਗਤ ਵਿਚੋਂ ਸਿੱਖਿਆ ਸੀ। ਗਿਆਨ, ਜਿਸ ਨੇ ਤੈਨੂੰ ਇਨਸਾਨੀਅਤ ਦੇ ਰਾਹ ਤੋਰਿਆ ਸੀ। ਤੇਰਾ ਜਾਣਾ ਸਿਰਫ ਬਰੇਨ-ਡਰੇਨ ਹੀ ਨਹੀਂ ਹੈ, ਇਹ ਤਾਂ ਨੌਜਵਾਨੀ ਦੀ ਲਾਚਾਰੀ, ਬੇਜ਼ਾਰੀ, ਬੇਰੁਜ਼ਗਾਰੀ ਤੋਂ ਬੇਵੱਸ ਹੋ ਕੇ ਵਿਦੇਸ਼ ਵੱਲ ਨੂੰ ਵਹੀਰਾਂ ਘੱਤਣ ਦਾ ਨਾਮ ਹੈ। ਤੂੰ ਤਾਂ 40 ਸਾਲ ਤੀਕ ਆਪਣੇ ਦੇਸ਼ ਅਤੇ ਲੋਕਾਂ ਲਈ ਕੰਮ ਕਰਨਾ ਸੀ। ਇਸ ਦੀ ਭਲਾਈ ਅਤੇ ਚੰਗਿਆਈ ਨੂੰ ਚਾਰ ਚੰਨ ਲਾਉਣੇ ਸਨ। ਮਾਤਭੂਮੀ ਲਈ ਸਪੂਤ ਹੋਣਾ ਸਾਬਤ ਕਰਨਾ ਸੀ। ਤੇਰੇ ਜਾਣ ਸਮੇਂ, ਤੇਰੇ ਬਾਪ-ਦਾਦੇ ਦੀ ਜ਼ਮੀਨ, ਬਜੁਰਗੀ ਘਰ ਅਤੇ ਖੇਤ-ਬੰਨਿਆਂ 'ਤੇ ਖੜੀਆਂ ਟਾਹਲੀਆਂ, ਤੂਤ, ਅੰਬਾਂ ਅਤੇ ਪਿੱਪਲਾਂ ਦੀ ਵਿਕਰੀ ਵੀ ਤੇਰੀ ਚੇਤਨਾ ਵਿਚ ਬੈਠੀ ਹੈ, ਜੋ ਤੂੰ ਆਪਣੇ ਨਾਲ ਲੈ ਕੇ ਜਾ ਰਿਹਾ ਏਂ।"

"ਤੂੰ ਜਾਂਦੇ ਸਮੇਂ ਆਪਣੇ ਨਾਲ ਮਾਂ ਦੇ ਚਰਖੇ ਦੀ ਹੂਕ ਅਤੇ ਸੰਦੂਕ ਵਿਚ ਪਈਆਂ ਦਰੀਆਂ ਦੀਆਂ ਘੁੱਗੀਆਂ ਅਤੇ ਤੋਤਿਆਂ ਨੂੰ ਮਨ-ਜੂਹ ਵਿਚ ਧਰ ਕੇ ਲੈ ਜਾ ਰਿਹਾ ਏਂ। ਤੇਰੀ ਸੋਚ ਵਿਚ ਓਟੇ ਦੀਆਂ ਚਿੜੀਆਂ ਵੀ ਚੁੱਪ ਨੇ। ਤੇਰੇ ਨੈਣਾਂ ਵਿਚ ਛਹਿ ਕੇ ਬੈਠੀ ਹੈ, ਚੁੱਲੇ 'ਤੇ ਤੌੜੀ ਵਿਚ ਰਿੱਝਦੀ ਮਾਂਹ ਦੀ ਦਾਲ, ਤਵੇ 'ਤੇ ਪਾਈ ਰੋਟੀ ਅਤੇ ਆਲੇ-ਦੁਆਲੇ ਵਿਚ ਘੁਲੀ ਪਰਿਵਾਰਕ ਮਹਿਕ। ਇਹ ਸਭ ਕੁਝ ਤਾਂ ਨਾਲ ਹੀ ਲੈ ਕੇ ਜਾ ਰਿਹਾ ਏਂ ਅਤੇ ਤੂੰ ਕਹਿਨਾ ਏਂ ਕਿ ਕੁਝ ਵੀ ਨਹੀਂ ਲੈ ਕੇ ਜਾ ਰਿਹਾ ਏ?"

"ਮੇਰੇ ਦੋਸਤ ਤੂੰ ਤਾਂ ਆਪਣੇ ਨਾਲ ਉਨ੍ਹਾਂ ਤਲਖੀਆਂ ਨੂੰ ਆਪਣੀ ਮਨ-ਚੇਤਨਾ ਵਿਚ ਧਰ ਕੇ ਲਿਜਾ ਰਿਹਾ ਏਂ, ਜਿਸ ਕਰਕੇ ਤੈਨੂੰ ਇਸ ਸਿਸਟਮ ਨਾਲ ਨਫਰਤ ਹੋਈ ਸੀ। ਇਸ ਨਾਕਸ ਰਾਜਸੀ, ਸਮਾਜਕ ਅਤੇ ਪਰਿਵਾਰਕ ਸਿਸਟਮ ਨੇ ਬਹੁਤ ਲੋਕਾਂ ਨੂੰ ਆਪਣੇ ਨਾਲੋਂ ਤੋੜਿਆ ਏ ਅਤੇ ਤੂੰ ਉਨ੍ਹਾਂ ਵਿਚੋਂ ਇਕ ਏਂ। ਤੇਰੀ ਰੂਹ ਵਿਚ ਪਿੰਡੇ ਹੰਢਾਈਆਂ ਤੰਗੀਆਂ ਦੀਆਂ ਲਾਸ਼ਾਂ ਦੀ ਚਸਕ, ਭੁੱਖੇ ਰਹਿਣ ਦੀ ਪੀੜਾ ਅਤੇ ਆਪਣੇ ਪੈਰਾਂ ਨੂੰ ਖੁਦਕੁਸ਼ੀ ਤੋਂ ਵਰਜਣ ਦੀ ਹਿੰਮਤ ਅਤੇ ਇਸ ਦੀ ਕਰੂਰ ਯਾਦ ਨੂੰ ਸੀਨੇ ਵਿਚ ਸਦਾ ਲਈ ਵਸਾਉਣ ਲਈ ਤੂੰ ਇਸ ਨੂੰ ਵੀ ਲਿਜਾ ਰਿਹਾ ਏਂ।"

"ਤੂੰ ਜਾ ਰਿਹਾ ਏਂ ਤਾਂ ਆਪਣੀ ਪੁਰਾਣੀਆਂ ਕਿਤਾਬਾਂ ਅਤੇ ਕਾਪੀਆਂ ਵਿਚ ਰੱਖੇ ਹੋਏ ਮੋਰਪੰਖ, ਡਾਇਰੀ ਦੇ ਮੋੜੇ ਹੋਏ ਵਰਕਿਆਂ ਅਤੇ ਲਾਈਆਂ ਨਿਸ਼ਾਨੀਆਂ ਦੇ ਚਿੱਤਰਪਟ ਰੂਪੀ ਯਾਦ ਵਿਚ ਬਹੁਤ ਕੁਝ ਛੁਪਾ ਕੇ ਲਿਜਾ ਰਿਹਾ ਏਂ।"

"ਤੂੰ ਜਾ ਰਿਹਾ ਏਂ ਤਾਂ ਆਪਣੇ ਨਾਲ ਉਹ ਗਿਆਨ-ਬੋਧ ਅਤੇ ਅੱਖਰ-ਜੋਤ ਨੂੰ ਆਪਣੇ ਮਸਤਕ ਵਿਚ ਧਰ ਕੇ ਨਾਲ ਹੀ ਲਿਜਾ ਰਿਹਾ ਏਂ। ਆਪਣੀਆਂ ਕੀਰਤੀਆਂ ਦੀ ਉਡਾਣ ਨੂੰ ਨਵੇਂ ਅੰਬਰਾਂ ਦੇ ਨਾਂਵੇਂ ਕਰਨ ਦੀ ਚਾਹਨਾ ਵੀ ਤੇਰੇ ਮਨ 'ਚ ਬੈਠੀ ਹੋਈ ਹੈ।"

"ਤੇਰੇ ਜਾਣ ਵੇਲੇ ਬਹੁਤ ਕੁਝ ਹੀ ਤੇਰੇ ਮਨ ਵਿਚ ਹੈ, ਜੋ ਨਾ-ਚਾਹੁੰਦਿਆਂ ਵੀ ਤੇਰੇ ਨਾਲ ਹੀ ਜਾਵੇਗਾ। ਬਹੁਤ ਕੁਝ ਹੈ ਤੇਰੇ ਦਿਲ ਦੇ ਡੂੰਘੇ ਖੂਹ ਵਿਚ, ਜਿਸ ਦੀ ਹਾਥ ਕੋਈ ਵਿਰਲਾ ਹੀ ਲੈ ਸਕਦਾ ਅਤੇ ਇਹ ਸਭ ਕੁਝ ਤੇਰੇ ਨਾਲ ਹੀ ਉਡਾਣ ਭਰਨ ਲਈ ਕਾਹਲਾ ਹੈ। ਬਹੁਤ ਕੁਝ ਹੈ ਤੇਰੀ ਮਸਤਕ-ਕੈਨਵਸ 'ਤੇ ਉਕਰੇ ਜਾਣ ਲਈ ਕਾਹਲਾ, ਜਿਸ ਦੀਆਂ ਰੇਖਾਵਾਂ ਨੇ ਤੈਨੂੰ ਤਕਦੀਰ ਤੇ ਤਦਬੀਰ ਦੇਣੀ ਏ। ਇਹ ਵੀ ਤਾਂ ਨਾਲ ਹੀ ਜਾ ਰਿਹਾ ਏ ਨਾ।"

"ਜਾਣ ਵਾਲਿਆ! ਬਹੁਤ ਕੁਝ ਹੈ ਤੇਰੀ ਅਰਧ-ਚੇਤਨਾ ਵਿਚ, ਜੋ ਤੂੰ ਜਾਣੇ-ਅਣਜਾਣੇ ਨਾਲ ਹੀ ਲੈ ਜਾ ਰਿਹਾ ਏਂ। ਬਹੁਤ ਮਹੀਨ, ਡੂੰਘੀਆਂ ਅਤੇ ਅਥਾਹ ਹੁੰਦੀਆਂ ਨੇ ਇਸ ਦੀਆਂ ਪਰਤਾਂ। ਬਹੁਤ ਕੁਝ ਹੁੰਦਾ ਅਵਚੇਤਨ ਵਿਚ ਬੈਠਾ, ਜੋ ਤੁਹਾਡੇ ਸੁਪਨਿਆਂ ਵਿਚ ਆਉਂਦਾ। ਤੁਹਾਨੂੰ ਬੀਤੇ ਨਾਲ ਨਾਲ ਜੋੜਦਾ। ਸ਼ਾਇਦ ਤੈਨੂੰ ਪਤਾ ਹੀ ਹੋਣਾ ਕਿ ਬੰਦਾ ਕਿਧਰੇ ਵੀ ਚਲਾ ਜਾਵੇ, ਉਸ ਨੂੰ ਸੁਪਨੇ ਸਿਰਫ ਉਸ ਦੇ ਪਿੰਡ, ਸਕੂਲ, ਖੇਤਾਂ, ਪੁਰਾਣੇ ਸਾਥੀਆਂ, ਬਚਪਨੀ ਘਟਨਾਵਾਂ ਦੇ ਹੀ ਆਉਂਦੇ, ਕਿਉਂਕਿ ਇਹ ਉਸ ਦੇ ਅਵਚੇਤਨ ਦਾ ਅਨਮੁੱਲਾ ਹਿੱਸਾ ਹੁੰਦੇ। ਸੋ ਉਹ ਸਭ ਕੁਝ ਤਾਂ ਲੈ ਕੇ ਹੀ ਜਾ ਰਿਹਾ ਏਂ।"

"ਪਰਦੇਸ ਜਾਣ ਵਾਲਿਆ! ਤੈਨੂੰ ਤਾਂ ਸ਼ਾਇਦ ਚੇਤਾ ਨਾ ਹੋਵੇ, ਪਰ ਤੂੰ ਜਾਣ ਵੇਲੇ ਆਪਣੇ ਮਾਪਿਆਂ ਤੋਂ ਦੂਰ ਜਾਣ ਦਾ ਦਰਦ, ਭੈਣ-ਭਰਾਵਾਂ ਤੋਂ ਵਿਛੜਨ ਦੀ ਪੀੜਾ, ਸੰਗੀਆਂ-ਸਾਥੀਆਂ ਦੇ ਸਾਥ ਨੂੰ ਮਾਣਨ ਤੋਂ ਵਿਰਵੇ ਹੋਣ ਦੀ ਚੀਸ ਅਤੇ ਮਾਣੇ ਹੋਏ ਚੌਗਿਰਦੇ ਦੀ ਘਾਟ ਵੀ ਆਪਣੇ ਨਾਲ ਹੀ ਲੈ ਕੇ ਜਾ ਰਿਹਾ ਏਂ। ਇਸ ਨੇ ਤੈਨੂੰ ਦੇਰ-ਸਵੇਰ ਤੇ ਗਾਹੇ-ਬਗਾਹੇ ਸਤਾਉਂਦੇ ਰਹਿਣਾ ਅਤੇ ਤੇਰੇ ਮਨ ਵਿਚ ਵਾਪਸ ਪਰਤਣ ਦਾ ਖਿਆਲ ਉਪਜਾਉਂਦੇ ਰਹਿਣਾ ਏ।"


"ਮਿੱਤਰ ਯਾਦ ਰੱਖਣਾ, ਜਦ ਕੋਈ ਬਾਹਰ ਨੂੰ ਪੈਰ ਪੁੱਟਦਾ ਏ ਤਾਂ ਉਹ ਬਹੁਤ ਕੁਝ ਦਿਸਦਾ ਅਤੇ ਅਣਦਿਸਦਾ ਵੀ ਆਪਣੇ ਨਾਲ ਲਈ ਫਿਰਦਾ ਏ। ਇਸ ਨੇ ਸਦਾ ਉਸ ਦੇ ਨਾਲ ਹੀ ਰਹਿਣਾ ਹੁੰਦਾ, ਭਾਵੇਂ ਉਹ ਸਮਝੇ ਜਾਂ ਨਾ-ਸਮਝੇ। ਇਸ ਤੋਂ ਵੀ ਤੂੰ ਕਿਵੇਂ ਅਣਜਾਣ ਹੋ ਸਕਦੈਂ?"

"ਮਿੱਤਰਾ ਤੂੰ ਬਹੁਤ ਕੁਝ ਤਾਂ ਲੈ ਕੇ ਜਾ ਰਿਹਾ, ਪਰ ਜ਼ਰਾ ਇਹ ਵੀ ਦੱਸੀਂ ਕਿ ਆਪਣੇ ਬਜੁਰਗਾਂ, ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿਚ ਰੁਲਣ ਲਈ ਕਿਉਂ ਛੱਡ ਕੇ ਜਾ ਰਿਹਾ ਏਂ? ਕੌਣ ਬਣੇਗਾ ਉਨ੍ਹਾਂ ਦੀ ਡੰਗੋਰੀ, ਜਿਨ੍ਹਾਂ ਦੇ ਆਪਣੇ ਪਰਦੇਸੀਂ ਉਡਾਰੀ ਮਾਰਨ ਲਈ ਕਾਹਲੇ ਨੇ? ਕਿਸ ਨੇ ਉਨ੍ਹਾਂ ਨੂੰ ਬਿਮਾਰੀ ਦੀ ਹਾਲਤ ਵਿਚ ਪਾਣੀ ਦੀ ਘੁੱਟ ਪਿਆਉਣੀ ਏ? ਕਿਸ ਨੇ ਭਰਨਾ ਏ ਹੂੰਗਰ ਦਾ ਹੁੰਗਾਰਾ? ਕੌਣ ਲਵੇਗਾ ਉਨ੍ਹਾਂ ਦੀ ਸਾਰ? ਕੌਣ ਉਨ੍ਹਾਂ ਦੀ ਉਡੀਕ ਨੂੰ ਆਸ ਦੇ ਪਰ ਲਾਵੇਗਾ? ਕੌਣ ਸੁੰਨੇ ਘਰ ਵਿਚ ਰੌਣਕ ਬਣ ਕੇ ਇਸ ਨੂੰ ਚਹਿਕਣ ਦਾ ਵਰਦਾਨ ਦੇਵੇਗਾ? ਕੌਣ ਰੋਂਦੇ ਖੇਤਾਂ ਨੂੰ ਪਲੋਸੇਗਾ, ਜੋ ਬਜੁਰਗੀ ਛੋਹ ਤੋਂ ਵਿਰਵੇ ਹੋ ਰੋਣਹਾਕੇ ਹੋ ਜਾਣਗੇ? ਕਿਸ ਨੇ ਬੁੱਝੇ ਚੁੱਲ੍ਹੇ ਵਿਚ ਅੱਗ ਬਾਲਣੀ ਅਤੇ ਘਰ ਨੂੰ ਘਰ ਬਣਾਉਣਾ? ਬਹੁਤ ਕੁਝ ਛੱਡ ਕੇ ਜਾ ਰਿਹਾ ਏਂ। ਇਸ ਨੂੰ ਵੀ ਆਪਣੇ ਨਾਲ ਹੀ ਲੈ ਜਾਂਦਾ ਤਾਂ ਚੰਗਾ ਹੋਣਾ ਸੀ।"

"ਦੋਸਤ ਤੂੰ ਤਾਂ ਆਪਣੀਆਂ ਪੈੜਾਂ ਦੇ ਨਿਸ਼ਾਨ ਵੀ ਛੱਡ ਕੇ ਜਾ ਰਿਹਾ ਏਂ। ਖੇਤਾਂ ਵਿਚ ਚੋਏ ਮੁੜ੍ਹਕੇ ਤੇ ਰਾਤਾਂ ਦੀ ਹੰਘਾਲੀ ਨੀਂਦ ਦੀਆਂ ਮਿੱਠੀਆਂ ਯਾਦਾਂ ਅਤੇ ਨੰਗੇ ਪੈਰੀਂ ਗਾਹੀਆਂ ਰਾਹਾਂ-ਥਾਂਵਾਂ ਦੇ ਨਿਸ਼ਾਨ ਛੱਡ ਕੇ ਜਾ ਰਿਹਾ ਏਂ। ਤੂੰ ਕਦ ਪਰਤ ਕੇ ਉਨ੍ਹਾਂ ਨਾਲ ਬੀਤੇ ਦੀਆਂ ਬਾਤਾਂ ਪਾਂਵਾਂਗਾ?

"ਦੋਸਤ ਸ਼ਾਇਦ ਤੂੰ ਜਾਣਦਾ ਹੀ ਨਹੀਂ ਕਿ ਇਕ ਹੋਰ ਬਹੁਤ ਜਰੂਰੀ ਅਤੇ ਅਹਿਮ ਵਸਤ ਤੂੰ ਆਪਣੇ ਨਾਲ ਕਦੇ ਨਹੀਂ ਲਿਜਾ ਸਕੇਂਗਾ। ਉਹ ਹੈ, ਗੁਰੂਆਂ ਪੀਰਾਂ ਦੀ ਛੋਹ ਮਾਣਨ ਵਾਲੀ ਮਿੱਟੀ ਦੀ ਮਹਿਕ, ਉਨ੍ਹਾਂ ਨਾਲ ਵਰੋਸਾਏ ਅਸਥਾਨ, ਅਕੀਦਤੀ ਵਿਰਾਸਤ। ਤੂੰ ਨਹੀਂ ਲੈ ਕੇ ਜਾ ਸਕਦਾ ਜਲਿਆਂ ਵਾਲਾ ਬਾਗ, ਭਗਤ ਸਿੰਘ ਦੀ ਸਮਾਧ, ਅੰਮ੍ਰਿਤਸਰ ਵਿਚ ਸੁਸ਼ੋਭਿਤ ਗੋਲਡਨ ਟੈਂਪਲ ਅਤੇ ਖਾਲਸਾ ਸਿਰਜਣ ਵਾਲੀ ਭੂਮੀ ਅਨੰਦਪੁਰ ਸਾਹਿਬ ਆਦਿ। ਤੂੰ ਆਪਣੇ ਬਜੁਰਗਾਂ ਦੀਆਂ ਨਿਸ਼ਾਨੀਆਂ, ਸਮਾਧ ਜਾਂ ਸਿਵਿਆਂ ਨੂੰ ਕਿੰਜ ਲੈ ਕੇ ਜਾਵੇਂਗਾ?"

"ਮੇਰੇ ਪਿਆਰੇ ਤੂੰ ਚਾਹੁੰਦਿਆਂ ਵੀ ਆਪਣੇ ਪੁਰਾਣੇ ਮਿੱਤਰਾਂ, ਅਧਿਆਪਕਾਂ, ਰਾਹ-ਦਸੇਰਿਆਂ ਜਾਂ ਜਿਨ੍ਹਾਂ ਨਾਲ ਤੇਰੀ ਰੂਹ ਜੁੜੀ ਹੋਈ ਏ, ਉਨ੍ਹਾਂ ਨੂੰ ਨਾਲ ਨਹੀਂ ਲਿਜਾ ਸਕਦਾ। ਇਨ੍ਹਾਂ ਦੀ ਯਾਦ ਹੀ ਤੇਰੇ ਜੀਵਨ ਦਾ ਸਰਮਾਇਆ ਬਣ ਜਾਵੇਗੀ।"



**"ਦੋਸਤ ਸ਼ਾਇਦ ਤੂੰ ਜਾਣਦਾ ਹੀ ਨਹੀਂ ਕਿ ਇਕ ਹੋਰ ਬਹੁਤ ਜਰੂਰੀ ਅਤੇ ਅਹਿਮ ਵਸਤ ਤੂੰ ਆਪਣੇ ਨਾਲ ਕਦੇ ਨਹੀਂ ਲਿਜਾ ਸਕੇਂਗਾ। ਉਹ ਹੈ, ਗੁਰੂਆਂ ਪੀਰਾਂ ਦੀ ਛੋਹ ਮਾਣਨ ਵਾਲੀ ਮਿੱਟੀ ਦੀ ਮਹਿਕ, ਉਨ੍ਹਾਂ ਨਾਲ ਵਰੋਸਾਏ ਅਸਥਾਨ, ਅਕੀਦਤੀ ਵਿਰਾਸਤ। ਤੂੰ ਨਹੀਂ ਲੈ ਕੇ ਜਾ ਸਕਦਾ ਜਲਿਆਂ ਵਾਲਾ ਬਾਗ, ਭਗਤ ਸਿੰਘ ਦੀ ਸਮਾਧ, ਅੰਮ੍ਰਿਤਸਰ ਵਿਚ ਸੁਸ਼ੋਭਿਤ ਗੋਲਡਨ ਟੈਂਪਲ ਅਤੇ ਖਾਲਸਾ ਸਿਰਜਣ ਵਾਲੀ ਭੂਮੀ ਅਨੰਦਪੁਰ ਸਾਹਿਬ ਆਦਿ। ਤੂੰ ਤਾਂ ਆਪਣੇ ਬਜੁਰਗਾਂ ਦੀਆਂ ਨਿਸ਼ਾਨੀਆਂ, ਸਮਾਧ ਜਾਂ ਸਿਵਿਆਂ ਨੂੰ ਕਿੰਜ ਲੈ ਕੇ ਜਾਵੇਂਗਾ?"**

"ਪਰਦੇਸੀ ਹੋਣ ਵਾਲਿਆ! ਪਰਦੇਸ ਵਿਚ ਤੈਨੂੰ ਬਹੁਤ ਕੁਝ ਮਿਲੇਗਾ, ਜਿਸ ਦੀ ਚਾਹਨਾ ਤੂੰ ਮਨ ਵਿਚ ਪਾਲੀ ਏ। ਸਮੂਹ ਸੁੱਖ-ਸਹੂਲਤਾਂ ਅਤੇ ਜੀਵਨ-ਪ੍ਰਾਪਤੀਆਂ ਤੇਰਾ ਹਾਸਲ ਹੋਣਗੀਆਂ, ਪਰ ਤੇਰੇ ਮਨ ਵਿਚ ਇਕ ਚਸਕ ਜਰੂਰ ਰਹੇਗੀ।"

"ਮਿੱਤਰ, ਤੂੰ ਸਿਰਫ ਅੱਧਾ-ਪਚੱਧਾ ਹੀ ਜਾ ਰਿਹਾ ਏਂ, ਪੂਰਨ ਨਹੀਂ। ਤੂੰ ਚਾਹੁੰਦਾ ਹੋਇਆ ਵੀ ਆਪਣੇ ਵਿਚੋਂ ਆਪਣਾ ਪਿੰਡ, ਘਰ, ਖੇਤ ਅਤੇ ਮਾਣੀਆਂ ਨਿਆਮਤਾਂ ਨੂੰ ਨਹੀਂ ਕੱਢ ਸਕਦਾ। ਫਿਰ ਕਿਵੇਂ ਕਹਿਨਾ ਏਂ ਕੁਝ ਨਹੀਂ ਲੈ ਕੇ ਜਾ ਰਿਹਾ?"

"ਮੈਨੂੰ ਤਾਂ ਇਹ ਵੀ ਪਤਾ ਹੈ ਕਿ ਤੇਰੇ ਦਿਲ ਦੇ ਕਿਸੇ ਕੋਨੇ ਵਿਚ ਉਨ੍ਹਾਂ ਯਾਦਾਂ ਦਾ ਸਰਮਾਇਆ ਵੀ ਪਿਆ ਹੈ, ਜੋ ਤੇਰੇ ਦਿਲ ਦੇ ਬਹੁਤ ਕਰੀਬ ਨੇ। ਜਿਨ੍ਹਾਂ ਵਿਚੋਂ ਤੂੰ ਆਪਣੇ ਨਕਸ਼ ਨਿਹਾਰੇ ਸਨ, ਖੁਦ ਨੂੰ ਆਪਣੇ ਨੈਣਾਂ ਵਿਚ ਦੇਖਿਆ ਸੀ ਤੇ ਆਪਣੇ ਰਾਹਾਂ ਨੂੰ ਮੁੜ ਤੋਂ ਨਿਹਾਰਿਆ ਸੀ। ਯਾਦ-ਜੂਹ ਵਿਚੋਂ ਬਹੁਤ ਕੁਝ ਤੇਰਾ ਨਸੀਬਾ ਬਣ ਕੇ ਤੇਰੀ ਵਿਰਾਸਤ ਦਾ ਮਾਣ ਏ।"

"ਤੂੰ ਦੱਸ, ਭਾਵੇਂ ਨਾ ਦੱਸ, ਬਹੁਤ ਕੁਝ ਤੇਰੇ ਮਨ ਵਿਚ ਮਚਲਦਾ ਤੂਫਾਨ ਬਣ ਕੇ ਨਾਲ ਜਾਣ ਲਈ ਕਾਹਲਾ ਏ, ਕਿਉਂਕਿ ਸੋਚਾਂ ਦੀਆਂ ਘੁੰਮਣਘੇਰੀਆਂ ਕਦੋਂ ਬੰਦੇ ਵਿਚੋਂ ਮਨਫੀ ਹੁੰਦੀਆਂ ਨੇ? ਮਨ ਵਿਚੋਂ ਕਦੋਂ ਮਿਟਦੀ ਹੈ, ਤਿੜਕੇ ਸੁਪਨਿਆਂ ਦੀ ਟੀਸ? ਕਦੋਂ ਨਿਕਲਦੀ ਹੈ ਉਨ੍ਹਾਂ ਪਲਾਂ ਦੀ ਰਹਿਨੁਮਾਈ, ਜਿਨ੍ਹਾਂ ਵਿਚ ਜੀਵਨ ਨੂੰ ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ ਮਿਲੀ ਸੀ। ਉਹ ਵੀ ਤਾਂ ਨਾਲ ਹੀ ਲੈ ਕੇ ਜਾ ਰਿਹਾ ਏਂ!"

"ਮਿੱਤਰ! ਤੂੰ ਮੁਨਕਰ ਨਾ ਹੋ ਅਤੇ ਜੋ ਚਾਹੁੰਨਾ ਏਂ ਲੈ ਜਾ, ਪਰ ਆਪਣਾ ਕੁਝ ਕੁ ਅਜਿਹਾ ਛੱਡ ਜਾਵੀਂ ਕਿ ਤੇਰਾ ਆਉਣਾ-ਜਾਣਾ ਬਣਿਆ ਰਹੇ। ਤੂੰ ਕਦੇ ਕਦਾਈਂ ਆਪਣੀ ਮਾਂ ਦੇ ਸਿਵੇ ਦੀ ਪਰਿਕਰਮਾ ਕਰਨ, ਖੇਤਾਂ ਵਿਚ ਉਗਦੀ ਖਾਮੋਸ਼ੀ ਨੂੰ ਮੁਖਾਤਬ ਹੋਣ ਜਾਂ ਰਿਸ਼ਤਿਆਂ ਵਿਚ ਪਸਰ ਰਹੀ ਮਾਤਮੀ ਚੁੱਪ ਦਾ ਹੁੰਗਾਰਾ ਭਾਲਣ ਲਈ ਆਪਣੀ ਮਿੱਟੀ ਵੰਨੀਂ ਪਰਤਦਾ ਰਹੀਂ। ਬਹੁਤ ਕਠਿਨ ਹੁੰਦਾ ਏ ਆਪਣੇ ਆਪ ਤੋਂ ਦੂਰ ਹੋਣਾ। ਉਨ੍ਹਾਂ ਨਿਸ਼ਾਨੀਆਂ ਤੇ ਵਸਤਾਂ ਤੋਂ ਦੂਰੀ ਬਣਾਉਣਾ, ਜਿਨ੍ਹਾਂ ਨੇ ਤੁਹਾਡੇ ਜੀਵਨ ਨੂੰ ਜਿਉਣ-ਜੋਗਾ ਕੀਤਾ ਹੋਵੇ। ਜਿਸ 'ਚੋਂ ਤੁਸੀਂ ਸੁਪਨਕਾਰੀ ਕੀਤੀ ਅਤੇ ਅੰਬਰ ਦਾ ਤਾਰਾ ਬਣਨ ਦੀ ਤਮੰਨਾ ਨੂੰ ਪੂਰਾ ਕੀਤਾ।"

"ਮਿੱਤਰ, ਪਰਦੇਸ ਵਿਚ ਜਾਹ ਅਤੇ ਸੁੱਖੀ ਵੱਸੀਂ। ਬਹੁਤ ਕੁਝ ਖੁਸ ਰਿਹਾ ਏ। ਮੇਰੇ ਮਨ ਵਿਚ ਬਹੁਤ ਵਿਗੋਚਾ ਹੈ ਤੇਰੇ ਜਾਣ ਦਾ, ਪਰ ਮੈਂ ਕੁਝ ਨਹੀਂ ਕਰ ਸਕਦਾ। ਪਰਵਾਸ ਦੀ ਹਨੇਰੀ ਵਿਚ ਗਵਾਚ ਰਹੀ ਇਨਸਾਨੀਅਤ, ਜੀਵਨ ਸਾਰਥਿਕਤਾ ਅਤੇ ਟੁੱਟੇ ਰਿਸ਼ਤਿਆਂ ਦੀ ਸਾਰ ਲੈਣ ਦਾ ਹੀਆ ਕੌਣ ਕਰੇਗਾ? ਵਕਤ ਹੀ ਭਲੀ ਕਰੇ!"

ਤੇ ਮੇਰਾ ਸੁਪਨਾ ਟੁੱਟ ਜਾਂਦਾ ਏ। ਤ੍ਰਭਕ ਕੇ ਅੱਬੜਵਾਹੇ ਉਠਦਾ ਹਾਂ। ਸੋਚਦਾਂ, ਇਹ ਸੁਪਨਾ ਹੀ ਨਹੀਂ, ਸਗੋਂ ਇਹੀ ਤਾਂ ਸੱਚ ਏ, ਜੋ ਅਜੋਕੇ ਸਮੇਂ ਵਿਚ ਵਾਪਰ ਰਿਹਾ ਏ। ਸੋਚਦਾਂ ਕਿ ਜੇ ਇਸ ਸੰਵੇਦਨਸ਼ੀਲ ਅਫਸਰ ਨੂੰ ਸਭ ਪਤਾ ਹੈ ਤਾਂ ਕੀ ਇਹ ਸਭ ਕੁਝ ਸਮਾਜਕ, ਰਾਜਨੀਤਕ ਜਾਂ ਧਾਰਮਿਕ ਰਹਿਨੁਮਾਵਾਂ ਨੂੰ ਨਹੀਂ ਪਤਾ? ਕੀ ਉਹ ਜਾਣ-ਬੁਝ ਕੇ ਇਹ ਸਭ ਕੁਝ ਵਾਪਰਨ ਵਿਚ ਭਿਆਲ ਨੇ?

ਕਲਮ ਕੂਕਣ ਲੱਗ ਪਈ,
ਪੈਰ ਪੁੱਟਿਆ ਜਾਂ ਦਰੋਂ
ਬੜਾ ਅੰਦਰੋਂ ਸੀ ਰੋਇਆ
ਬਾਹਰੋਂ ਸਾਬਤ-ਸਬੂਤਾ
ਗਿਆ ਵਿਚੋ-ਵਿਚ ਕੋਹਿਆ।
ਘੁੱਲੀ ਸਾਹਾਂ ਵਿਚ ਮਹਿਕ ਨੇ
ਕੇਹੀਆਂ ਦਿਤੀਆਂ ਸਜ਼ਾਵਾਂ,
ਵੱਸੇ ਸੋਚੀਂ ਬੁੱਢੇ ਘਰ ਨੂੰ
ਭੁਲਾ ਵੀ ਨਾ ਪਾਵਾਂ।

ਕਦੇ ਦੀਦਿਆਂ 'ਚ ਉਗਿਆ
ਸੁਪਨਾ ਨਿਹਾਰਾਂ
ਇਹਦੇ ਮੁੱਢ ਹੇਠ ਬਹਿ ਕੇ
ਭਾਵ-ਆਰਤੀ ਉਤਾਰਾਂ।
ਇਹਦੀ ਜੂਹੇ ਉਗੇ ਸੂਰਜਾਂ ਨੂੰ
ਮੁੱਖ 'ਤੇ ਸਜਾਵਾਂ,
ਤਦ ਬੜਾ ਚੇਤੇ ਆਉਂਦੀਆਂ
ਮਾਂ ਦੀਆਂ ਦੁਆਵਾਂ।

ਕਦੇ ਮੈਟਰੋ 'ਚੋਂ ਦਿਸਦਾ ਏ
ਛੋਟਾ ਜਿਹਾ ਪਿੰਡ
ਕਦੇ ਹਾਈਵੇ 'ਚੋਂ ਝਾਕਦਾ ਏ
ਫਿਰਨੀ ਦਾ ਬਿੰਬ।
ਜਦ ਬੀਤਿਆ ਫਰੋਲਾਂ
ਤਾਂ ਬੜਾ ਮਨ ਸਮਝਾਵਾਂ,
ਕਿ ਮੁੜ ਨਾ ਥਿਆਉਂਦੀਆਂ
ਜੋ ਲੰਘ ਆਏ ਰਾਹਵਾਂ।

ਕਦੇ ਸਾਈਕਲ ਸਵਾਰੀ
ਮੇਟੀ ਮੰਜ਼ਿਲਾਂ ਦੀ ਵਾਟ
ਹੁਣ ਜਹਾਜ ਵਿਚ ਬੈਠਿਆਂ ਵੀ
ਬਣ ਜਾਈਏ ਆਹਟ।
ਪਾਕ ਸਾਂਝਾਂ ਦੀ ਦੁਹਾਈ
ਕੀਹਦੇ ਕੋਲ ਪਾਵਾਂ,
ਤਾਂ ਹੀ 'ਕੱਲਾ ਬਹਿ ਕੇ
ਹਰਫਾਂ ਨੂੰ ਦੁੱਖੜਾ ਸੁਣਾਵਾਂ।

ਤੇ ਕਈ ਦਿਨ ਇਸ ਸੁਪਨੇ ਨੇ ਸੌਣ ਹੀ ਨਹੀਂ ਦਿਤਾ। ਸ਼ਾਇਦ ਸਭ ਨਾਲ ਅਕਸਰ ਅਜਿਹਾ ਹੀ ਵਾਪਰਦਾ ਹੋਵੇ! ਕੀ ਤੁਹਾਡੇ ਨਾਲ ਵੀ ਕਦੇ ਅਜਿਹਾ ਵਾਪਰਿਆ ਏ? ਦੱਸਣਾ ਜਰੂਰ।

ਗੁਰਬਾਣੀ ਗਿਆਨ

# ਮੰਨੇ ਕੀ ਗਤਿ ਕਹੀ ਨ ਜਾਇ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਅੱਜ ਕਿਸੇ ਵੀ ਸਿੱਖ ਵਿਦਵਾਨ ਨੂੰ ਪੁੱਛੋ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ 'ਸਾਰ' ਦਾ ਕੀ ਅਰਥ ਹੁੰਦਾ ਸੀ? ਉਹ ਕਹੇਗਾ, ਪੰਜਾਬੀ ਵਿਚ ਸਾਰ ਤਾਂ ਹਮੇਸ਼ਾ ਤੋਂ ਹੀ ਖਬਰ-ਸਾਰ ਅਤੇ ਸੰਖੇਪ-ਸਾਰ ਦੇ ਅਰਥਾਂ ਵਿਚ ਆਉਂਦਾ ਰਿਹਾ ਹੈ। ਕਈ ਯਾਦ ਕਰ ਕੇ ਕਹਿਣਗੇ ਕਿ ਇਸ ਦਾ ਅਰਥ ਲੋਹਾ ਵੀ ਹੁੰਦਾ ਹੈ; ਪਰ ਜੇ ਪੁੱਛੋ ਕਿ ਗੁਰੂ ਸਾਹਿਬ ਦੇ ਸਮੇਂ ਪੜ੍ਹੇ-ਲਿਖੇ, ਭਾਵ ਸਾਹਿਤਕ ਹਲਕਿਆਂ ਵਿਚ 'ਮੰਨੇ' ਦਾ ਕੀ ਅਰਥ ਹੁੰਦਾ ਸੀ? ਤਾਂ ਸਭ ਇਕ ਸੁਰ ਕਹਿਣਗੇ, 'ਮੰਨਣਾ।' ਇਕ ਵੀ ਗਿਆਨੀ ਇਸ ਲੀਹ ਤੋਂ ਪਰ੍ਹੇ ਹਟ ਕੇ ਨਹੀਂ ਦੱਸੇਗਾ ਤੇ ਨਾ ਹੀ ਕੋਈ ਹੋਰ ਅਰਥ ਸੋਚਣ ਦੀ ਕੋਸ਼ਿਸ਼ ਕਰੇਗਾ। ਐਸਾ ਕਿਉਂ?

ਇਹ ਇਸ ਲਈ ਕਿ ਉਹ ਸਾਰੇ ਮਾਨਸਿਕ ਤੌਰ 'ਤੇ ਰੂੜ੍ਹੀਨੂਕੂਲ ਹੋਏ ਪਏ ਹਨ। ਉਨ੍ਹਾਂ ਨੂੰ ਪੰਜ ਸੌ ਸਾਲਾਂ ਤੋਂ ਇਹੀ ਸਮਝਾਇਆ ਗਿਆ ਹੈ ਕਿ ਗੁਰੂ ਦੀ ਗੱਲ 'ਤੇ ਯਕੀਨ ਕਰਨਾ ਹੁੰਦਾ ਹੈ, ਭਾਵ ਇਸ ਨੂੰ ਮੰਨਣ ਵਿਚ ਕੋਈ ਕਿੰਤੂ-ਪ੍ਰੰਤੂ ਨਹੀਂ ਕਰੀਦਾ। ਉਨ੍ਹਾਂ ਨੇ ਇਹ ਵੀ ਸੁਣਿਆ ਹੋਇਆ ਹੈ ਕਿ ਸਭ ਲੋਕ ਆਪੋ-ਆਪਣੇ ਧਰਮਾਂ ਦੀਆਂ ਰੀਤੀਆਂ ਨੂੰ ਪੱਕਾ ਮੰਨਦੇ ਹਨ, ਫਿਰ ਸਿੱਖ ਕਿਉਂ ਪਿੱਛੇ ਰਹਿਣ! ਇਸ ਲਈ ਜਿੱਥੇ ਵੀ ਮੰਨੇ, ਮੰਨੈ, ਮੰਨ ਆਦਿ ਕੋਈ ਸ਼ਬਦ ਲਿਖਿਆ ਮਿਲਦਾ ਹੈ, ਉਹ ਉਸ ਦਾ ਅਰਥ ਬਿਨਾ ਅੱਖ ਚੁੱਕੇ 'ਮੰਨਣਾ' ਹੀ ਕਰਦੇ ਹਨ; ਪਰ ਇਹ ਗੁਰੂ ਨਾਨਕ ਦੀ ਸਿੱਖੀ ਨਹੀਂ ਹੈ। ਜੇ ਗੁਰੂ ਸਾਹਿਬ ਅਜਿਹੀ ਸਮਝ ਦੇ ਮਾਲਕ ਹੁੰਦੇ ਤਾਂ ਪਾਂਧੇ ਦੀ ਗੱਲ ਮੰਨ ਕੇ ਜਨੇਊ ਪਾ ਲੈਂਦੇ। ਉਸ ਵੇਲੇ ਉਹੀ ਉਨ੍ਹਾਂ ਦੀ ਧਾਰਮਿਕ ਰੀਤੀ ਸੀ। ਉਨ੍ਹਾਂ ਨੂੰ ਪਾਂਧੇ ਨੇ ਵੀ ਸਮਝਾਇਆ ਸੀ ਤੇ ਉਨ੍ਹਾਂ ਦੇ ਮਾਤਾ-ਪਿਤਾ ਨੇ ਵੀ ਜਰੂਰ ਜੋਰ ਲਾਇਆ ਹੋਣਾ ਹੈ ਕਿ ਇਹ ਤਾਂ ਉਨ੍ਹਾਂ ਨੂੰ ਪਾਉਣਾ ਹੀ ਪੈਣਾ ਹੈ, ਪਰ ਉਨ੍ਹਾਂ ਨੇ ਪਰੰਪਰਾ ਤੋਂ ਹਟ ਕੇ ਸੋਚਿਆ ਤੇ ਜਨੇਊ ਨਾ ਪਾਇਆ। ਇਸ ਨਾਲ ਉਨ੍ਹਾਂ ਨੇ ਸਿੱਖੀ ਸਿਧਾਂਤ ਦੀ ਨੀਂਹ ਰੱਖੀ। ਫਿਰ ਸਿੱਖੀ ਸਿਧਾਂਤ ਅਨੁਸਾਰ ਮੰਨਣਾ ਸਹੀ ਹੈ ਜਾਂ ਨਾ ਮੰਨਣਾ?

ਸਾਰੇ ਵਿਦਵਾਨ ਕਹਿਣਗੇ ਕਿ ਬ੍ਰਾਹਮਣ ਦੀ ਗੱਲ ਨੂੰ ਨਾ ਮੰਨਣਾ ਤੇ ਗੁਰੂ ਸਾਹਿਬ ਦੀ ਗੱਲ ਨੂੰ ਮੰਨਣਾ ਹੀ ਸਿੱਖੀ ਸਿਧਾਂਤ ਅਨੁਸਾਰ ਸਹੀ ਹੈ; ਪਰ ਮੰਨਣਾ ਤਾਂ ਫਿਲਾਸਫੀ ਦਾ ਇਕ ਮੁੱਲ-ਨਿਰਪੇਖ (value neutral) ਸ਼ਬਦ (term) ਹੈ, ਜਿਸ ਦੇ ਅਰਥ ਧਰਮਾਂ ਅਨੁਸਾਰ ਨਹੀਂ ਬਦਲਦੇ। ਆਖਰਕਾਰ ਕਈ ਲੋਕ ਹਿੰਦੂਵਾਦ ਨੂੰ ਵੀ ਤਾਂ ਸਿੱਖਾਂ ਵਾਂਗ ਹੀ ਮੰਨਦੇ ਹਨ। ਫਿਰ ਸਿੱਖੀ ਵਿਚ ਆ ਕੇ ਇਸ ਦੇ ਅਰਥ ਪੱਖਪਾਤੀ ਕਿਵੇਂ ਬਣ ਗਏ? ਭਾਵ ਕੁਝ ਇਕ ਗੱਲਾਂ ਮੰਨੋ ਤੇ ਕੁਝ ਨਾ ਮੰਨੋ, ਕਿਵੇਂ ਹੋ ਗਏ? ਕੀ ਗੁਰੂ ਸਾਹਿਬ ਨੇ ਸਿੱਖੀ ਸਥਾਪਤ ਕਰਦਿਆਂ ਇਸ ਵਿਚ ਕੋਈ ਵੱਖਰੇ ਅਰਥ ਤਾਂ ਨਹੀਂ ਸਨ ਦਿੱਤੇ?

ਸਾਰੇ ਵਿਦਵਾਨ ਕਹਿਣਗੇ, ਜੀ ਹਾਂ ਗੁਰੂ ਸਾਹਿਬ ਨੇ ਇਸ ਵਿਚ ਕਰਮ-ਕਾਂਡ ਮੰਨਣ ਦੀ ਥਾਂ ਬਾਣੀ ਨੂੰ ਮੰਨਣ ਦੇ ਅਰਥ ਪਾ ਦਿੱਤੇ ਸਨ। ਜੇ ਪੁੱਛੋ ਕਿ ਬਾਣੀ ਕੀ ਕਹਿੰਦੀ ਹੈ ਤਾਂ ਵਿਦਵਾਨ ਕਹਿਣਗੇ, ਇਹ ਭਾਣਾ ਮੰਨਣ ਨੂੰ ਕਹਿੰਦੀ ਹੈ; ਪਰ ਭਾਣਾ ਤਾਂ ਹਰ ਕੋਈ ਸ੍ਰਿਸ਼ਟੀ ਦੇ ਬਣਨ ਵੇਲੇ ਤੋਂ ਹੀ ਮੰਨਦਾ ਆ ਰਿਹਾ ਹੈ। ਭਾਣੇ ਤੋਂ ਬਾਹਰ ਤਾਂ ਕੋਈ ਹੈ ਹੀ ਨਹੀਂ। ਚਾਰੇ ਪਾਸੇ ਕੁਦਰਤ ਦੇ ਨਿਯਮਾਂ ਦਾ ਕਰਫਿਊ ਲੱਗਾ ਹੋਇਆ ਹੈ, ਜਿਸ ਵਿਚ ਭਾਣੇ ਦੀਆਂ ਖੁੱਲ੍ਹਾਂ (allowances) ਅਨੁਸਾਰ ਹੀ ਵਿਚਰਿਆ ਜਾ ਸਕਦਾ ਹੈ। ਇਹ ਭਾਣੇ ਦੀਆਂ ਬੰਦਿਸ਼ਾਂ ਹੀ ਤਾਂ ਹਨ ਕਿ ਕੋਈ ਜੀਵ ਧਰਤੀ ਤੋਂ ਉਤੇ ਉਠ ਨਹੀਂ ਸਕਦਾ, ਹਵਾ ਤੋਂ ਬਿਨਾ ਰਹਿ ਨਹੀਂ ਸਕਦਾ, ਵੱਧ ਗਰਮੀ-ਸਰਦੀ ਬਰਦਾਸ਼ਤ ਨਹੀਂ ਕਰ ਸਕਦਾ, ਪੱਥਰ-ਮਿੱਟੀ ਖਾ ਨਹੀਂ ਸਕਦਾ ਤੇ ਫਾਕੇ ਰਹਿ ਕੇ ਜੀ ਨਹੀਂ ਸਕਦਾ। ਬਿੱਲੀ ਚੂਹੇ ਨੂੰ ਮਾਰੇ, ਸ਼ੇਰ ਮਿਰਗ ਨੂੰ ਮਾਰੇ ਤੇ ਵਾਇਰਸ ਮਨੁੱਖ ਨੂੰ ਮਾਰੇ-ਸਭ ਭਾਣਾ ਹੀ ਤਾਂ ਹੈ। ਸਭ ਸ਼ਿਕਾਰਾਂ ਨੂੰ ਕੁਝ ਭੱਜ ਦੌੜ ਪਿਛੋਂ ਆਤਮ ਸਮਰਪਣ ਕਰਨਾ ਹੀ ਤਾਂ ਪੈਂਦਾ ਹੈ। ਜੇ ਭਾਣੇ ਤੋਂ ਕੋਈ ਆਕੀ ਹੋ ਹੀ ਨਹੀਂ ਸਕਦਾ, ਅਰਥਾਤ ਭਾਣੇ ਨੂੰ ਲੋਕਾਂ ਦੇ ਬਾਗੀ ਹੋਣ ਦਾ ਕੋਈ ਖਤਰਾ ਹੀ ਨਹੀਂ, ਤਾਂ ਗੁਰੂ ਸਾਹਿਬ ਨੇ ਪਹਿਲਾਂ ਤੋਂ ਮੰਨੀ ਜਾਣ ਵਾਲੀ ਇਸ ਗੱਲ ਨੂੰ ਮੰਨਣ ਉਤੇ ਇੰਨਾ ਵੱਡਾ ਜੋਰ ਕਿਉਂ ਦਿੱਤਾ ਕਿ ਅਠੱਤੀ ਵਿਚੋਂ ਚਾਰ ਪਉੜੀਆਂ ਇਸੇ ਦੇ ਲੇਖੇ ਲਾ ਦਿੱਤੀਆਂ?

ਤੈਅ ਹੈ ਕਿ ਵਿਦਵਾਨ ਇਸ ਪ੍ਰਸ਼ਨ ਦਾ ਉਤਰ ਵੀ ਸੋਚ ਕੇ ਨਹੀਂ ਦੇਣਗੇ। ਉਹ ਫਿਰ ਵੀ ਇਹੀ ਕਹਿਣਗੇ ਕਿ ਗੱਲ ਖਤਰੇ ਦੀ ਨਹੀਂ ਸੀ, ਸਗੋਂ ਭਾਣਾ ਖਿੜੇ ਮੱਥੇ ਮੰਨਣ ਦੀ ਸੀ। ਜੇ ਇੰਦਾਂ ਸੀ ਤਾਂ ਇਸ ਦਾ ਭਾਵ ਹੋਇਆ ਕਿ ਚੂਹਾ ਬਿੱਲੀ ਅੱਗੇ, ਮਿਰਗ ਸ਼ੇਰ ਅੱਗੇ ਤੇ ਮਨੁੱਖ ਕਰੋਨਾ ਵਾਇਰਸ ਅੱਗੇ ਖੁਸ਼ੀ ਨਾਲ ਖੁਰਾਕ ਬਣ ਕੇ ਡਿੱਗ ਪੈਣ ਤੇ ਹੱਸ ਹੱਸ ਆਖਣ, "ਆਓ ਜੀ, ਖਾਓ!" ਅਜੀਬ ਸੋਚ ਹੈ ਅਜੋਕੇ ਸਿੱਖ ਵਿਦਵਾਨਾਂ ਦੀ ਕਿ ਸਿੱਖ ਅਖਵਾਉਂਦੇ ਹਨ, ਪਰ ਸੱਚਾਈ ਦੇ ਨੇੜੇ ਨਹੀਂ ਲਗਦੇ! ਗੁਰੂ ਨਾਨਕ ਨੇ ਕਿਹਾ ਕਿ ਪਰਮ-ਸਤਿ ਦੀ ਪਛਾਣ ਕੁਦਰਤ ਦੇ ਨਿਯਮਾਂ ਤੋਂ ਮਿਲਦੀ ਹੈ, ਇਸ ਲਈ ਇਨ੍ਹਾਂ ਨਿਯਮਾਂ ਨੂੰ ਲੱਭੋ।

ਗੁਰੂ ਸਾਹਿਬ ਦੇ ਇਸ ਆਸੇ ਅਨੁਸਾਰ ਇੰਗਲੈਂਡ ਤੋਂ ਚਾਰਲਸ ਡਾਰਵਿਨ (Charles Darwin) ਨੇ ਬੜੀ ਮਿਹਨਤ ਕਰਕੇ 'ਹੋਂਦ ਲਈ ਸੰਘਰਸ਼' (struggle for existence) ਦਾ ਪ੍ਰਾਕ੍ਰਿਤਿਕ ਭਾਣੇ ਦਾ ਨਿਯਮ ਲੱਭਿਆ। ਭਾਵੇਂ ਉਸ ਨੇ ਗੁਰੂ ਸਾਹਿਬ ਨੂੰ ਪੜ੍ਹਿਆ, ਸੁਣਿਆ ਨਹੀਂ ਸੀ ਤਾਂ ਵੀ ਉਨ੍ਹਾਂ ਦੀ ਸੇਧ ਮੁਤਾਬਿਕ ਕੰਮ ਕੀਤਾ; ਪਰ ਅਜੋਕੇ ਸਿੱਖ ਵਿਦਵਾਨ ਭਾਣੇ ਦੀ ਅਧਿਆਤਮਵਾਦੀ ਵਿਆਖਿਆ ਕਰ ਕੇ ਗੁਰੂ ਸਾਹਿਬ ਦੇ ਸਿੱਖੀ ਸਿਧਾਂਤ ਨੂੰ ਇਸ ਨਿਯਮ ਵਿਰੁਧ ਭੁਗਤਾਉਂਦੇ ਹਨ! ਕੀ ਇਹੀ ਪਛਾਣ ਕੀਤੀ ਹੈ, ਉਨ੍ਹਾਂ ਨੇ ਗੁਰੂ ਨਾਨਕ ਦੀ ਸਿੱਖੀ ਦੀ?

ਖੈਰ! ਮੋਟਾ ਸਿੱਟਾ ਇਹ ਕਿ ਬੇ-ਬੁਨਿਆਦ ਗੱਲਾਂ ਕਰਨ ਵਿਚ ਇਨ੍ਹਾਂ ਦਾ ਕੋਈ ਸਾਨੀ ਨਹੀਂ, ਪਰ ਇਨ੍ਹਾਂ ਦਾ ਕਸੂਰ ਵੀ ਨਹੀਂ। ਕਸੂਰ ਹੈ ਤਾਂ ਖੋਟੀ ਬ੍ਰਾਹਮਣਵਾਦੀ ਮੱਤ ਦਾ, ਜਿਸ ਅਨੁਸਾਰ ਉਹ ਸਿੱਖੀ ਨੂੰ ਸਿੱਖ ਧਰਮ ਮੰਨਦੇ ਹਨ ਤੇ ਇਸ ਨਾਤੇ ਇਸ ਦੀ 'ਬੋਲ ਵਿਗਾੜ' ਵਾਲੀ ਭਾਵ ਉਲਟੀ-ਸਿੱਧੀ ਵਿਆਖਿਆ ਕਰਦੇ ਹਨ। ਅਜੋਕੇ ਸਿੱਖ ਵਿਦਵਾਨਾਂ ਨੂੰ ਸਿੱਖੀ 'ਤੇ ਪੂਰਾ ਉਤਰਨ ਲਈ ਬ੍ਰਾਹਮਣਵਾਦ ਦੀ ਲਾਗ ਛੱਡਣੀ ਪਵੇਗੀ, ਦਿਮਾਗ ਦਾ ਘੇਰਾ ਚੌੜਾ ਕਰਨਾ ਪਵੇਗਾ ਤੇ ਆਪਣੀ ਸੋਚ ਨੂੰ ਸੁਤੰਤਰ ਕਰ ਕੇ ਗੁਰੂ ਸਾਹਿਬ ਦੇ ਮਿਆਰ ਤੀਕ ਵਿਕਸਿਤ ਕਰਨਾ ਪਵੇਗਾ। ਸਮੇਂ ਦੇ ਹਾਣ ਦੇ ਹੋਣ ਲਈ ਉਨ੍ਹਾਂ ਨੂੰ ਜੋਰ ਲਾ ਕੇ ਆਪਣਾ ਬੌਧਿਕ ਅਪਗ੍ਰੇਡ (upgrade) ਕਰਨਾ ਪਵੇਗਾ। ਪਰ ਕਿਵੇਂ?

ਸੰਨ 1927 ਵਿਚ ਰੂਸੀ ਮਨੋਵਿਗਿਆਨੀ ਇਵਾਨ ਪਾਵਲੋਵ (Ivan Pavlov) ਨੇ ਆਪਣੀ ਖੋਜ ਪੁਸਤਕ 'Conditioned Responses' ਵਿਚ ਇਹ ਸਿਧਾਂਤ ਦਿੱਤਾ ਕਿ ਮਨੁੱਖ ਸਮੇਤ ਸਭ ਜੀਵ-ਜੰਤੂ ਉਤੇਜਨਾ (stimulus) ਅਨੁਸਾਰ ਚਲਦੇ ਹਨ। ਭਾਵ ਉਨ੍ਹਾਂ ਨੂੰ ਜਿਹੋ ਜਿਹੀ ਚੋਭ ਲਾਈ ਜਾਵੇ, ਉਹ ਬਿਲਕੁਲ ਉਹੋ ਜਿਹਾ ਹੀ ਵਿਹਾਰ ਕਰਨਗੇ। ਉਸ ਅਨੁਸਾਰ ਜੇ ਕੁੱਤੇ ਦੀ ਪੂਛ 'ਤੇ ਪੈਰ ਟਿਕ ਜਾਵੇ ਤਾਂ ਉਹ ਪੈਰ ਰੱਖਣ ਵਾਲੇ ਨੂੰ ਤੁਰੰਤ ਝਪਟ ਕੇ ਵੱਢੇਗਾ। ਜੇ ਮਨੁੱਖ ਦੀ ਬਾਂਹ ਵਿਚ ਸੂਈ ਖੁੱਭ ਜਾਵੇ, ਉਹ ਤ੍ਰਭਕ ਕੇ ਬਾਂਹ ਨੂੰ ਫੌਰਨ ਪਿੱਛੇ ਖਿਚੇਗਾ। ਪਾਵਲੋਵ ਨੇ ਆਪਣੇ ਸਿਧਾਂਤ ਦਾ ਨਾਂ ਸ-ਰ (S-R) ਭਾਵ ਸਟਿਮੂਲਸ-ਰਿਸਪਾਂਸ (Stimulus-Response) ਰੱਖਿਆ। ਅਧਿਆਤਮਵਾਦੀ ਪ੍ਰਕ੍ਰਿਤੀ ਦਾ ਹੋਣ ਕਰਕੇ ਇਹ ਸਿਧਾਂਤ ਕੇਵਲ ਦੋ ਸਾਲ ਹੀ ਚੱਲਿਆ।

1929 ਵਿਚ ਅਮਰੀਕਾ ਦੇ ਰਾਬਰਟ ਐਸ. ਵਰਡਵਰਥ (Robert S. Wordworth) ਨੇ ਇਸ ਸਿਧਾਂਤ ਨੂੰ ਪਸ਼ੂ ਬਿਰਤੀ ਦਾ ਦੱਸਿਆ ਤੇ ਕਿਹਾ ਕਿ ਇਹ ਮਨੁੱਖ ਜਿਹੇ ਬੁਧੀਮਾਨ ਜੀਵਾਂ 'ਤੇ ਲਾਗੂ ਨਹੀਂ ਹੁੰਦਾ। ਉਸ ਅਨੁਸਾਰ ਪਸ਼ੂਆਂ ਤੇ ਹੋਰ ਜਾਨਵਰਾਂ ਵਿਚ ਦਿਮਾਗ ਵਿਕਸਿਤ ਨਾ ਹੋਣ ਕਾਰਨ ਬੁੱਧੀ ਨਹੀਂ ਹੁੰਦੀ, ਇਸ ਲਈ ਉਹ ਬਿਨਾ ਅੱਗਾ ਪਿੱਛਾ ਦੇਖੇ ਫੌਰਨ ਜਵਾਬੀ ਹਰਕਤ ਕਰ ਦਿੰਦੇ ਹਨ, ਭਾਵ ਹਰ ਕੁੱਤੇ ਨੇ ਪੂਛ ਨਪੀੜਨ ਵਾਲੇ ਨੂੰ ਕੱਟਣਾ ਹੀ ਹੈ, ਭਾਵੇਂ ਉਹ ਉਸ ਦਾ ਮਾਲਕ ਹੀ ਕਿਉਂ ਨਾ ਹੋਵੇ; ਪਰ ਮਨੁੱਖ ਇੰਦਾਂ ਨਹੀਂ ਕਰਦੇ, ਕਿਉਂਕਿ ਉਨ੍ਹਾਂ ਕੋਲ ਇਕ ਪ੍ਰਫੁਲਿਤ ਦਿਮਾਗ ਹੁੰਦਾ ਹੈ। ਉਹ ਕੋਈ ਉਤਰ ਦੇਣ ਤੋਂ ਪਹਿਲਾਂ ਇਕ ਸੋਚ ਪ੍ਰਕ੍ਰਿਆ ਵਿਚੋਂ ਲੰਘਦੇ ਹਨ, ਜਿਸ ਵਿਚ ਉਨ੍ਹਾਂ ਦਾ ਦਿਮਾਗ ਜਾਂ ਮਨ ਹਿੱਸਾ ਲੈਂਦਾ ਹੈ। ਉਹ ਆਪਣੀ ਸਮਝ ਤੋਂ ਕੰਮ ਲੈਂਦਿਆਂ ਚਲਦੇ ਹਨ, ਇਸ ਲਈ ਉਨ੍ਹਾਂ ਦਾ ਉਤਰ (response) ਸਿਆਣਪ ਭਰਪੂਰ, ਭਾਵ ਸੋਚਿਆ ਸਮਝਿਆ ਹੁੰਦਾ ਹੈ।

ਰਾਬਰਟ ਐਸ. ਵਰਡਵਰਥ ਨੇ ਸੋਧ ਕੇ ਸ-ਓ-ਰ (S-O-R) ਭਾਵ ਸਟਿਮੂਲਸ-ਓ-ਰਿਸਪਾਂਸ (Stimulus-O-Response) ਦਾ ਸਿਧਾਂਤ ਦਿੱਤਾ। ਇਸ ਵਿਚ 'ਓ' ਦਾ ਅਰਥ ਆਰਗੇਨਿਜ਼ਮ (organism) ਭਾਵ ਮਨੁੱਖੀ ਦਿਮਾਗ ਦੀ ਸੋਚ ਕ੍ਰਿਆ ਹੈ, ਜੋ ਉਸ ਦੇ ਜਵਾਬੀ ਫੈਸਲਿਆਂ ਨੂੰ ਸੂਝ-ਬੂਝ ਪ੍ਰਦਾਨ ਕਰਦੀ ਹੈ। ਮਨੋਵਿਗਿਆਨੀ ਅੱਜ ਵੀ ਇਸ ਸਿਧਾਂਤ ਨੂੰ ਸਹੀ ਮੰਨਦੇ ਹਨ, ਪਰ ਗੁਰੂ ਸਾਹਿਬ ਨੇ ਮੰਨੇ ਦੀਆਂ ਚਾਰ ਪਉੜੀਆਂ ਲਿਖ ਕੇ ਵਰਡਵਰਥ ਤੋਂ ਚਾਰ ਸੌ ਸਾਲ ਪਹਿਲਾਂ ਹੀ ਇਸ 'ਓ' ਭਾਵ ਮਨੁੱਖੀ ਮਨ ਦੀ ਮਹੱਤਤਾ ਦੱਸ ਦਿੱਤੀ ਸੀ। ਪਿਛੋਂ ਗੁਰੂ ਅੰਗਦ ਦੇਵ ਨੇ ਮਾਨਸ ਨੂੰ ਦੇਵਤੇ ਬਣਾਉਣ ਦੀ ਗੱਲ ਲਿਖ ਕੇ ਫਿਰ ਇਸੇ ਗੱਲ ਨੂੰ ਦੁਹਰਾਇਆ ਸੀ ਕਿ ਗਿਆਨ ਦਾ ਇਹ ਰਸਤਾ ਮਨੁੱਖ ਨੂੰ ਮਨੁੱਖਤਾ ਤੋਂ ਵੀ ਉਚੇਰੀ ਬੌਧਿਕ ਸ਼੍ਰੇਣੀ ਵਲ ਲੈ ਜਾਣ ਵਾਲਾ ਹੈ; ਪਰ ਅਜੋਕੇ ਸਿੱਖ ਵਿਦਵਾਨ ਆਪਣੀ ਕੁਤਾਹੀ ਕਾਰਨ ਇਸ ਨੂੰ ਹਾਲੇ ਵੀ ਜਾਨਵਰਾਂ ਦੇ ਫਾਰਮੂਲੇ ਵਾਲਾ ਸ-ਰ ਹੀ ਸਮਝੀ ਬੈਠੇ ਹਨ। ਇਸ ਲਈ ਗੁਰਬਾਣੀ ਦੇ ਰਸਤੇ ਚਲਣ ਲਈ ਉਨ੍ਹਾਂ ਨੂੰ ਸ-ਰ ਤੋਂ ਸ-ਓ-ਰ ਤੀਕ ਆਪਣਾ ਬੌਧਿਕ ਅਪਗਰੇਡ ਕਰਨਾ ਪਵੇਗਾ, ਭਾਵ ਤਰਕ-ਪ੍ਰਧਾਨ ਸੋਚ ਅਪਨਾਉਣੀ ਪਵੇਗੀ। ਇਸ ਗੱਲ ਦੀ ਉਚਿਤਤਾ ਦਾ ਸਬੂਤ ਅਜੋਕੇ ਸਿੱਖ ਵਿਦਵਾਨਾਂ ਦੀ 'ਮੰਨੇ' ਸ਼ਬਦ ਵਾਲੀ ਜਪੁਜੀ ਦੀ 12ਵੀਂ ਪਉੜੀ ਦੀ ਵਿਆਖਿਆ ਹੈ, ਜੋ ਹੇਠ ਦਿੱਤੀ ਗਈ ਹੈ,

ਮੰਨੇ ਕੀ ਗਤਿ ਕਹੀ ਨ ਜਾਇ॥
ਜੇ ਕੋ ਕਹੈ ਪਿਛੈ ਪਛੁਤਾਇ॥
ਕਾਗਦਿ ਕਲਮ ਨ ਲਿਖਣਹਾਰੁ॥
ਮੰਨੇ ਕਾ ਬਹਿ ਕਰਨਿ ਵੀਚਾਰੁ॥
ਐਸਾ ਨਾਮੁ ਨਿਰੰਜਨੁ ਹੋਇ॥
ਜੇ ਕੋ ਮੰਨਿ ਜਾਣੈ ਮਨਿ ਕੋਇ॥੧੨॥

ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਸਭ ਇਸ ਪਉੜੀ ਦੀ ਬ੍ਰਾਹਮਣਵਾਦੀ ਅਰਥਾਤ ਅਧਿਆਤਮਵਾਦੀ ਵਿਆਖਿਆ ਕਰਦੇ ਹਨ। ਮਿਸਾਲ ਵਜੋਂ ਗਿਆਨੀ ਸੰਤ ਸਿੰਘ ਮਸਕੀਨ ਲਿਖਦੇ ਹਨ ਕਿ ਗੁਰੂ ਸਾਹਿਬ ਨੇ 'ਸੁਣਿਐ' ਦੀਆਂ ਚਾਰ ਪਉੜੀਆਂ ਲਿਖਣ ਪਿਛੋਂ ਮੰਨੇ ਦੀਆਂ ਚਾਰ ਪਉੜੀਆਂ ਲਿਖ ਕੇ ਇਹ ਦੱਸਿਆ ਹੈ, "ਸੁਣਨਾ ਉਹੀ ਸਫਲ ਹੈ, ਜੋ ਮੰਨ ਲਿਆ ਜਾਵੇ। ਜੋ ਮੰਨਿਆ ਨਹੀਂ ਗਿਆ, ਉਹ ਹਵਾ ਵਿਚ ਉਡ ਜਾਂਦਾ ਹੈ।" ਉਹ ਦੱਸਦੇ ਹਨ ਕਿ 'ਮੰਨੇ' ਦੀਆਂ ਚਾਰ ਪਉੜੀਆਂ ਵਿਚੋਂ ਪਹਿਲੀ ਵਿਚ 'ਨ' ਅੱਖਰ ਉਤੇ ਇਕ ਲਾਂਵ ਲਾ ਕੇ 'ਮੰਨੇ' ਲਿਖਿਆ ਹੈ, ਜਿਸ ਦਾ ਭਾਵ ਮੰਨਣਵਾਲਾ ਹੈ। ਬਾਕੀ ਦੀਆਂ ਤਿੰਨ ਪਉੜੀਆਂ ਵਿਚ ਸ਼ਬਦ 'ਮੰਨੈ' ਲਿਖਿਆ ਹੈ, ਜਿਸ ਦਾ ਅਰਥ ਮੰਨਣ ਵਾਲੇ ਦੀ ਮੰਨਣ ਪਿਛੋਂ ਦੀ ਹਾਲਤ ਹੈ। ਗਿਆਨੀ ਮਸਕੀਨ ਲਿਖਦੇ ਹਨ, "ਜਿਸ ਨੇ ਪਰਮਾਤਮਾ ਦਾ ਨਾਮ ਮੰਨ ਲਿਆ, ਉਸ ਦੀ ਗਤੀ ਬਿਆਨ ਨਹੀਂ ਕੀਤੀ ਜਾ ਸਕਦੀ। ਉਸ ਦੀ ਮਹਿਮਾ ਵਰਣਨ ਤੋਂ ਪਰ੍ਹੇ ਹੈ...ਜੇ ਕੋਈ ਮੰਨਣ ਵਾਲੇ ਦੀ ਮਹਿਮਾ ਕਰਨ ਲੱਗੇ...ਉਸ ਨੇ ਪਛਤਾਉਣਾ ਹੈ ਕਿ ਮੈਂ ਤਾਂ ਕੁਝ ਵੀ ਨਹੀਂ ਕਹਿ ਸਕਿਆ...ਕੋਈ ਲਿਖਾਰੀ ਨਹੀਂ, ਨਾ ਹੀ ਕੋਈ ਐਸੀ ਕਲਮ ਹੈ ਤੇ ਨਾ ਹੀ ਜਗਤ ਦੇ ਵਿਚ ਇੰਨਾ ਕਾਗਜ਼ ਹੈ ਕਿ ਮੰਨ ਲੈਣ ਵਾਲੇ ਦੀ ਮਹਿਮਾ ਬਿਆਨ ਕੀਤੀ ਜਾਵੇ...ਲਿਖਾਰੀ ਬੈਠ ਕੇ ਆਪਸ ਵਿਚ ਵਿਚਾਰ ਕਰਨ ਤੇ ਮੰਨ ਲੈਣ ਵਾਲੇ ਦੀ ਮਹਿਮਾ ਲਿਖਣ...ਇਸ ਤਰ੍ਹਾਂ ਦੀ ਸਮਰੱਥਾ ਲਿਖਾਰੀ ਕੋਲ ਨਹੀਂ ਹੈ...ਪਰਮਾਤਮਾ ਦਾ ਨਾਂ ਐਸਾ ਕਾਲਖ ਰਹਿਤ ਹੈ ਕਿ ਜਿਸ ਦੇ ਮਨ ਨੇ ਪ੍ਰਭੂ ਨੂੰ ਮੰਨ ਲਿਆ, ਉਸ ਤੋਂ ਬਿਨਾ ਇਸ ਮਹਿਮਾ ਨੂੰ ਹੋਰ ਕੋਈ ਨਹੀਂ ਜਾਣ ਸਕਦਾ।" ਇਹ ਸਿਰਫ ਗਿਆਨੀ ਮਸਕੀਨ ਨੇ ਹੀ ਨਹੀਂ ਕਿਹਾ, ਸਗੋਂ ਜਿੰਨੇ ਸਿੱਖ ਵਿਦਵਾਨਾਂ ਨੇ ਜਪੁਜੀ ਦਾ ਉਲਥਾ ਕੀਤਾ ਹੈ, ਉਨ੍ਹਾਂ ਸਭ ਨੇ ਸ਼ਬਦਾਂ ਦੇ ਫੇਰ-ਬਦਲ ਨਾਲ ਇਹੀ ਕਿਹਾ ਹੈ।

ਗਿਆਨੀ ਮਸਕੀਨ ਦੀ ਵਿਆਖਿਆ ਦੀ ਵੱਡੀ ਤਰੁਟੀ ਇਹ ਹੈ ਕਿ ਉਹ 'ਮੰਨੇ' ਦਾ ਅਰਥ ਮੰਨਣ ਵਾਲਾ ਤੇ 'ਮੰਨੈ' ਦਾ ਅਰਥ ਉਸ ਦੀ 'ਮੰਨਣ ਪਿਛੋਂ ਦੀ ਹਾਲਤ' ਕਰਦੇ ਹਨ। 'ਮੰਨੇ' ਸ਼ਬਦ ਤੋਂ ਹੀ ਪ੍ਰਤੀਤ ਹੁੰਦਾ ਹੈ ਕਿ ਇਹ ਕੋਈ ਵਿਅਕਤੀ ਨਹੀਂ, ਸਗੋਂ ਇਕ ਸੰਕਲਪ ਹੈ ਤੇ 'ਮੰਨੈ' ਇਸ ਦਾ ਕ੍ਰਿਆਵਾਚਕ ਰੂਪ ਹੈ; ਪਰ ਇਹ ਸਿੱਖ ਪ੍ਰਚਾਰਕ ਇਸ ਨੂੰ ਵਿਅਕਤੀਵਾਦੀ ਰੂਪ ਦੇ ਕੇ ਮੰਨਣ ਭਾਵ ਯਕੀਨ ਪੈਦਾ ਕਰਨ ਲਈ ਵਰਤਦਾ ਹੈ, ਜਦੋਂ ਕਿ ਗੁਰੂ ਸਾਹਿਬ ਨੇ ਇਸ ਨੂੰ ਇਕ ਵਿਧੀਆਤਮਕ ਧਾਰਨਾ ਵਜੋਂ ਵਰਤ ਕੇ ਗਿਆਨ ਦਾ ਰਾਹ ਦੱਸਣ ਲਈ ਵਰਤਿਆ ਹੈ। ਗੁਰੂ ਸਾਹਿਬ ਇਹ ਨਹੀਂ ਕਹਿ ਸਕਦੇ ਕਿ ਸ਼ਰਧਾਲੂਓ! ਮੇਰੀ ਗੱਲ ਸੁਣੋ ਤੇ ਇਸ ਨੂੰ ਮੰਨੋ। ਇਸ ਨੂੰ ਮੰਨਣ ਨਾਲ ਤੁਹਾਡੀ ਵਧੀਆ ਗਤ ਹੋਵੇਗੀ। ਅਜੋਕੇ ਸਾਧਾਂ ਸੰਤਾਂ ਤੋਂ ਬਿਨਾ, ਜਿਨ੍ਹਾਂ ਦੀ ਬੋਲੀ ਸੰਤ ਸਿੰਘ ਮਸਕੀਨ ਬੋਲਦੇ ਹਨ, ਕੋਈ ਸਮਝਦਾਰ ਵਿਅਕਤੀ ਇੰਦਾਂ ਨਹੀਂ ਕਹਿ ਸਕਦਾ।

ਗੁਰੂ ਸਾਹਿਬ ਤਾਂ ਵਿਦਵਤਾ ਵਿਚ ਗੁਰੂਆਂ ਦੇ ਵੀ ਗੁਰੂ ਸਨ, ਜੋ ਮੰਨਣ ਦੀ ਨਹੀਂ ਸਗੋਂ ਸਮਝਣ ਦੀ ਗੱਲ ਕਰਦੇ ਸਨ। ਉਨ੍ਹਾਂ ਨੇ ਆਪ ਪਾਂਧੇ ਦੀ ਜਨੇਊ ਵਾਲੀ ਗੱਲ ਨਹੀਂ ਸੀ ਮੰਨੀ, ਹਰਿਦੁਆਰ ਦੇ ਬ੍ਰਾਹਮਣਾਂ ਦੀ ਸੂਰਜ ਨੂੰ ਪਾਣੀ ਵਾਲੀ ਗੱਲ ਨਹੀਂ ਸੀ ਮੰਨੀ, ਮੌਲਵੀਆਂ ਦੀ ਮੱਕੇ ਵਿਚ ਅੱਲ੍ਹਾ-ਵਾਸ ਵਾਲੀ ਗੱਲ ਨਹੀਂ ਸੀ ਮੰਨੀ ਤੇ ਨਾਥ ਜੋਗੀਆਂ ਦੀ ਜੋਗ-ਸਿੱਧੀ ਦੀ ਗੱਲ ਨਹੀਂ ਸੀ ਮੰਨੀ। ਇਸ ਲਈ ਉਹ ਤਰਕ ਵਿਵੇਕ ਤੋਂ ਬਿਨਾ ਭਰੋਸੇ ਦੇ ਬਲਬੂਤੇ ਆਪਣੀ ਗੱਲ ਮੰਨਾਉਣ ਲਈ ਕਿਵੇਂ ਕਹਿ ਸਕਦੇ ਸਨ? ਗਿਆਨੀ ਮਸਕੀਨ ਨੇ ਗੁਰੂ ਸਾਹਿਬ ਨੂੰ ਛੋਟਾ ਕਰ ਕੇ ਸਮਝਿਆ ਹੈ, ਭਾਵ ਉਨ੍ਹਾਂ ਨੂੰ ਜਗਤ-ਗੁਰੂ ਦੇ ਰੁਤਬੇ ਤੋਂ ਘਟਾ ਕੇ ਇਕ ਸੰਪਰਦਾਇਕ ਪੁਜਾਰੀ ਦੇ ਚੌਖਟੇ ਵਿਚ ਰੱਖ ਕੇ ਵੇਖਿਆ ਹੈ। ਇਹ ਉਨ੍ਹਾਂ ਨੇ ਸਹੀ ਨਹੀਂ ਕੀਤਾ।

ਕਈ ਵਿਦਵਾਨ ਕਹਿਣਗੇ ਕਿ ਉਪਰੋਕਤ ਵਿਆਖਿਆਕਾਰ ਗੁਰੂ ਸਾਹਿਬ ਦੀ ਗੱਲ ਨਹੀਂ ਕਰ ਰਿਹਾ, ਸਗੋਂ ਪਰਮਾਤਮਾ ਨੂੰ ਮੰਨਣ ਦੀ ਗੱਲ ਕਰ ਰਿਹਾ ਹੈ; ਪਰ ਉਹ ਪਰਮਾਤਮਾ ਦੀ ਗੱਲ ਵੀ ਤਾਂ ਹੀ ਕਰ ਸਕਦਾ ਹੈ, ਜੇ ਗੁਰੂ ਸਾਹਿਬ ਨੇ ਪਉੜੀ ਵਿਚ ਕਿਤੇ ਪਰਮਾਤਮਾ ਦਾ ਜ਼ਿਕਰ ਕੀਤਾ ਹੋਵੇ। ਉਹ ਇਸ ਸ਼ਬਦ ਨੂੰ ਆਪਣੇ ਕੋਲੋਂ ਹੀ ਜੋੜ ਕੇ ਗੱਲ ਕਰ ਰਿਹਾ ਹੈ, ਇਸ ਲਈ ਉਹ ਹਉਮੈ ਦੋਸ਼ ਦਾ ਵੀ ਭਾਗੀ ਹੈ। ਜੇ ਸਭ ਵਿਚਾਰ ਛੱਡ ਕੇ ਉਪਰੋਕਤ ਵਿਆਖਿਆ ਨੂੰ ਆਮ ਸਮਝ ਦੇ ਪੱਧਰ 'ਤੇ ਵੀ ਵਿਚਾਰਿਆ ਜਾਵੇ ਤਾਂ ਵੀ ਇਹ ਕਿਸੇ ਪਾਸਿਓਂ ਕਾਰਆਮਦ ਨਹੀਂ ਹੈ। ਫਰਜ ਕਰੋ, ਗੁਰੂ ਸਾਹਿਬ ਕਹਿੰਦੇ ਸਨ ਕਿ ਭਾਈ ਰੱਬ ਨੂੰ ਮੰਨੋ, ਉਸ ਦੇ ਮੰਨਣ ਨਾਲ ਫਲਾਂ ਫਲਾਂ ਲਾਭ ਪ੍ਰਾਪਤ ਹੋਣਗੇ। ਮੰਨ ਲਈਏ ਕਿ ਸਿੱਖਾਂ ਨੇ ਉਨ੍ਹਾਂ ਦੀ ਗੱਲ ਮੰਨ ਲਈ, ਮਾਲਾ ਫੜ ਲਈ, ਧਿਆਨ ਸਮਾਧੀ ਲਾ ਲਈ, ਕਈ ਬਾਣੀਆਂ ਦਾ ਪਾਠ ਕਰ ਲਿਆ, ਮੱਥਾ ਰਗੜ ਲਿਆ ਤੇ ਇਹੀ ਕ੍ਰਿਆ ਨਿੱਤਨੇਮੀ ਨਾਲ, ਭਾਵ ਸਾਲਾਂ ਬੱਧੀ ਕਰਦੇ ਰਹੇ। ਕਈ ਤਾਂ ਇਹ ਕੰਮ ਬੜੇ ਸਿਰੜ ਨਾਲ ਕਰ ਹੀ ਰਹੇ ਹਨ; ਤਾਂ ਉਨ੍ਹਾਂ ਨੇ ਅਜਿਹੀ ਕਿਹੜੀ ਪ੍ਰਾਪਤੀ ਕਰ ਲਈ, ਜਿਸ ਦੀ ਮਹਿਮਾ ਕਰਨ ਲਈ ਕੋਈ ਲਿਖਾਰੀ ਨਾ ਮਿਲੇ ਤੇ ਕਾਗਜ਼ ਕਲਮ ਦਾ ਭੰਡਾਰ ਵੀ ਥੋੜਾ ਰਹਿ ਜਾਵੇ? ਉਨ੍ਹਾਂ ਨੇ ਤਾਂ ਸਿਰਫ ਬਾਣੀ ਦੇ ਸ਼ਬਦਾਂ ਨੂੰ ਵਾਰ ਵਾਰ ਜਪਿਆ ਹੈ, ਨਾ ਕਿ ਕੋਈ ਗਿਆਨ ਹਾਸਲ ਕੀਤਾ ਹੈ। 'ਧੰਨ ਹੈ, ਧੰਨ ਹੈ' ਕਰਨ ਤੋਂ ਬਿਨਾ ਉਨ੍ਹਾਂ ਨੇ ਕੁਦਰਤ ਦਾ ਕਿਹੜਾ ਨਿਯਮ ਲੱਭਿਆ, ਜੋ ਪਰਮ-ਸਤਿ ਦੀ ਕੋਈ ਵਡਿਆਈ ਦਰਸਾ ਕੇ ਉਸ ਬਾਰੇ ਸਮਝ ਵਧਾਉਂਦਾ ਹੋਵੇ? ਸਮਾਧੀ ਵਿਚ ਬੈਠ ਕੇ ਜੇ ਉਨ੍ਹਾਂ ਕੋਈ ਅਟਕਲ ਪੱਚੂ ਲਾਇਆ ਵੀ ਹੋਵੇਗਾ ਤਾਂ ਉਹ ਵੀ ਗਲਤ ਹੈ, ਕਿਉਂਕਿ ਗੁਰੂ ਨਾਨਕ ਅਨੁਸਾਰ ਕਲਪਨਾ ਕਰਨਾ ਇਸ ਕੰਮ ਲਈ ਜਾਇਜ਼ ਵਿਧੀ ਨਹੀਂ ਹੈ।

ਗੁਰੂ ਸਾਹਿਬ ਦੇ ਕਹਿਣ ਵਿਰੁਧ ਜਾ ਕੇ ਫਿਰ ਵੀ ਜੇ ਕੋਈ ਕਹੇ ਕਿ ਮੰਨਣ ਨਾਲ ਉਸ ਵਿਚ ਕੋਈ ਨਾ-ਵਰਣਨ ਯੋਗ ਗੱਲ ਪੈਦਾ ਹੋਈ ਹੈ ਤਾਂ ਉਹ ਆਪਣੀ ਪ੍ਰਾਪਤੀ ਜੱਗ ਜਾਹਰ ਕਰੇ। ਉਹ ਦੂਜਿਆਂ ਨੂੰ ਨਾਮ ਜਪਣ ਦੀ ਮਹਿਮਾ ਨਾ ਦੱਸੇ, ਸਗੋਂ ਆਪਣੇ ਨਾਮ ਜਾਪ ਦੀ ਪ੍ਰਾਪਤੀ ਦੱਸੇ। ਅਜਿਹੇ ਲੋਕ ਇਹ ਕਹਿ ਕੇ ਪੱਲਾ ਨਾ ਝਾੜਨ ਕਿ ਬੜਾ 'ਅਨੰਦ ਆਇਆ', 'ਰੂਹ ਖੁਸ਼ ਹੋ ਗਈ', 'ਅਵਾਕ ਰਹਿ ਗਿਆ', 'ਬਿਆਨ ਤੋਂ ਪਰ੍ਹੇ ਦਾ ਅਨੁਭਵ ਹੋਇਆ ਹੈ', ਆਦਿ ਆਦਿ। ਜੇ ਇਹੀ ਪ੍ਰਾਪਤੀ ਹੈ ਤਾਂ ਇਸ ਦੀ ਪ੍ਰਸ਼ੰਸਾ ਕੋਈ ਕਰੇਗਾ ਤਾਂ ਕੀ ਕਰੇਗਾ? ਅਜਿਹੀ ਪ੍ਰਾਪਤੀ ਲਈ ਤਾਂ ਕਾਗਜ਼, ਕਲਮ ਤੇ ਲਿਖਾਰੀ ਦੀ ਲੋੜ ਹੀ ਨਹੀਂ।

ਦਰਅਸਲ ਜਿਸ 'ਮੰਨੇ' ਨੂੰ ਅਜੋਕੇ ਸਿੱਖ ਵਿਦਵਾਨ, ਪ੍ਰਚਾਰਕ ਤੇ ਪੁਜਾਰੀ 'ਮੰਨਣਾ' ਜਾਂ 'ਮੰਨਣ ਵਾਲਾ' ਦੱਸਦੇ ਹਨ, ਉਸ ਦਾ ਮੰਨਣ ਜਾਂ ਨਾ ਮੰਨਣ ਨਾਲ ਕੋਈ ਸਬੰਧ ਹੀ ਨਹੀਂ ਹੈ। ਮੰਨੇ ਦਾ ਸਬੰਧ ਮਨ ਨਾਲ ਹੈ ਤੇ ਇਹ ਮੁਢਲੇ ਸ਼ਬਦ 'ਮਨਨ' ਦਾ ਅਪਭ੍ਰੰਸ਼ ਹੈ, ਜਿਵੇਂ ਬ੍ਰਹਿਮੰਡ ਦਾ ਭਰਮੰਡ ਤੇ ਸ੍ਰਿਸ਼ਟੀ ਦਾ ਸਿਸਟੀ ਜਾਂ ਸਿਰਠੀ। ਇਸ ਦਾ ਅਰਥ ਹੈ, ਮਨ ਵਿਚ ਵਿਚਾਰਨਾ ਜਾਂ ਡੂੰਘਾ ਵਿਸ਼ਲੇਸ਼ਣ ਕਰਨਾ। ਇਸ ਦਾ ਸਿੱਖੀ ਸਿਧਾਂਤ ਵਿਚ ਉਹੀ ਸਥਾਨ ਹੈ, ਜੋ ਸ-ਓ-ਰ ਸਿਧਾਂਤ ਵਿਚ 'ਓ' ਦਾ ਹੈ।

ਡਾ. ਗੁਰਚਰਨ ਸਿੰਘ ਨੇ ਵੀ ਆਪਣੇ ਗੁਰੂ ਗ੍ਰੰਥ ਸਾਹਿਬ ਕੋਸ਼ ਵਿਚ ਮੰਨੇ ਦੇ ਅਰਥ ਮਨਨ ਕੀਤੇ ਹਨ। ਗੁਰੂ ਸਾਹਿਬ ਨੇ ਇਸ ਸੰਕਲਪ ਨੂੰ 'ਸੁਣਿਐ' ਤੋਂ ਬਾਅਦ ਪੇਸ਼ ਕਰ ਕੇ ਕਿਹਾ ਹੈ ਕਿ ਸੁਣੀ ਹੋਈ ਗੱਲ ਨੂੰ ਮਨ ਵਿਚ ਵਿਚਾਰੋ, ਸਮਝੋ ਤੇ ਮੁਲੰਕਣ ਕਰੋ। ਉਸ ਦੇ ਸੱਚ ਦੀ ਪੜਤਾਲ ਲਈ, ਜੇ ਲੋੜ ਪਵੇ ਤਾਂ ਪ੍ਰੀਖਣ ਵੀ ਕਰੋ। ਗੱਲ ਜਿੰਨੀ ਠੀਕ ਨਿਕਲੇ, ਉਸ ਨੂੰ ਉਨਾ ਹੀ ਸਹੀ ਮੰਨੋ। 'ਮੰਨੈ' ਦਾ ਅਰਥ ਹੈ, ਇਸ ਵਿਧੀ ਦੀ ਵਰਤੋਂ ਨਾਲ, ਭਾਵ ਮਨਨ ਕਰਨ ਨਾਲ।

ਮੰਨੇ ਦੇ ਇਨ੍ਹਾਂ ਅਰਥਾਂ ਨਾਲ ਇਸ ਪਉੜੀ ਦੀ ਵਿਆਖਿਆ ਇਸ ਤਰ੍ਹਾਂ ਬਣਦੀ ਹੈ, "ਮਨ ਵਿਚ ਸੋਚ ਵਿਚਾਰ ਰਾਹੀਂ ਵਿਸ਼ਲੇਸ਼ਣ ਕਰਨਾ ਇੰਨੀ ਡੂੰਘੇ ਮਹੱਤਵ ਵਾਲੀ ਗੱਲ ਹੈ ਕਿ ਇਸ ਦਾ ਪੂਰਾ ਮੁਲੰਕਣ ਕਰਨਾ ਮੁਸ਼ਕਿਲ ਹੈ। ਜੇ ਕੋਈ ਇਸ ਦੀ ਮਹਿਮਾ ਕਰੇ ਵੀ ਤਾਂ ਉਸ ਨੂੰ ਅਸਫਲ ਹੋ ਕੇ ਪਿੱਛੋਂ ਪਛਤਾਉਣਾ ਪਵੇਗਾ, ਭਾਵ ਉਹ ਆਪਣੀਆਂ ਤਰੁਟੀਆਂ 'ਤੇ ਝੂਰੇਗਾ। ਜੇ ਬੈਠ ਕੇ ਮੰਨਣ ਦੇ ਗੁਣਾਂ ਨੂੰ ਵਿਚਾਰਨ ਲਗੋ ਤਾਂ ਇਸ ਦੀ ਪ੍ਰਸ਼ੰਸਾ ਦਾ ਵਰਣਨ ਲਿਖਣ ਲਈ ਨਾ ਕੋਈ ਲੇਖਕ ਲੱਭੇਗਾ ਤੇ ਨਾ ਹੀ ਕਾਗਜ਼ ਤੇ ਕਲਮ ਪੂਰੇ ਪੈਣਗੇ। ਸ੍ਰਿਸ਼ਟੀ ਦਾ ਕਾਰਕ ਪਰਮ-ਸਤਿ, ਜਿਸ ਨੂੰ ਅਦਿੱਖ ਹੋਣ ਕਰਕੇ ਨਿਰੰਜਣ ਕਹਿੰਦੇ ਹਨ, ਉਹ ਵੀ ਇਸੇ ਵਿਧੀ ਨਾਲ ਸਮਝ ਆਉਣ ਵਾਲੀ ਹੋਂਦ ਹੈ। ਅਰਥਾਤ ਉਹ ਵੀ ਬਾਹਰ ਦੀ ਦੇਖੀ-ਸੁਣੀ ਨੂੰ ਮਨ ਵਿਚ ਵਿਚਾਰਨ ਨਾਲ ਪੈਦਾ ਹੋਏ ਗਿਆਨ ਨਾਲ ਹੀ ਪੱਲੇ ਪੈ ਸਕਦੀ ਹੈ।"

ਮੰਨੇ ਦੀਆਂ ਚਹੁੰਆਂ ਪਉੜੀਆਂ ਵਿਚ ਸਿੱਧ-ਭਾਸ਼ਾ ਦੇ ਸ਼ਬਦਾਂ ਦੀ ਬਹੁਤਾਤ ਹੈ, ਇਸ ਲਈ ਇਹ ਪਉੜੀਆਂ ਗੁਰੂ ਸਾਹਿਬ ਦੀ ਸਿੱਧਾਂ ਨਾਲ ਹੋਈ ਕਿਸੇ ਗੋਸਟੀ ਦਾ ਪ੍ਰਤੀਕਰਮੀ ਹਿੱਸਾ ਹਨ। ਇਨ੍ਹਾਂ ਪਉੜੀਆਂ ਵਿਚ ਮੰਨੇ ਅਰਥਾਤ ਮਨਨ ਸ਼ਬਦ ਦਾ ਆਉਣਾ ਇਹ ਸਿੱਧ ਕਰਦਾ ਹੈ ਕਿ ਇਹ ਇਕ ਗੂੜ੍ਹਾ ਦਾਰਸ਼ਨਿਕ ਸੰਕਲਪ ਹੈ, ਜਿਸ ਨੂੰ ਵਿਦਵਾਨ ਆਪਣੀ ਗੱਲਬਾਤ ਵਿਚ ਆਮ ਵਰਤਦੇ ਸਨ। ਉਨ੍ਹਾਂ ਦੀ ਇਸ ਵਰਤੋਂ ਅਨੁਸਾਰ ਸੱਚੀ-ਮੁੱਚੀ ਇਸ ਦੀ ਮਹਿਮਾ ਅਪਰ-ਅੰਪਾਰ ਹੈ। ਬੌਧਿਕ ਮੁਲੰਕਣ ਵਿਚਾਰਾਂ ਦੀ ਤਹਿ ਵਿਚ ਜਾ ਕੇ ਉਨ੍ਹਾਂ ਨੂੰ ਸਹੀ ਅਰਥ ਪ੍ਰਦਾਨ ਕਰਦਾ ਹੈ, ਉਨ੍ਹਾਂ ਨੂੰ ਤਰਕ-ਬੱਧ ਕਰਦਾ ਹੈ ਤੇ ਡੂੰਘੇ ਗਿਆਨ ਦੀ ਪੈੜ ਬੰਨਦਾ ਹੈ। ਅਜਿਹੇ ਵਿਚਾਰ ਦੂਜਿਆਂ ਨੂੰ ਸਮਝਾਏ ਜਾ ਸਕਦੇ ਹਨ ਤੇ ਇਨ੍ਹਾਂ ਦੇ ਫਾਰਮੂਲੇ ਬਣਾਏ ਜਾ ਸਕਦੇ ਹਨ, ਜਿਨ੍ਹਾਂ ਰਾਹੀਂ ਅੰਤਰ ਭਾਸ਼ਾਈ ਮਿਆਰ ਸਥਾਪਤ ਕੀਤੇ ਜਾ ਸਕਦੇ ਹਨ। ਗੱਲ ਕੀ, ਇਸ ਰਾਹੀਂ ਗਿਆਨ ਦੇ ਪਾਰਲੇ ਦਿਸਹੱਦਿਆਂ ਤੀਕ ਝਾਕਿਆ ਜਾ ਸਕਦਾ ਹੈ, ਜਿਸ ਤੋਂ ਅੱਗੇ ਪਰਮ-ਸਤਿ ਦਾ ਨਿਵਾਸ ਹੈ।

ਇਸ ਲਈ ਮੰਨੇ ਕੀ ਗਤ ਸੱਚੀ-ਮੁੱਚੀ ਨਹੀਂ ਕਹੀ ਜਾ ਸਕਦੀ। ਵਿਗਿਆਨ ਦੀ ਤਮਾਮ ਉਨਤੀ ਇਸੇ ਰਾਹੀਂ ਹੋਈ ਹੈ ਤੇ ਇਸ ਦੀ ਗਤ ਕਹਿਣ ਲਈ ਸਮੁੱਚੇ ਵਿਗਿਆਨ ਦਾ ਵਰਣਨ ਕਰਨਾ ਪਵੇਗਾ। ਨਿਊਟਨ ਨੇ ਸੇਬ ਦੇ ਧਰਤੀ 'ਤੇ ਡਿਗਣ ਦਾ ਮਨਨ (ਮੰਨੇ) ਕਰ ਕੇ ਹੀ ਪ੍ਰਿਥਵੀ ਦੀ ਖਿੱਚ ਦਾ ਸਿਧਾਂਤ ਦਿੱਤਾ। ਗੈਲੇਲੀਓ ਨੇ ਕਈ ਸਾਲਾਂ ਦੇ ਅਣਥੱਕ ਅਧਿਐਨ-ਵਿਚਾਰ ਪਿਛੋਂ ਸੂਰਜ-ਮੰਡਲ ਦਾ ਸਿਧਾਂਤ ਦਿੱਤਾ। ਦਰਜਨਾਂ ਵਿਗਿਆਨੀਆਂ ਨੇ ਪ੍ਰਯੋਗਾਂ ਤੇ ਅਨੁਭਵ-ਸੰਕਲਨ ਰਾਹੀਂ ਅਣੂਆਂ ਤੇ ਪ੍ਰਮਾਣੂਆਂ ਜਿਹੇ ਅਤਿ-ਸੂਖਮ ਕਣਾਂ ਤੀਕ ਪਹੁੰਚ ਕੀਤੀ ਤੇ ਉਨ੍ਹਾਂ ਉਤੇ ਮਨੁੱਖੀ ਕੰਟਰੋਲ ਸੰਭਵ ਕੀਤਾ। ਦੁਨੀਆਂ ਦੇ ਸਭ ਕ੍ਰਿਆਸ਼ੀਲ ਦਿਮਾਗ ਇਸ ਕਦੇ ਨਾ ਪੂਰਾ ਹੋਣ ਵਾਲੇ ਕਾਰਜ ਵਿਚ ਲੱਗੇ ਹੋਏ ਹਨ। ਇਹ ਕੰਮ ਸੱਚੀ ਮੁੱਚੀ ਉਨ੍ਹਾਂ ਦੇ ਦਿਮਾਗਾਂ, ਕਾਗਜ਼ਾਂ ਤੇ ਕਲਮਾਂ 'ਤੇ ਭਾਰੀ ਪੈ ਚੁਕਾ ਹੈ। ਅੱਗੇ ਵਧਣ ਲਈ ਹੁਣ ਮਨੁੱਖ ਨੂੰ ਕੰਪਿਊਟਰ, ਮਨਸੂਈ ਬੌਧਿਕਤਾ ਤੇ ਰੋਬੋਟਾਈ ਮਸ਼ੀਨਾਂ ਦੀ ਮਦਦ ਲੈਣੀ ਪੈ ਰਹੀ ਹੈ। ਮਨਨ ਦੇ ਇਨ੍ਹਾਂ ਸਿੱਟਿਆਂ ਦੀ ਪ੍ਰਸ਼ੰਸਾ ਕਰ ਕੇ ਜੇ ਕੋਈ ਆਪਣੇ ਆਪ ਨੂੰ ਸਹੀ ਤੇ ਮੁਕੰਮਲ ਸਮਝੇ ਤਾਂ ਉਹ ਪਛਤਾਵੇਗਾ ਜਰੂਰ, ਜੇ ਹਾਲੇ ਤੀਕ ਪਛਤਾਇਆ ਨਹੀਂ ਤਾਂ।

ਪਛਤਾਉਣਗੇ ਤਾਂ ਅਜੋਕੇ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਵੀ ਜਰੂਰ, ਕਿਉਂਕਿ ਉਹ ਬਹੁਤ ਲੰਮੇ ਸਮੇਂ ਤੋਂ ਯਕੀਨ ਕਰਨ (ਮੰਨਣ) ਨੂੰ ਗੁਰ-ਸਿੱਖੀ ਤੇ ਮਾਨਸਿਕ ਸੋਚ-ਵਿਚਾਰ (ਮੰਨੇ) ਨੂੰ ਮਨਮੁਖਤਾ ਦੱਸਦੇ ਆ ਰਹੇ ਹਨ। ਉਹ ਪਛਤਾਉਣਗੇ ਕਿ ਉਨ੍ਹਾਂ ਨੇ ਸ-ਓ-ਰ 'ਚੋਂ ਮਨੁੱਖੀ ਮਨ ਦਾ ਪ੍ਰਤੀਕ 'ਓ' ਹਟਾ ਕੇ ਪਸ਼ੂ-ਬਿਰਤੀ ਦੇ ਸ-ਰ ਦੀ ਮਹਿਮਾ ਕੀਤੀ ਹੈ। ਉਹ ਪਛਤਾਉਣਗੇ ਕਿ ਅਜਿਹਾ ਕਰਕੇ ਉਨ੍ਹਾਂ ਨੇ ਗੁਰੂ ਸਾਹਿਬ ਦੇ ਸੰਦੇਸ਼ ਦੀ ਬੱਜਰ ਉਲੰਘਣਾ ਕੀਤੀ ਹੈ।

## ਖਾਲਿਸਤਾਨ ਦਾ ਐਲਾਨਨਾਮਾ

# ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ, ਨਵੀਂ ਬਹਾਰ

29 ਅਪਰੈਲ 1986 ਦੇ ਇਤਿਹਾਸਕ ਐਲਾਨਨਾਮੇ ਦੀਆਂ ਅਣਗਿਣਤ ਪਰਤਾਂ ਹਨ, ਅਣਗਿਣਤ ਵਿਆਖਿਆਵਾਂ ਤੇ ਅਣਗਿਣਤ ਪਰਿਭਾਸ਼ਾਵਾਂ ਹਨ, ਜਿਨ੍ਹਾਂ ਨੂੰ ਖਾਲਸਾ ਪੰਥ ਦੇ ਦਾਨਿਸ਼ਵਰਾਂ ਨੇ ਅਜੇ ਡੂੰਘੇ ਧਿਆਨ ਵਿਚ ਦੇਖਣ ਦੀ ਪਹਿਲਕਦਮੀ ਨਹੀਂ ਕੀਤੀ। ਕਿਉਂ ਨਹੀਂ ਕੀਤੀ ਗਈ? ਇਸ ਅਹਿਮ ਸਵਾਲ ਦੇ ਕਾਰਨ ਲੱਭਣ ਦਾ ਵੀ ਇਹੋ ਦਿਨ ਹੈ, ਕਿਉਂਕਿ ਘੱਟੋ ਘੱਟ ਇਹੋ ਦਿਨ ਹੈ, ਜਦੋਂ ਸਾਲ ਵਿਚ ਇੱਕ ਵਾਰੀ ਤੁਸੀਂ ਆਪਣੀ ਜ਼ਮੀਰ ਦੇ ਸਨਮੁੱਖ ਹੁੰਦੇ ਹੋ। ਸਿਰਫ ਉਨ੍ਹਾਂ ਹੀ ਪਲਾਂ ਵਿਚ ਤੁਸੀਂ ਉਹ ਪੈਂਡਾ ਫੜਿਆ ਹੁੰਦਾ ਹੈ, ਜਿਸ ਬਾਰੇ ਸੁਲਤਾਨ ਬਾਹੂ ਸਭ ਜ਼ਮੀਰ-ਫਰੋਸ਼ਾਂ ਨੂੰ ਯਾਦ ਕਰਾਉਂਦਾ ਹੈ,

ਓਸੇ ਰਾਹ ਵੱਲ ਜਾਈਏ ਬਾਹੂ
ਜਿਸ ਦੀ ਖਲਕਤ ਡਰਦੀ ਹੂ।

ਇਸ ਨੁਕਤੇ ਤੇ ਕਦੇ ਫਿਰ ਵਿਚਾਰ ਕਰਾਂਗੇ।



**ਕਰਮਜੀਤ ਸਿੰਘ ਚੰਡੀਗੜ੍ਹ**
ਫੋਨ: 91-99150-91063

ਚੰਗੇ ਭਾਗਾਂ ਨੂੰ ਇਨ੍ਹਾਂ ਸਤਰਾਂ ਦਾ ਲੇਖਕ ਉਸ ਦੌਰ ਦੇ ਵੱਡੇ ਹਿੱਸੇ ਦਾ ਚਸ਼ਮਦੀਦ ਗਵਾਹ ਹੈ। ਮੈਂ 29 ਅਪਰੈਲ ਦੀ ਘਟਨਾ ਨੂੰ ਇਤਿਹਾਸ ਦੇ ਨਜ਼ਰੀਏ ਤੋਂ ਵੇਖਦਾ ਹਾਂ। ਇਤਿਹਾਸ ਸਿਰਫ ਬੀਤੇ ਦੀਆਂ ਘਟਨਾਵਾਂ ਦੀ ਹੀ ਵਿਆਖਿਆ ਨਹੀਂ ਕਰਦਾ, ਸਗੋਂ ਇਹ ਵਰਤਮਾਨ ਅਤੇ ਭਵਿੱਖ ਲਈ ਵੀ ਰੌਸ਼ਨੀ ਦਿੰਦਾ ਹੈ। ਮੇਰੇ ਖਿਆਲ ਵਿਚ ਖਾਲਿਸਤਾਨ ਬਾਰੇ ਇਤਿਹਾਸਕ ਐਲਾਨਨਾਮਾ ਅਸਲ ਵਿਚ ਪ੍ਰਚੰਡ ਚੇਤਨਾ ਦੀ ਨਵੀਂ ਪ੍ਰਭਾਤ ਸੀ; ਪਰ ਇਸ ਤੋਂ ਪਹਿਲਾਂ 13 ਅਪਰੈਲ 1978 ਨੂੰ ਵੀ ਯਾਦ ਕਰਨਾ ਬਣਦਾ ਹੈ, ਜਦੋਂ ਤੇਰਾਂ ਸਿੰਘਾਂ ਦੀਆਂ ਸ਼ਹਾਦਤਾਂ ਨੇ ਸਾਨੂੰ ਅਤੀਤ, ਭਵਿੱਖ ਤੇ ਵਰਤਮਾਨ ਨੂੰ ਨਵੇਂ ਨਜ਼ਰੀਏ ਤੋਂ ਵੇਖਣ ਦਾ ਸੁਨਹਿਰੀ ਮੌਕਾ ਬਖਸ਼ਿਆ। ਇਤਿਹਾਸਕਾਰ ਕਹਿ ਸਕਦੇ ਹਨ ਕਿ ਇਹ ਦਿਨ ਵਿਚਾਰਧਾਰਕ ਨਿਖੇੜੇ ਦੀ ਇੱਕ ਨਵੀਂ ਸਵੇਰ ਸੀ ਯਾਨਿ ਇਹ ਦਿਨ ਖਾਲਸਾ ਪੰਥ ਦੇ ਮਨ ਮੰਦਰ ਵਿਚ ਚਿਰਾਂ ਤੋਂ ਭੁੱਲੀ ਵਿਸਰੀ ਹਥਿਆਰਬੰਦ ਜੰਗ ਸ਼ੁਰੂ ਕਰਨ ਦਾ ਅੰਮ੍ਰਿਤ ਵੇਲਾ ਸੀ।

ਜੇ ਉਸ ਦੌਰ ਨੂੰ ਬਾਜ ਅੱਖ ਨਾਲ ਵੇਖਿਆ ਜਾਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ 13 ਅਪਰੈਲ 1986 ਦੀ ਵਿਸਾਖੀ ਨੇ 29 ਅਪਰੈਲ 1986 ਦੇ ਇਤਿਹਾਸਕ ਐਲਾਨਨਾਮੇ ਲਈ ਰਾਹ ਪੱਧਰਾ ਕਰ ਦਿੱਤਾ।

ਧਰਮ ਯੁੱਧ ਦੌਰਾਨ ਸੰਤ ਜਰਨੈਲ ਸਿੰਘ ਜਦੋਂ ਰਾਜਨੀਤਕ ਦ੍ਰਿਸ਼ ਉਤੇ ਆਏ ਤਾਂ ਉਸ ਦੌਰ ਦੀਆਂ ਸਰਗਰਮੀਆਂ ਵਿਚ ਖਾਲਸਾ ਰਾਜ ਕਾਇਮ ਕਰਨ ਦੀਆਂ ਕਨਸੋਆ ਮਿਲਦੀਆਂ ਹਨ। ਭਾਵੇਂ ਇਸ ਰੀਝ ਦੀ ਸਪੱਸ਼ਟ ਰੂਪ ਰੇਖਾ ਦੀ ਸ਼ਗਨਾਂ ਭਰੀ ਸਵੇਰ ਦਾ ਸੂਰਜ 29 ਅਪਰੈਲ 1986 ਨੂੰ ਹੀ ਚੜ੍ਹਿਆ।

29 ਅਪਰੈਲ ਦੇ ਐਲਾਨਨਾਮੇ ਨੂੰ ਸਮਝਣ ਲਈ ਸਾਨੂੰ ਰਤਾ ਪਿੱਛੇ ਵੱਲ ਜਾਣਾ ਪਵੇਗਾ ਅਰਥਾਤ ਚਾਰ ਲਹਿਰਾਂ ਦਾ ਸੰਖੇਪ ਮੁਲੰਕਣ ਕਰਨਾ ਪੈਣਾ ਹੈ, ਜਿਨ੍ਹਾਂ ਦਾ ਇਤਿਹਾਸ ਵਿਚ ਆਪਣਾ ਆਪਣਾ ਹੀ ਸਥਾਨ ਹੈ। ਇਹ ਸਿੱਖ ਲਹਿਰਾਂ ਹਨ-ਅਕਾਲੀ ਲਹਿਰ, ਗਦਰ ਪਾਰਟੀ ਲਹਿਰ, ਬੱਬਰ ਅਕਾਲੀ ਲਹਿਰ ਅਤੇ ਕੂਕਾ ਲਹਿਰ। ਵੀਹਵੀਂ ਸਦੀ ਵਿਚ ਬੱਬਰ ਅਕਾਲੀ ਲਹਿਰ ਦੇ ਯੋਧਿਆਂ ਨੇ ਵੀ ਹਥਿਆਰਬੰਦ ਜੰਗ ਸ਼ੁਰੂ ਕੀਤੀ ਸੀ ਅਤੇ ਇਸ ਲਹਿਰ ਦੇ ਕਈ ਅਨਮੋਲ ਹੀਰਿਆਂ ਨੇ ਜੈਕਾਰਿਆਂ ਦੀ ਗੂੰਜ ਵਿਚ ਫਾਂਸੀ ਦੇ ਰੱਸਿਆਂ ਨੂੰ ਚੁੰਮਿਆ ਸੀ। ਇਸ ਤੋਂ ਪਹਿਲਾਂ ਗਦਰ ਪਾਰਟੀ ਲਹਿਰ ਦੇ ਸਿੱਖ ਸੂਰਬੀਰ ਵੀ ਜੈਕਾਰੇ ਗੁਜਾਉਂਦੇ ਹੀ ਫਾਂਸੀ 'ਤੇ ਚੜ੍ਹੇ ਸਨ; ਪਰ ਇਨ੍ਹਾਂ ਕੁਰਬਾਨੀਆਂ ਦੇ ਪਿੱਛੇ ਸਿੱਖਾਂ ਦੀ ਆਪਣੀ ਆਜ਼ਾਦੀ ਤੇ ਆਪਣੀ ਪ੍ਰਭੂਸੱਤਾ ਕਾਇਮ ਕਰਨ ਦਾ ਪੈਗਾਮ ਧੁੰਦਲਾ ਸੀ ਜਾਂ ਇਹ ਸਾਡੀ ਸਿਆਸੀ ਬਦਕਿਸਮਤੀ ਹੀ ਸੀ ਕਿ ਸਾਡੀ ਆਜ਼ਾਦੀ ਦਾ ਸੰਦੇਸ਼ ਇਨ੍ਹਾਂ ਕੁਰਬਾਨੀਆਂ ਵਿਚ ਸ਼ਾਮਿਲ ਨਹੀਂ ਸੀ। ਇਹ ਬੇਮਿਸਾਲ ਕੁਰਬਾਨੀਆਂ ਬ੍ਰਾਹਮਣਵਾਦੀ ਹਕੂਮਤ ਵੱਲੋਂ ਹਿੰਦੁਸਤਾਨ ਦੀ ਜੰਗ-ਏ-ਆਜ਼ਾਦੀ ਲਈ ਵਰਤ ਲਈਆਂ ਗਈਆਂ। ਕੂਕਾ ਲਹਿਰ ਦੇ ਨਾਇਕ ਬਾਬਾ ਰਾਮ ਸਿੰਘ ਦੀ ਅਗਵਾਈ ਵਿਚ ਚੱਲੀ ਹਥਿਆਰਬੰਦ ਜੱਦੋਜਹਿਦ ਵਿਚ ਵੀ ਖਾਲਸੇ ਦੀ ਪ੍ਰਭੂਸੱਤਾ ਕਾਇਮ ਕਰਨ ਦੀ ਰੀਝ ਕਿਸੇ ਹੱਦ ਤੱਕ ਧਾਰਮਿਕ ਤੌਰ 'ਤੇ ਤਾਂ ਬਹੁਤ ਪ੍ਰਬਲ ਸੀ, ਪਰ ਉਸ ਦੇ ਸਿਆਸੀ ਰੂਪ ਵਿਚ ਅਸਪੱਸ਼ਟਤਾ ਦੀ ਧੁੰਦ ਛਾਈ ਹੋਈ ਸੀ। ਬਾਬਾ ਰਾਮ ਸਿੰਘ ਨੂੰ ਸਤਿਗੁਰੂ ਦੀ ਪਦਵੀ ਦੇਣ ਦੇ ਗੈਰ-ਸਿਧਾਂਤਕ ਰੁਝਾਨ ਨਾਲ ਇਹ ਲਹਿਰ ਖਾਲਸੇ ਦੇ ਨਿਰਮਲ ਸਰੂਪ ਤੋਂ ਦੂਰ ਚਲੀ ਗਈ ਅਤੇ ਹੌਲੀ ਹੌਲੀ ਅਲੱਗ ਥਲਗ ਹੋ ਕੇ ਬਿਪਰਨ ਕੀ ਰੀਤ ਦਾ ਹੀ ਇੱਕ ਹਿੱਸਾ ਬਣ ਗਈ।

ਜੇ ਅਸੀਂ ਅਕਾਲੀ ਦਲ ਦੇ ਸਿਆਸੀ ਸੱਭਿਆਚਾਰ ਦੀ ਗੱਲ ਕਰੀਏ ਤਾਂ ਬਿਨਾ ਸ਼ੱਕ ਇਸ ਪਾਰਟੀ ਦੇ ਅੰਦਰ ਇੱਕ ਹਿੱਸਾ ਸਿੱਖੀ ਦੇ ਨਿਰਮਲ ਸਰੂਪ ਨੂੰ ਤਰੋ ਤਾਜ਼ਾ ਰੱਖਣਾ ਚਾਹੁੰਦਾ ਸੀ। ਇਸ ਕੋਲ ਇਤਿਹਾਸਕ ਚੇਤਨਾ ਸੀ, ਧਾਰਮਿਕ ਪਰਪੱਕਤਾ ਸੀ ਅਤੇ ਕਿਸੇ ਹੱਦ ਤੱਕ ਸਿਆਸੀ ਗੰਭੀਰਤਾ ਵੀ। ਇਸ ਪਾਰਟੀ ਨੇ ਗੁਰਦੁਆਰਿਆਂ ਦੀ ਆਜ਼ਾਦੀ ਲਈ ਕੁਰਬਾਨੀਆਂ ਵੀ ਕੀਤੀਆਂ, ਪਰ ਹੁਣ ਹਾਲਤ ਇਹ ਹੈ ਕਿ ਇਸ ਨੇ ਆਪਣੀ ਪਛਾਣ ਨੂੰ ਹਉਮੈ ਗ੍ਰਸੀ ਕਿਸੇ 'ਵੱਡੀ ਪਛਾਣ' ਦੇ ਅਧੀਨ ਕਰ ਦਿੱਤਾ ਹੈ। ਇਹ ਪਾਰਟੀ ਖਾਲਸਾ ਚੇਤਨਾ ਨੂੰ ਬਾਲ ਪੜਾਅ ਵਿਚ ਹੀ ਰੱਖਣਾ ਚਾਹੁੰਦੀ ਹੈ। ਉਸ ਦੀ ਚੇਤਨਾ ਦੀ ਪਰਵਾਜ਼ ਬਹੁਤ ਛੋਟੀ ਹੈ, ਉਸ ਨੇ ਅੱਧੇ ਸਾਡੇ ਅਤੇ ਅੱਧੇ ਮੁਲਾਹਜ਼ੇਦਾਰਾਂ ਦੇ ਬਣੇ ਰਹਿਣ ਦੀ ਨੀਤੀ ਦਾ ਚੋਖਾ ਅਭਿਆਸ ਕਰ ਲਿਆ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਇਹ ਪਾਰਟੀ ਕਦੇ ਕਦੇ ਸਿੱਖ ਸਟੇਟ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦੀ ਰਹੀ ਹੈ, ਪਰ ਹੁਣ ਇਸ ਪਾਰਟੀ ਦੇ ਸਿਆਸੀ ਏਜੰਡੇ ਵਿਚ ਆਜ਼ਾਦੀ ਦੀ ਰੀਝ, ਆਜ਼ਾਦੀ ਦੇ ਸੁਪਨੇ ਪੂਰੀ ਤਰ੍ਹਾਂ ਗੈਰਹਾਜ਼ਰ ਹੀ ਨਹੀਂ, ਸਗੋਂ ਪਾਰਟੀ ਦੀ ਲੀਡਰਸ਼ਿਪ ਆਜ਼ਾਦੀ ਦਾ ਖੁੱਲ੍ਹ ਕੇ ਵਿਰੋਧ ਵੀ ਕਰਦੀ ਹੈ।

ਜੁਝਾਰੂ ਲਹਿਰ ਨੂੰ ਕਿਵੇਂ ਸਮਝਿਆ ਜਾਵੇ? ਇਸ ਲਹਿਰ ਦਾ ਸਰਬਪੱਖੀ ਅਧਿਐਨ ਕਰਨ ਲਈ ਕਿਹੜੇ ਢੰਗ ਤਰੀਕੇ ਅਤੇ ਕਿਹੜੀ ਪਹੁੰਚ ਅਪਨਾਈ ਜਾਵੇ? ਇਨ੍ਹਾਂ ਗੰਭੀਰ ਸਵਾਲਾਂ 'ਤੇ ਨਿੱਠ ਕੇ ਵਿਚਾਰ ਅਜੇ ਤੱਕ ਵੀ ਨਹੀਂ ਹੋਈ ਅਤੇ ਨਾ ਹੀ ਕਾਬਲੀਅਤ ਵਾਲੇ ਰਿਸਰਚ ਸਕਾਲਰ ਅਜੇ ਨਿਤਰ ਕੇ ਸਾਹਮਣੇ ਆਏ ਹਨ। ਇਸ ਲਹਿਰ ਦਾ ਥਾਹ ਪਾਉਣ ਲਈ ਕਈ ਪੱਖਾਂ ਨੂੰ ਧਿਆਨ ਵਿਚ ਰੱਖਣਾ ਪਵੇਗਾ। ਮਿਸਾਲ ਵਜੋਂ ਜਦੋਂ ਅਸੀਂ ਇਤਿਹਾਸਕ ਪੱਖ ਤੋਂ, ਸਮਾਜ ਵਿਗਿਆਨ, ਧਾਰਮਿਕ ਤੇ ਸੱਭਿਆਚਾਰਕ ਪੱਖ ਤੋਂ ਅਤੇ ਦਾਰਸ਼ਨਿਕ ਤੇ ਸਿਆਸੀ ਪੱਖ ਤੋਂ ਇਸ ਲਹਿਰ ਦਾ ਮੁਲੰਕਣ ਕਰਾਂਗੇ ਤਾਂ ਹੀ ਅਸੀਂ ਇਸ ਲਹਿਰ ਨਾਲ ਪੂਰਾ ਪੂਰਾ ਇਨਸਾਫ ਕਰ ਸਕਾਂਗੇ; ਹਾਲਾਂਕਿ ਇਸ ਤੱਥ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਸਾਰੇ ਪੱਖ ਇੱਕ ਦੂਜੇ ਨਾਲ ਤਾਣੇ-ਪੇਟੇ ਵਾਂਗ ਓਤ-ਪੋਤ ਵੀ ਹਨ ਅਤੇ ਲਹਿਰ ਦਾ ਸਮੁੱਚ ਜਾਂ ਸਮੁੱਚਾ ਨਿਚੋੜ ਵੀ ਸਾਡੇ ਸਾਹਮਣੇ ਉਭਰ ਕੇ ਆਉਣਾ ਚਾਹੀਦਾ ਹੈ। ਇੱਕ ਅਜਿਹੀ ਲਹਿਰ, ਜਿਸ ਨੇ ਕਰੀਬ ਡੇਢ ਦਹਾਕਾ ਸਿੱਖ ਮਾਨਸਿਕਤਾ ਵਿਚ ਆਪਣਾ ਘਰ ਵਸਾ ਲਿਆ ਹੋਵੇ, ਪਰ ਉਸ ਲਹਿਰ ਦਾ ਆਪਣਾ ਦਰਦ, ਉਸ ਦੀ ਆਪਣੀ ਪੀੜ, ਉਸ ਦੀ ਕੁਰਬਾਨੀ, ਤਿਆਗ, ਸਿਦਕ, ਉਸ ਦੀਆਂ ਜਿੱਤਾਂ, ਉਸ ਦੀਆਂ ਹਾਰਾਂ, ਉਸ ਦੀਆਂ ਪ੍ਰਾਪਤੀਆਂ ਅਤੇ ਉਸ ਦੀਆਂ ਕਮਜ਼ੋਰੀਆਂ ਨੂੰ ਜੇ ਸ਼ਬਦਾਂ ਵਿਚ ਨਾ ਉਤਾਰਿਆ ਗਿਆ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਿਸ ਨਜ਼ਰ ਨਾਲ ਦੇਖਣਗੀਆਂ? ਆਉਣ ਵਾਲਾ ਕੱਲ੍ਹ ਜੱਜ ਬਣ ਕੇ ਇਸ ਦੌਰ ਦੇ ਸਿਆਸੀ ਤੇ ਧਾਰਮਿਕ ਵਿਦਵਾਨਾਂ ਅਤੇ ਸਾਹਿਤ ਨਾਲ ਜੁੜੇ ਗੰਭੀਰ ਲੇਖਕਾਂ ਤੇ ਕਵੀਆਂ ਨੂੰ ਯਕੀਨਨ ਕਟਹਿਰੇ ਵਿਚ ਖੜ੍ਹਾ ਕਰੇਗਾ। ਇਸ ਲਈ ਸੁਹਿਰਦ ਤੇ ਨਿਰਪੱਖ ਵਿਦਵਾਨਾਂ ਅਤੇ ਪੜ੍ਹੇ ਲਿਖੇ ਤੇ ਸੁਲਝੇ ਨੌਜਵਾਨਾਂ ਨੂੰ ਇਸ ਚੁਣੌਤੀ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

ਯੂਨੀਵਰਸਿਟੀਆਂ ਵਿਚ ਕੰਮ ਕਰਦੇ ਰਿਸਰਚ ਸਕਾਲਰ ਵੀ ਜੁਝਾਰੂ ਲਹਿਰ ਬਾਰੇ ਖੋਜ ਕਰ ਰਹੇ ਹਨ, ਪਰ ਉਨ੍ਹਾਂ ਦੀ ਖੋਜ ਇਕ ਸੀਮਾ ਤੋਂ ਅੱਗੇ ਨਹੀਂ ਜਾ ਸਕਦੀ। ਉਸ ਖੋਜ ਤੋਂ ਨਿਰਪੱਖ ਸਿੱਟੇ ਵੀ ਸਾਹਮਣੇ ਨਹੀਂ ਆਉਂਦੇ, ਕਿਉਂਕਿ ਸਰਕਾਰੀ ਅਤੇ ਨੀਮ ਸਰਕਾਰੀ ਕਿਸਮ ਦੇ ਬੰਧਨ ਤੇ ਰੁਕਾਵਟਾਂ ਕਾਰਨ ਜੁਝਾਰੂ ਲਹਿਰ ਦਾ ਅਕਸਰ ਨਾਂਹ ਪੱਖੀ ਦ੍ਰਿਸ਼ਟੀਕੋਣ ਤੋਂ ਹੀ ਮੁਲੰਕਣ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਰਿਸਰਚ ਸਕਾਲਰ ਅਤੇ ਉਨ੍ਹਾਂ ਦੀ ਖੋਜ ਦੀ ਅਗਵਾਈ ਕਰ ਰਹੇ ਗਾਈਡਾਂ ਦੀ ਲਹਿਰ ਪ੍ਰਤੀ ਅਗਾਊਂ ਬਣੀ ਸੋਚ, ਧਾਰਨਾ ਜਾਂ ਘ੍ਰਿਣਾ ਵੀ ਖੋਜ ਨੂੰ ਪ੍ਰਭਾਵਿਤ ਕਰਦੀ ਹੈ।

ਖਾੜਕੂ ਲਹਿਰ ਨੂੰ ਜਜ਼ਬਾਤੀ ਨੌਜਵਾਨਾਂ ਦੀ ਆਪ ਮੁਹਾਰੇ ਉਠੀ ਲਹਿਰ ਕਹਿਣਾ ਇਸ ਲਹਿਰ ਨਾਲ ਭਾਰੀ ਬੇਇਨਸਾਫੀ ਹੋਵੇਗੀ। ਜਜ਼ਬਾਤੀ ਰਉਂ ਦਾ ਇੱਕ ਪ੍ਰਵਾਹ ਲਹਿਰ ਦੀਆਂ ਕਮਜ਼ੋਰ ਪਰਤਾਂ ਵਿਚ ਦੇਖਿਆ ਤੇ ਮਹਿਸੂਸ ਕੀਤਾ ਜਾ ਸਕਦਾ ਹੈ, ਪਰ ਸੁਚੇਤ ਅਤੇ ਜਥੇਬੰਦਕ ਹਿੱਸਿਆਂ ਵਿਚ ਵੀ ਵਿਚਾਰਾਂ ਦਾ ਇੱਕ ਵੱਡਾ ਤੇ ਬਲਵਾਨ ਪ੍ਰਵਾਹ ਜ਼ਰੂਰ ਸੀ। ਇਹ ਗੱਲ ਵੱਖਰੀ ਹੈ ਕਿ ਵਿਚਾਰਾਂ ਦੇ ਇਸ ਸਿਲਸਿਲੇ ਵਿਚ ਕੱਚੀ ਕਿਸਮ ਦੇ ਵਿਚਾਰ ਵੀ ਨਾਲ ਨਾਲ ਚੱਲਦੇ ਰਹੇ, ਪਰ ਉਚੀ ਪੱਧਰ ਦੇ ਵਿਵੇਕ ਵਿਚਾਰ ਵੀ ਇਸ ਲਹਿਰ ਦਾ ਅਨਮੋਲ ਹਿੱਸਾ ਹਨ ਅਤੇ ਇਹੋ ਲਹਿਰ ਦੀ ਮੁੱਖ ਧਾਰਾ ਹੈ। ਇਸ ਦਿਸ਼ਾ ਵਿਚ ਜੁਝਾਰੂ ਲਹਿਰ ਵੱਲੋਂ ਪੇਸ਼ ਕੀਤੇ ਕੁਝ ਦਸਤਾਵੇਜ਼ ਕੌਮਾਂਤਰੀ ਪੱਧਰ 'ਤੇ ਰੱਖੇ ਜਾ ਸਕਦੇ ਹਨ। ਵੈਦਿਆ ਕਤਲ ਕਾਂਡ ਦੇ ਹੀਰੋ ਸੁੱਖਾ-ਜਿੰਦਾ ਦੀ ਰਾਸ਼ਟਰਪਤੀ ਦੇ ਨਾਂ ਲਿਖੀ ਆਖਰੀ ਚਿੱਠੀ ਦੱਸਦੀ ਹੈ ਕਿ ਜੁਝਾਰੂ ਲਹਿਰ ਦੇ ਕੁੱਝ ਹਿੱਸਿਆਂ ਵਿਚ ਇਤਿਹਾਸ, ਧਰਮ, ਦਰਸ਼ਨ ਅਤੇ ਇਨਕਲਾਬ ਦੀ ਅਤਿ ਸੂਖਮ ਤੇ ਵਿਵੇਕ ਸਮਝ ਮੌਜੂਦ ਸੀ। ਇਵੇਂ ਹੀ ਖਾੜਕੂਆਂ ਨੇ ਪੰਜਾਬੀ ਲਾਗੂ ਕਰਨ ਬਾਰੇ ਜੋ ਲੰਮੇ ਬਿਆਨ ਜਾਰੀ ਕੀਤੇ, ਉਸ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੀਆਂ ਸਫਾਂ ਵਿਚ ਵੱਖ ਵੱਖ ਵਿਸ਼ਿਆਂ ਦੇ ਮਾਹਰ ਮੌਜੂਦ ਸਨ। ਵਾਤਾਵਰਣ ਬਾਰੇ ਉਨ੍ਹਾਂ ਦੇ ਜਾਰੀ ਬਿਆਨਾਂ ਨੂੰ ਜੇ ਨੀਝ ਲਾ ਕੇ ਘੋਖਿਆ ਜਾਵੇ ਤਾਂ ਪਤਾ ਲੱਗੇਗਾ ਕਿ ਦੁਨੀਆਂ ਵਿਚ ਚੱਲ ਰਹੇ ਨਵੇਂ ਸਿਆਸੀ ਰੁਝਾਨ ਤੇ ਨਵੇਂ ਸੰਸਾਰ ਦੀਆਂ ਲੋੜਾਂ ਅਤੇ ਉਸ ਵਿਚ ਸਿੱਖ ਕੌਮ ਦੇ ਰੋਲ ਬਾਰੇ ਜੁਝਾਰੂਆਂ ਨੂੰ ਕਨਸੋਆਂ ਮਿਲ ਰਹੀਆਂ ਸਨ।

ਜੁਝਾਰੂ ਲਹਿਰ ਦੌਰਾਨ ਇੱਕ ਅਜਿਹਾ ਦੌਰ ਵੀ ਆਇਆ, ਜਦੋਂ ਜੁਝਾਰੂ ਚਾਰੇ ਪਾਸੇ ਛਾ ਚੁਕੇ ਸਨ, ਉਦੋਂ ਉਨ੍ਹਾਂ ਨੇ ਅਖਬਾਰਾਂ ਲਈ ਫੁਰਮਾਨ ਜਾਰੀ ਕੀਤੇ ਕਿ ਜੁਝਾਰੂ ਇਨਕਲਾਬੀਆਂ ਲਈ ਕਿਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ ਜਾਵੇ। ਹਾਲਾਤ ਇੱਥੋਂ ਤੱਕ ਪੁੱਜ ਗਏ ਸਨ ਕਿ ਨਾ ਸਿਰਫ ਅਖਬਾਰਾਂ ਨੇ ਜੁਝਾਰੂ ਲਹਿਰ ਦਾ ਜ਼ਾਬਤਾ ਲਾਗੂ ਕੀਤਾ, ਸਗੋਂ ਰੇਡੀਓ ਅਤੇ ਦੂਰਦਰਸ਼ਨ ਵੀ ਉਨ੍ਹਾਂ ਦੇ ਫੁਰਮਾਨਾਂ ਦੀ ਪਾਲਣਾ ਕਰਨ ਲੱਗੇ।

ਸੋ ਅੱਜ ਲੋੜ ਇਸ ਗੱਲ ਦੀ ਹੈ ਕਿ 29 ਅਪਰੈਲ 1986 ਨੂੰ ਜਦੋਂ ਖਾਲਿਸਤਾਨ ਬਾਰੇ ਇਤਿਹਾਸਕ ਐਲਾਨਨਾਮਾ ਜਾਰੀ ਕੀਤਾ ਤਾਂ ਜੁਝਾਰੂ ਲਹਿਰ ਵਲੋਂ ਉਸ ਐਲਾਨਨਾਮੇ ਨੂੰ ਲਾਗੂ ਕਰਨ ਲਈ ਕੀਤੀਆਂ ਕੁਰਬਾਨੀਆਂ ਦਾ ਸਹੀ ਮੁਲੰਕਣ ਕੀਤਾ ਜਾਵੇ। ਸਿੱਖ ਹੱਕਾਂ ਦੀ ਇਸ ਐਲਾਨਨਾਮੇ ਮੁਤਾਬਕ ਕਿੱਥੋਂ ਤੱਕ ਸਹੀ ਤਰਜਮਾਨੀ ਕੀਤੀ ਗਈ ਅਤੇ ਕਿੱਥੇ ਕਿੱਥੇ ਜੁਝਾਰੂ ਥਿੜਕਦੇ ਰਹੇ? ਉਨ੍ਹਾਂ ਵੱਲੋਂ ਪੰਥ ਦੇ ਸੰਕਟ ਦੀਆਂ ਵੱਖ ਵੱਖ ਪਰਤਾਂ ਦਾ ਕੀਤਾ ਗਹਿਰ ਗੰਭੀਰ ਅਤੇ ਬਹੁ ਪਰਤੀ ਵਿਸ਼ਲੇਸ਼ਣ ਅਸਲੀਅਤ ਦੇ ਕਿੰਨਾ ਕੁ ਨੇੜੇ ਸੀ? ਕੌਮਾਂਤਰੀ ਸਿਆਸਤ ਬਾਰੇ ਉਨ੍ਹਾਂ ਦੀ ਸਮਝ ਅਤੇ ਉਸ ਸਮਝ ਦੀ ਰੌਸ਼ਨੀ ਵਿਚ ਕੀ ਲਹਿਰ ਦੇ ਪ੍ਰੋਗਰਾਮ ਵਿਚ ਰਣਨੀਤਕ ਤਬਦੀਲੀਆਂ ਹੋ ਸਕੀਆਂ ਜਾਂ ਨਹੀਂ? ਉਨ੍ਹਾਂ ਦੀ ਕਹਿਣੀ ਤੇ ਕਰਨੀ ਵਿਚ ਕਿੰਨਾ ਪਾੜਾ ਸੀ ਅਤੇ ਇਹ ਪਾੜਾ ਮਿਲਣ ਵਿਚ ਕੋਈ ਯਤਨ ਹੋਏ ਜਾਂ ਨਹੀਂ? ਲਹਿਰ ਵਿਚ ਸਰਗਰਮ ਵੱਖ ਵੱਖ ਜੁਝਾਰੂ ਗਰੁੱਪਾਂ ਵਿਚ ਮਤਭੇਦਾਂ ਨੂੰ ਮਿਟਾਉਣ ਲਈ ਉਹ ਕਿੰਨਾ ਕੁ ਸੰਜੀਦਾ ਸਨ? ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਉਹ ਕਿੰਨਾ ਕੁ ਨੇੜੇ ਸਨ ਅਤੇ ਕਿੰਨਾ ਕੁ ਦੂਰ? ਐਕਸ਼ਨਾਂ ਦੀ ਚੋਣ ਕਰਨ ਵਿਚ ਕਿੱਥੇ ਕਿੱਥੇ ਜ਼ਾਤੀ ਰੰਜਿਸ਼ਾਂ ਸਨ ਅਤੇ ਕਿੱਥੇ ਕਿੱਥੇ ਭਿਆਨਕ ਰਣਨੀਤਕ ਗਲਤੀਆਂ? ਖਾੜਕੂਆਂ ਦੀਆਂ ਰਣਨੀਤੀਆਂ ਵਿਚ ਖਾੜਕੂਆਂ ਦੀ ਭਰਤੀ ਕਰਨ ਲੱਗਿਆਂ ਕੋਈ ਤਰੀਕੇ ਅਤੇ ਸ਼ਰਤਾਂ ਸਨ? ਇਖਲਾਕ ਤੋਂ ਡਿੱਗੇ ਖਾੜਕੂਆਂ ਨੂੰ ਕਿੱਥੇ ਕਿੱਥੇ ਸਜ਼ਾਵਾਂ ਦਿੱਤੀਆਂ ਗਈਆਂ ਅਤੇ ਕਿਥੇ ਕਿਥੇ ਸਜ਼ਾ ਦੇਣ ਲੱਗਿਆਂ ਲਾਪਰਵਾਹੀ ਜਾਂ ਢਿੱਲ ਮੱਠ ਵਰਤੀ ਗਈ? ਕੀ ਭਰਾ ਮਾਰੂ ਜੰਗ ਨੂੰ ਰੋਕਣ ਲਈ ਕੋਈ ਯਤਨ ਹੋਏ? ਅਕਾਲੀ ਸਿਆਸਤ ਪ੍ਰਤੀ ਉਨ੍ਹਾਂ ਦੀ ਪਹੁੰਚ, ਵਤੀਰਾ ਅਤੇ ਜਾਣਕਾਰੀ ਦਾ ਪੱਧਰ ਕਿਹੋ ਜਿਹਾ ਸੀ? ਸਿਆਸੀ ਮੰਚ ਸਥਾਪਿਤ ਕਰਨ ਲਈ ਕੀਤੇ ਯਤਨਾਂ ਵਿਚ ਕੀ ਕੋਈ ਕਮੀ ਸੀ?

ਪੂਰਨ ਪ੍ਰਭੂਸੱਤਾ ਸੰਪੰਨ ਖਾਲਿਸਤਾਨ ਦੇ ਸੰਘਰਸ਼ ਨੂੰ ਬੇਰੁਜ਼ਗਾਰਾਂ, ਅਪਰਾਧੀਆਂ, ਗੁੰਮਰਾਹਕੁਨ ਤੇ ਮੱਤਹੀਣਾਂ ਵੱਲੋਂ ਪੈਦਾ ਕੀਤੀ ਅਫਰਾਤਫਰੀ ਅਤੇ ਕਾਨੂੰਨ ਤੇ ਵਿਵਸਥਾ ਲਈ ਖੜ੍ਹੀ ਕੀਤੀ ਸਮੱਸਿਆ ਕਰਾਰ ਦੇਣ ਲਈ ਭਾਰਤ ਸਰਕਾਰ, ਹਿੰਦੂਤਵੀ ਜਮਾਤਾਂ ਅਤੇ ਪੰਥ ਦੁਸ਼ਮਣ ਤਾਕਤਾਂ ਵੱਲੋਂ ਸਿਰਤੋੜ ਯਤਨ ਕੀਤੇ ਜਾ ਰਹੇ ਹਨ। ਸਰਕਾਰੀ ਨਿਰਦੇਸ਼ਾਂ ਅਨੁਸਾਰ ਹੋਈ ਅਕਾਦਮਿਕ ਖੋਜ ਦੇ ਨਾਂ ਹੇਠ ਵੀ ਇਸ ਲਹਿਰ ਨੂੰ ਰੱਜ ਕੇ ਭੰਡਣ ਦੀ ਕੋਸ਼ਿਸ਼ ਹੋਈ ਹੈ।

ਅਸੀਂ ਇਹ ਵੀ ਚੇਤੇ ਕਰਾਉਣਾ ਚਾਹੁੰਦੇ ਹਾਂ ਕਿ ਇੱਕ ਅਜਿਹੀ ਸੋਚ ਵੀ ਉਭਰ ਕੇ ਸਾਹਮਣੇ ਆਈ ਹੈ, ਜੋ ਪੂਰਨ ਪ੍ਰਭੂਸੱਤਾ ਸੰਪੰਨ ਖਾਲਿਸਤਾਨ ਦੀ ਸਥਾਪਨਾ ਦੇ ਪੰਥਕ ਨਿਸ਼ਾਨੇ ਨੂੰ ਦੁਨੀਆਂ ਦੇ ਕੁਝ ਕੌਮੀ ਰਾਜਾਂ (Nation State) ਵੱਲੋਂ ਲੋਕਾਂ 'ਤੇ ਢਾਹੇ ਜ਼ੁਲਮਾਂ ਦੀਆਂ ਮਿਸਾਲਾਂ ਦੇ ਕੇ ਗਲਤ ਸਾਬਤ ਕਰਨ ਲਈ ਖੰਭ ਫੜਕਾ ਰਹੀ ਹੈ, ਜਦ ਕਿ ਸਿੱਖ ਰਾਜ ਦੀ ਰੂਪ ਰੇਖਾ ਦੇ ਗੰਭੀਰ ਸੰਕੇਤ ਗੁਰੂ ਗ੍ਰੰਥ ਸਾਹਿਬ ਵਿਚ ਬਾਕਾਇਦਾ ਮਿਲਦੇ ਹਨ। ਇਸ ਵਿਸ਼ੇ 'ਤੇ ਅਸੀਂ ਕਿਸੇ ਹੋਰ ਸਮੇਂ ਵਿਚਾਰ ਕਰਾਂਗੇ। ਦਸਮੇਸ਼ ਪਿਤਾ ਜੀ ਨੇ ਤਾਂ 'ਰਾਜ ਕਰੇਗਾ ਖਾਲਸਾ' ਦਾ ਸੰਕਲਪ ਖਾਲਸੇ ਦੇ ਮਨ ਮੰਦਰ ਵਿਚ ਉਕਰਿਆ ਹੋਇਆ ਹੈ। ਹਰ ਸਿੱਖ ਦੋਹੀਂ ਵੇਲੇ ਅਰਦਾਸ ਵਿਚ ਇਸ ਦਾ ਬੁਲੰਦ ਅਵਾਜ਼ ਨਾਲ ਅਲਾਪ ਕਰਦਾ ਹੈ। ਅਕਾਲ ਤਖਤ, ਪੰਜ ਤਖਤ, ਕਿਲੇ, ਸਿੱਖ ਸੰਗਤ, ਪੰਜ ਪਿਆਰੇ, ਖਾਲਸਾ, ਅਕਾਲ ਪੁਰਖ ਕੀ ਫੌਜ, ਵਾਸੀ ਅਨੰਦਪੁਰ ਸਾਹਿਬ ਅਤੇ ਸਤਿਗੁਰਾਂ ਵੱਲੋਂ ਮੁਗਲੀਆ ਸਲਤਨਤ ਤੇ ਬਾਈਧਾਰ ਦੇ ਰਾਜਿਆਂ ਨਾਲ ਕੀਤੇ ਸੰਧੀਆਂ, ਸਮਝੌਤੇ ਆਦਿ ਸਾਰੀ ਗੁਰੂ ਸਿਰਜਣਾ ਪੂਰਨ ਪ੍ਰਭੂਸੱਤਾ ਸੰਪੰਨ ਖਾਲਸਾ ਰਾਜ ਦੇ ਉਹ ਪ੍ਰਤੀਕ ਹੀ ਤਾਂ ਹਨ, ਜੋ ਰਾਜਨੀਤੀ ਸ਼ਾਸਤਰ ਅਨੁਸਾਰ ਰਾਜ ਦੇ ਜ਼ਰੂਰੀ ਤੱਤ ਮੰਨੇ ਗਏ ਹਨ।

18ਵੀਂ ਸਦੀ ਦੇ ਸਿੰਘਾਂ ਦਾ ਤਾਂ ਨਾ ਨਾਅਰਾ ਹੀ 'ਰਾਜ ਕਰੇ ਜਾਂ ਲੜ ਮਰੇ' ਰਿਹਾ ਹੈ। ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਗੁਰਮਤਿ ਅਨੁਸਾਰੀ ਪੂਰਨ ਪ੍ਰਭੂਸੱਤਾ ਸੰਪੰਨ ਖਾਲਸਾ ਰਾਜ ਸੀ, ਜੋ ਅਸਲ ਅਰਥਾਂ ਵਿਚ ਲੋਕਾਂ ਦਾ ਲੋਕਰਾਜ ਮੰਨਿਆ ਗਿਆ ਹੈ। ਇਸ ਦੀਆਂ ਮੋਹਰਾਂ ਤੇ ਸਿੱਕੇ ਕਿਸੇ ਰਾਜੇ ਜਾਂ ਵਿਅਕਤੀ ਵਿਸ਼ੇਸ਼ ਦੇ ਨਾਂ 'ਤੇ ਨਹੀਂ, ਸਗੋਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਹੀ ਜਾਰੀ ਕੀਤੇ ਗਏ ਸਨ ਅਤੇ ਸਰਬੱਤ ਦੇ ਭਲੇ ਦਾ ਗੁਰਮਤਿ ਸਿਧਾਂਤ ਲਾਗੂ ਕੀਤਾ ਗਿਆ ਸੀ।

ਕਿਸੇ ਜ਼ਾਲਮ ਬਾਦਸ਼ਾਹ ਦਾ ਜ਼ੁਲਮੀ ਰਾਜ ਨਾ ਤਾਂ ਕੌਮੀ ਰਾਜ (Nation State) ਹੀ ਹੁੰਦਾ ਹੈ, ਨਾ ਦੁਨੀਆਂ ਦੇ ਲੋਕਾਂ 'ਤੇ ਕਹਿਰ ਵਰ੍ਹਾਉਣ ਵਾਲੇ ਅਜਿਹੇ ਕਿਸੇ ਰਾਜ ਨੂੰ ਕੌਮੀ ਰਾਜ ਕਰਾਰ ਦੇ ਕੇ ਉਸ ਦੁਆਰਾ ਲੋਕਾਂ ਤੇ ਇਨਸਾਨੀ ਹੱਕਾਂ ਦੇ ਵਿਰੁੱਧ ਕੀਤੀਆਂ ਜ਼ਾਲਮਾਨਾ ਕਾਰਵਾਈਆਂ ਦੀਆਂ ਮਿਸਾਲਾਂ ਨਾਲ 'ਪੂਰਨ ਪ੍ਰਭੂਸੱਤਾ ਸੰਪੰਨ ਖਾਲਿਸਤਾਨ' ਦਾ ਸੰਕਲਪ ਰੱਦ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਖਾਲਿਸਤਾਨ ਲਈ 'ਸਿਰ ਧਰ ਤਲੀ' ਸੰਘਰਸ਼ ਕਰਨ ਵਾਲੇ ਜੁਝਾਰੂਆਂ, ਮਰਜੀਵੜਿਆਂ ਤੇ ਸ਼ਹੀਦਾਂ ਨੂੰ ਬੇਰੁਜ਼ਗਾਰ, ਅਪਰਾਧੀ, ਗੁਮਰਾਹਕੁਨ ਅਤੇ ਮੱਤ ਹੀਣ ਗਰਦਾਨਿਆ ਜਾ ਸਕਦਾ ਹੈ।

ਖਾਲਿਸਤਾਨ ਦੀ ਸਥਾਪਨਾ ਲਈ ਚੱਲੀ ਜੁਝਾਰੂ ਲਹਿਰ ਦੀ ਇਹ ਵੀ ਇੱਕ ਵਿਲੱਖਣਤਾ ਹੈ ਕਿ ਇਸ ਨੇ ਲਿਖਤੀ ਰੂਪ ਵਿਚ ਏਨੀ ਵੱਡੀ ਗਿਣਤੀ ਵਿਚ ਦਸਤਾਵੇਜ਼ ਦਿੱਤੇ ਹਨ, ਜਿੰਨੇ ਕਿ ਪੰਜਾਬ ਵਿਚ 20ਵੀਂ ਸਦੀ ਵਿਚ ਸਮੇਂ ਸਮੇਂ ਚੱਲੀਆਂ ਬਹੁਤ ਸਾਰੀਆਂ ਲਹਿਰਾਂ ਵਿਚੋਂ ਕੋਈ ਵੀ ਲਹਿਰ ਨਹੀਂ ਸੀ ਦੇ ਸਕੀ। ਇਹੋ ਹੀ ਇੱਕੋ ਇੱਕ ਲਹਿਰ ਹੈ, ਜਿਸ ਨੇ ਲਿਖਤੀ ਰੂਪ ਵਿਚ ਆਪਣੇ ਨੀਤੀ ਪੱਤਰ ਬਾਕਾਇਦਾ ਜਾਰੀ ਕੀਤੇ, ਵਿਰੋਧੀ ਤਾਕਤਾਂ ਦੇ ਹਰ ਬਿਆਨ ਦਾ ਤੁਰੰਤ ਸਿਧਾਂਤਕ, ਇਤਿਹਾਸਕ, ਠੀਕ ਤੇ ਢੁੱਕਵਾਂ ਜਵਾਬ ਦਿੱਤਾ। ਪੈਦਾ ਹੋਏ ਹਰ ਮਸਲੇ 'ਤੇ ਆਪਣਾ ਪੱਖ ਰੱਖਿਆ। ਆਪਣੀਆਂ ਕਾਰਵਾਈਆਂ ਤੇ ਕੰਮਾਂ ਦੀ ਜ਼ਿੰਮੇਵਾਰੀ ਲਈ।

ਸਰਕਾਰ ਅਤੇ ਦੁਸ਼ਮਣ ਤਾਕਤਾਂ ਵੱਲੋਂ ਸਮੇਂ ਸਮੇਂ ਪੈਦਾ ਕੀਤੇ ਸਭ ਭੁਲੇਖੇ ਵੀ ਦੂਰ ਕੀਤੇ। ਦੁਨੀਆਂ ਭਰ ਵਿਚ ਖਿੱਲਰੇ ਹੋਏ ਜੁਝਾਰੂ ਲਹਿਰ ਦੇ ਇਹ ਸਾਰੇ ਦਸਤਾਵੇਜ਼ ਜੇ ਕਿਧਰੇ ਇਕੱਠੇ ਕਰ ਲਏ ਜਾਣ ਤਾਂ ਇਨ੍ਹਾਂ ਦੀਆਂ ਪੰਜ ਕਿਤਾਬਾਂ ਬਣ ਸਕਦੀਆਂ ਹਨ। ਇਨ੍ਹਾਂ ਦਸਤਾਵੇਜ਼ਾਂ ਵਿਚ ਝਲਕਦੀ ਸੁਹਿਰਦਤਾ, ਇਮਾਨਦਾਰੀ, ਪ੍ਰਤੀਬੱਧਤਾ, ਲੋਕ ਪੱਖੀ ਵਿਚਾਰਧਾਰਾ, ਜੂਝ ਮਰਨ ਦਾ ਚਾਅ, ਮੰਜ਼ਿਲ ਸਰ ਕਰਨ ਦਾ ਜਜ਼ਬਾ ਅਤੇ ਲਗਨ ਨਾ ਸਿਰਫ ਤੁਹਮਤਾਂ ਤੇ ਦੂਸ਼ਣਬਾਜ਼ੀ ਦੇ ਰਾਹੀਂ ਆਪ ਸੱਚੀ ਬਣਨ ਅਤੇ ਜੁਝਾਰੂਆਂ ਨੂੰ ਝੂਠੇ ਆਖਣ ਤੇ ਬਦਨਾਮ ਕਰਨ ਲਈ ਯਤਨਸ਼ੀਲ ਭਾਰਤ ਸਰਕਾਰ, ਹਿੰਦੂਤਵੀ ਸੋਚ ਅਤੇ ਪੰਥ ਦੁਸ਼ਮਣ ਤਾਕਤਾਂ ਦੇ ਮੂੰਹ 'ਤੇ ਚਪੇੜ ਹੈ, ਸਗੋਂ ਉਸ ਸੋਚ ਲਈ ਵੀ ਕਰਾਰਾ ਜਵਾਬ ਹੈ, ਜੋ ਕੌਮੀ ਰਾਜ ਦਾ ਡਰ ਪੈਦਾ ਕਰਕੇ ਲੋਕਾਂ ਵਿਚ ਪੂਰਨ ਪ੍ਰਭੂਸੱਤਾ ਸੰਪਨ ਖਾਲਸਾ ਰਾਜ ਬਾਰੇ ਵੀ ਭੁਲੇਖੇ ਪਾ ਰਹੀ ਹੈ।

29 ਅਪਰੈਲ 1986 ਵਾਲੀ ਸਵੇਰ ਨੂੰ ਪ੍ਰਣਾਮ, ਜਦੋਂ ਪ੍ਰਭੂ ਸੰਪੰਨ ਖਾਲਿਸਤਾਨ ਦਾ ਪਵਿੱਤਰ ਐਲਾਨਨਾਮਾ ਜਾਰੀ ਕੀਤਾ ਗਿਆ।

ਜੁਝਾਰੂ ਲਹਿਰ ਨੂੰ ਪ੍ਰਣਾਮ, ਜਿਸ ਨੇ ਇਸ ਐਲਾਨਨਾਮੇ ਨੂੰ ਲਾਗੂ ਕਰਨ ਲਈ ਸ਼ਹਾਦਤਾਂ ਦਿਤੀਆਂ, ਫਾਂਸੀ ਦੇ ਰੱਸੇ ਚੁੰਮੇ, ਘਰ-ਘਾਟ ਬਰਬਾਦ ਕੀਤੇ। ਜੇਲ੍ਹਾਂ ਵਿਚ ਬੰਦ ਉਨ੍ਹਾਂ ਯੋਧਿਆਂ ਨੂੰ ਪ੍ਰਣਾਮ, ਜੋ ਖਾਲਿਸਤਾਨ ਦੇ ਨਿਸ਼ਾਨੇ ਦੀ ਪੂਰਤੀ ਲਈ ਲੰਮੀਆਂ ਕੈਦਾਂ ਕਟ ਰਹੇ ਹਨ।

ਉਨ੍ਹਾਂ ਤਮਾਮ ਜਥੇਬੰਦੀਆਂ, ਵਿਅਕਤੀਆਂ, ਸੰਸਥਾਵਾਂ ਅਤੇ ਵਿਦੇਸ਼ਾਂ ਵਿਚ ਆਪਣੇ ਆਪਣੇ ਢੰਗ ਨਾਲ ਖਾਲਿਸਤਾਨ ਲਈ ਜੂਝ ਰਹੇ ਭਰਾਵਾਂ ਅਤੇ ਭੈਣਾਂ ਨੂੰ ਪ੍ਰਣਾਮ, ਜਿਨ੍ਹਾਂ ਦੇ ਇਰਾਦੇ, ਸਿਦਕ ਅਤੇ ਦ੍ਰਿੜਤਾ ਅਡੋਲ ਅਤੇ ਅਟੱਲ ਹੈ।

***ਖਾਲਿਸਤਾਨ ਦੀ ਸਥਾਪਨਾ ਲਈ ਚੱਲੀ ਜੁਝਾਰੂ ਲਹਿਰ ਦੀ ਇਹ ਵੀ ਇੱਕ ਵਿਲੱਖਣਤਾ ਹੈ ਕਿ ਇਸ ਨੇ ਲਿਖਤੀ ਰੂਪ ਵਿਚ ਏਨੀ ਵੱਡੀ ਗਿਣਤੀ ਵਿਚ ਦਸਤਾਵੇਜ਼ ਦਿੱਤੇ ਹਨ, ਜਿੰਨੇ ਕਿ ਪੰਜਾਬ ਵਿਚ 20ਵੀਂ ਸਦੀ ਵਿਚ ਸਮੇਂ ਸਮੇਂ ਚੱਲੀਆਂ ਬਹੁਤ ਸਾਰੀਆਂ ਲਹਿਰਾਂ ਵਿਚੋਂ ਕੋਈ ਵੀ ਲਹਿਰ ਨਹੀਂ ਸੀ ਦੇ ਸਕੀ। ਇਹੋ ਹੀ ਇੱਕੋ ਇੱਕ ਲਹਿਰ ਹੈ, ਜਿਸ ਨੇ ਲਿਖਤੀ ਰੂਪ ਵਿਚ ਆਪਣੇ ਨੀਤੀ ਪੱਤਰ ਬਾਕਾਇਦਾ ਜਾਰੀ ਕੀਤੇ, ਵਿਰੋਧੀ ਤਾਕਤਾਂ ਦੇ ਹਰ ਬਿਆਨ ਦਾ ਤੁਰੰਤ ਸਿਧਾਂਤਕ, ਇਤਿਹਾਸਕ, ਠੀਕ ਤੇ ਢੁੱਕਵਾਂ ਜਵਾਬ ਦਿੱਤਾ। ਪੈਦਾ ਹੋਏ ਹਰ ਮਸਲੇ 'ਤੇ ਆਪਣਾ ਪੱਖ ਰੱਖਿਆ। ਆਪਣੀਆਂ ਕਾਰਵਾਈਆਂ ਤੇ ਕੰਮਾਂ ਦੀ ਜ਼ਿੰਮੇਵਾਰੀ ਲਈ।***

# ਫਿਰਿ ਬਾਬਾ ਆਇਆ ਕਰਤਾਰਪੁਰਿ...

## ਪਾਕਿਸਤਾਨ ਯਾਤਰਾ



ਡਾ. ਗੁਰਨਾਮ ਕੌਰ, ਕੈਨੇਡਾ

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਸਾਡਾ ਅਗਲੇ ਦਿਨ ਦਾ ਪ੍ਰੋਗਰਾਮ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਯਾਤਰਾ ਕਰਨ ਦਾ ਸੀ। ਸਵੇਰੇ ਜਦੋਂ ਤਿਆਰੀ ਕਰ ਰਹੇ ਸਾਂ ਤਾਂ ਸਲਮਾਨ ਨੂੰ ਉਸ ਦੇ ਵੱਡੇ ਮਾਮੇ ਬਸ਼ੀਰ ਅਹਿਮਦ ਸਿੱਧੂ ਦਾ ਫੋਨ ਆਇਆ ਕਿ ਉਹ 'ਸਰਦਾਰਾਂ' ਨੂੰ ਮਿਲਣ ਆਉਣਾ ਚਾਹੁੰਦਾ ਹੈ। ਹਰਜੀਤ ਗਿੱਲ ਨੇ ਹਾਂ ਕਰ ਦਿੱਤੀ ਅਤੇ ਨਾਲ ਹੀ ਦੱਸਿਆ ਕਿ ਕਰਤਾਰਪੁਰ ਸਾਹਿਬ ਜਾਣਾ ਹੈ, ਇਸ ਲਈ ਬਹੁਤਾ ਸਮਾਂ ਨਹੀਂ ਦੇ ਸਕਣਾ। ਬਸ਼ੀਰ ਅਹਿਮਦ ਉੱਚਾ-ਲੰਬਾ ਸਿੱਧੂ ਜੱਟ ਪੁਲਿਸ ਵਿਚੋਂ ਸੇਵਾ ਮੁਕਤ, ਚਿੱਟਾ ਪਠਾਣੀ ਸਲਵਾਰ-ਕਮੀਜ਼ ਪਹਿਨੀ ਆਪਣੇ 13 ਸਾਲ ਦੇ ਬੜੇ ਸੁਨੱਖੇ ਪੋਤੇ ਨੂੰ ਮੋਟਰ ਸਾਈਕਲ ਦੇ ਪਿੱਛੇ ਬਿਠਾ ਕੇ ਆ ਗਿਆ। ਪਾਕਿਸਤਾਨ ਦੇ ਬਹੁਤੇ ਬਜ਼ੁਰਗ ਚਿੱਟਾ ਜਾਂ ਕਰੀਮ ਰੰਗ ਦਾ ਪਠਾਣੀ ਸੂਟ ਪਾਉਂਦੇ ਹਨ ਅਤੇ ਸਿਰ 'ਤੇ ਵੀ ਚਿੱਟੀ ਪੱਗ ਵਲੇਟਦੇ (ਵਲੇਟਦੇ ਇਸ ਲਈ ਕਿਹਾ, ਕਿਉਂਕਿ ਉਹ ਸਿੱਖਾਂ ਦੀ ਤਰ੍ਹਾਂ ਤਿੱਖੀਆਂ ਨੋਕਦਾਰ ਜਾਂ ਪਟਿਆਲਾ-ਸ਼ਾਹੀ ਪੱਗਾਂ ਨਹੀਂ ਬੰਨ੍ਹਦੇ) ਜਾਂ ਟੋਪੀ ਲੈਂਦੇ ਹਨ।

ਗਿੱਲ ਪਰਿਵਾਰ ਦੇ ਬੱਚੇ ਜਿੰਨੀ ਦੇਰ ਤਿਆਰ ਹੋ ਰਹੇ ਸਨ, ਅਸੀਂ ਬਸ਼ੀਰ ਅਹਿਮਦ ਨਾਲ ਚਾਹ ਦਾ ਕੱਪ ਪੀਤਾ, ਫੋਟੋਆਂ ਖਿਚਾਈਆਂ ਅਤੇ ਗੱਲਾਂ ਕੀਤੀਆਂ। ਉਸ ਨੇ ਦੱਸਿਆ ਕਿ ਉਹ ਦੋ-ਤਿੰਨ ਵਾਰ ਚੜ੍ਹਦੇ ਪੰਜਾਬ ਹੋ ਕੇ ਆਇਆ ਹੈ ਅਤੇ ਉਸ ਨੂੰ ਸਰਦਾਰ ਬਹੁਤ ਚੰਗੇ ਲੱਗਦੇ ਹਨ। ਉਸ ਦਾ ਜੀਅ ਕਰਦਾ ਹੈ ਕਿ ਦੋਹਾਂ ਮੁਲਕਾਂ ਵਿਚ ਜਾਣ-ਆਉਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਉਸ ਨੇ ਸਰਦਾਰਾਂ ਵਾਂਗ ਪੱਗ ਬੰਨ੍ਹਣ ਦੀ ਜਾਚ ਸਿੱਖਣ ਦੀ ਖਾਹਿਸ਼ ਜਾਹਰ ਕੀਤੀ। ਹਰਜੀਤ ਸਿੰਘ ਨੇ ਦੱਸਿਆ ਕਿ ਅਸੀਂ ਕਰਤਾਰਪੁਰ ਸਾਹਿਬ ਜਾਣਾ ਹੈ, ਇਸ ਕਰਕੇ ਸਮੇਂ ਦੀ ਘਾਟ ਹੈ, ਫਿਰ ਕਿਸੇ ਦਿਨ ਸਹੀ। ਬਾਹਰ ਏ. ਐਸ. ਆਈ. ਜ਼ਫਰ ਅੱਬਾਸ ਪੁਲਿਸ ਪਾਰਟੀ ਨਾਲ ਸਾਨੂ ਉਡੀਕ ਰਿਹਾ ਸੀ, ਜਿਸ ਦੇ ਜ਼ਿੰਮੇ ਸਾਡੀ ਸੁਰੱਖਿਆ ਦੀ ਜ਼ਿੰਮੇਵਾਰੀ ਪੰਜਾਬ ਪੁਲਿਸ ਮੁਖੀ ਦੇ ਹੁਕਮਾਂ ਤਹਿਤ ਲੱਗੀ ਹੋਈ ਸੀ।

ਅਸੀਂ ਨਾਲ ਹੀ ਪੈਂਦੇ ਰੈਸਟੋਰੈਂਟ ਤੋਂ ਨਾਸ਼ਤਾ ਵੀ ਕਰਨਾ ਸੀ। ਇੰਨੇ ਨੂੰ ਸਲਮਾਨ ਦਾ ਮਾਸੀ ਦਾ ਪੁੱਤ, ਜੋ ਉਸ ਦੀ ਬੀਵੀ ਦਾ ਭਾਈ ਵੀ ਹੈ, ਵੱਕਾਰ ਗਿੱਲ ਆਪਣੀ ਭੈਣ ਸ਼ਮਾ (ਸਲਮਾਨ ਦੀ ਬੀਵੀ), ਮਾਮੇ ਜਨਾਬ ਤਾਲਿਬ ਸਿੱਧੂ ਦੀਆਂ ਧੀਆਂ ਅਤੇ ਆਪਣੀ ਮਾਮੀ ਮਿਸਿਜ਼ ਤਾਲਿਬ ਸਿੱਧੂ ਨੂੰ ਲੈ ਕੇ ਆਪਣੀ ਗੱਡੀ ਵਿਚ ਸਾਡੇ ਨਾਲ ਕਰਤਾਰਪੁਰ ਜਾਣ ਲਈ ਪਹੁੰਚ ਗਿਆ। ਸਾਡੀ ਗੱਡੀ ਵਿਚ ਸਭ ਦੇ ਬੈਠ ਸਕਣ ਲਈ ਸੀਟਾਂ ਕਾਫੀ ਸਨ, ਇਸ ਲਈ ਵੱਕਾਰ ਨੂੰ ਆਪਣੀ ਗੱਡੀ ਉਥੋਂ ਹੀ ਮੋੜ ਦੇਣ ਲਈ ਕਹਿ ਕੇ ਸਾਰੇ ਇੱਕੋ ਗੱਡੀ ਵਿਚ ਬੈਠ ਗਏ। ਪਹਿਲਾਂ ਨਾਸ਼ਤਾ ਕੀਤਾ ਅਤੇ ਫਿਰ ਕਰਤਾਰਪੁਰ ਸਾਹਿਬ ਦੀ ਯਾਤਰਾ ਲਈ ਤੁਰ ਪਏ।

ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੀ ਤਾਂਘ ਉਸ ਦਿਨ ਤੋਂ ਹੀ ਮਨ ਵਿਚ ਜ਼ੋਰ ਫੜ ਗਈ ਸੀ, ਜਦੋਂ ਤੋਂ ਲਾਂਘਾ ਖੁੱਲ੍ਹਣ ਦਾ ਫੈਸਲਾ ਹੋਇਆ ਸੀ। ਹੁਣ ਤੱਕ ਮੈਂ ਉਥੇ ਉਸਾਰੀ ਦਾ ਕੰਮ ਸ਼ੁਰੂ ਹੋਣ ਤੋਂ ਲੈ ਕੇ ਲਾਂਘੇ ਦਟ ਉਦਘਾਟਨ ਹੋਣ ਤੱਕ ਅਤੇ ਪਿੱਛੋਂ ਵੱਖ ਵੱਖ ਯਾਤਰੀਆਂ ਵੱਲੋਂ ਪਾਈਆਂ ਕਈ ਵੀਡੀਓ ਦੇਖ ਚੁਕੀ ਸਾਂ। ਮਨ ਕਰਦਾ ਸੀ ਕਿ ਉਡ ਕੇ ਉਥੇ ਪਹੁੰਚ ਜਾਵਾਂ ਅਤੇ ਉਸ ਪਵਿੱਤਰ ਧਰਤੀ ਨੂੰ ਨਮੋ ਕਰਾਂ, ਜਿੱਥੇ ਬੈਠ ਕੇ ਗੁਰੂ ਬਾਬੇ ਨੇ ਸਾਨੂੰ ਜ਼ਿੰਦਗੀ ਜਿਉਣ ਲਈ ਅਮਲੀ ਰਾਹ ਦਿਖਾਇਆ।

ਪਾਕਿਸਤਾਨ ਦੀਆਂ ਸੜਕਾਂ 'ਤੇ ਸਫਰ ਕਰਨਾ ਬਹੁਤ ਚੰਗਾ ਲੱਗ ਰਿਹਾ ਸੀ, ਕਿਉਂਕਿ ਸੜਕਾਂ ਬਾਕਮਾਲ ਬਣੀਆਂ ਹੋਈਆਂ ਹਨ; ਕਿਧਰੇ ਕੋਈ ਹਿਚਕੋਲਾ ਨਹੀਂ, ਪੁਲਿਸ ਵੱਲੋਂ ਥਾਂ ਥਾਂ ਨਾਕਿਆਂ 'ਤੇ ਰੋਕ ਕੇ ਕੋਈ ਪੁੱਛ-ਗਿੱਛ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਸਾਡੇ ਪੰਜਾਬ ਵਾਂਗ ਗੱਡੀਆਂ ਦੇ ਵੱਜਦੇ ਹਾਰਨਾਂ ਦੀ ਪਾਂ-ਪਾਂ, ਪੀਂ-ਪੀਂ ਕਰਦੀ ਕੰਨ-ਪਾੜਵੀਂ ਅਵਾਜ਼ ਹੀ ਸਿਰ ਦੁਖਣ ਲਾਉਂਦੀ ਹੈ। ਕਰਤਾਰਪੁਰ ਸਾਹਿਬ ਪੱਛਮੀ ਪੰਜਾਬ ਦੇ ਨਾਰੋਵਾਲ ਜਿਲੇ ਵਿਚ ਲਾਹੌਰ ਤੋਂ ਕੋਈ 139 ਕਿਲੋਮੀਟਰ ਦੂਰ ਹੈ। ਦੁਨੀ ਚੰਦ, ਜੋ ਉਸ ਵੇਲੇ ਇਲਾਕੇ ਦਾ ਗਵਰਨਰ ਸੀ, ਨੇ ਗੁਰੂ ਨਾਨਕ ਦੇਵ ਜੀ ਨੂੰ ਕਰੀਬ 100 ਏਕੜ ਜ਼ਮੀਨ ਅਲਾਟ ਕੀਤੀ ਸੀ, ਜਿੱਥੇ ਉਨ੍ਹਾਂ ਨੇ ਰਾਵੀ ਦਰਿਆ ਦੇ ਕੰਢੇ ਨਵਾਂ ਨਗਰ ਕਰਤਾਰਪੁਰ ਵਸਾਇਆ। ਚਾਰੋ ਦਿਸ਼ਾਵਾਂ ਵਿਚ ਚਾਰ ਉਦਾਸੀਆਂ ਕਰਨ ਪਿਛੋਂ 1521 ਈਸਵੀ ਵਿਚ ਗੁਰੂ ਨਾਨਕ ਦੇਵ ਪਰਿਵਾਰ ਸਮੇਤ ਇੱਥੇ ਵੱਸ ਗਏ ਅਤੇ ਆਪਣੇ ਮੂਲ ਸਿਧਾਂਤ 'ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ' ਨੂੰ ਅਮਲੀ ਜਾਮਾ ਪਹਿਨਾਇਆ।

ਗੁਰੂ ਨਾਨਕ ਸਾਹਿਬ ਨੇ ਹਿੰਦੂ ਧਰਮ ਦੇ ਧੁਰੇ ਵਰਣ-ਆਸ਼ਰਮ ਧਰਮ ਦੇ ਸਿਧਾਂਤ ਨੂੰ ਮੂਲੋਂ ਨਕਾਰਦਿਆਂ, ਜਿੱਥੇ ਇਹ ਸਥਾਪਤ ਕੀਤਾ ਕਿ ਉਸ ਇੱਕ ਰੱਬ ਦੀ ਜੋਤਿ ਤੋਂ ਪ੍ਰਕਾਸ਼ਿਤ ਹੋਣ ਕਰਕੇ ਸਾਰੇ ਮਨੁੱਖ ਬਰਾਬਰ ਹਨ, ਕੋਈ ਉੱਚਾ ਜਾਂ ਨੀਵਾਂ ਨਹੀਂ ਹੈ; ਉਥੇ ਹੀ ਕਰਤਾਰਪੁਰ ਵਸੇਬ ਕਰਕੇ ਉਨ੍ਹਾਂ ਨੇ ਆਮ ਲੋਕਾਈ ਨੂੰ ਇਹ ਗੱਲ ਵੀ ਸਮਝਾਈ ਕਿ ਰੂਹਾਨੀ ਅਨੁਭਵ ਦੀ ਪ੍ਰਾਪਤੀ ਜ਼ਿੰਦਗੀ ਦੇ ਆਖਰੀ ਵਰ੍ਹਿਆਂ ਵਿਚ ਵਾਣਪ੍ਰਸਤ ਤੇ ਸੰਨਿਆਸ ਧਾਰ ਕੇ ਜੰਗਲਾਂ ਵਿਚ ਜਾ ਕੇ ਭਗਤੀ ਕਰਨ ਨਾਲ ਨਹੀਂ ਹੁੰਦੀ ਅਤੇ ਨਾ ਹੀ ਇਹ ਵਿਹਲੇ ਬੈਠ ਕੇ ਦੂਜਿਆਂ ਦੀ ਕਮਾਈ 'ਤੇ ਪਲ ਕੇ ਕਮਾਈ ਜਾਂਦੀ ਹੈ। ਰੂਹਾਨੀਅਤ-ਅਧਿਆਤਮਕਤਾ ਦੇ ਰਾਹ ਪਏ ਮਨੁੱਖ ਨੂੰ ਆਪਣੀ ਹੋਂਦ ਦੀ ਸੋਝੀ ਪਰਮਾਤਮਾ ਦੇ ਨਾਮ ਨਾਲ ਜੁੜ ਕੇ, ਉਸ ਜਿਹੇ ਗੁਣ ਆਪਣੇ ਅੰਦਰ ਪੈਦਾ ਕਰਨ, ਹੱਥੀਂ ਸੱਚੀ-ਸੁੱਚੀ ਇਮਾਨਦਾਰੀ ਦੀ ਕਿਰਤ ਕਮਾਈ ਕਰਨ ਅਤੇ ਉਸ ਨੂੰ ਲੋੜਵੰਦਾਂ ਨਾਲ ਵੰਡ ਕੇ ਛਕਣ ਦਾ ਰਸਤਾ ਅਖਤਿਆਰ ਕਰਨ ਵਿਚ ਹੁੰਦੀ ਹੈ। ਕਿਰਤ ਕਰਨ, ਵੰਡ ਕੇ ਛਕਣ ਅਤੇ ਨਾਮ ਜਪਣ ਲਈ ਉਮਰ ਦੇ ਕਿਸੇ ਖਾਸ ਪੜਾਅ ਦੀ ਲੋੜ ਨਹੀਂ ਹੁੰਦੀ। ਇਹ ਸਦੀਵੀ ਕਰਮ ਹੈ, ਜੀਵਨ-ਜਾਚ ਹੈ, ਜਿਸ ਨੂੰ ਸਾਰੀ ਉਮਰ ਸਿੱਖਦੇ ਰਹਿਣਾ ਅਤੇ ਅਖੀਰਲੇ ਦਮ ਤੱਕ ਨਿਭਾਉਂਦੇ ਰਹਿਣਾ ਹੈ। ਇਸ ਲਈ ਘਰ-ਪਰਿਵਾਰ ਤਿਆਗਣ ਦੀ ਲੋੜ ਨਹੀਂ ਹੈ; ਦੁਨਿਆਵੀ ਜ਼ਿੰਦਗੀ ਬਸਰ ਕਰਦਿਆਂ, ਦੁਨਿਆਵੀ ਫਰਜ਼ ਨਿਭਾਉਂਦਿਆਂ ਹੀ ਇਸ ਨੂੰ ਅਮਲ ਵਿਚ ਲਿਆਉਣਾ ਹੈ।

ਕਰਤਾਰਪੁਰ ਤੋਂ ਹੀ ਗੁਰੂ ਨਾਨਕ ਦੇਵ ਅਚਲ ਬਟਾਲੇ ਸ਼ਿਵਰਾਤਰੀ ਦੇ ਮੇਲੇ 'ਤੇ ਸਿੱਧਾਂ ਨਾਲ ਪ੍ਰਸ਼ਨ-ਉਤਰ ਕਰਨ ਵੀ ਗਏ ਸਨ। ਸਿੱਧਾਂ ਨੂੰ ਸ਼ਬਦ ਦੀ ਵਿਚਾਰ ਰਾਹੀਂ ਸਮਝਾਇਆ ਕਿ ਪਹਿਲਾਂ ਗ੍ਰਹਿਸਥ ਜੀਵਨ ਦਾ ਤਿਆਗ ਕਰਨਾ, ਫਿਰ ਉਨ੍ਹਾਂ ਹੀ ਗ੍ਰਹਿਸਥੀਆਂ ਦੇ ਘਰ ਮੰਗਣ ਜਾਣਾ, ਇਹ ਕਿੱਥੋਂ ਦੀ ਸਿਆਣਪ ਹੈ? ਗੁਰੂ ਜੀ ਦੱਸਦੇ ਹਨ ਕਿ ਸੱਚੇ ਨਾਮ ਤੋਂ ਬਿਨਾ ਕੋਈ ਰਿਧ-ਸਿੱਧ, ਕੋਈ ਕਰਾਮਾਤ ਨਹੀਂ ਹੈ; ਸੱਚਾ ਨਾਮ ਹੀ ਸਭ ਕੁਝ ਹੈ। ਸ਼ਿਵਰਾਤਰੀ ਦੇ ਮੇਲੇ ਪਿਛੋਂ ਗੁਰੂ ਨਾਨਕ ਸਾਹਿਬ ਮੁਲਤਾਨ ਵੀ ਗਏ, ਜਿੱਥੇ ਮੁਲਤਾਨ ਦੇ ਪੀਰ ਨਾਲ ਵਿਚਾਰ ਵਟਾਂਦਰਾ ਕੀਤਾ ਸੀ। ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਦੀ 39ਵੀਂ ਪਉੜੀ ਤੋਂ ਲੈ ਕੇ 44ਵੀਂ ਪਉੜੀ ਤੱਕ ਸਿੱਧਾਂ ਨਾਲ ਪ੍ਰਸ਼ਨ-ਉਤਰ ਕਰਨ ਅਤੇ ਮੁਲਤਾਨ ਜਾਣ ਦਾ ਜ਼ਿਕਰ ਕੀਤਾ ਹੈ।

ਅਸੀਂ ਲਾਹੌਰੋਂ ਤੁਰਨ ਲਈ ਵੀ ਪੱਛੜ ਗਏ ਅਤੇ ਰਸਤਾ ਵੀ ਲੰਬਾ ਸੀ। ਇਸ ਲਈ ਅਸੀਂ ਤਿੰਨ ਕੁ ਵਜੇ ਜਾ ਕੇ ਗੱਡੀ ਪਾਰਕ ਕੀਤੀ। ਅੰਦਰ ਜਾਣ ਲਈ ਕਾਫੀ ਭੀੜ ਸੀ। ਐਤਵਾਰ ਹੋਣ ਕਰਕੇ ਬਹੁਤ ਗਿਣਤੀ ਲੋਕ ਪਹੁੰਚੇ ਹੋਏ ਸਨ। ਅਸੀਂ ਆਪਣੇ ਪਾਸਪੋਰਟ ਦਿਖਾਏ ਅਤੇ ਸਾਡੇ ਨਾਲ ਆਏ ਸਾਡੇ ਪਾਕਿਸਤਾਨੀ ਮੇਜ਼ਬਾਨਾਂ ਨੇ ਆਪਣੇ ਸ਼ਨਾਖਤੀ ਕਾਰਡ ਦਿਖਾਏ, ਉਂਗਲਾਂ ਦੇ ਨਿਸ਼ਾਨ ਦਿੰਦਿਆਂ ਸਮਾਂ ਲੱਗ ਗਿਆ। ਇਸ ਵੇਲੇ ਤੱਕ ਭਾਰਤੀ ਯਾਤਰੀ ਕਰੀਬ ਭਾਰਤ ਵਾਲੇ ਪਾਸੇ ਨੂੰ ਰਵਾਨਾ ਹੋ ਚੁਕੇ ਸਨ। ਕਰਤਾਰਪੁਰ ਸਾਹਿਬ ਦਾ ਸਾਰਾ ਕੰਪਲੈਕਸ ਜਿੰਨਾ ਵੀਡੀਓਜ਼ ਵਿਚ ਦੇਖਣ ਨੂੰ ਸੁੰਦਰ ਲੱਗਦਾ ਹੈ, ਉਥੇ ਅੰਦਰ ਦਰਸ਼ਨ ਕਰਦਿਆਂ ਉਸ ਤੋਂ ਵੀ ਕਿਧਰੇ ਵੱਧ ਸੋਹਣਾ ਲਗਦਾ ਹੈ। ਪਾਕਿਸਤਾਨ ਸਰਕਾਰ ਜਾਂ ਇਉਂ ਕਹਿ ਲਓ ਕਿ ਫੌਜ ਦੀ ਉਸਾਰੀ ਕੰਪਨੀ ਨੇ ਕਮਾਲ ਦੀ ਹਿੰਮਤ ਨਾਲ ਇੱਕ ਸਾਲ ਦੇ ਸਮੇਂ ਵਿਚ ਏਨੀ ਸੁੰਦਰ ਉਸਾਰੀ ਕੀਤੀ ਹੈ। ਏਡਾ ਵੱਡਾ ਕੰਪਲੈਕਸ, ਆਲੇ ਦੁਆਲੇ ਬਣੇ ਰਿਹਾਇਸ਼ੀ ਕਮਰੇ-ਸਭ ਕੁਝ ਕਮਾਲ ਹੈ।



*ਗੁਰਦੁਆਰਾ ਕਰਤਾਰਪੁਰ ਸਾਹਿਬ (ਪਾਕਿਸਤਾਨ)*

ਸਭ ਤੋਂ ਪਹਿਲਾਂ ਅਸੀਂ ਦਰਬਾਰ ਸਾਹਿਬ ਜਾ ਕੇ ਗੁਰੂ ਦੇ ਨਤਮਸਤਕ ਹੋਣ ਲਈ ਕਤਾਰ ਵਿਚ ਖੜ੍ਹੇ ਹੋਏ। ਇਥੇ ਪਾਕਿਸਤਾਨੀ ਸ਼ਰਧਾਲੂਆਂ ਦੀ ਕਾਫੀ ਭੀੜ ਸੀ। ਮੱਥਾ ਟੇਕਿਆ, ਪ੍ਰਸ਼ਾਦ ਲਿਆ ਤੇ ਫਿਰ ਉਪਰਲੀ ਮੰਜ਼ਿਲ 'ਤੇ ਪਹੁੰਚ ਕੇ ਚਾਰ-ਚੁਫੇਰੇ ਦੇ ਦਰਸ਼ਨ ਕੀਤੇ। ਇਸ ਉਪਰੰਤ ਨਾਲ ਹੀ ਗੁਰੂ ਨਾਨਕ ਸਾਹਿਬ ਦਾ ਖੂਹ ਵੀ ਦੇਖਿਆ, ਜਿੱਥੋਂ ਗੁਰੂ ਮਹਾਰਾਜ ਆਪਣੇ ਖੇਤਾਂ ਨੂੰ ਪਾਣੀ ਦਿੰਦੇ ਸਨ। ਉਥੇ ਹੁਣ ਵੀ ਪ੍ਰਬੰਧ ਇਸ ਤਰ੍ਹਾਂ ਨਾਲ ਕੀਤਾ ਹੋਇਆ ਹੈ ਕਿ ਬਾਕਾਇਦਾ ਟਿੰਡਾਂ ਦੀ ਮਾਲ੍ਹ ਉਵੇਂ ਵਗਦੀ ਹੈ। ਫਿਰ ਉਸ ਪਾਸੇ ਗਏ, ਜਿੱਥੇ ਪ੍ਰਵੇਸ਼ ਕਰਦਿਆਂ ਸਿੱਖ ਧਰਮ ਦਾ ਚਿੰਨ੍ਹ ਕਿਰਪਾਨ ਬਣਾਈ ਹੋਈ ਹੈ। ਸਾਨੂੰ ਗਾਹੇ-ਵਗਾਹੇ ਰੋਕ ਕੇ ਲੋਕ ਫੋਟੋ ਖਿਚਾਉਣ ਲਈ ਗੁਜ਼ਾਰਿਸ਼ ਵੀ ਕਰਦੇ ਸਨ ਅਤੇ ਕਈ ਵਾਰੀ ਜਾਣਕਾਰੀ ਲੈਣ ਦੀ ਵੀ ਕੋਸ਼ਿਸ਼ ਕਰਦੇ। ਵਿਦੇਸ਼ ਤੋਂ ਗਏ ਹੋਣ ਕਾਰਨ ਸਾਨੂੰ ਅੰਦਰ ਡਿਊਟੀ ਦੇ ਰਹੇ ਸਿੰਘ ਨੇ ਦੱਸਿਆ ਕਿ ਅਸੀਂ ਜੇ ਇੱਛਾ ਹੋਵੇ ਤਾਂ ਉਥੇ ਰਾਤ ਵੀ ਠਹਿਰ ਸਕਦੇ ਹਾਂ। ਪਾਕਿਸਤਾਨੀ ਜਾਂ ਭਾਰਤ ਤੋਂ ਜਾਣ ਵਾਲੇ ਯਾਤਰੀਆਂ ਨੂੰ ਠਹਿਰਨ ਦੀ ਆਗਿਆ ਨਹੀਂ ਹੈ।







ਇਥੋਂ ਅਸੀਂ ਯਾਤਰੀਆਂ ਲਈ ਬਣੇ ਖਾਸ ਬਾਜ਼ਾਰ ਵਿਚ ਆਏ। ਅਸੀਂ ਕੁਝ ਖਰੀਦਣਾ ਨਹੀਂ ਸੀ, ਕਿਉਂਕਿ ਖਰੀਦੋ-ਫਰੋਖਤ ਤਾਂ ਲਾਹੌਰੋਂ ਕਰਨ ਦਾ ਇਰਾਦਾ ਸੀ; ਵੈਸੇ ਵੀ ਦੁਕਾਨਦਾਰ ਦੁਕਾਨਾਂ ਬੰਦ ਕਰਨ ਦੇ ਆਹਰ ਵਿਚ ਸਨ। ਇਥੇ ਬੈਠ ਕੇ ਅਸੀਂ ਬਹੁਤ ਹੀ ਸੁਆਦ ਚਾਹ ਨਾਲ ਬਹੁਤ ਹੀ ਸੁਆਦ ਪਕੌੜੇ ਛਕੇ। ਜਿੰਨੀ ਕੁ ਮੈਨੂੰ ਇਥੇ ਜਗਤ ਗੁਰੂ ਬਾਬੇ ਨਾਨਕ ਦੇ ਇਸ ਸਥਾਨ 'ਤੇ ਪਹੁੰਚ ਕੇ ਤਸੱਲੀ ਹੋਈ, ਉਸ ਬਾਰੇ ਏਨਾ ਹੀ ਕਹਿ ਸਕਦੀ ਹਾਂ ਕਿ ਪਾਕਿਸਤਾਸਨੀ ਸਦਰ ਜਨਾਬ ਇਮਰਾਨ ਖਾਨ ਦੇ ਸ਼ਬਦਾਂ ਵਿਚ ਆਪਣੇ (ਸਿੱਖਾਂ ਦੇ) ਮੱਕੇ 'ਨਨਕਾਣਾ ਸਾਹਿਬ' ਜਿੱਥੇ ਗੁਰੂ ਨਾਨਕ ਪੈਦਾ ਹੋਏ ਅਤੇ 'ਮਦੀਨੇ' ਜਿੱਥੇ ਗੁਰੂ ਸਾਹਿਬ ਜੋਤੀ ਜੋਤਿ ਸਮਾਏ-ਦੋਹਾਂ ਮੁਕੱਦਸ ਥਾਂਵਾਂ ਦੇ ਦਰਸ਼ਨ ਹੋ ਗਏ ਸਨ। ਇਸ ਲਈ ਪਾਕਿਸਤਾਨ ਸਰਕਾਰ ਦਾ ਪਹਿਲ ਕਰਨ ਲਈ ਅਤੇ ਭਾਰਤ ਸਰਕਾਰ ਦਾ ਇਸ ਸੁਝਾਅ ਨੂੰ ਮੰਨ ਲੈਣ ਲਈ ਧੰਨਵਾਦ ਕਰਨਾ ਬਣਦਾ ਹੈ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਕਰਤਾਰਪੁਰ ਲਾਂਘਾ ਦੋਹਾਂ ਮੁਲਕਾਂ ਵਿਚ ਅਮਨ-ਅਮਾਨ ਕਾਇਮ ਕਰੇ ਤਾਂ ਕਿ ਦੋਵੇਂ ਪਾਸੇ ਵੱਸਦੇ ਆਵਾਮ ਨੂੰ ਖਾਸ ਕਰਕੇ ਪੰਜਾਬੀਆਂ ਨੂੰ, ਸੁੱਖ ਦਾ ਸਾਹ ਆਵੇ ਅਤੇ ਦੋਵੇਂ ਮੁਲਕ ਜੰਗ ਦਾ ਰਾਹ ਛੱਡ ਕੇ ਅਮਨ ਵਾਲੇ ਪਾਸੇ ਤੁਰਨ, ਜਿਸ ਨਾਲ ਦੋਹਾਂ ਮੁਲਕਾਂ ਦਾ ਵਿਕਾਸ ਹੋਵੇ; ਤਬਾਹੀ ਹੋਰ ਨਹੀਂ ਚਾਹੀਦੀ।

ਗੱਡੀ ਵਿਚ ਬੈਠਦਿਆਂ ਨੂੰ ਸ਼ਾਮ ਉਤਰ ਪਈ ਸੀ। ਇਸ ਤੋਂ ਅੱਗੇ ਅਸੀਂ ਮਹਾਨ ਸੂਫੀ, ਪੰਜਾਬੀ ਦੇ ਸਿਰਮੌਰ ਕਵੀ ਹਾਸ਼ਮ ਸ਼ਾਹ ਦੀ ਦਰਗਾਹ 'ਤੇ ਪਿੰਡ ਤਰਪਾਲ ਜਾਣਾ ਸੀ। ਹਾਸ਼ਮ ਸ਼ਾਹ ਦਾ ਜਨਮ 1735 ਈਸਵੀ ਵਿਚ ਮਦੀਨੇ ਵਿਖੇ ਹੋਇਆ ਸੀ, ਜਿੱਥੋਂ ਉਸ ਦੇ ਪੁਰਖੇ ਪੰਜਾਬ ਆ ਗਏ ਸਨ ਅਤੇ ਜਿਲਾ ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਦੇ ਪਿੰਡ ਜਗਦੇਵ ਕਲਾਂ ਨੂੰ ਉਨ੍ਹਾਂ ਨੇ ਆਪਣੀ ਰਿਹਾਇਸ਼ਗਾਹ ਬਣਾ ਲਿਆ ਸੀ। ਹਾਸ਼ਿਮ ਸ਼ਾਹ ਨੇ ਆਪਣੀ ਖਾਨਦਾਨੀ ਰਵਾਇਤ ਦੀ ਪਾਲਣਾ ਕਰਦਿਆਂ ਹਿਕਮਤ ਅਤੇ ਪੀਰੀ-ਮੁਰੀਦੀ ਕੀਤੀ, ਪਰ ਨਾਲ ਹੀ, ਕਿਹਾ ਜਾਂਦਾ ਹੈ ਕਿ ਰੋਜ਼ੀ ਪੱਖੋਂ ਤਰਖਾਣਾ ਕਿੱਤੇ 'ਤੇ ਵੀ ਹੱਥ ਅਜ਼ਮਾਇਆ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਸਰਪ੍ਰਸਤੀ ਦਿੱਤੀ ਤਾਂ ਤਰਖਾਣਾ ਕੰਮ ਛੱਡ ਦਿੱਤਾ। ਹਾਸ਼ਿਮ ਸ਼ਾਹ ਦੀ ਕਵਿਤਾ ਆਪਣੇ ਅੰਦਾਜ਼ ਵਿਚ ਬਹੁਤ ਵਿਲੱਖਣ ਹੈ। ਉਹ ਆਪਣੇ ਸਮੇਂ ਦਾ ਉਤਮ ਕਵੀ ਹੋਇਆ ਹੈ। ਸੂਫੀ ਮੱਤ ਉਸ ਦੇ ਪੁਰਖਿਆਂ ਦੀ ਰਵਾਇਤ ਸੀ। ਉਹ, ਉਸ ਦੇ ਵਾਲਦ ਅਤੇ ਉਸ ਦੇ ਦਾਦਾ ਨੇ ਪੀਰੀ-ਮੁਰੀਦੀ ਦੀ ਪਰੰਪਰਾ ਨਿਭਾਈ। ਉਸ ਨੇ ਸੱਸੀ-ਪੁਨੂੰ, ਸੋਹਣੀ-ਮਹੀਂਵਾਲ ਸ਼ੀਰੀਂ-ਫਰਿਆਦ ਦੀਆਂ ਪ੍ਰੇਮ ਕਹਾਣੀਆਂ ਦੀ ਕਿੱਸਾ-ਕਾਵਿ ਰਾਹੀਂ ਰਚਨਾ ਕੀਤੀ। ਸਾਹਿਤਕਾਰਾਂ ਅਨੁਸਾਰ ਇਹ ਰਚਨਾਵਾਂ ਉਚ-ਕੋਟੀ ਦੀਆਂ ਹਨ, ਮਹਿਜ ਪ੍ਰੇਮ-ਕਹਾਣੀਆਂ ਨਹੀਂ ਹਨ। ਅਸਲ ਵਿਚ ਸੂਫੀ ਮੱਤ ਆਪਣੇ ਆਪ ਵਿਚ ਇੱਕ ਰਹੱਸਵਾਦੀ ਪਰੰਪਰਾ ਹੈ, ਜੋ ਰੱਬੀ ਪ੍ਰੇਮ ਦੇ ਅਨੁਭਵ ਨੂੰ ਪ੍ਰਣਾਈ ਹੋਈ ਹੈ।

ਹਾਸ਼ਿਮ ਸ਼ਾਹ 1843 ਈਸਵੀ ਵਿਚ 'ਮੱਤੇ ਕੀ ਤਰਪਾਲ' ਪਿੰਡ ਵਿਚ ਫੌਤ ਹੋਇਆ ਸੀ, ਜੋ ਹੁਣ ਪਾਕਿਸਤਾਨ ਦੇ ਨਾਰੋਵਾਲ ਜਿਲੇ ਵਿਚ ਪੈਂਦਾ ਹੈ ਅਤੇ ਫੌਤਗੀ ਪਿਛੋਂ ਇਥੇ ਹੀ ਉਸ ਨੂੰ ਦਫਨਾ ਦਿਤਾ ਗਿਆ ਸੀ। ਇਥੇ ਹਰ ਸਾਲ 21 ਜੇਠ ਨੂੰ ਉਰਸ ਮਨਾਇਆ ਜਾਂਦਾ ਹੈ। ਹਰਜੀਤ ਸਿੰਘ ਗਿੱਲ ਦਾ ਪਿੰਡ ਵੀ ਜਗਦੇਵ ਕਲਾਂ ਹੈ, ਜਿੱਥੇ ਹਾਸ਼ਿਮ ਸ਼ਾਹ ਦੇ ਵਾਲਦਾਇਨ ਦੀਆਂ ਕਬਰਾਂ ਮੌਜੂਦ ਹਨ ਅਤੇ ਉਨ੍ਹਾਂ ਦੀ ਜੱਦੀ ਹਵੇਲੀ ਵੀ ਇਥੇ ਸੀ। ਭਜਨ ਸਿੰਘ ਗਿੱਲ ਦੀ ਅਗਵਾਈ ਵਿਚ ਹਰਜੀਤ ਸਿੰਘ ਨੇ ਅੱਗੇ ਲੱਗ ਕੇ ਆਪਣੇ ਪਿੰਡ ਹਾਸ਼ਿਮ ਸ਼ਾਹ ਯਾਦਗਾਰੀ ਟਰੱਸਟ ਬਣਾਇਆ ਅਤੇ ਹਾਸ਼ਿਮ ਸ਼ਾਹ ਪਬਲਿਕ ਸਕੂਲ ਸਥਾਪਤ ਕੀਤਾ ਹੈ। ਜਗਦੇਵ ਕਲਾਂ ਸਈਯਦ ਹਾਸ਼ਿਮ ਸ਼ਾਹ ਦੀ ਕਰਮਭੂਮੀ ਰਿਹਾ ਹੈ, ਇਸ ਦਾ ਜ਼ਿਕਰ ਹਾਸ਼ਿਮ ਸ਼ਾਹ ਨੇ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ।

ਹਰਜੀਤ ਸਿੰਘ ਗਿੱਲ ਦੇ ਮਨ ਦੀ ਡੂੰਘੀ ਰੀਝ ਸੀ ਕਿ ਉਹ ਹਾਸ਼ਿਮ ਸ਼ਾਹ ਦੀ ਦਰਗਾਹ ਦੇ ਵੀ ਜ਼ਰੂਰ ਦਰਸ਼ਨ ਕਰਨ। ਸਾਨੂੰ ਕੋਈ ਸਮੱਸਿਆ ਨਹੀਂ ਸੀ, ਕਿਉਂਕਿ ਸਾਡੇ ਨਾਲ ਪੰਜਾਬ ਪੁਲਿਸ ਦੀ ਗੱਡੀ ਸੀ, ਭਾਵੇਂ ਸਰਦੀਆਂ ਦੇ ਦਿਨ ਛੋਟੇ ਹੋਣ ਕਰਕੇ ਸਾਨੂੰ ਕਾਫੀ ਹਨੇਰਾ ਹੋ ਗਿਆ ਸੀ। ਕਰਤਾਰਪੁਰ ਸਾਹਿਬ ਤੋਂ ਵਾਪਸੀ ਦੇ ਰਸਤੇ ਵਿਚ ਹੀ ਤਾਂ ਨਾਰੋਵਾਲ ਦੇ ਲਾਗੇ ਇਹ ਪਿੰਡ 'ਮੱਤੇ ਕੀ ਤਰਪਾਲ' ਪੈਂਦਾ ਸੀ। ਜਦੋਂ ਅਸੀਂ ਉਥੇ ਪਹੁੰਚੇ ਅਤੇ ਹਰਜੀਤ ਸਿੰਘ ਨੇ ਜਗਦੇਵ ਕਲਾਂ ਬਾਰੇ ਦੱਸਿਆ ਤਾਂ ਉਸ ਦਰਗਾਹ ਦੀ ਦੇਖ-ਭਾਲ ਕਰਨ ਵਾਲਾ ਪਰਿਵਾਰ ਬਹੁਤ ਹੀ ਖੁਸ਼ ਹੋਇਆ। ਇਥੇ ਦਰਗਾਹ ਅੰਦਰ ਇਸਤਰੀਆਂ ਦੇ ਜਾਣ 'ਤੇ ਕੋਈ ਰੋਕ-ਟੋਕ ਨਹੀਂ ਸੀ। ਉਨ੍ਹਾਂ ਨੇ ਸਾਡਾ ਬਹੁਤ ਸਤਿਕਾਰ ਕੀਤਾ ਅਤੇ ਜਗਦੇਵ ਕਲਾਂ, ਹਾਸ਼ਿਮ ਸ਼ਾਹ ਦੀ ਕਰਮਭੂਮੀ, ਤੋਂ ਹੋਣ ਕਰਕੇ ਆਪਣੇ ਖਾਸ ਕਿਸਮ ਦੇ ਬਣੇ ਤਾਜ਼ ਦੀ ਸ਼ਕਲ ਦੇ ਸਿਰੋਪਾਉ (ਮੈਨੂੰ ਨਹੀਂ ਪਤਾ ਸੂਫੀ ਪਰੰਪਰਾ ਵਿਚ ਇਸ ਸਨਮਾਨ ਚਿੰਨ੍ਹ ਨੂੰ ਕੀ ਕਹਿੰਦੇ ਹਨ) ਨਾਲ ਹਰਜੀਤ ਸਿੰਘ ਦਾ ਸਨਮਾਨ ਕੀਤਾ। ਉਨ੍ਹਾਂ ਨੇ ਰਾਤ ਦੇ ਖਾਣੇ ਵਾਸਤੇ ਬਹੁਤ ਇਸਰਾਰ ਕੀਤਾ, ਪਰ ਅਸੀਂ ਦੱਸਿਆ ਕਿ ਸਾਨੂੰ ਲਾਹੌਰ ਪਹੁੰਚਣ ਵਿਚ ਬਹੁਤ ਦੇਰ ਹੋ ਜਾਵੇਗੀ। ਦਰਗਾਹ ਦੇ ਵਿਹੜੇ ਵਿਚ ਪਿੰਡ ਦੇ ਸਾਰੇ ਬਾਸ਼ਿੰਦੇ-ਕੀ ਆਦਮੀ, ਕੀ ਔਰਤਾਂ, ਸਮੇਤ ਬੱਚਿਆਂ ਦੇ, ਮਿੰਟਾਂ ਵਿਚ ਹੀ ਇਕੱਠੇ ਹੋ ਗਏ। ਬੀਬੀਆਂ ਨੇ ਸਾਨੂੰ ਘੁੱਟ ਘੁੱਟ ਕੇ ਗਲੇ ਲਾ ਕੇ ਪਿਆਰ ਦਿਤਾ। ਸਾਡੇ ਨਾਲ ਫੋਟੋਆਂ ਖਿਚਾਈਆਂ, ਕਈ ਲੜਕਿਆਂ ਨੇ ਵੀਡੀਓ ਬਣਾਈਆਂ। ਪੰਜਾਬ ਦਾ ਇਹ ਸਾਂਝਾ ਸਭਿਆਚਾਰ ਪੰਜਾਬੀਆਂ ਦੀ ਬਦਕਿਸਮਤੀ ਕਰਕੇ ਵੰਡਿਆ ਗਿਆ ਹੈ। ਸਾਡੇ ਨਾਲ ਗਈ ਪੁਲਿਸ ਦੀ ਟੀਮ ਜਿੰਨਾ ਸਹਿਯੋਗ ਦੇ ਰਹੀ ਸੀ, ਲਗਦਾ ਨਹੀਂ ਸੀ ਕਿ ਪੁਲਿਸ ਹੈ।

ਵਾਪਸੀ 'ਤੇ ਪ੍ਰਤੀਕ, ਜੋਤੀ ਅਤੇ ਸਿਮਰ ਨੇ ਆਪਣੇ ਦੋਸਤ ਨਾਲ ਰਾਤ ਦੇ ਖਾਣੇ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ, ਇਸ ਲਈ ਉਹ ਉਸ ਨਾਲ ਹੋ ਗਏ। ਅਸੀਂ ਸਮੇਤ ਸਲਮਾਨ ਦੇ ਮਾਮੇ ਦੀਆਂ ਧੀਆਂ, ਮਾਮੀ, ਵੱਕਾਰ ਗਿੱਲ ਅਤੇ ਸ਼ਮਾ ਦੇ, ਸਭ ਨੇ ਇਕੱਠਿਆਂ ਰਾਤ ਦਾ ਖਾਣਾ ਖਾਧਾ। ਫਿਰ ਉਨ੍ਹਾਂ ਸਭ ਨੂੰ ਉਨ੍ਹਾਂ ਦੇ ਟਿਕਾਣਿਆਂ 'ਤੇ ਛੱਡ ਕੇ ਅਸੀਂ ਵਾਪਸ ਆਪਣੇ ਟਿਕਾਣੇ 'ਤੇ ਆ ਗਏ। ਸਾਨੂੰ ਇਉਂ ਲੱਗਣ ਲੱਗ ਪਿਆ ਸੀ, ਜਿਵੇਂ ਅਸੀਂ ਚਿਰ ਤੋਂ ਇੱਕ-ਦੂਜੇ ਨੂੰ ਜਾਣਦੇ ਹੋਈਏ ਅਤੇ ਇਹ ਸਾਰਾ ਅਹਿਸਾਸ ਉਨ੍ਹਾਂ ਦੇ ਖਲੂਸ ਸਦਕਾ ਸੀ।

**(ਚਲਦਾ)**

ਰਿਵਿਊ

# "ਗਲੀਏ ਚਿਕੜੁ ਦੂਰਿ ਘਰੁ"


"ਗਲੀਏ ਚਿਕੜੁ ਦੂਰਿ ਘਰੁ" ਕਿਤਾਬ ਦੇ ਲੇਖਕ ਡਾ. ਦੇਵਿੰਦਰ ਸਿੰਘ ਸੇਖੋਂ, ਜਿਥੇ ਕੈਨੇਡਾ ਵਿਖੇ ਵਿਗਿਆਨ ਦੇ ਮੰਨੇ ਪ੍ਰਮੰਨੇ ਅਧਿਆਪਕ ਹਨ, ਉਥੇ ਉਹ ਸਿੱਖ ਧਰਮ ਦੇ ਅਹਿਮ ਵਿਦਵਾਨ ਵੀ ਹਨ। ਸਿੱਖ ਧਰਮ ਦੇ ਵਿਭਿੰਨ ਸੰਕਲਪਾਂ ਦੀ ਪੜਚੋਲ ਉਨ੍ਹਾਂ ਦੇ ਜੀਵਨ ਦਾ ਅਹਿਮ ਅੰਗ ਰਹੀ ਹੈ। ਹੁਣ ਤਕ ਉਨ੍ਹਾਂ ਸਿੱਖ ਧਰਮ ਤੇ ਦਰਸ਼ਨ ਨਾਲ ਸਬੰਧਤ 6 ਕਿਤਾਬਾਂ ਗੁਰਮਤਿ ਖੇਤਰ ਦੀ ਝੋਲੀ ਪਾਈਆਂ ਹਨ। ਪਿਛਲੇ 6 ਸਾਲਾਂ ਤੋਂ ਉਹ 'ਗੁਰਬਾਣੀ ਸੰਦੇਸ਼' ਨਾਮੀ ਵੈਬਸਾਈਟ ਚਲਾ ਰਹੇ ਹਨ, ਜੋ ਗੁਰਮਤਿ ਸੰਦੇਸ਼ਾਂ ਨੂੰ ਆਮ ਲੋਕਾਂ ਤਕ ਪਹੁੰਚਾਉਣ ਲਈ ਲਗਾਤਾਰ ਯਤਨਸ਼ੀਲ ਹੈ। ਅੱਜ ਕਲ ਉਹ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆਕਾਰੀ ਦੇ ਅਹਿਮ ਕਾਰਜ ਵਿਚ ਜੁਟੇ ਹੋਏ ਹਨ।



**ਡਾ. ਡੀ. ਪੀ. ਸਿੰਘ, ਕੈਨੇਡਾ**
E-mail: drdpsn@gmail.com

ਡਾ. ਦੇਵਿੰਦਰ ਸਿੰਘ ਸੇਖੋਂ ਦੀ ਇਸ ਸੱਤਵੀਂ ਕਿਤਾਬ ਵਿਚ ਧਾਰਮਿਕ ਵਿਸ਼ਿਆਂ ਸਬੰਧੀ 13 ਲੇਖ ਸ਼ਾਮਿਲ ਕੀਤੇ ਗਏ ਹਨ। ਇਹ ਕਿਤਾਬ ਸਿੱਖ ਇਤਿਹਾਸ ਅਤੇ ਗੁਰਮਤਿ ਸਿਧਾਤਾਂ ਦੀ ਬੜੇ ਰੌਚਿਕ ਢੰਗ ਨਾਲ ਵਿਆਖਿਆ ਕਰਦੀ ਹੈ। ਕਿਤਾਬ ਦੇ ਪਹਿਲੇ ਲੇਖ 'ਮੂਲ ਮੰਤਰ: ਗੁਰਪ੍ਰਸਾਦਿ ਦਾ ਭਾਵ' ਵਿਚ ਸਿੱਖ ਧਰਮ ਵਿਚ ਮੂਲ ਮੰਤਰ ਦੇ ਸਕੰਲਪ, ਭਾਵ ਅਤੇ ਮਹੱਤਵ ਬਾਰੇ ਵਿਸਥਾਰ ਵਿਚ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ। 'ਭੱਟਾਂ ਦੇ ਸਵਈਏ: ਸਤਿਗੁਰ ਮਹਿਮਾ' ਲੇਖ ਵਿਚ ਲੇਖਕ ਨੇ ਸਤਿਗੁਰੂ ਅਤੇ ਪ੍ਰਭੂ ਦੀ ਅਭੇਦਤਾ ਦੀ ਬਾਦਲੀਲ ਦੱਸ ਪਾਈ ਹੈ। 'ਸ਼ੁਭ ਅਤੇ ਅਸ਼ੁਭ ਦਿਨਾਂ ਬਾਰੇ ਵਹਿਮ ਭਰਮ' ਲੇਖ ਵਿਚ ਡਾ. ਸੇਖੋਂ ਨੇ ਗੁਰਬਾਣੀ ਦੇ ਪ੍ਰਮਾਣਾਂ ਰਾਹੀਂ ਸ਼ੁਭ ਅਤੇ ਅਸ਼ੁਭ ਦਿਨਾਂ ਬਾਰੇ ਵਹਿਮਾਂ ਭਰਮਾਂ ਦਾ ਤਾਰਕਿਕ ਖੰਡਨ ਕੀਤਾ ਹੈ। 'ਗੁਰੂ ਹਰਿਕ੍ਰਿਸ਼ਨ ਸਾਹਿਬ: ਇਕ ਮਹਾਨ ਸ਼ਹੀਦ' ਲੇਖ ਸਿੱਖ ਇਤਿਹਾਸ ਅਤੇ ਗੁਰੂ ਸਾਹਿਬ ਦੇ ਜੀਵਨ ਬਿਰਤਾਂਤ ਨੂੰ ਬਿਆਨਦੀ ਰਚਨਾ ਹੈ। ਜੋ ਗੁਰੂ ਹਰਿਕ੍ਰਿਸ਼ਨ ਜੀ ਦੇ ਅਕਾਲ ਚਲਾਣੇ ਨੂੰ ਬਾਦਲੀਲ ਸ਼ਹਾਦਤ ਦਾ ਦਰਜਾ ਦਿੰਦੀ ਨਜ਼ਰ ਆਉਂਦੀ ਹੈ। 'ਆਪੇ ਦੀ ਪਛਾਣ ਜਾਂ ਆਪੇ ਨੂੰ ਸਮਝਣਾ ਕਿਵੇਂ" ਲੇਖ ਸਵੈ ਦੀ ਸੂਝ ਪ੍ਰਾਪਤੀ ਅਤੇ ਪ੍ਰਭੂ ਨਾਲ ਮਿਲਾਪ ਦਾ ਰਾਹ ਦਰਸਾਉਂਦਾ ਹੈ। ਇਸ ਲੇਖ ਵਿਚ ਲੇਖਕ ਨੇ ਗੁਰਬਾਣੀ ਦੇ ਆਸ਼ੇ ਮੁਤਾਬਕ ਜੀਵਨ ਜਿਉਣ ਦੀ ਵਿਧੀ ਨੂੰ ਸਫਲ ਜੀਵਨ ਜਾਚ ਦਾ ਆਧਾਰ ਦੱਸਿਆ ਹੈ।

ਇਸ ਕਿਤਾਬ ਦੇ ਅਗਲੇ ਸੱਤ ਲੇਖ ਭਗਤ ਨਾਮਦੇਵ, ਭਗਤ ਧੰਨਾ ਅਤੇ ਬਾਬਾ ਸ਼ੇਖ ਫਰੀਦ ਦੇ ਜੀਵਨ ਦੀਆਂ ਘਟਨਾਵਾਂ ਦਾ ਉਲੇਖ ਦੇਣ ਦੇ ਨਾਲ ਨਾਲ ਗੁਰਮਤਿ ਸਿਧਾਤਾਂ ਦਾ




ਵਿਖਿਆਨ ਵੀ ਕਰਦੇ ਹਨ। ਜ਼ਿਕਰਯੋਗ ਹੈ ਕਿ ਲੇਖਕ ਨੇ 'ਪੁਤੀ ਗੰਢੁ ਪਵੈ ਸੰਸਾਰਿ', 'ਚਰਨ ਅੰਮ੍ਰਿਤ ਅਤੇ ਖੰਡੇ ਬਾਟੇ ਦਾ ਅੰਮ੍ਰਿਤ' ਤੇ 'ਕਾਹੇ ਰੇ ਮਨ ਚਿਤਵਹਿ ਉਦਮੁ' ਬਾਰੇ ਆਮ ਪ੍ਰਚਲਿਤ ਧਾਰਨਾਵਾਂ ਤੋਂ ਹਟ ਕੇ ਗੁਰਮਤਿ ਦੀ ਰੌਸ਼ਨੀ ਵਿਚ ਸਹੀ ਨਿਰਣਾ ਪੇਸ਼ ਕੀਤਾ ਹੈ। ਕਿਤਾਬ ਦਾ ਬਾਰਵਾਂ ਲੇਖ 'ਦਸਵਾਂ ਦੁਆਰ ਅਤੇ ਮਨ' ਵਿਚ ਡਾ. ਸੇਖੋਂ ਨੇ ਗੁਰਬਾਣੀ ਦੇ ਪ੍ਰਮਾਣਾਂ ਨਾਲ ਦਿਮਾਗ, ਦਸਵਾਂ ਦੁਆਰ, ਮਨ ਅਤੇ ਆਤਮਾ ਦੇ ਆਪਸੀ ਸਬੰਧਾਂ ਬਾਰੇ ਵਿਸਥਾਰ ਵਿਚ ਜਾਣਕਾਰੀ ਮੁਹੱਈਆ ਕੀਤੀ ਹੈ।

ਲੇਖ ਲੜੀ ਦੇ ਆਖਰੀ ਲੇਖ 'ਕੀ ਗਾਂ ਇਕ ਪਵਿੱਤਰ ਜਾਨਵਰ ਹੈ?' ਵਿਚ ਲੇਖਕ ਦਾ ਕਥਨ ਹੈ, "ਸਾਰੇ ਦੇਵਤੇ ਮਨੁੱਖਾ ਜਨਮ ਵਿਚ ਹੀ ਸਤਿਕਾਰਯੋਗ ਹੋਏ। ਜੇ ਕਿਸੇ ਇਕ ਜਾਨਵਰ ਕਰ ਕੇ ਉਸ ਦੀ ਸਾਰੀ ਸ੍ਰੇਣੀ ਹੀ ਪੂਜਣਯੋਗ ਹੈ, ਤਾਂ ਅਸੀਂ ਹਰ ਮਨੁੱਖ ਨੂੰ ਕਿਉਂ ਨਹੀਂ ਪੂਜਦੇ? ਜਦੋਂ ਕਿ ਦੇਵਤੇ ਮਨੁੱਖ ਸਨ; ਪਰ ਅਜੀਬ ਗੱਲ ਹੈ ਕਿ ਮਨੁੱਖਾਂ ਨੂੰ ਪੂਜਣਾ ਤਾਂ ਦੂਰ ਦੀ ਗੱਲ ਹੈ, ਅਸੀਂ ਹਰ ਰੋਜ਼ ਕੁਝ ਮਨੁੱਖਾਂ ਵਲੋਂ ਕੁਝ ਹੋਰਨਾਂ ਨੂੰ ਕਤਲ ਕਰਦੇ, ਲੁੱਟਦੇ ਮਾਰ ਕਰਦੇ ਜਾਂ ਬੇਇੱਜਤ ਕਰਦੇ ਸੁਣਦੇ ਹਾਂ।"

ਲੇਖਕ ਦਾ ਕਥਨ ਹੈ ਕਿ ਗੁਰਬਾਣੀ ਅਨੁਸਾਰ ਕੋਈ ਵੀ ਜਾਨਵਰ ਪਵਿੱਤਰ ਜਾਂ ਪੂਜਣਯੋਗ ਨਹੀਂ ਹੈ। ਲੇਖਕ ਨੇ ਅਨੇਕ ਵਿਵਾਦਗ੍ਰਸਤ ਵਿਸ਼ਿਆਂ ਬਾਰੇ ਗੁਰਬਾਣੀ ਦੀ ਰੌਸ਼ਨੀ ਵਿਚ ਬਹੁਤ ਹੀ ਅਹਿਮ ਜਾਣਕਾਰੀ ਮੁਹੱਈਆ ਕੀਤੀ ਹੈ। ਕਿਤਾਬ ਵਿਚ ਲੇਖਕ ਨੇ ਸਿੱਖ ਇਤਿਹਾਸ, ਗੁਰਮਤਿ ਅਤੇ ਆਦਰਸ਼ ਜੀਵਨ ਚਲਣ ਦੇ ਵਿਭਿੰਨ ਪੱਖਾਂ ਬਾਰੇ ਉਚਿਤ ਗਿਆਨ ਸਾਂਝਾ ਕੀਤਾ ਹੈ।

ਡਾ. ਸੇਖੋਂ ਦੀ ਲੇਖਣ ਸ਼ੈਲੀ ਮਨੋਵਚਨੀ, ਵਾਰਤਾਲਾਪੀ ਅੰਦਾਜ਼ ਵਾਲੀ, ਸਰਲ ਅਤੇ ਸਪਸ਼ਟ ਹੈ। ਇਹ ਇਕ ਵਧੀਆ ਕਿਤਾਬ ਹੈ, ਜੋ ਸਿੱਖ ਇਤਿਹਾਸ ਅਤੇ ਗੁਰਬਾਣੀ ਦੇ ਵਿਭਿੰਨ ਪਹਿਲੂਆਂ ਬਾਰੇ ਅਹਿਮ ਜਾਣਕਾਰੀ ਦਿੰਦੀ ਹੈ। ਗੁਰਬਾਣੀ ਦੇ ਅਨੇਕ ਸੰਕਲਪਾਂ/ਧਾਰਨਾਵਾਂ ਬਾਰੇ ਵਿਲੱਖਣ ਸੂਝ ਪ੍ਰਦਾਨ ਕਰਦੀ ਹੈ। ਲੇਖਕ ਆਪਣੀ ਸੂਝ-ਬੂਝ ਤੇ ਵਿਦਵਤਾ ਨਾਲ ਪਾਠਕ ਨੂੰ ਵਿਸ਼ੇ ਨਾਲ ਜੋੜੀ ਰੱਖਣ ਵਿਚ ਸਫਲ ਰਿਹਾ ਹੈ। ਡਾ. ਸੇਖੋਂ ਦੀ ਇਹ ਰਚਨਾ ਪਾਠਕਾਂ ਦੇ ਗਿਆਨ ਦੇ ਦਾਇਰੇ ਨੂੰ ਮੋਕਲਾ ਕਰਨ ਵਿਚ ਅਹਿਮ ਰੋਲ ਅਦਾ ਕਰਨ ਦੇ ਸਮਰਥ ਹੈ।

"ਗਲੀਏ ਚਿਕੜੁ ਦੂਰਿ ਘਰੁ" ਇਕ ਅਜਿਹੀ ਕਿਤਾਬ ਹੈ, ਜੋ ਹਰ ਗੁਰਦੁਆਰੇ ਦੀ ਲਾਇਬ੍ਰੇਰੀ ਦਾ ਸ਼ਿੰਗਾਰ ਬਣਨ ਦੀ ਹੱਕਦਾਰ ਹੈ, ਤਾਂ ਜੋ ਸਾਡੀ ਨਵੀਂ ਪੀੜ੍ਹੀ ਤੇ ਆਮ ਪਾਠਕ ਮਹਾਨ ਗੁਰੂ ਸਾਹਿਬਾਨ ਦੇ ਆਸ਼ਿਆਂ ਦਾ ਸਹੀ ਰੂਪ ਸਮਝ ਸਕਣ ਅਤੇ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚਲ ਕੇ ਆਪਣਾ ਜੀਵਨ ਸਫਲ ਕਰ ਸਕਣ।

# ਵਲਾਂ ਵਾਲੇ ਬੰਦੇ

ਸਵੇਰੇ ਰੋਟੀਆਂ ਪਕਾਉਣ ਲੱਗੀ ਤਾਂ ਬੇਟੀ ਬੋਲੀ, "ਮਾਂ! ਅੱਜ ਵਲਾਂ ਵਾਲੇ ਪਰੌਂਠੇ ਬਣਾ।" ਮੈਂ ਜਿਉਂ ਹੀ ਪਰੌਂਠਾ ਵੇਲਣ ਲੱਗੀ ਤਾਂ ਮਾਂ ਯਾਦ ਆ ਗਈ। ਜਦ ਮੈਂ ਨਿੱਕੀ ਹੁੰਦੀ ਕਦੀ ਕਹਿਣਾ 'ਮਾਂ ਅੱਜ ਵਲਾਂ ਵਾਲਾ ਪਰੌਂਠਾ ਬਣਾ' ਤਾਂ ਮਾਂ ਨੇ ਉਦਾਸ ਜਿਹੀ ਹੋ ਆਖਣਾ, "ਤੈਨੂੰ ਦੋ-ਪੁੜਾ ਜਾਂ ਚੌਰਸ ਕਿਉਂ ਨਹੀਂ ਚੰਗਾ ਲਗਦਾ, ਵਲਾਂ ਵਾਲਾ ਹੀ ਕਿਉਂ ਪਸੰਦ ਹੈ? ਖਾਣ ਲੱਗਿਆਂ ਚੱਜ ਨਾਲ ਗਰਾਹੀ ਵੀ ਨਹੀਂ ਤੋੜ ਹੁੰਦੀ।"

ਇਕ ਦਿਨ ਮੈਂ ਅਣਜਾਣੇ ਹੀ ਆਖ ਦਿੱਤਾ, "ਮਾਂ! ਹੋਰ ਕਿਹੜੀ ਕਿਹੜੀ ਚੀਜ਼ ਵਿਚ ਵਲ ਹੁੰਦੇ ਨੇ?"

ਮਾਂ ਬੋਲੀ, "ਪੁੱਤ ਚੀਜ਼ਾਂ ਛੱਡ, ਵਲ ਤਾਂ ਬੰਦਿਆਂ ਵਿਚ ਵੀ ਬਥੇਰੇ ਹੁੰਦੇ ਨੇ, ਜੋ ਕੱਢਦਿਆਂ ਸਾਰੀ ਉਮਰ ਬੀਤ ਜਾਂਦੀ ਹੈ, ਪਰ ਇਹ ਵਲ ਮੁਕਣ ਵਿਚ ਨਹੀਂ ਆਉਂਦੇ।"



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
ਫੋਨ: 916-687-3536

ਮੈਂ ਫਿਰ ਕਹਿਣਾ, "ਮਾਂ ਉਹ ਵਲਾਂ ਵਾਲੇ ਬੰਦੇ ਕਿਵੇਂ ਦੇ ਹੁੰਦੇ ਨੇ? ਪਰੌਂਠਿਆਂ ਵਾਂਗ ਉਨ੍ਹਾਂ ਦੇ ਵਲ ਵੀ ਦਿਖਾਈ ਦਿੰਦੇ ਨੇ?"

ਮਾਂ ਨੇ ਮੈਨੂੰ ਘੁੱਟ ਕੇ ਗਲ ਨਾਲ ਲਾ ਪਿਆਰ ਭਰਿਆ ਹੱਥ ਸਿਰ 'ਤੇ ਰੱਖ ਕੇ ਆਖਣਾ, "ਨਹੀਂ ਲਾਡੋ ਧੀਏ! ਬੰਦਿਆਂ ਦੇ ਵਲ ਦਿਖਾਈ ਨਹੀਂ ਦਿੰਦੇ, ਉਹ ਤਾਂ ਭੁਗਤਣੇ ਹੀ ਪੈਂਦੇ ਨੇ।"

"ਮਾਂ! ਇਹ ਭੁਗਤਣਾ ਕੀ ਹੁੰਦਾ ਹੈ ਤੇ ਕਿਵੇਂ ਭੁਗਤੀਦਾ ਹੈ? ਜਦ ਬੰਦਿਆਂ ਦੇ ਵਲ ਦਿਖਾਈ ਹੀ ਨਹੀਂ ਦਿੰਦੇ ਤਾਂ ਪਤਾ ਕਿਵੇਂ ਲਗਦਾ ਹੈ ਕਿ ਇਹ ਵਲਾਂ ਵਾਲਾ ਬੰਦਾ ਹੈ ਤੇ ਇਸ ਵਿਚ ਕਿੰਨੇ ਵਲ ਨੇ? ਬੰਦੇ ਵਿਚ ਵਲ ਪਏ ਕਿਉਂ ਨੇ?"

ਮਾਂ ਨੇ ਆਖਣਾ, "ਜਰਾ ਕੁ ਵੱਡੀ ਹੋ ਲੈ, ਆਪੇ ਸਮਝ 'ਚ ਆ ਜਾਵੇਗਾ ਕਿ ਵਲਾਂ ਵਾਲੇ ਬੰਦੇ ਕਿਵੇਂ ਦੇ ਹੁੰਦੇ ਨੇ?"

"ਮਾਂ ਬੰਦੇ ਤਾਂ ਆਹ ਹੀ ਹੁੰਦੇ ਨੇ ਨਾ ਜਿਵੇਂ ਬਾਪੂ ਜੀ, ਵੀਰ ਜੀ ਤੇ ਜਾਂ ਆਪਣੇ ਤਾਏ-ਚਾਚੇ?"

ਮਾਂ ਨੇ ਕਹਿਣਾ, "ਨੀ ਝੱਲੋ! ਗੱਲ ਨੂੰ ਛੱਡ ਵੀ ਦਿਆ ਕਰ, ਜਾਹ ਮੈਨੂੰ ਨਹੀਂ ਪਤਾ।" ਤੇ ਮੈਂ ਮਾਂ ਦਾ ਉਦਾਸ ਜਿਹਾ ਚਿਹਰਾ ਦੇਖ ਚੁਪ ਕਰ ਜਾਣਾ, ਅੰਦਰ ਜਾ ਕੇ ਆਪਣੀ ਕਿਤਾਬ ਪੜ੍ਹਨ ਲੱਗ ਜਾਣਾ, ਪਰ ਵਲਾਂ ਵਾਲੇ ਬੰਦੇ ਦੀ ਸ਼ਕਲ ਬਣਾਉਂਦੀ ਰਹਿਣਾ 'ਹਾਇ ਰੱਬਾ! ਵਲਾਂ ਵਾਲੇ ਬੰਦੇ ਤਾਂ ਬੜੇ ਡਰਾਉਣੇ ਹੁੰਦੇ ਹੋਣੇ ਨੇ, ਜੰਗਲੀ ਜਿਹੇ! ਉਨ੍ਹਾਂ ਦੇ ਸਿਰਾਂ 'ਤੇ ਖੌਰੇ ਸਿੰਗ ਵੀ ਹੁੰਦੇ ਹੋਣਗੇ, ਤੇ ਵੱਡੇ ਵੱਡੇ ਦੰਦਾਂ ਵਾਲੇ।' ਇਹ ਸੋਚ ਕੇ ਡਰ ਨਾਲ ਅੱਖਾਂ ਬੰਦ ਕਰ ਲੈਣੀਆਂ।

ਇਕ ਦਿਨ ਮਾਂ ਵਿਹੜੇ 'ਚ ਧਰੇਕ ਦੀ ਛਾਂਵੇਂ ਬੈਠੀ ਕੁਝ ਕਰਦੀ ਪਈ ਸੀ। ਛੁੱਟੀਆਂ ਦੇ ਦਿਨ ਸਨ, ਮੈਂ ਕੋਲ ਜਾ ਬੈਠੀ ਤਾਂ ਮਾਂ ਦੇ ਉਦਾਸ ਮੂੰਹ ਵੱਲ ਬਿੱਟ ਬਿੱਟ ਵੇਖਣ ਲੱਗ ਪਈ। ਮਾਂ ਨੂੰ ਮੈਂ ਕਦੀ ਹੱਸਦੀ ਨਹੀਂ ਸੀ ਵੇਖਿਆ। ਮਾਂ ਨੇ ਮੈਨੂੰ ਲੰਮੀ ਪਾ ਕੇ ਮੇਰਾ ਸਿਰ ਆਪਣੀ ਝੋਲੀ ਵਿਚ ਰੱਖ ਲਿਆ ਤੇ ਮੇਰੇ ਸਿਰ ਨੂੰ ਪਿਆਰ ਨਾਲ ਪਲੋਸਣ ਲੱਗ ਪਈ। ਮੈਂ ਵੀ ਜ਼ਰਾ ਕੁ ਸੋਚ ਕੇ ਆਖਿਆ, "ਮਾਂ! ਮੈਨੂੰ ਕੋਈ ਬਾਤ ਸੁਣਾ।"

ਮਾਂ ਬੋਲੀ, "ਬਾਤਾਂ ਰਾਤ ਨੂੰ ਪਾਈਦੀਆਂ ਨੇ, ਦਿਨੇ ਨਹੀਂ। ਜੇ ਦਿਨੇ ਬਾਤਾਂ ਪਾਈਏ ਤਾਂ ਰਾਹੀਆਂ ਨੂੰ ਰਾਹ ਭੁਲ ਜਾਂਦੇ ਨੇ।"

ਮੈਂ ਕਿਹਾ, "ਮਾਂ ਵਲਾਂ ਵਾਲੇ ਬੰਦੇ ਦੀ ਗੱਲ ਸੁਣਾ ਦੇਹ ਨਾ, ਮਾਂ ਬਣ ਕੇ!"

ਮਾਂ ਬੋਲੀ, "ਖਹਿੜੇ ਨਾ ਪਿਆ ਕਰ, ਮੇਰਾ ਰੱਬ ਸੱਚਾ ਮਿਹਰ ਕਰੇ, ਤੈਨੂੰ ਕਦੀ ਕੋਈ ਵਲਾਂ ਵਾਲਾ ਬੰਦਾ ਨਾ ਮਿਲੇ। ਦੂਰ ਦੁਰਾਡੇ ਕਿਤੇ ਕਿਸੇ ਰਿਸ਼ਤੇਦਾਰੀ ਵਿਚ ਵੀ ਨਾ ਮਿਲੇ।"

ਮੈਂ ਉਠ ਕੇ ਬੈਠ ਗਈ, "ਹਾਇ ਮਾਂ! ਰਿਸ਼ਤੇਦਾਰੀਆਂ ਵਿਚ ਵੀ ਵਲਾਂ ਵਾਲੇ ਬੰਦੇ? ਸਾਡੇ ਰਿਸ਼ਤੇਦਾਰਾਂ ਵਿਚ ਤੇ ਕੋਈ ਨਹੀਂ ਨਾ ਹੈਗਾ ਵਲਾਂ ਵਾਲਾ ਬੰਦਾ? ਸਾਰੇ ਹੀ ਸੋਹਣੇ ਸਿੱਧੇ ਨੇ।"

ਮਾਂ ਬੋਲੀ, "ਆਹੋ ਪੁੱਤ! ਸਾਡੇ ਤਾਂ ਸਾਰੇ ਹੀ ਰਿਸ਼ਤੇਦਾਰ ਬੜੇ ਸੋਹਣੇ ਤੇ ਸਿੱਧੇ ਨੇ।"

ਬਾਪੂ ਬਾਹਰੋਂ ਆ ਗਿਆ ਸੀ ਤੇ ਮਾਂ ਝੱਟ ਉਠ ਕੇ ਦੌੜੀ ਤੇ ਪਾਣੀ ਲੈ ਆਈ। ਬਾਪੂ ਨੇ ਪਾਣੀ ਤਾਂ ਲੈ ਲਿਆ, ਪਰ ਮਾਂ ਵਲ ਦੇਖਿਆ ਤਕ ਨਾ। ਮਾਂ ਅੰਦਰ ਜਾ ਕੰਮ ਧੰਦੇ ਲੱਗ ਗਈ। ਅੱਜ ਪਤਾ ਨਹੀਂ ਪਹਿਲੀ ਵਾਰ ਮੈਨੂੰ ਕਿਉਂ ਲੱਗਿਆ ਕਿ ਮੇਰੀ ਮਾਂ ਦੇ ਅੰਦਰ ਕੁਝ ਹੈ। ਕੀ ਮਾਂ ਨੂੰ ਵੀ ਕੋਈ ਵਲਾਂ ਵਾਲਾ ਬੰਦਾ ਦਿਖਾਈ ਦਿੰਦਾ ਹੈ ਜਾਂ ਮਾਂ ਕਿਸੇ ਵਲਾਂ ਵਾਲੇ ਨੂੰ ਜਾਣਦੀ ਹੈ? ਇਹ ਕਿਸ ਤੋਂ ਡਰਦੀ ਹੈ?

ਹੁਣ ਮੈਂ ਵੱਡੀ ਹੋ ਰਹੀ ਸਾਂ। ਸਕੂਲ ਵੀ ਜਾਂਦੀ ਸਾਂ ਤੇ ਕਈ ਗੱਲਾਂ ਮੈਂ ਸਮਝਣ ਵੀ ਲੱਗ ਪਈ ਸਾਂ, ਪਰ ਉਹ ਵਲਾਂ ਵਾਲੇ ਬੰਦੇ? ਇਕ ਦਿਨ ਮੈਂ ਵੱਡੇ ਵੀਰ ਨੂੰ ਮਾਂ ਨਾਲ ਜ਼ਰਾ ਤੱਤਾ ਬੋਲਦਿਆਂ ਸੁਣ ਲਿਆ। ਉਹ ਪੁੱਤਰ, ਜਿਸ ਦੀਆਂ ਸੁੱਖਾਂ ਮੰਗਦੀ ਮਾਂ ਥੱਕਦੀ ਨਹੀਂ ਸੀ। ਉਸ ਦਿਨ ਮਾਂ ਸਾਰਾ ਦਿਨ ਹੋਰ ਉਦਾਸ ਰਹੀ। ਮਾਂ ਨੂੰ ਮੈਂ ਪਹਿਲਾਂ ਵੀ ਕਿਹੜਾ ਕਦੀ ਹੱਸਦਿਆਂ ਦੇਖਿਆ ਸੀ। ਭੈਣ-ਭਰਾ ਕੋਈ ਰੱਬ ਨੇ ਦਿੱਤਾ ਹੀ ਨਹੀਂ ਸੀ। ਵਿਆਹ ਪਿਛੋਂ ਮਾਂ-ਬਾਪ ਵੀ ਤੁਰ ਗਏ ਸਨ; ਉਥੇ, ਜਿਥੋਂ ਕਦੀ ਕੋਈ ਪਰਤ ਕੇ ਨਹੀਂ ਆਇਆ। ਮਾਂ ਦਾ ਸਾਰਾ ਜਹਾਨ ਇਹੋ ਘਰ ਹੀ ਸੀ, ਨਾ ਕਦੀ ਉਹ ਕਿਤੇ ਗਈ ਸੀ ਤੇ ਨਾ ਉਸ ਕਦੀ ਕਿਤੇ ਜਾਣਾ ਸੀ। ਮੈਥੋਂ ਵੱਡੇ ਦੋ ਵੀਰ ਸਨ ਤੇ ਨਿੱਕੀ ਮੈਂ।

ਪਤਾ ਨਹੀਂ ਮੈਂ ਮਾਂ ਬਾਰੇ ਕਿਉਂ ਕੁਝ ਬਹੁਤਾ ਹੀ ਸੋਚਣ ਲੱਗ ਪਈ ਸਾਂ। ਇਕ ਦਿਨ ਮਾਂ ਕੋਲ ਗੁਆਂਢਣ ਆ ਬੈਠੀ। ਇਕ ਉਹ ਹੀ ਤੇ ਸੀ, ਜੋ ਕਦੀ ਕਦਾਈਂ ਮਾਂ ਕੋਲ ਆ ਜਾਂਦੀ ਸੀ, ਪਰ ਮਾਂ ਤਾਂ ਕਦੀ ਉਹਦੇ ਘਰ ਵੀ ਨਹੀਂ ਸੀ ਗਈ। ਪਤਾ ਨਹੀਂ ਕਿਉਂ? ਪਰ ਉਹ ਸੀ ਬੜੀ ਚੰਗੀ, ਮਾਂ ਨੂੰ ਵੀ ਉਹਦੇ ਆਉਣ 'ਤੇ ਖੁਸ਼ੀ ਜਿਹੀ ਮਿਲਦੀ। ਉਹ ਆਉਂਦੀ ਉਦੋਂ ਹੀ, ਜਦ ਬਾਪੂ ਤੇ ਵੱਡਾ ਵੀਰ ਘਰ ਨਾ ਹੁੰਦੇ। ਵੱਡਾ ਵੀਰ ਪੜ੍ਹਨ ਨਹੀਂ ਸੀ ਜਾਂਦਾ, ਬਸ ਬਾਪੂ ਨਾਲ ਹੀ ਰਹਿੰਦਾ ਤੇ ਬਾਪੂ ਦੀ ਹੀ ਸੁਣਦਾ। ਮੈਥੋਂ ਵੱਡਾ ਤੇ ਮੈਂ ਹੀ ਪੜ੍ਹਨੇ ਪਏ ਸਾਂ।

ਇਕ ਦਿਨ ਬਾਪੂ ਤੇ ਵੀਰ ਕਿਤੇ ਵਾਂਢੇ ਗਏ ਹੋਏ ਸਨ, ਛੋਟਾ ਗਲੀ 'ਚ ਖੇਡਦਾ ਪਿਆ ਸੀ ਤੇ ਉਹ ਗੁਆਂਢਣ ਮਾਂ ਕੋਲ ਆ ਬੈਠੀ। ਦੋਵੇਂ ਬੜੀਆਂ ਹੀ ਮਿੱਠੀਆਂ ਤੇ ਪਿਆਰੀਆਂ ਜਿਹੀਆਂ। ਮਾਂ ਵੀ ਉਹਨੂੰ ਬੀਬੀ ਆਖ ਬੁਲਾਉਂਦੀ ਤੇ ਮਾਂ ਦੀ ਰੀਸੇ ਮੈਂ ਵੀ ਉਹਨੂੰ ਵੱਡੀ ਬੀਬੀ ਆਖਦੀ। ਅੱਜ ਪਤਾ ਨਹੀਂ ਕਿਉਂ ਉਨ੍ਹਾਂ ਦੀਆਂ ਗੱਲਾਂ ਸੁਣਨ ਨੂੰ ਮੇਰਾ ਦਿਲ ਪਿਆ ਕਰਦਾ ਸੀ। ਬੂਹੇ ਦੇ ਨਾਲ ਹੀ ਡੱਠੀ ਮੰਜੀ 'ਤੇ ਉਹ ਦੋਵੇਂ ਬਹਿ ਗਈਆਂ ਤੇ ਮੈਂ ਅੰਦਰਲੇ ਪਾਸੇ ਖਲੋ ਗਈ, ਜਿਵੇਂ ਅੱਜ ਮੈਂ ਪਤਾ ਨਹੀਂ ਕੀ ਜਾਣਨਾ ਤੇ ਕੀ ਸੁਣਨਾ ਚਾਹ ਰਹੀ ਸਾਂ? ਰੱਬ ਜਾਣੇ, ਖੌਰੇ ਉਨ੍ਹਾਂ ਨੂੰ ਵੀ ਭੁਲ ਗਿਆ ਸੀ ਕਿ ਮੈਂ ਘਰ ਹਾਂ, ਪਰ ਅੱਜ ਮੈਂ ਕੁਝ ਜਾਣਨਾ ਸੀ, ਉਹ ਦੋਵੇਂ ਮਾਂਵਾਂ-ਧੀਆਂ ਸਨ ਜਾਂ ਭੈਣਾਂ-ਭੈਣਾਂ? ਇਹ ਤਾਂ ਨਹੀਂ ਪਤਾ, ਪਰ ਉਨ੍ਹਾਂ ਦਾ ਹਰ ਦੁੱਖ, ਹਰ ਗਮ ਸਾਂਝਾ ਸੀ।

ਵੱਡੀ ਬੀਬੀ ਜਿਉਂ ਹੀ ਮੰਜੇ 'ਤੇ ਬੈਠੀ, ਮਾਂ ਵੀ ਉਹਦੇ ਕੋਲ ਹੋ ਆਖਣ ਲੱਗੀ, "ਬੀਬੀ ਚੰਗਾ ਹੋਇਆ ਤੂੰ ਆ ਗਈ ਏਂ। ਅੱਜ ਸਵੇਰ ਦੀ ਮਾਂ ਬੜੀ ਯਾਦ ਪਈ ਆਉਂਦੀ ਏ ਤੇ ਦਿਲ ਵੀ ਮੂੰਹ ਨੂੰ ਪਿਆ ਆਉਂਦਾ ਏ।"

ਬੀਬੀ ਬੋਲੀ, "ਮੈਂ ਤੇਰੀ ਲਾਡੋ ਦੇ ਪਿਉ ਤੇ ਵੀਰ ਨੂੰ ਬਾਹਰ ਨਿਕਲਦੇ ਵੇਖ ਲਿਆ ਸੀ ਤਾਂ ਹੀ ਤੇ ਦੌੜੀ ਆਈ ਹਾਂ। ਕੀ ਗੱਲ ਏ, ਉਦਾਸ ਕਿਉਂ ਏਂ?"

ਮਾਂ ਅੱਖਾਂ ਪੂੰਝਦੀ ਆਖਣ ਲੱਗੀ, "ਬੀਬੀ! ਆਪਣੀ ਮਾਂ ਨੂੰ ਵੀ ਮੈਂ ਸਦਾ ਰੋਂਦਿਆਂ ਹੀ ਤੱਕਿਆ ਸੀ। ਮੇਰੀ ਮਾਂ ਦੀ ਤੇ ਮੇਰੀ ਕਿਸਮਤ ਰੱਬ ਨੇ ਖੌਰੇ ਇੱਕੋ ਕਾਨੀ ਨਾਲ ਲਿਖੀ ਸੀ, ਉਹ ਵੀ ਜਹਾਨੋਂ ਐਵੇਂ ਹੀ ਰੋਂਦੀ ਤੁਰ ਗਈ ਤੇ ਮੈਂ ਵੀ ਰੋ-ਧੋ ਕੇ ਦਿਨ ਕੱਟੀ ਜਾ ਰਹੀ ਹਾਂ, ਪਰ ਮੇਰੀ ਲਾਡੋ ਹੁਣ ਵੱਡੀ ਹੋ ਰਹੀ ਏ, ਹਰ ਗੱਲ 'ਤੇ ਸਵਾਲ ਕਰਦੀ ਏ। ਇਕ ਦਿਨ ਕਿਤੇ ਮੈਂ ਆਖ ਬੈਠੀ ਕਿ ਬੰਦਿਆਂ ਵਿਚ ਵੀ ਬਥੇਰੇ ਵਲ ਹੁੰਦੇ ਨੇ। ਉਦੋਂ ਦੀ ਹੀ ਮੇਰੇ ਮਗਰ ਪਈ ਰਹਿੰਦੀ ਏ ਕਿ ਮਾਂ ਉਹ ਵਲਾਂ ਵਾਲੇ ਬੰਦੇ ਕਿਵੇਂ ਦੇ ਹੁੰਦੇ ਨੇ? ਮੈਨੂੰ ਵੀ ਦੱਸ। ਬੀਬੀ! ਲਾਡੋ ਨੂੰ ਮੈਂ ਕੀ ਦੱਸਾਂ?"

ਬੀਬੀ ਵੀ ਭਰੇ ਮਨ ਨਾਲ ਬੋਲੀ, "ਲਾਡੋ ਦੀ ਮਾਂ! ਕਿਸਮਤ ਦੀਆਂ ਗੱਲਾਂ ਨੇ। ਤੇਰੀ ਲਾਡੋ ਦੀ ਕਿਸਮਤ ਤੇਰੇ ਜਿਹੀ ਨਹੀਂ, ਤੈਥੋਂ ਚੰਗੀ ਹੀ ਹੋਵੇਗੀ। ਤੂੰ ਬਾਹਲਾ ਫਿਕਰ ਨਾ ਕਰਿਆ ਕਰ। ਰੱਬ ਐਵੇਂ ਨਹੀਂ ਕਰਨ ਲੱਗਾ।"

ਮੈਂ ਬੂਹੇ ਪਿਛੇ ਖਲੋਤੀ ਖਲੋਤੀ ਹੋਰ ਉਲਝਦੀ ਜਾ ਰਹੀ ਸਾਂ, "ਹਾਇ ਰੱਬਾ, ਮੇਰੀ ਮਾਂ!" ਤੇ ਮੈਂ ਫਿਰ ਸਾਹ ਘੁੱਟ ਕੇ ਸੁੰਨ ਜਿਹੀ ਹੋ ਕੇ ਖਲੋ ਗਈ। ਮਾਂ ਦੀਆਂ ਅੱਖਾਂ 'ਚੋਂ ਪਾਣੀ ਵਗ ਤੁਰਿਆ ਸੀ ਤੇ ਮਾਂ ਹਉਕੇ ਭਰ ਭਰ ਰੋਣ ਲੱਗੀ। ਮੇਰਾ ਵੀ ਦਿਲ ਟੁੱਟਣ ਜਿਹਾ ਲੱਗਾ, ਜਿਵੇਂ ਮੈਂ ਹੁਣੇ ਹੀ ਖਲੀ ਖਲੋਤੀ ਡਿੱਗ ਪਵਾਂਗੀ। ਮੇਰੀ ਮਾਂ ਦੀ ਮਾਂ ਮਰ ਚੁਕੀ ਸੀ, ਮੇਰੀ ਮਾਂ ਹੌਲੀ ਹੌਲੀ ਮਰ ਰਹੀ ਸੀ ਤੇ ਮਾਂ ਦੇ ਮਗਰੋਂ ਮੇਰੀ ਵਾਰੀ ਸੀ-ਧੁਖ ਧੁਖ ਕੇ ਮਰਨ ਦੀ!



ਲੰਮਾ ਸਾਹ ਲੈ ਕੇ ਮਾਂ ਬੋਲੀ, "ਬੀਬੀ! ਮੇਰੀ ਲਾਡੋ ਨੂੰ ਤਾਂ ਕੋਈ ਚੰਗਾ ਘਰ ਮਿਲੇਗਾ ਨਾ? ਬੱਸ ਇਹੋ ਝੋਰਾ ਹੀ ਦਿਨ ਰਾਤ ਮੈਨੂੰ ਖਾਈ ਜਾਂਦਾ ਏ। ਮੇਰੀ ਲਾਡੋ ਬੜੀ ਭੋਲੀ ਏ, ਜੇ ਉਹਨੂੰ ਵੀ ਕਿਤੇ ਮਾੜਾ ਟੱਬਰ ਮਿਲ ਗਿਆ ਤਾਂ ਮੇਰੀ ਲਾਡੋ ਦਾ ਕੀ ਬਣੇਗਾ? ਬੀਬੀ! ਮੇਰੀ ਮਾਂ ਨੂੰ ਵੀ ਮੇਰਾ ਹੀ ਫਿਕਰ ਖਾ ਗਿਆ ਸੀ, ਉਹ ਵੀ ਚਾਹੁੰਦੀ ਸੀ ਕਿ ਮੈਨੂੰ ਕੋਈ ਚੰਗਾ ਘਰ ਪਰਿਵਾਰ ਮਿਲ ਜਾਵੇ, ਪਰ ਲੇਖਾਂ ਦੀਆਂ ਲਿਖੀਆਂ ਨੂੰ ਕੌਣ ਮਿਟਾਵੇ, ਤੇਰੇ ਸਾਹਮਣੇ ਹੀ ਏ ਸਭ ਕੁਝ। ਹੁਣ ਲਾਡੋ ਨੇ ਜੇ ਕਿਸੇ ਦਿਨ ਫਿਰ ਪੁੱਛ ਲਿਆ 'ਮਾਂ ਵਲਾਂ ਵਾਲੇ ਬੰਦੇ ਕਿਹੋ ਜਿਹੇ ਹੁੰਦੇ ਨੇ?' ਮੈਂ ਕਿਹੜੇ ਮੂੰਹ ਨਾਲ ਦੱਸਾਂਗੀ ਕਿ ਧੀਏ! ਉਹ ਬੰਦੇ ਜੰਗਲਾਂ ਉਜਾੜਾਂ ਵਿਚ ਨਹੀਂ, ਘਰਾਂ ਵਿਚ ਹੀ ਰਹਿੰਦੇ ਨੇ ਤੇ ਸਾਡੇ ਆਪਣੇ ਹੀ ਹੁੰਦੇ ਨੇ। ਸਾਨੂੰ ਕੋਹ ਕੋਹ ਕੇ ਮਾਰਦੇ ਨੇ, ਸਾਨੂੰ ਦਗਾ ਦਿੰਦੇ ਨੇ, ਸਾਡੇ 'ਤੇ ਜ਼ੁਲਮ ਕਰਦੇ ਨੇ, ਸਾਡਾ ਖੂਨ ਪੀਂਦੇ ਨੇ ਤੇ ਹਰ ਪਲ ਸਾਡੇ 'ਤੇ ਜ਼ੁਲਮ ਕਰ ਕੇ ਵੀ ਸਾਡੇ ਆਪਣੇ ਬਣੇ ਰਹਿੰਦੇ ਨੇ। ਦੇਖਣ ਨੂੰ ਬੜੇ ਚੰਗੇ, ਬੜੇ ਮਿੱਠੇ; ਅੰਦਰੋਂ ਹੋਰ ਤੇ ਬਾਹਰੋਂ ਹੋਰ ਹੁੰਦੇ ਨੇ।

ਅੱਜ ਮੈਂ ਪਹਿਲੀ ਵਾਰੀ ਵੇਖਿਆ ਸੀ ਕਿ ਵੱਡੀ ਬੀਬੀ ਦੀਆਂ ਅੱਖਾਂ 'ਚੋਂ ਵੀ ਲਗਾਤਾਰ ਅੱਥਰੂ ਡਿਗਦੇ ਪਏ ਸਨ ਤੇ ਮਾਂ ਉਹਦੇ ਅੱਥਰੂ ਆਪਣੇ ਦੁਪੱਟੇ ਨਾਲ ਪੂੰਝਦੀ ਪਈ ਸੀ। ਵੱਡੀ ਬੀਬੀ ਲੰਮਾ ਸਾਹ ਲੈ ਕੇ ਬੋਲੀ, "ਲਾਡੋ ਦੀ ਮਾਂ! ਉਹ ਡਾਢਾ ਰੱਬ ਵੀ ਬੜਾ ਚੰਗਾ ਈ, ਆਹ ਵੇਖ ਲੈ ਖਾਂ ਨਾ ਕੋਈ ਮੇਰਾ ਤੇ ਨਾ ਹੀ ਕੋਈ ਤੇਰਾ, ਫਿਰ ਵੀ ਰੱਬ ਨੇ ਸਾਡੀ ਸਾਂਝ ਬਣਾਈ ਹੋਈ ਏ। ਜਿਹਦੇ ਲੜ ਮੈਂ ਲੱਗੀ ਹੋਈ ਸਾਂ, ਉਹ ਕਿਹੜੇ ਮੁਲਕ ਜਾ ਵੱਸਿਆ ਏ? ਪਤਾ ਹੀ ਨਹੀਂ, ਤੇ ਮੁੜ ਕਦੀ ਬਹੁੜਿਆ ਵੀ ਨਹੀਂ। ਉਹਦੀਆਂ ਉਡੀਕਾਂ ਕਰਦੀ ਦਾ ਤੇ ਲੋਕਾਂ ਦੇ ਭਾਂਡੇ ਮਾਂਜ ਗੁਜ਼ਾਰਾ ਕਰਦੀ ਦਾ ਸਿਰ ਚਿੱਟਾ ਹੋ ਗਿਆ ਈ। ਹੁਣ ਤੇ ਹੱਡ-ਪੈਰ ਵੀ ਰਹਿ ਗਏ ਨੇ, ਪਰ ਮੈਂ ਵੀ ਕਈ ਵਾਰ ਸੋਚਦੀ ਰਹਿਨੀ ਆਂ, ਤੇਰੀ ਲਾਡੋ ਹੁਣ ਸਿਆਣੀ ਹੋ ਚੱਲੀ ਏ, ਜੇ ਕਿਤੇ ਉਹਨੂੰ ਪਿਉ ਦੀਆਂ ਕਰਤੂਤਾਂ ਦਾ ਪਤਾ ਲੱਗ ਗਿਆ ਤਾਂ ਪਤਾ ਨਹੀਂ ਕੀ ਤੂਫਾਨ ਆਵੇਗਾ? ਆਹ ਹੀ ਫਿਕਰ ਏ ਕਿ ਜਵਾਨ ਹੋ ਰਹੀ ਧੀ ਖੌਰੇ ਕੀ ਕਰ ਬੈਠੇ!"


ਮਾਂ ਨੇ ਬੀਬੀ ਦੇ ਮੂੰਹ 'ਤੇ ਹੱਥ ਰੱਖਿਆ ਤੇ ਬੋਲੀ, "ਹਾਇ ਬੀਬੀ! ਜਿਸ ਦਿਨ ਲਾਡੋ ਨੂੰ ਪਤਾ ਲੱਗ ਗਿਆ ਕਿ ਉਹਦੇ ਪਿਉ ਨੇ ਮੇਰੇ ਕੀ ਕੀ ਹਾਲ ਕਰ ਰੱਖੇ ਨੇ ਤਾਂ ਮੈਂ ਜਿਉਂਦੀ ਹੀ ਮਰ ਜਾਵਾਂਗੀ। ਲਾਡੋ ਆਪਣੇ ਪਿਉ ਨੂੰ ਬਹੁਤ ਪਿਆਰ ਕਰਦੀ ਏ। ਲਾਡੋ ਨੂੰ ਕੀ ਪਤੈ ਕਿ ਉਹਦਾ ਪਿਉ ਕਿਵੇਂ ਦਾ ਹੈ ਤੇ ਨਾਲੇ ਮੈਂ ਵੀ ਨਹੀਂ ਕਦੀ ਲਾਡੋ ਨੂੰ ਦੱਸਣਾ ਕਿ ਤੇਰਾ ਪਿਉ ਵੀ ਵਲਾਂ ਵਾਲਾ ਬੰਦਾ ਹੈ! ਨਹੀਂ ਤਾਂ ਮੇਰੀ ਲਾਡੋ ਦੀ ਜ਼ਿੰਦਗੀ ਵੀ ਨਰਕ ਬਣ ਜਾਵੇਗੀ ਕਿ ਮੇਰਾ ਪਿਉ ਵੀ ਵਲਾਂ ਵਾਲਾ ਬੰਦਾ ਏ।"

ਮਾਂ ਦੀ ਇਹ ਗੱਲ ਸੁਣ ਕੇ ਮੇਰੇ ਸਾਹ ਬੰਦ ਹੋ ਰਹੇ ਸਨ। ਮੈਂ ਕਿਤੇ ਡੂੰਘੀ ਖਾਈ ਵਿਚ ਡਿਗਦੀ ਜਾ ਰਹੀ ਸਾਂ ਤੇ ਆਖ ਰਹੀ ਸਾਂ, ਮਾਂ ਤੇਰੀ ਲਾਡੋ ਦੀ ਜ਼ਿੰਦਗੀ ਨਰਕ ਬਣ ਚੁਕੀ ਹੈ। ਮਾਂ, ਮੈਨੂੰ ਅੱਜ ਸਾਰਾ ਪਤਾ ਲੱਗ ਗਿਐ ਕਿ ਵਲਾਂ ਵਾਲੇ ਬੰਦੇ ਕਿਹੋ ਜਿਹੇ ਹੁੰਦੇ ਨੇ, ਮੈਂ ਜਾਣ ਚੁਕੀ ਹਾਂ, ਮਾਂ ਮੇਰਾ ਪਿਉ ਵੀ ਵਲਾਂ ਵਾਲਾ ਬੰਦਾ ਏ।

# ਪਾਕਿਸਤਾਨ ਮੇਲ ਦਾ ਆਖਰੀ ਅਸਵਾਰ

***ਖੁਸ਼ਵੰਤ ਸਿੰਘ ਦਾ ਨਾਂ ਸੰਸਾਰ ਦੇ ਕਹਿੰਦੇ-ਕਹਾਉਂਦੇ ਲੇਖਕਾਂ ਅਤੇ ਪੱਤਰਕਾਰਾਂ ਵਿਚ ਆਉਂਦਾ ਹੈ। ਉਸ ਨੇ ਵਕਾਲਤ ਦੀ ਪੜ੍ਹਾਈ ਕੀਤੀ, ਪਰ ਸਫਲ ਨਾ ਹੋ ਸਕਿਆ। ਪਿਛੋਂ ਵਕਾਲਤ ਦੌਰਾਨ ਲਿਖਣ ਦੇ ਅਭਿਆਸ ਨੂੰ ਅਜਿਹਾ ਰਾਹ ਮਿਲਿਆ ਕਿ ਉਹ ਲੇਖਕ ਵਜੋਂ ਪ੍ਰਵਾਨ ਚੜ੍ਹਿਆ। ਪੰਜਾਬੀ ਗਲਪ ਜਗਤ ਵਿਚ ਆਪਣੀ ਨਿਵੇਕਲੀ ਪਛਾਣ ਬਣਾਉਣ ਵਾਲੇ ਲਿਖਾਰੀ ਗੁਲਜ਼ਾਰ ਸਿੰਘ ਸੰਧੂ ਨੇ ਉਸ ਦੀ ਜ਼ਿੰਦਗੀ ਅਤੇ ਰਚਨਾਵਾਂ ਨਾਲ ਜੁੜੀਆਂ ਯਾਦਾਂ ਆਪਣੇ ਇਸ ਲੇਖ ਵਿਚ ਸਮੇਟੀਆਂ ਹਨ, ਜੋ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

'ਪਾਕਿਸਤਾਨ ਮੇਲ' ਅੰਗਰੇਜ਼ੀ ਨਾਵਲ 'ਟਰੇਨ ਟੂ ਪਾਕਿਸਤਾਨ' ਦਾ ਪੰਜਾਬੀ ਅਨੁਵਾਦ ਹੈ। ਮੇਰਾ ਕੀਤਾ ਹੋਇਆ। ਇਸ ਦਾ ਮੂਲ ਲੇਖਕ ਖੁਸ਼ਵੰਤ ਸਿੰਘ ਸੀ। ਸਰਗੋਧਾ (ਪਾਕਿਸਤਾਨ) ਜਿਲੇ ਦੇ ਰੇਤਿਆਂ ਵਿਚ ਪੈਂਦੇ ਨਿੱਕੇ ਜਿਹੇ ਪਿੰਡ ਹਡਾਲੀ ਦਾ ਜੰਮਪਲ। ਉਦੋਂ ਇਸ ਪਿੰਡ ਦੀ ਵਸੋਂ ਸਿਰਫ ਹਜ਼ਾਰ-ਬਾਰਾਂ ਸੌ ਸੀ। ਗਿਣਵੇਂ ਹਿੰਦੂ-ਸਿੱਖ ਪਰਿਵਾਰਾਂ ਨੂੰ ਛੱਡ ਕੇ ਸਾਰੇ ਮੁਸਲਮਾਨ ਹੀ ਸਨ। ਬਲੋਚੀ ਕੱਦ ਕਾਠ ਦੇ ਮਾਲਕ।



ਪਿੰਡ ਤੋਂ ਤੀਹ ਪੈਂਤੀ ਮੀਲ ਦੀ ਦੂਰੀ 'ਤੇ ਖਿਉੜਾ ਨਾਂ ਦਾ ਪਹਾੜ ਸੀ। ਖਾਣ ਵਾਲੇ ਨਮਕ ਦਾ ਖਜਾਨਾ। ਹਡਾਲੀ ਦੇ ਬਹੁਤੇ ਲੋਕ ਊਠ ਰੱਖਦੇ ਸਨ। ਉਹ

**ਗੁਲਜ਼ਾਰ ਸਿੰਘ ਸੰਧੂ**

ਇਸ ਖੇਤਰ ਦਾ ਨਮਕ ਤੇ ਖਜੂਰਾਂ ਊਠਾਂ 'ਤੇ ਲੱਦ ਕੇ ਲਾਹੌਰ/ਅੰਮ੍ਰਿਤਸਰ ਤੱਕ ਲੈ ਕੇ ਜਾਂਦੇ। ਇਹੀਓ ਉਨ੍ਹਾਂ ਦਾ ਧੰਦਾ ਸੀ। ਖੁਸ਼ਵੰਤ ਸਿੰਘ ਦੇ ਦਾਦੇ-ਪੜਦਾਦੇ ਵੀ ਇਹੀ ਕੰਮ ਕਰਦੇ ਸਨ।


ਖੁਸ਼ਵੰਤ ਸਿੰਘ ਦੇ ਜਨਮ ਸਮੇਂ ਉਸ ਦੇ ਦਾਦਾ ਸੁਜਾਨ ਸਿੰਘ ਨੇ ਨਵੀਂ ਦਿੱਲੀ ਵਿਚ ਇਮਾਰਤੀ ਕੰਮ ਦਾ ਠੇਕਾ ਲੈਣਾ ਸ਼ੁਰੂ ਕਰ ਦਿੱਤਾ ਸੀ। ਦੋ ਫਰਵਰੀ 1915 ਨੂੰ ਉਸ ਦੇ ਜਨਮ ਸਮੇਂ ਉਹ ਦੋਵੇਂ ਹਡਾਲੀ ਤੋਂ ਬਹੁਤ ਦੂਰ ਦਿੱਲੀ ਸਨ। ਕਈ ਮਹੀਨੇ ਤੱਕ ਉਸ ਨੂੰ ਵੇਖਣ ਵੀ ਨਹੀਂ ਆਏ। ਕੁਝ ਇਸ ਕਾਰਨ ਵੀ ਕਿ ਉਹ ਆਪਣੇ ਪਿਤਾ ਦਾ ਦੂਜਾ ਲੜਕਾ ਸੀ। ਪਿਤਾ ਦਾ ਨਾਂ ਸੋਭਾ ਸਿੰਘ ਸੀ। ਉਹ ਦਿੱਲੀ ਤੋਂ ਆਇਆ ਵੀ ਤਾਂ ਖੁਸ਼ਵੰਤ ਦੀ ਮਾਂ ਤੇ ਉਸ ਤੋਂ ਵੱਡੇ ਭਰਾ ਨੂੰ ਦਿੱਲੀ ਲਿਜਾਣ ਵਾਸਤੇ।

ਖੁਸ਼ਵੰਤ ਨੂੰ ਉਸ ਦੀ ਦਾਦੀ ਨੇ ਪਾਲਿਆ ਤੇ ਪਿੰਡ ਦੀ ਧਰਮਸ਼ਾਲਾ ਵਿਚ ਭਾਈ ਹਰੀ ਸਿੰਘ ਕੋਲੋਂ ਪੜ੍ਹਾਇਆ। ਦਾਦੀ ਨਿੱਕੇ ਬਾਲਕ ਨੂੰ ਖੁਦ ਧਰਮਸ਼ਾਲਾ ਛੱਡ ਕੇ ਆਉਂਦੀ ਤੇ ਖੁਦ ਹੀ ਲੈ ਕੇ ਆਉਂਦੀ। ਉਹ ਜਾਂਦੇ-ਆਉਂਦੇ ਸਮੇਂ ਰਾਤ ਦੀ ਬਚੀ ਹੋਈ ਰੋਟੀ ਵੀ ਚੁੱਕ ਲੈਂਦੀ। ਇਸ ਰੋਟੀ ਦੇ ਟੁਕੜੇ ਕਰ ਕੇ ਦਾਦੀ-ਪੋਤਾ ਰਸਤੇ ਦੇ ਕੁੱਤਿਆਂ ਨੂੰ ਪਾਉਂਦੇ ਜਾਂਦੇ। ਦਾਦੀ ਨੂੰ ਉਡਣੇ ਪੰਛੀਆਂ ਨਾਲ ਵੀ ਪਿਆਰ ਸੀ। ਉਨ੍ਹਾਂ ਵਾਸਤੇ ਘਰ ਦੀ ਛੱਤ 'ਤੇ ਦਾਣੇ ਖਿਲਾਰਨਾ ਵੀ ਦਾਦੀ-ਪੋਤੇ ਦਾ ਨਿੱਤ ਨੇਮ ਸੀ।

ਕੱਚੀ ਮਿੱਟੀ ਦੇ ਘਰਾਂ ਵਿਚ ਜਨਮੇ ਤੇ ਰੇਤਿਆਂ ਵਿਚ ਖੇਡੇ ਖੁਸ਼ਵੰਤ ਸਿੰਘ ਨੇ ਇੰਗਲੈਂਡ ਜਾ ਕੇ ਵਕੀਲੀ ਵਿੱਦਿਆ ਪ੍ਰਾਪਤ ਕੀਤੀ ਅਤੇ ਦੇਸ਼ ਵੰਡ ਤੋਂ ਪਹਿਲਾਂ ਇੱਕ ਦਹਾਕਾ ਲਾਹੌਰ ਦੀ ਕਚਹਿਰੀ ਵਿਚ ਵਕਾਲਤ ਵੀ ਕੀਤੀ, ਪਰ ਉਸ ਦਾ ਮਨ ਵਕੀਲ ਨਾਲੋਂ ਲੇਖਕ ਬਣਨ ਦਾ ਸੀ। ਦੇਸ਼ ਵੰਡ ਤੋਂ ਪਿੱਛੋਂ ਉਸ ਨੇ ਭਾਰਤ ਸਰਕਾਰ ਲਈ ਆਕਾਸ਼ਵਾਣੀ ਤੇ ਯੋਜਨਾ ਕਮਿਸ਼ਨ ਦੇ ਰਸਾਲੇ ਵਿਚ ਵੀ ਕੰਮ ਕੀਤਾ ਅਤੇ ਫਿਰ ਗੈਰ-ਸਰਕਾਰੀ 'ਇਲਸਟ੍ਰੇਟਿਡ ਵੀਕਲੀ', 'ਨੈਸ਼ਨਲ ਹੈਰਲਡ', 'ਹਿੰਦੋਸਤਾਨ ਟਾਈਮਜ਼' ਤੇ 'ਨਿਊ ਦਿੱਲੀ' ਵਿਚ ਸਮਾਚਾਰ ਪੱਤਰਾਂ ਤੇ ਰਸਾਲਿਆਂ ਦਾ ਸੰਪਾਦਕ ਰਿਹਾ।

ਇਸ ਦੇ ਨਾਲ ਹੀ ਉਸ ਨੇ ਪੰਜ ਨਾਵਲ, ਵਾਰਤਕ ਦੀਆਂ ਅੱਠ ਪੁਸਤਕਾਂ ਤੇ ਅਨੇਕਾਂ ਕਹਾਣੀਆਂ ਅੰਗਰੇਜ਼ੀ ਵਿਚ ਲਿਖੀਆਂ, ਜਿਨ੍ਹਾਂ ਵਿਚੋਂ ਦੋ ਨਾਵਲ 'ਪਾਕਿਸਤਾਨ ਮੇਲ' ਤੇ 'ਰੰਨਾ ਵਿਚ ਧੰਨਾ' ਨਾਂ ਹੇਠ ਪੰਜਾਬੀ ਭਾਸ਼ਾ ਵਿਚ ਵੀ ਛਪੇ। ਇਸ ਤੋਂ ਪਹਿਲਾਂ ਉਸ ਦੀ ਸਭ ਤੋਂ ਪਹਿਲੀ ਕਹਾਣੀਆਂ ਦੀ ਪੁਸਤਕ ਵੀ ਪੰਜਾਬੀ ਵਿਚ ਅਨੁਵਾਦ ਹੋ ਕੇ 'ਨਾਂ ਵਿਚ ਕੀ ਪਿਆ ਏ' ਨਾਮ ਹੇਠ ਛਪੀ। ਹੁਣ ਤਾਂ ਉਸ ਦੀ ਸਵੈ-ਜੀਵਨੀ 'ਮੌਜ ਮੇਲਾ' ਵੀ ਪੰਜਾਬੀ ਵਿਚ ਛਪ ਚੁਕੀ ਹੈ। ਉਸ ਦੀ ਇਸ ਰਚਨਾਕਾਰੀ ਨੇ ਉਸ ਦੀ ਗੁੱਡੀ ਆਕਾਸ਼ ਤੱਕ ਚੜ੍ਹਾਈ, ਪਰ ਜਿਸ ਰਚਨਾ ਲਈ ਉਸ ਨੂੰ ਸਭ ਤੋਂ ਵੱਧ ਯਾਦ ਕੀਤਾ ਜਾਵੇਗਾ, ਉਹ ਦੋ ਜਿਲਦਾਂ ਵਿਚ ਛਪੀ 'ਹਿਸਟਰੀ ਆਫ ਦਿ ਸਿੱਖਸ' ਹੈ। ਇਹ ਵੀ ਪੰਜਾਬੀ ਵਿਚ 'ਸਿੱਖ ਹਿਸਟਰੀ' ਨਾਂ ਥੱਲੇ ਛਪੀ ਹੋਈ ਮਿਲਦੀ ਹੈ।

ਲੇਖਕ ਤੇ ਮਨੁੱਖ ਵਜੋਂ ਖੁਸ਼ਵੰਤ ਸਿੰਘ ਬੇਹੱਦ ਮਕਬੂਲ ਹਸਤੀ ਸੀ। ਭਾਰਤ ਦੀ ਸ਼ਾਇਦ ਹੀ ਕੋਈ ਅਖਬਾਰ ਤੇ ਰਸਾਲਾ ਹੋਵੇ, ਜਿਸ ਨੇ ਉਸ ਦੇ ਚਲਾਣੇ ਤੋਂ ਪਿੱਛੋਂ ਸ਼ਰਧਾਂਜਲੀ ਲੇਖ ਨਾ ਛਾਪੇ ਹੋਣ। ਲਿਖਣ ਵਾਲੇ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਦੇ ਵਸਨੀਕ ਹਨ। ਭਾਰਤ ਦੇ ਉਤਰ, ਦੱਖਣ, ਪੂਰਬ ਤੇ ਪੱਛਮ ਤੱਕ ਫੈਲੇ ਹੋਏ। ਸ਼ੋਭਾ ਡੇਅ, ਵਿਕਰਮ ਸੇਠ, ਰਿਜ਼ੌਲ ਹਸਨ ਲਸਕਰ, ਬੱਚੀ ਕਰਕਾਰੀਆ, ਰਾਜੂ ਭਾਰਤਨ, ਨੀਲਿਮਾ ਡਾਲਮੀਆ, ਆਸਿਫ ਨੂਰਾਨੀ, ਅਸਗ਼ਰ ਕਾਦਿਰ, ਸਈਦ ਫਿਰਦੌਸ ਅਸ਼ਰਫ, ਕੁਲਦੀਪ ਨਈਅਰ, ਮੰਗਲਮ ਸ੍ਰੀਨਿਵਾਸਨ, ਕਿਸ਼ਵਰ ਦੇਸਾਈ, ਸਾਦੀਆ ਦੇਹਲਵੀ, ਐਤਜਾਜ਼ ਅਹਿਸਨ, ਇੰਦਰ ਮਲਹੋਤਰਾ, ਪ੍ਰੇਮ ਸ਼ੰਕਰ ਝਾਅ, ਭਾਈਚੰਦ ਪਟੇਲ, ਅੰਜਨਾ ਰਾਜਨ, ਬਿਸ਼ਨ ਸਿੰਘ ਬੇਦੀ, ਰੂਪਿੰਦਰ ਸਿੰਘ, ਹਰਚਰਨ ਬੈਂਸ, ਸ਼ਹਿਰਯਾਰ ਫੀਰੋਜ਼, ਸ਼ੀਲਾ ਰੈੱਡੀ, ਅਜੀਤ ਪਿੱਲੈ, ਬਲਜੀਤ ਮਲਿਕ ਤੇ ਡੇਢ ਦਰਜਨ ਹੋਰ।




*ਖੁਸ਼ਵੰਤ ਸਿੰਘ ਦਾ ਨਾਵਲ 'ਟਰੇਨ ਟੂ ਪਾਕਿਸਤਾਨ' ਅਤੇ ਇਸ ਦੇ ਪੰਜਾਬ ਅਨੁਵਾਦ 'ਪਾਕਿਸਤਾਨ ਮੇਲ' ਦੇ ਮੁਖੜੇ।*

ਖੁਸ਼ਵੰਤ ਸਿੰਘ ਦੀਆਂ ਇਨ੍ਹਾਂ ਪ੍ਰਾਪਤੀਆਂ ਸਦਕਾ ਉਸ ਨੂੰ ਭਾਰਤ ਸਰਕਾਰ ਨੇ ਪਦਮ ਭੂਸ਼ਨ ਹੀ ਨਹੀਂ, ਪਦਮ ਵਿਭੂਸ਼ਨ ਦਾ ਸਨਮਾਨ ਵੀ ਦਿੱਤਾ ਅਤੇ ਕਿੰਗਜ਼ ਕਾਲਜ ਲੰਡਨ ਨੇ ਆਪਣੇ ਇਸ ਵਿਦਿਆਰਥੀ ਨੂੰ ਉਸ ਦੇ ਸੁਜਾਨ ਸਿੰਘ ਪਾਰਕ ਵਾਲੇ ਨਿਵਾਸ ਅਸਥਾਨ 'ਤੇ ਆ ਕੇ ਫੈਲੋਸ਼ਿਪ ਦਿੱਤੀ। ਉਰਦੂ ਭਾਸ਼ਾ ਨਾਲ ਉਸ ਦਾ ਇੰਨਾ ਮੋਹ ਸੀ ਕਿ ਉਹ ਹਰ ਮਹਿਫਿਲ ਵਿਚ ਉਰਦੂ ਦੇ ਬਹੁਤ ਢੁਕਵੇਂ ਸ਼ਿਅਰ ਸੁਣਾਉਂਦਾ ਸੀ। ਉਸ ਨੇ ਇਲਾਮਾ ਇਕਬਾਲ ਤੇ ਮਿਰਜ਼ਾ ਗਾਲਿਬ ਦੀ ਸ਼ਾਇਰੀ ਹੀ ਨਹੀਂ, ਰਾਜਿੰਦਰ ਸਿੰਘ ਬੇਦੀ ਦਾ ਨਾਵਲ 'ਇਕ ਚਾਦਰ ਅੱਧੋਰਾਣੀ' ਵੀ ਅੰਗਰੇਜ਼ੀ ਵਿਚ ਉਲਥਾ ਕਰ ਕੇ ਛਪਵਾਇਆ। ਭਾਵੇਂ ਉਸ ਨੇ ਪੰਜਾਬੀ ਵਿਚ ਕੁਝ ਵੀ ਨਹੀਂ ਲਿਖਿਆ, ਪਰ ਉਸ ਨੂੰ ਇਸ ਭਾਸ਼ਾ ਦੀ ਏਨੀ ਸਮਝ ਸੀ ਕਿ ਉਸ ਨੇ ਜਪੁਜੀ ਸਾਹਿਬ ਤੋਂ ਲੈ ਕੇ ਅੰਮ੍ਰਿਤਾ ਪ੍ਰੀਤਮ ਦੇ ਨਾਵਲ 'ਪਿੰਜਰ' ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਅਤੇ ਉਸ ਲਈ ਪ੍ਰਕਾਸ਼ਕ ਵੀ ਲੱਭੇ। ਇਹੋ ਕਾਰਨ ਹੈ ਕਿ ਉਸ ਦੇ ਜੀਵਨ ਦੇ ਅੰਤਲੇ ਸਮਿਆਂ ਵਿਚ ਨਵੀਂ ਦਿੱਲੀ ਦੀ ਸਿਰਮੌਰ ਸੰਸਥਾ ਪੰਜਾਬੀ ਸਾਹਿਤ ਸਭਾ ਨੇ ਉਸ ਦਾ ਘਰ ਜਾ ਕੇ ਸਨਮਾਨ ਕੀਤਾ, ਜਿਸ ਦੀ ਰਕਮ ਤਾਂ ਭਾਵੇਂ ਪੰਜਾਹ ਹਜ਼ਾਰ ਹੀ ਸੀ, ਪਰ ਉਸ ਨੇ ਇਹ ਰਕਮ ਬੜੇ ਮਾਣ ਨਾਲ ਪ੍ਰਾਪਤ ਅਤੇ ਆਪਣੇ ਮਨਭਾਉਂਦੇ ਪਰਬਤੀ ਟਿਕਾਣੇ ਕਸੌਲੀ ਵਿਚ ਬੂਟੇ ਲਾਉਣ ਲਈ 'ਖੁਸ਼ਵੰਤ ਸਿੰਘ ਫਾਊਂਡੇਸ਼ਨ ਆਫ ਇੰਡੀਆ' ਨੂੰ ਸੌਂਪ ਦਿੱਤੀ।

ਉਸ ਦੇ ਸੁਭਾਅ ਦੀ ਸ਼ਰਧਾਹੀਣਤਾ ਅਤੇ ਖਚਰੀ ਮਸਖਰੀ ਬਹੁਤ ਮਸ਼ਹੂਰ ਹੈ। ਇਸ ਦੇ ਨਮੂਨੇ ਵਜੋਂ ਮੈਂ ਦੋ ਹੀ ਗੱਲਾਂ ਲਿਖਦਾ ਹਾਂ। ਜਦੋਂ ਉਸ ਨੇ ਸਿੱਖਾਂ ਬਾਰੇ ਲਤੀਫੇ ਲਿਖਣੇ ਤੇ ਛਾਪਣੇ ਸ਼ੁਰੂ ਕੀਤੇ ਤਾਂ ਸ਼੍ਰੋਮਣੀ ਕਮੇਟੀ ਦੇ ਕਿਸੇ ਸ਼ਰਧਾ-ਭਾਵੀ ਮੈਂਬਰ ਨੇ ਬੜੀ ਸਨਿਮਰ ਬੇਨਤੀ ਕੀਤੀ ਕਿ ਉਹ ਇਹ ਕੰਮ ਨਾ ਕਰੇ। ਖੁਸ਼ਵੰਤ ਸਿੰਘ ਨੇ ਉਸ ਦੀ ਅਰਜ਼ੋਈ ਦਾ ਹਵਾਲਾ ਦੇ ਕੇ ਇੱਕ ਲਾਈਨ ਦਾ ਉਤਰ ਲਿਖਿਆ 'ਗੋ ਟੂ ਹੈੱਲ', ਭਾਵ ਢੱਠੇ ਖੂਹ ਵਿਚ ਪੈ। ਜਦੋਂ ਫਿਲਮੀ ਅਭਿਨੇਤਰੀ ਨਰਗਿਸ ਨੇ ਉਸ ਦੇ ਕਸੌਲੀ ਵਾਲੇ ਘਰ ਰਹਿਣ ਦੀ ਮੰਗ ਪਾਈ ਤਾਂ ਉਸ ਨੇ ਉਤਰ ਦਿੱਤਾ ਕਿ ਉਹ ਜੀਅ ਸਦਕੇ ਰਹਿ ਸਕਦੀ ਹੈ, ਬਸ਼ਰਤੇ ਉਹ ਇਸ ਗੱਲ ਦਾ ਗੁੱਸਾ ਨਾ ਕਰੇ, ਜੇ ਖੁਸ਼ਵੰਤ ਆਪਣੇ ਜਾਣਕਾਰਾਂ ਨੂੰ ਇਹ ਦੱਸੇ ਕਿ ਨਰਗਿਸ ਵੀ ਉਸ ਦੇ ਬਿਸਤਰੇ ਵਿਚ ਸੌਂ ਚੁਕੀ ਹੈ।

ਖੁਸ਼ਵੰਤ ਮਜ਼ਾਕ ਉਡਾਉਂਦਿਆਂ ਅੱਗਾ-ਪਿੱਛਾ ਨਹੀਂ ਸੀ ਦੇਖਦਾ। ਉਸ ਨੇ ਆਪਣੇ ਦੇਸ਼ ਵਾਸੀਆਂ ਨੂੰ ਆਪਣੀ ਖਿੱਲੀ ਆਪ ਉਡਾਉਣ ਦੀ ਜਾਚ ਸਿਖਾਈ। ਹੁਸੀਨ ਔਰਤਾਂ ਦੀ ਸੰਗਤ ਤੇ ਉਰਦੂ ਦੇ ਖੂਬਸੂਰਤ ਸ਼ਿਅਰਾਂ ਦਾ ਇਹ ਮੱਦਾਹ ਔਰਤਾਂ ਦਾ ਪਰਦਾ ਹਟਾ ਕੇ ਉਨ੍ਹਾਂ ਦੇ ਜਿਸਮਾਂ ਨੂੰ ਵੇਖਣ ਦਾ ਆਦੀ ਸੀ। ਆਪਣੀ ਸਵੈ-ਜੀਵਨੀ ਵਿਚ ਉਹ ਹਡਾਲੀ ਪਿੰਡ ਦੀਆਂ ਲੰਮੀਆਂ-ਲੰਝੀਆਂ ਮੁਸਲਿਮ ਔਰਤਾਂ ਨੂੰ ਆਪਣੇ ਸਿਰਾਂ ਉਤੇ ਦੋ-ਦੋ ਘੜੇ ਚੁੱਕੀ ਜਾਂਦੀਆਂ ਦਿਖਾਉਂਦਾ ਹੈ ਤਾਂ ਇਹ ਦੱਸਣਾ ਨਹੀਂ ਭੁੱਲਦਾ ਕਿ ਉਨ੍ਹਾਂ ਘੜਿਆਂ ਵਿਚੋਂ ਉਛਲ ਕੇ ਜਿਹੜਾ ਪਾਣੀ ਉਨ੍ਹਾਂ ਦੇ ਜਿਸਮਾਂ ਉਤੇ ਪੈਂਦਾ ਸੀ, ਉਹ ਉਨ੍ਹਾਂ ਨੂੰ ਕਿੰਨਾ ਮਨਮੋਹਣਾ ਬਣਾਉਂਦਾ ਸੀ।

ਉਸ ਨੂੰ ਨੇੜਿਓਂ ਜਾਣਨ ਵਾਲੇ ਜਾਣਦੇ ਹਨ ਕਿ ਉਹ ਆਪਣੀ ਡਾਇਰੀ ਵਿਚ ਇੱਕ ਪੋਸਟ-ਕਾਰਡ ਸਾਂਭ ਕੇ ਰੱਖਦਾ ਸੀ, ਜਿਸ ਦੇ ਪਤੇ ਵਾਲੇ ਖਾਨੇ ਵਿਚ ਸਿਰਫ ਚਾਰ ਸ਼ਬਦ ਸਨ: ਖੁਸ਼ਵੰਤ ਸਿੰਘ, ਬਾਸਟਰਡ, ਇੰਡੀਆ। ਤੇ ਇਹ ਕਾਰਡ ਸਹਿਜੇ ਹੀ ਉਸ ਦੇ ਸੁਜਾਨ ਸਿੰਘ ਪਾਰਕ ਵਾਲੇ ਘਰ ਪਹੁੰਚ ਗਿਆ ਸੀ। ਉਸ ਨੇ ਇਹ ਕਾਰਡ ਮੈਨੂੰ ਵੀ ਦਿਖਾਇਆ ਸੀ, ਪਰ ਮੈਂ ਉਸ ਨੂੰ ਇਹ ਕਹਿਣ ਦਾ ਹੌਸਲਾ ਨਹੀਂ ਕਰ ਸਕਿਆ ਕਿ ਇਸ ਦੇ ਲਿਖਣ ਵਾਲਾ ਉਹ ਖੁਦ ਹੀ ਹੋ ਸਕਦਾ ਸੀ।

ਇਸ ਤੋਂ ਪਹਿਲਾਂ ਕਿ ਮੈਂ ਤੁਹਾਨੂੰ ਇੱਕ ਵਾਰੀ ਫਿਰ ਖੁਸ਼ਵੰਤ ਸਿੰਘ ਦੀ ਜਨਮ ਭੂਮੀ ਹਡਾਲੀ (ਪਾਕਿਸਤਾਨ) ਲੈ ਜਾਵਾਂ, ਮੈਂ ਦੱਸਣਾ ਚਾਹਾਂਗਾ ਕਿ ਉਸ ਦੀ ਮੌਤ ਦੀ ਖਬਰ ਸੁਣ ਕੇ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਉਸ ਦੇ ਘਰ ਪਹੁੰਚ ਗਏ ਸਨ। ਸ਼ਰਧਾਂਜਲੀ ਸੰਦੇਸ਼ ਭੇਜਣ ਵਾਲਿਆਂ ਵਿਚ ਰਾਸ਼ਟਰਪਤੀ ਪ੍ਰਣਬ ਮੁਖਰਜੀ ਹੀ ਨਹੀਂ, ਭਾਜਪਾ ਨੇਤਾ ਐਲ. ਕੇ. ਅਡਵਾਨੀ ਵੀ ਸੀ। ਅਡਵਾਨੀ ਦੇ ਸ਼ਬਦ ਨੋਟ ਕਰਨ ਵਾਲੇ ਹਨ, "ਜ਼ਿੰਦਗੀ ਵਿਚ ਉਸ ਨੂੰ ਖੁਸ਼ਵੰਤ ਸਿੰਘ ਜਿਹਾ ਹੋਰ ਕੋਈ ਵੀ ਨਹੀਂ ਮਿਲਿਆ।"



*ਉਘੇ ਲਿਖਾਰੀ ਖੁਸ਼ਵੰਤ ਸਿੰਘ ਦੀ ਆਪਣੀ ਪਤਨੀ ਕੰਵਲ ਨਾਲ ਜਵਾਨੀ ਦੇ ਦਿਨਾਂ ਦੀ ਤਸਵੀਰ।*

ਇੱਕ ਉਰਦੂ ਅਖਬਾਰ ਨੇ ਉਰਦੂ ਅਦੀਬ ਮੁਜਤਬਾ ਹੁਸੈਨ ਦੇ ਤੀਹ ਸਾਲ ਪਹਿਲਾਂ ਦੇ ਲਿਖੇ ਇੱਕ ਲੇਖ ਦੇ ਹਵਾਲੇ ਨਾਲ ਇਹ ਲੇਖ ਛਾਪਿਆ ਸੀ, "ਅੰਗਰੇਜ਼ੀ ਕਾ ਮਾਇਆਨਾਜ਼ ਅਦੀਬ, ਹਿੰਦੁਸਤਾਨ ਦੀ ਗੰਗਾ-ਯਮੁਨਾ ਤਹਿਜ਼ੀਬ ਦਾ ਆਲਮਬਰਦਾਰ, ਉਰਦੂ ਕਾ ਪੁਜਾਰੀ, ਇਕਬਾਲ ਕਾ ਆਸ਼ਿਕ, ਗ਼ਾਲਿਬ ਕਾ ਮੁਰੀਦ, ਅਕਲੀਅਤੋਂ ਔਰ ਖਾਸ ਕਰ ਮੁਸਲਮਾਨੋਂ ਕਾ ਖੈਰ-ਖਵਾਹ, ਕਿਰਦਾਰ ਔਰ ਗੁਫਤਾਰ ਕਾ ਗਾਜ਼ੀ" ਸ਼ਬਦ ਵਰਤਣ ਪਿੱਛੋਂ ਮੁਜਤਬਾ ਹੁਸੈਨ ਵੱਲੋਂ ਇਹ ਵੀ ਲਿਖਿਆ ਖੁੱਲ੍ਹ ਕੇ ਛਾਪਿਆ, "ਮੈਂ ਅਪਨੀ ਜ਼ਿੰਦਗੀ ਮੇਂ ਸੈਂਕੜੇ ਅਦੀਬੋਂ, ਦਾਨਿਸ਼ਵਰੋਂ, ਫਨਕਾਰੋਂ ਸੇ ਮਿਲ ਚੁਕਾ ਹੂੰ, ਮਗਰ ਖੁਸ਼ਵੰਤ ਸਿੰਘ ਕੀ ਸਿਫਤ ਯਿਹ ਹੈ ਕਿ ਵੁਹ ਸਭ ਸੇ ਮੁਖਤਲਿਫ ਹੈ। ਉਸ ਕੇ ਲਿਖਨੇ ਕਾ ਅਸਲੂਬ ਮੁਖਤਲਿਫ, ਸੋਚਨੇ ਕਾ ਅੰਦਾਜ਼ ਮੁਖਤਲਿਫ, ਜ਼ਿੰਦਗੀ ਕੋ ਦੇਖਨੇ, ਸਮਝਨੇ ਔਰ ਪਰਖਨੇ ਕਾ ਨਜ਼ਰੀਆ ਮੁਖਤਲਿਫ ਔਰ ਸ਼ਖਸੀਅਤ ਕਾ ਯਹੀ ਅਨੋਖਾਪਨ ਖੁਸ਼ਵੰਤ ਸਿੰਘ ਕੋ ਖੁਸ਼ਵੰਤ ਸਿੰਘ ਬਨਾਤਾ ਹੈ।"

ਮੈਂ ਖੁਸ਼ਵੰਤ ਸਿੰਘ ਦੇ ਸੰਪਰਕ ਵਿਚ ਪੂਰੇ ਛੇ ਦਹਾਕੇ ਰਿਹਾ ਹਾਂ। 1956 ਵਿਚ ਉਸ ਦੇ 'ਯੋਜਨਾ' ਦਾ ਸੰਪਾਦਕ ਬਣਨ ਤੋਂ ਲੈ ਕੇ 2013 ਵਿਚ ਮੇਰੇ ਹੱਥੋਂ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦਾ ਸਨਮਾਨ ਲੈਣ ਤੱਕ। ਉਸ ਦੇ ਦੇਖਣ-ਪਰਖਣ, ਪੜ੍ਹਨ-ਲਿਖਣ ਤੇ ਸਦਾ ਸੁੱਚੇ ਮਨ ਦਾ ਕੋਈ ਜਵਾਬ ਨਹੀਂ ਸੀ। ਜਦੋਂ ਮੈਂ 1958 ਵਿਚ ਉਸ ਦੇ ਨਾਵਲ

**(ਬਾਕੀ ਅਗਲੇ ਸਫੇ 'ਤੇ)**

## ਜੜ੍ਹਾਂ ਦੀਆਂ ਗੱਲਾਂ-ਬਾਤਾਂ

ਮੇਰੀ ਅਕਸਰ ਇਸ ਗੱਲੋਂ ਆਲੋਚਨਾ ਕੀਤੀ ਜਾਂਦੀ ਹੈ ਕਿ ਮੈਂ ਪਾਕਿਸਤਾਨ-ਪੱਖੀ ਹਾਂ, ਪਰ ਮੈਂ ਮਹਿਸੂਸ ਕਰਦਾ ਹਾਂ ਕਿ ਪਾਕਿਸਤਾਨ ਨਾਲ ਚੰਗੇ ਤੁਆਲੁਕਾਤ ਦੀ ਇੱਛਾ ਜਤਾ ਕੇ ਮੈਂ ਭਾਰਤ ਦਾ ਭਲਾ ਹੀ ਕਰ ਰਿਹਾ ਹਾਂ।

ਪਾਕਿਸਤਾਨ ਉਹ ਦੇਸ਼ ਹੈ, ਜਿਸ ਵਿਚ ਮੇਰੀਆਂ ਜੜ੍ਹਾਂ ਹਨ। ਮੈਨੂੰ ਇਸ ਦੇਸ਼ ਨਾਲ ਸਨੇਹ ਰਹੇਗਾ ਹੀ। ਜਦੋਂ ਵੀ ਮੈਂ ਆਪਣੇ ਜੱਦੀ ਪਿੰਡ ਹਡਾਲੀ ਗਿਆ, ਮੈਂ ਜਜ਼ਬਾਤੀ ਹੋ ਗਿਆ। ਉਸ ਪਿੰਡ ਵਿਚ ਮੇਰਾ ਜਨਮ ਹੋਇਆ ਸੀ, ਮੇਰੇ ਮੁਢਲੇ ਸਾਲ ਗੁਜ਼ਰੇ ਸਨ ਅਤੇ ਉਥੇ ਹੁਣ ਵੀ ਮੇਰਾ ਜੱਦੀ ਘਰ ਮੌਜੂਦ ਹੈ। ਮੈਂ ਅਜੇ ਬੱਚਾ ਹੀ ਸਾਂ, ਜਦੋਂ ਮੇਰੀ ਦਾਦੀ ਤੇ ਮੈਨੂੰ ਆਪਣਾ ਪਿੰਡ ਛੱਡ ਕੇ ਦਿੱਲੀ ਆਉਣਾ ਪਿਆ ਜਿੱਥੇ ਮੇਰੇ ਦਾਦਾ ਤੇ ਪਿਤਾ ਜੀ ਦਾ ਠੇਕੇਦਾਰੀ ਦਾ ਕੰਮ ਚੰਗਾ ਚੱਲ ਰਿਹਾ ਸੀ। ਇਸ ਪਿਛੋਂ ਮੈਂ ਤਿੰਨ ਵਾਰ ਹਡਾਲੀ ਗਿਆ-ਦੋ ਵਾਰ ਦੇਸ਼ ਦੇ ਬਟਵਾਰੇ ਤੋਂ ਪਹਿਲਾਂ ਅਤੇ ਇੱਕ ਵਾਰ ਬਟਵਾਰੇ ਤੋਂ ਬਹੁਤ ਬਾਅਦ। ਹਰ ਵਾਰ ਜੱਦੀ ਘਰ ਤੇ ਜੱਦੀ ਪਿੰਡ ਦੇਖ ਕੇ ਮੇਰੇ ਹੰਝੂ ਵਹਿ ਤੁਰਦੇ ਸਨ। ਮੇਰੀ ਦਾਦੀ ਦੀਆਂ ਯਾਦਾਂ ਮੇਰੀਆਂ ਅੱਖਾਂ ਸਾਹਮਣੇ ਤੈਰਨ ਲੱਗਦੀਆਂ ਸਨ। ਕਿਵੇਂ ਉਹ ਮੈਨੂੰ ਦੁਲਾਰਦੀ ਸੀ। ਕਿਵੇਂ ਉਹ ਮੈਨੂੰ ਲੈ ਕੇ ਗੁਆਂਢੀਆਂ ਦੇ ਘਰਾਂ ਵਿਚ ਜਾਂਦੀ ਸੀ। ਕਿਵੇਂ ਉਹਦੀ ਉਂਗਲ ਫੜ ਕੇ ਮੈਂ ਧਰਮਸ਼ਾਲਾ ਜਾਂਦਾ ਸੀ। ਕਿਵੇਂ ਉਹ ਮੈਨੂੰ ਪੜ੍ਹਾਈ ਲਈ ਗ੍ਰੰਥੀ ਹਵਾਲੇ ਕਰ ਕੇ ਆਉਂਦੀ ਸੀ। ਉਹਦੀਆਂ ਪਕਾਈਆਂ ਰੋਟੀਆਂ,



*ਖੁਸ਼ਵੰਤ ਸਿੰਘ ਦੇ ਜੱਦੀ ਪਿੰਡ ਹਡਾਲੀ ਵਿਚ ਉਸ ਦਾ ਘਰ।*

ਉਸ ਵੱਲੋਂ ਕੀਤੀ ਸਫਾਈ,...ਉਸ ਦੀ ਅਵਾਜ਼-ਸਭ ਕੁਝ ਮੇਰੇ ਲਈ ਤਰੋ-ਤਾਜ਼ਾ ਹੋ ਜਾਂਦਾ ਸੀ।

ਮੈਂ ਜਦੋਂ ਵੀ ਪਿੰਡ ਗਿਆ, ਉਥੋਂ ਦੇ ਵਸਨੀਕਾਂ ਨੇ ਬੜੇ ਨਿੱਘ ਨਾਲ ਮੇਰਾ ਸੁਆਗਤ ਕੀਤਾ। ਜਦੋਂ ਆਖਰੀ ਵਾਰ ਹਡਾਲੀ ਗਿਆ ਤਾਂ ਰੋਹਤਕ ਤੋਂ ਉਜੜ ਕੇ ਗਏ ਤਿੰਨ ਪਰਿਵਾਰ ਸਾਡੇ ਜੱਦੀ ਘਰ ਵਿਚ ਵਸੇ ਮਿਲੇ। ਉਹ ਮੈਨੂੰ ਮਿਲ ਕੇ ਨਿਹਾਇਤ ਖੁਸ਼ ਹੋਏ। ਕੁਝ ਸਾਲ ਪਹਿਲਾਂ (ਪਾਕਿਸਤਾਨ ਦੇ ਪਾਰਸੀ ਸੰਸਦ ਮੈਂਬਰ) ਮੀਨੂ ਭੰਡਾਰਾ ਨੇ ਮੈਨੂੰ ਸਾਡੇ ਜੱਦੀ ਘਰ ਦਾ ਇੱਕ ਫੋਟੋ ਭੇਜਿਆ। ਉਸ ਵਿਚ ਸਾਡੇ ਘਰ ਦੇ ਬਾਹਰ ਲੱਗੇ ਬੋਰਡ 'ਤੇ ਇਹ ਲਿਖਤ ਉਕਰੀ ਹੋਈ ਸੀ, "ਇਸ ਹਵੇਲੀ ਵਿਚ ਉਘੇ ਨਾਵਲਕਾਰ, ਇਤਿਹਾਸਕਾਰ ਤੇ ਹਿੰਦ-ਪਾਕਿ ਦੋਸਤੀ ਦੇ ਮੁੱਦਈ ਖੁਸ਼ਵੰਤ ਸਿੰਘ ਦਾ ਜਨਮ ਹੋਇਆ।"

**-ਖੁਸ਼ਵੰਤ ਸਿੰਘ**

## ਪਾਕਿਸਤਾਨ ਮੇਲ...

*(ਪਿਛਲੇ ਸਫੇ ਦੀ ਬਾਕੀ)*

'ਟਰੇਨ ਟੂ ਪਾਕਿਸਤਾਨ' ਦਾ ਨਵਯੁਗ ਪ੍ਰਕਾਸ਼ਨ ਦੀ ਪਾਕਿਟ ਲੜੀ ਲਈ ਸੰਖੇਪ ਅਨੁਵਾਦ ਕੀਤਾ ਤਾਂ ਮੇਰਾ ਅਨੁਵਾਦ ਪੜ੍ਹ ਕੇ ਉਸ ਕਿਹਾ ਕਿ ਮੈਂ ਉਸ ਨੂੰ ਨਾਵਲ ਵਿਚੋਂ ਉਕਾ ਹੀ ਕੱਢ ਦਿੱਤਾ ਹੈ। ਉਸ ਦਾ ਇਸ਼ਾਰਾ ਨਾਵਲ ਦੇ ਇਕ ਪਾਤਰ ਇਕਬਾਲ ਸਿੰਘ ਵੱਲ ਸੀ, ਜੋ ਨਾਵਲ ਦੀ ਹਰ ਘਟਨਾ ਨੂੰ ਫਿਲਾਸਫਰ ਦੀ ਅੱਖ ਨਾਲ ਵੇਖਦਾ ਸੀ। ਇਹ ਸੁਣਦੇ ਸਾਰ ਮੇਰੇ ਪੈਰਾਂ ਥੱਲਿਓਂ ਧਰਤੀ ਨਿਕਲ ਗਈ। ਮੈਨੂੰ ਘਾਬਰਿਆ ਤੱਕ ਉਹ ਤੁਰੰਤ ਬੋਲਿਆ, "ਪਰ ਤੇਰਾ ਅਨੁ ਵਾਦ/ਵੇਰਵਾ ਪੜ੍ਹਨ ਤੋਂ ਪਿੱਛੋਂ ਮੈਨੂੰ ਯਕੀਨ ਹੋ ਗਿਆ ਹੈ ਕਿ ਨਾਵਲ ਨੂੰ ਇਕਬਾਲ ਦੇ ਫਲਸਫੇ ਦੀ ਲੋੜ ਹੀ ਨਹੀਂ ਸੀ।"

ਉਸ ਨੇ ਇਹ ਗੱਲ ਕਿੱਥੋਂ ਤੱਕ ਅੰਦਰਲੇ ਮਨੋਂ ਆਖੀ ਇਹ ਤਾਂ ਮੈਂ ਨਹੀਂ ਜਾਣਦਾ, ਪਰ ਉਸ ਦੇ ਇਸ ਵਾਕ ਨੇ ਮੈਨੂੰ ਆਪਣੇ ਹਾਣ ਦਾ ਬਣਾ ਲਿਆ ਸੀ। ਉਹ ਪੂਰੇ ਸੱਠ ਸਾਲ ਮੇਰੇ ਨਾਲ ਹਾਣੀਆਂ ਵਾਂਗ ਵਿਚਰਦਾ ਰਿਹਾ। ਇਹ ਗੱਲ ਉਸ ਦੇ ਪਰਿਵਾਰ ਨੂੰ ਵੀ ਪਤਾ ਹੈ।

ਮੈਂ ਆਪਣੀ ਗੱਲ ਫਕੀਰ ਸੱਯਦ ਐਜਾਜ਼ੁਦੀਨ ਦੇ ਹਵਾਲੇ ਨਾਲ ਸਮਾਪਤ ਕਰਦਾ ਹਾਂ। ਉਹ ਖੁਸ਼ਵੰਤ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਕੰਮ ਕਰਨ ਵਾਲੇ ਆਪਣੇ ਵਡੇਰਿਆਂ ਬਾਰੇ ਲਿਖੀ ਪੁਸਤਕ ਦੇਣ ਗਿਆ ਸੀ। ਖੁਸ਼ਵੰਤ ਸਿੰਘ ਦੀ ਮੰਗ ਉਤੇ ਉਸ ਨੇ ਇਸ ਪੁਸਤਕ ਉਤੇ ਭੇਟਾ ਦੇ ਜੋ ਸ਼ਬਦ ਲਿਖੇ, ਉਨ੍ਹਾਂ ਦੀ ਮਿਤੀ 4 ਮਾਰਚ 2014 ਹੈ। ਖੁਸ਼ਵੰਤ ਸਿੰਘ ਦੇ ਅਕਾਲ ਚਲਾਣੇ ਸਮੇਂ ਇਹ ਪੁਸਤਕ ਉਸ ਦੇ ਸਿਰਹਾਣੇ ਪਈ ਸੀ।

ਐਜਾਜ਼ੁਦੀਨ ਅਨੁਸਾਰ ਪੁਸਤਕ ਪ੍ਰਵਾਨ ਕਰਦੇ ਸਮੇਂ ਉਸ ਨੇ ਕਿਹਾ ਸੀ, "ਮੈਂ ਹੁਣ 99 ਸਾਲ ਦਾ ਹੋ ਗਿਆ ਹਾਂ।" ਜਦੋਂ ਇਸ ਦੇ ਉਤਰ ਵਿਚ ਐਜਾਜ਼ੁਦੀਨ ਨੇ 'ਮੇਰੀ ਉਮਰ ਵੀ ਤੁਹਾਨੂੰ ਲੱਗੇ' ਕਿਹਾ ਤਾਂ ਖੁਸ਼ਵੰਤ ਦੀ ਟਿੱਪਣੀ ਵੀ ਇੱਕ ਲਾਈਨ ਦੀ ਸੀ, "ਪਰ ਮੈਂ ਚਾਹੁੰਦਾ ਹਾਂ ਕਿ ਤੁਸੀਂ ਵੀ ਓਨੇ ਵਰ੍ਹੇ ਜੀਓ, ਜਿੰਨੇ ਮੈਂ ਜੀਵਿਆ ਹਾਂ।"

ਉਸ ਮੀਟਿੰਗ ਵਿਚ ਜੋ ਖਾਸ ਗੱਲ ਉਸ ਨੇ ਆਪਣੇ ਪਾਕਿਸਤਾਨ ਤੋਂ ਆਏ ਪ੍ਰਾਹੁਣੇ ਨੂੰ ਕਹੀ, ਉਹ ਇਹ ਸੀ ਕਿ ਉਸ ਦਾ ਹਡਾਲੀ ਦੇਖਣ ਨੂੰ ਜੀਅ ਕਰਦਾ ਹੈ। ਪ੍ਰਾਹੁਣੇ ਨੇ ਤੁਰਨ ਲੱਗਿਆਂ ਉਸ ਦਾ ਹੱਥ ਚੁੰਮਿਆ। ਫਕੀਰ ਨੂੰ ਪਤਾ ਸੀ ਕਿ ਇਹ ਉਸ ਦੀ ਆਖਰੀ ਮਿਲਣੀ ਹੈ। ਤੁਰਦੇ ਸਮੇਂ ਉਸ ਨੂੰ 21 ਅਗਸਤ 1978 ਦਾ ਉਹ ਦਿਨ ਚੇਤੇ ਆਇਆ, ਜਦੋਂ ਉਹ ਦੋਵੇਂ ਪਹਿਲੀ ਵਾਰ ਮਿਲੇ ਸਨ।

ਫਕੀਰ ਐਜਾਜ਼ੁਦੀਨ ਨੇ ਖੁਸ਼ਵੰਤ ਦੇ ਚਲਾਣੇ ਦੀ ਖਬਰ ਸੁਣਦੇ ਸਾਰ ਪਰਿਵਾਰ ਨੂੰ ਕਿਹਾ ਕਿ ਉਹ ਉਸ ਦੀਆਂ ਅਸਥੀਆਂ ਦਾ ਕੁਝ ਭਾਗ ਉਹਦੇ ਲਈ ਬਚਾ ਕੇ ਰੱਖਣ। ਉਹ ਇਨ੍ਹਾਂ ਨੂੰ ਉਸ ਦੇ ਜਨਮ ਸਥਾਨ ਹਡਾਲੀ ਲਿਜਾਣਾ ਚਾਹੇਗਾ। ਇੰਜ ਹੀ ਹੋਇਆ। ਪਰਿਵਾਰ ਨੇ ਖੁਸ਼ਵੰਤ ਸਿੰਘ ਦੀਆਂ ਕੁਝ ਅਸਥੀਆਂ ਉਸ ਦੇ ਸੁਜਾਨ ਸਿੰਘ ਪਾਰਕ ਵਾਲੇ ਘਰ ਦੇ ਵਿਹੜੇ ਵਿਚਲੇ ਰੁੱਖ ਥੱਲੇ ਦੱਬ ਦਿੱਤੀਆਂ ਅਤੇ ਕੁਝ ਉਸ ਦੇ ਕਸੌਲੀ ਵਾਲੇ ਘਰ ਦੇ ਰੁੱਖ ਥੱਲੇ।

ਉਸ ਦੇ ਅਕਾਲ ਚਲਾਣੇ ਤੋਂ ਇੱਕ ਮਹੀਨਾ ਪਿੱਛੋਂ ਫਕੀਰ ਸੱਯਦ ਐਜਾਜ਼ੁਦੀਨ ਦਿੱਲੀ ਤੋਂ ਲਾਹੌਰ ਜਾਣ ਲਈ ਗੱਡੀ ਚੜ੍ਹਿਆ ਤਾਂ ਉਸ ਕੋਲ ਅਸਥੀਆਂ ਵਾਲੇ ਗੜਵੇ ਦੇ ਨਾਲ ਨਾਲ ਖੁਸ਼ਵੰਤ ਸਿੰਘ ਦੀ ਸਵੈ-ਜੀਵਨੀ ਅਤੇ ਜਪੁਜੀ ਸਾਹਿਬ ਤੇ ਰਹਿਰਾਸ ਦਾ ਅੰਗਰੇਜ਼ੀ ਅਨੁਵਾਦ ਵੀ ਸੀ, ਜੋ ਖੁਸ਼ਵੰਤ ਸਿੰਘ ਦਾ ਕੀਤਾ ਹੋਇਆ ਸੀ। ਉਹ ਜਾਣਦਾ ਸੀ ਕਿ ਇਹ ਪੁਸਤਕਾਂ ਛੇ ਘੰਟੇ ਦੇ ਲੰਮੇ ਸਫਰ ਵਿਚ ਉਸ ਦੇ ਪੜ੍ਹਨ ਦੇ ਕੰਮ ਆਉਣਗੀਆਂ। ਉਹ ਆਪਣੇ ਇਸ ਸਫਰ ਦਾ ਵਰਣਨ ਬੜੀ ਭਾਵਨਾ ਨਾਲ ਕਰਦਾ ਹੈ। ਉਹ ਸਮਝੌਤਾ ਐਕਸਪ੍ਰੈੱਸ ਰਾਹੀਂ ਵੀ ਜਾ ਸਕਦਾ ਸੀ, ਪਰ ਇਹ ਵਿਧੀ ਉਸ ਨੂੰ ਜਚਦੀ ਨਹੀਂ ਸੀ। ਇਸ ਰਾਹੀਂ ਅੰਮ੍ਰਿਤਸਰ ਤੋਂ ਲਾਹੌਰ ਦਾ 25 ਮੀਲ ਦਾ ਸਫਰ ਦੋ ਗੱਡੀਆਂ ਵਿਚ ਕਰਨਾ ਪੈਣਾ ਸੀ। ਏਧਰ ਵਾਲੀ ਗੱਡੀ ਨੇ ਏਧਰ ਰਹਿ ਜਾਣਾ ਸੀ ਤੇ ਉਧਰ ਵਾਲੀ ਨੇ ਉਸ ਨੂੰ ਸਰਹੱਦ ਪਾਰ ਤੋਂ ਚੁੱਕਣਾ ਸੀ। ਉਹ ਇਸ ਨੂੰ ਸਮਝੌਤਾ ਸੱਤਿਆਨਾਸ ਦੱਸਦਾ ਹੈ।

ਉਸ ਨੇ ਇਹ ਸੀਮਾ ਪੈਦਲ ਪਾਰ ਕੀਤੀ, ਜਿੱਥੇ ਗੜਵੇ ਵਿਚਲੀਆਂ ਅਸਥੀਆਂ ਤੋਂ ਉਸ ਨੂੰ ਖੁਸ਼ਵੰਤ ਸਿੰਘ ਦਾ ਨਿੱਘਾ ਸਾਥ ਮਿਲਿਆ। ਉਂਜ ਵੀ ਅਸਥੀਆਂ ਵਾਸਤੇ ਕੋਈ ਵੀਜ਼ਾ ਜਾਂ ਹੋਰ ਦਸਤਾਵੇਜ਼ ਲੈਣ ਦੀ ਲੋੜ ਨਹੀਂ ਸੀ। ਇਹ ਖਾਸ ਮਹਿਮਾਨ ਜਦੋਂ 22 ਅਪਰੈਲ 2014 ਨੂੰ ਹਡਾਲੀ ਪਹੁੰਚਿਆ ਤਾਂ ਪਿੰਡ ਵਾਲਿਆਂ ਨੇ ਮੁੰਡਿਆਂ ਦੇ ਸਕੂਲ ਵਾਲੇ ਹਾਲ ਕਮਰੇ ਦੀ ਚੌੜੀ ਕੰਧ ਵਿਚ ਸੰਗਮਰਮਰ ਦੀ ਫੱਟੀ ਲਾਉਣ ਵਾਸਤੇ ਥਾਂ ਬਣਾ ਰੱਖੀ ਸੀ। ਸਕੂਲ ਦੇ ਮਾਸਟਰ ਨੇ ਐਜਾਜ਼ੁਦੀਨ ਨੂੰ ਦੱਸਿਆ ਕਿ ਇਹ ਹਾਲ ਕਮਰਾ 1920 ਵਾਲਾ ਹੀ ਸੀ, ਜਿੱਥੋਂ ਖੁਸ਼ਵੰਤ ਸਿੰਘ ਆਪਣੇ ਬਚਪਨ ਵਿਚ ਪੜ੍ਹਦਾ ਦਿੱਲੀ ਗਿਆ ਸੀ।

ਮਾਸਟਰ ਨੇ ਇਹ ਵੀ ਦੱਸਿਆ ਕਿ ਜਦੋਂ 1980 ਵਿਚ ਖੁਸ਼ਵੰਤ ਸਿੰਘ ਪੂਰੇ ਸੱਠ ਸਾਲ ਦੇਸ ਪਰਦੇਸ ਦੀ ਹਵਾ ਫੱਕਣ ਪਿੱਛੋਂ ਹਡਾਲੀ ਆਇਆ ਤਾਂ ਇਸ ਸਕੂਲ ਦੀ ਛੱਤ ਦੇ ਨਿਵੇਂ ਹੋਏ ਸ਼ਤੀਰਾਂ ਨੂੰ ਵੇਖ ਕੇ ਫਿੱਸ ਪਿਆ ਸੀ।

ਐਜਾਜ਼ੁਦੀਨ ਨੇ ਵੇਖਿਆ ਕਿ 2014 ਵਿਚ ਇਸ ਪਿੰਡ ਦੀ ਵਸੋਂ 50 ਹਜ਼ਾਰ ਤੋਂ ਵੱਧ ਹੋ ਚੁਕੀ ਸੀ ਤੇ ਪਿੰਡ ਦੇ ਲੋਕਾਂ ਦੀ ਭੀੜ ਦਾ ਕੋਈ ਅੰਤ ਹੀ ਨਹੀਂ ਸੀ, ਜੋ ਇਸ ਪਿੰਡ ਦੇ ਜਨਮੇ ਖੁਸ਼ਵੰਤ ਸਿੰਘ ਦੀ ਯਾਦ ਵਾਲੀ ਫੱਟੀ ਲੱਗਦੀ ਵੇਖਣ ਆਏ ਸਨ। ਇਸ ਉਤੇ ਲਿਖਿਆ ਸੀ,

"ਹਡਾਲੀ ਦੇ ਪੁੱਤਰ ਸਰਦਾਰ ਖੁਸ਼ਵੰਤ ਸਿੰਘ ਦੀ ਯਾਦ ਵਿਚ, ਜੋ ਕੌਮਾਂਤਰੀ ਪੱਧਰ ਦਾ ਲੇਖਕ ਤੇ ਸਿੱਖ ਸਕਾਲਰ ਸੀ। ਉਹ ਇਸ ਭੂਮੀ ਨੂੰ ਸਦਾ ਇਨ੍ਹਾਂ ਸ਼ਬਦਾਂ ਨਾਲ ਚੇਤੇ ਕਰਦਾ ਸੀ, ਮੇਰੀਆਂ ਜੜ੍ਹਾਂ ਏਥੇ ਹਨ, ਜਿਨ੍ਹਾਂ ਨੂੰ ਮੈਂ ਉਦਰੇਵੇਂ ਦੇ ਹੰਝੂਆਂ ਨਾਲ ਸਿੰਜਦਾ ਆਇਆ ਹਾਂ।"

ਜਦੋਂ ਰਾਜ ਮਿਸਤਰੀ ਨੇ ਸੀਮਿੰਟ ਵਿਚ ਖੁਸ਼ਵੰਤ ਸਿੰਘ ਦੀਆਂ ਅਸਥੀਆਂ ਦੀ ਰਾਖ ਮਿਲਾ ਕੇ ਇਸ ਫੱਟੀ ਨੂੰ ਆਪਣੇ ਹੱਥਾਂ ਦੀਆਂ ਉਂਗਲੀਆਂ ਨਾਲ ਸਾਫ ਕਰ ਕੇ ਇਸ ਕਾਰਜ ਦੇ ਪੂਰੇ ਹੋਣ ਦਾ ਇਸ਼ਾਰਾ ਕੀਤਾ ਤਾਂ ਫਕੀਰ ਐਜਾਜ਼ੁਦੀਨ ਨੇ ਖੁਸ਼ਵੰਤ ਸਿੰਘ ਦੇ ਜਪੁਜੀ ਸਾਹਿਬ ਵਾਲੇ ਅਨੁਵਾਦ ਵਿਚੋਂ ਪਹਿਲੀ ਪਾਉੜੀ ਦੀਆਂ ਇਹ ਤੁਕਾਂ ਪੜ੍ਹੀਆਂ,

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਇਸ ਦੇ ਨਾਲ ਹੀ ਉਸ ਨੇ ਅੰਤਲੇ ਸਲੋਕ ਦੇ ਇਹ ਸ਼ਬਦ ਵੀ ਪੜ੍ਹੇ,

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥

ਫਕੀਰ ਸਾਹਿਬ ਨੇ ਆਪਣੀ ਸ਼ਰਧਾਂਜਲੀ ਵਿਚ ਖੁਸ਼ਵੰਤ ਸਿੰਘ ਦੀਆਂ ਅਸਥੀਆਂ ਸਮੇਤ ਵਾਹਗਾ ਪਾਰ ਕਰਨ ਵਾਲੇ ਸਫਰ ਨੂੰ 'ਟਰੇਨ ਟੂ ਪਾਕਿਸਤਾਨ' ਦਾ ਨਾਂ ਦਿੱਤਾ ਸੀ। ਅਸਥੀਆਂ ਦੇ ਰੂਪ ਵਿਚ ਖੁਸ਼ਵੰਤ ਸਿੰਘ ਦਾ ਇਸ ਗੱਡੀ ਉਤੇ ਇਹ ਆਖਰੀ ਸਫਰ ਸੀ।

# ਧਰਮ, ਧਰਮ ਗ੍ਰੰਥ ਅਤੇ ਕਥਾਕਾਰ

ਧਰਮ ਦੀ ਅੱਜ ਦੁਨੀਆਂ ਵਿਚ ਭੂਮਿਕਾ ਵਧ ਗਈ ਹੈ। ਲੋਕ ਅਸੁਰੱਖਿਆ ਦੀ ਭਾਵਨਾ ਕਾਰਨ ਧਰਮ ਵਲ ਝੁਕ ਰਹੇ ਹਨ। ਧਾਰਮਿਕ ਭਾਵਨਾ ਪ੍ਰਬਲ ਹੋਣ ਕਾਰਨ ਇਸ ਦੇ ਪ੍ਰਗਟਾਵੇ ਵੀ ਵੱਧ ਜ਼ੋਰਦਾਰ ਢੰਗ ਨਾਲ ਹੋਣ ਲੱਗੇ ਹਨ। ਘੱਟ ਗਿਣਤੀਆਂ ਵਿਚ ਸਹਿਮ ਹੈ ਅਤੇ ਉਹ ਵੀ ਇਸੇ ਸਹਿਮ ਤੇ ਅਸੁਰੱਖਿਆ ਕਾਰਨ ਧਰਮ 'ਤੇ ਹੀ ਵੱਧ ਨਿਰਭਰ ਹੁੰਦੀਆਂ ਜਾ ਰਹੀਆਂ ਹਨ।

ਮੈਂ ਨਾਸਤਿਕ ਹਾਂ। ਮੈਂ ਕਦੇ ਵੀ ਬਹੁਤਾ ਧਾਰਮਿਕ ਨਹੀਂ ਰਿਹਾ। ਬਚਪਨ ਵਿਚ ਵੀ ਨਹੀਂ। ਜਦੋਂ ਮੈਂ ਵੀਹਵਿਆਂ ਵਿਚ ਸਾਂ ਤਾਂ ਮੇਰੀ (ਹੁਣ ਪਾਕਿਸਤਾਨੀ ਦੋਸਤ) ਮਨਜ਼ੂਰ ਕਾਦਿਰ ਨਾਲ ਧਰਮ ਬਾਰੇ ਅਕਸਰ ਹੀ ਬਹਿਸ ਹੁੰਦੀ ਰਹਿੰਦੀ ਸੀ। ਮੈਂ ਉਸ ਨੂੰ ਪੁੱਛਿਆ ਕਰਦਾ ਸਾਂ ਕਿ ਤਰਕ ਨੂੰ ਮੰਨਣ ਵਾਲਾ ਬੰਦਾ, ਜੰਨਤ ਦੀਆਂ ਹੂਰਾਂ, ਫਰਿਸ਼ਤਿਆਂ, ਪੁਨਰ ਜਨਮ ਅਤੇ ਸ਼ਨੀ ਦੇ ਪ੍ਰਭਾਵਾਂ ਜਿਹੀਆਂ ਗੱਲਾਂ 'ਤੇ ਕਿਵੇਂ ਵਿਸ਼ਵਾਸ ਕਰ ਸਕਦਾ ਹੈ? ਉਸ ਕੋਲ ਇਸ ਸਵਾਲ ਦਾ ਜਵਾਬ ਨਹੀਂ ਸੀ ਹੁੰਦਾ, ਪਰ ਉਹ 'ਅੱਲ੍ਹਾ ਜ਼ਰੂਰ ਹੈ' ਦੀ ਰਟ ਲਾਉਣ ਤੋਂ ਝਿਜਕਦਾ ਨਹੀਂ ਸੀ।

ਮੈਂ ਆਪਣੀ ਜ਼ਿੰਦਗੀ ਦੌਰਾਨ ਵੱਖ ਵੱਖ ਧਰਮਾਂ ਦੇ ਪਾਵਨ ਗ੍ਰੰਥ ਪੜ੍ਹੇ ਹਨ। ਮੈਨੂੰ ਇਹੋ ਅਹਿਸਾਸ ਹੈ ਕਿ ਬਹੁਤੇ ਗ੍ਰੰਥਾਂ ਵਿਚ ਬਹੁਤ ਕੁਝ ਅਜਿਹਾ ਹੈ, ਜਿਸ ਨੂੰ ਉਚ ਕੋਟੀ ਦਾ ਸਾਹਿਤ



ਮੰਨਿਆ ਜਾ ਸਕਦਾ ਹੈ। ਮੈਂ ਧਰਮ ਗ੍ਰੰਥ 1960ਵਿਆਂ ਵਿਚ ਪੜ੍ਹਨੇ ਸ਼ੁਰੂ ਕੀਤੇ, ਜਦੋਂ ਮੈਂ ਪਹਿਲਾਂ ਅਮਰੀਕਾ ਦੀ ਪ੍ਰਿੰਸਟਨ ਯੂਨੀਵਰਸਿਟੀ, ਫਿਰ ਸਵਾਰਦਮੋਰ ਕਾਲਜ ਅਤੇ ਫਿਰ ਹਵਾਈ ਯੂਨੀਵਰਸਿਟੀ ਵਿਚ ਮਜ਼ਹਬਾਂ ਦੇ ਤੁਲਨਾਤਮਕ ਅਧਿਐਨ ਦਾ ਪ੍ਰੋਫੈਸਰ ਸਾਂ। ਇਸੇ ਕਾਰਨ ਮੈਨੂੰ ਕੁਰਾਨ ਸ਼ਰੀਫ ਦੀਆਂ ਆਇਤਾਂ, ਭਗਵਦ ਗੀਤਾ ਦੇ ਸਲੋਕ, ਬਾਈਬਲ ਦੀਆਂ ਆਇਤਾਂ ਅਤੇ ਗ੍ਰੰਥ ਸਾਹਿਬ ਦੇ ਸ਼ਬਦ ਯਾਦ ਹਨ। ਮੈਨੂੰ ਸਿੱਖ ਗੁਰੂਆਂ ਦੀ ਬਾਣੀ ਪੜ੍ਹਨ ਤੇ ਸਮਝਣ ਵਿਚ ਸਭ ਤੋਂ ਘੱਟ ਕਠਿਨਾਈ ਹੋਈ, ਕਿਉਂਕਿ ਇਹ ਉਸ ਪੰਜਾਬੀ ਵਿਚ ਹੈ, ਜੋ ਅੱਜ ਦੇ ਯੁੱਗ ਵਿਚ ਵੀ ਬੋਲੀ ਜਾਂਦੀ ਹੈ। ਮੈਂ ਅਰਬੀ ਜਾਂ ਸੰਸਕ੍ਰਿਤ ਨਹੀਂ ਪੜ੍ਹ ਸਕਦਾ, ਇਸ ਲਈ ਮੈਨੂੰ ਅੰਗਰੇਜ਼ੀ ਤਰਜਮੇ ਉਪਰ ਨਿਰਭਰ ਕਰਨਾ ਪਿਆ। ਤਰਜਮਾ, ਸ਼ਬਦਾਂ ਅੰਦਰਲੇ ਸੰਗੀਤ ਨੂੰ ਨਹੀਂ ਫੜ ਸਕਦਾ। ਇਸੇ ਲਈ ਇਸ ਨੂੰ ਪੜ੍ਹ ਕੇ ਵੀ ਤਸੱਲੀ ਨਹੀਂ ਹੁੰਦੀ।

ਇਨ੍ਹਾਂ ਸਾਰੇ ਧਰਮ ਗ੍ਰੰਥਾਂ ਨੂੰ ਪੜ੍ਹਨ ਦੇ ਬਾਵਜੂਦ ਮੈਨੂੰ ਅਸਲ ਮਜ਼ਾ ਗਾਲਿਬ, ਫੈਜ਼ ਤੇ ਇਕਬਾਲ ਨੂੰ ਪੜ੍ਹ ਕੇ ਆਇਆ। ਫਿਰ ਵੀ ਮੈਂ ਇਹੀ ਕਹਾਂਗਾ ਕਿ ਧਰਮ ਗ੍ਰੰਥਾਂ ਨੂੰ ਪੜ੍ਹਨ ਤੇ ਗੁੜ੍ਹਨ ਦਾ ਵੱਡਾ ਲਾਭ ਹੈ। ਮਾਨਵਤਾ ਦਾ ਜੋ ਸੁਨੇਹਾ ਇਹ ਦਿੰਦੇ ਹਨ, ਉਹ ਇਨ੍ਹਾਂ ਦਾ ਪਾਠ ਜਾਂ ਕਥਾ ਕਰਨ ਵਾਲੇ ਨਹੀਂ ਦਿੰਦੇ। ਪਾਠ ਜਾਂ ਕਥਾ ਕਰਨ ਵਾਲੇ ਤਾਂ ਇਸ ਸੁਨੇਹੇ ਨੂੰ ਅਕਸਰ ਉਲਟਾ ਦਿੰਦੇ ਹਨ।

**-ਖੁਸ਼ਵੰਤ ਸਿੰਘ**

# ਜਦ ਮੈਂ ਝੂਠ ਬੋਲਿਆ

ਆਪਾਂ ਅਕਸਰ ਇਹ ਦਾਅਵਾ ਕਰਨ ਦਾ ਯਤਨ ਤੇ ਸੰਭਵ ਕੋਸ਼ਿਸ਼ ਕਰਦੇ ਹਾਂ ਕਿ ਅਸੀਂ ਕਦੇ ਝੂਠ ਨਹੀਂ ਬੋਲਦੇ, ਪਰ ਇਹ ਗੱਲ ਕਹਿਣ ਨੂੰ ਵੱਧ ਤੇ ਕਰਨ ਨੂੰ ਘੱਟ ਕ੍ਰਿਆਸ਼ੀਲ ਲਗਦੀ ਹੈ। ਇਹ ਕਿਵੇਂ ਸੰਭਵ ਹੈ ਕਿ ਕਦੇ ਕਿਸੇ ਨੇ ਝੂਠ ਨਾ ਬੋਲਿਆ ਹੋਵੇ? ਝੂਠ ਕਿਉਂ ਬੋਲਿਆ? ਇਸ ਦੀ ਤਾਂ ਕੋਈ ਸਾਰਥਕਤਾ ਹੋ ਸਕਦੀ ਹੈ, ਪਰ ਇਹ ਕਹਿਣ ਦਾ ਦਾਅਵਾ ਕਰਨਾ ਕਿ ਕਦੇ ਝੂਠ ਬੋਲਿਆ ਹੀ ਨਹੀਂ, ਆਪਣੇ ਆਪ 'ਚ ਹੀ ਝੂਠ ਬੋਲਣ ਦਾ ਪ੍ਰਤੱਖ ਪ੍ਰਮਾਣ ਦੇਣਾ ਹੈ। ਕੀ ਝੂਠ ਬੋਲਣ ਦਾ ਕੋਈ ਕਾਰਨ ਦੱਸ ਸਕਦੇ ਹੋ ਕਿ ਕਿਸ ਮਜ਼ਬੂਰੀ ਤਹਿਤ ਤੁਹਾਨੂੰ ਝੂਠ ਬੋਲਣਾ ਪਿਆ? ਬੰਦੇ ਦੀ ਇਹ ਫਿਤਰਤ ਹੈ ਕਿ ਉਹ ਹਰ ਯਤਨ



**ਕਲਵੰਤ ਸਿੰਘ ਸਹੋਤਾ**
**ਫੋਨ: 604-589-5919**

ਕਰਦਾ ਰਹਿੰਦਾ ਹੈ ਕਿ ਉਹ ਦੂਜਿਆਂ ਨੂੰ ਆਪਣੇ ਚੰਗੇ ਤੇ ਵਧੀਆ ਹੋਣ ਦਾ ਪ੍ਰਭਾਵ ਦੇ ਸਕੇ। ਇਹ ਨਿਰੀ ਮ੍ਰਿਗ ਤ੍ਰਿਸ਼ਨਾ ਵਾਲੀ ਸਥਿਤੀ ਹੈ। ਜਿੰਨਾ ਵੱਧ ਤੁਸੀਂ ਇਹ ਯਤਨ ਕਰੋਗੇ ਉਨਾ ਹੀ ਆਪਣੀ ਸ਼ਖਸੀਅਤ ਦਾ ਪ੍ਰਭਾਵ ਘਟਾਓਗੇ। ਕਿਉਂ ਨਹੀਂ ਆਮ ਲਹਿਜ਼ੇ ਵਿਚ ਕਹਿ ਦਿੰਦੇ ਕਿ ਹਾਂ ਇਸ ਤਰ੍ਹਾਂ ਹੋਇਆ ਹੈ, ਤੇ ਗੱਲ ਮੁੱਕ ਗਈ।

ਅਸੀਂ ਗੱਲ ਤਾਂ ਮੁਕਾਉਣੀ ਹੀ ਨਹੀਂ ਚਾਹੁੰਦੇ, ਸਗੋਂ ਇਸ ਨੂੰ ਲਮਕਾਈ ਹੀ ਰੱਖਣਾ ਚਾਹੁੰਦੇ ਹਾਂ। ਬੰਦੇ ਦੇ ਅਖੌਤੀ ਵਿਕਸਿਤ ਹੋਣ ਦਾ ਇਹੀ ਤਾਂ ਬਾਕੀ ਜੀਵ ਜੰਤੂਆਂ, ਪਸ਼ੂ-ਪੰਛੀਆਂ ਤੇ ਆਮ ਕੁਦਰਤੀ ਜੀਵਨ ਜੀਅ ਰਹੇ ਭਾਈਚਾਰੇ ਨਾਲੋਂ ਫਰਕ ਹੈ। ਇਸ ਨੂੰ ਬੰਦਾ ਜਾਤ ਦੀ ਪ੍ਰਗਤੀ ਜਾਂ ਦੁਰਗਤੀ ਕਹਿ ਲਓ। ਝੂਠ ਅਸੀਂ ਬੋਲਦੇ ਹਾਂ, ਸਾਨੂੰ ਪਤਾ ਹੀ ਨਹੀਂ ਲੱਗਦਾ ਕਿ ਝੂਠ ਬੋਲ ਹੋ ਰਿਹਾ ਹੈ ਤੇ ਕਈ ਵਾਰੀ ਜਦੋਂ ਪਤਾ ਲੱਗਦਾ ਹੈ ਤਾਂ ਉਸ ਨੂੰ ਛੁਪਾਉਣ ਲਈ ਅਗਲਾ ਹੋਰ ਝੂਠ ਬੋਲ ਜਾਂਦੇ ਹਾਂ; ਇਹ ਸੋਚਦੇ ਹੀ ਨਹੀਂ ਕਿ ਪਹਿਲਾ ਬੋਲਿਆ ਝੂਠ ਤਾਂ ਛੁਪਾ ਨਹੀਂ ਸਕੇ, ਹੁਣ ਦੂਜਾ ਜੋ ਬੋਲ ਰਹੇ ਹਾਂ, ਪਹਿਲੇ ਨੂੰ ਸੱਚ ਦਰਸਾਉਣ ਲਈ, ਉਸ ਦਾ ਕੀ ਇਲਾਜ ਕਰੋਗੇ? ਅਜਿਹਾ ਵਤੀਰਾ ਸਾਡੇ ਰੋਜ਼ਾਨਾ ਜੀਵਨ ਦਾ ਸੁਭਾਅ ਬਣ ਗਿਆ ਹੈ। ਕਹਿੰਦੇ ਹਨ, ਕੋਈ ਚੰਗਾ ਕੰਮ ਕਰਨ ਲਈ ਕਿਸੇ ਦੇ ਸੁਝਾਓ ਦੀ ਲੋੜ ਨਹੀਂ ਹੁੰਦੀ, ਪਰ ਜੇ ਝੂਠ ਨੂੰ ਹੀ ਅਸੀਂ ਚੰਗਾ ਕੰਮ ਸਮਝ, ਅਪਨਾ ਲਿਆ ਹੈ ਤਾਂ ਫਿਰ ਕਿਸੇ ਤੋਂ ਕੋਈ ਸਲਾਹ ਮਸ਼ਵਰਾ ਲੈਣ ਦਾ ਤਾਂ ਕੋਈ ਮੰਤਵ ਹੀ ਨਹੀਂ ਰਹਿ ਗਿਆ।

ਥੋੜ੍ਹੇ ਨਿਜੀ ਮੁਫਾਦ ਲਈ ਅਸੀਂ ਝੂਠ ਬੋਲ ਲੈਣ ਨੂੰ ਉਕਾ ਮਾੜਾ ਨਹੀਂ ਸਮਝਦੇ। ਸਿਆਸੀ ਤੇ ਸਮਾਜਕ ਵਰਤਾਰੇ 'ਚ ਤਾਂ ਇਹ ਆਮ ਗੱਲ ਬਣ ਕੇ ਰਹਿ ਗਈ ਹੈ, ਸਗੋਂ ਧਾਰਮਿਕ ਦਾਇਰੇ 'ਚ ਵੀ ਸ਼ੈਤਾਨ ਰੂਪੀ ਝੂਠ ਦਾ ਦੈਂਤ ਬੜੀ ਹੁਸ਼ਿਆਰੀ ਨਾਲ ਆਪਣਾ ਦਖਲ ਦਿੰਦਾ ਹੈ, ਤੇ ਇੰਜ ਕਿਸੇ ਖੇਤਰ 'ਚ ਸਾਨੂੰ ਬਖਸ਼ਣ ਦੀ ਕਿਰਪਾ ਨਹੀਂ ਕਰਦਾ। ਜ਼ਿੰਦਗੀ ਦੀ ਹਰ ਰਫਤਾਰ ਨਾਲ ਇਹ ਬਰਾਬਰ ਚਲਦਾ ਹੈ। ਇਹ ਸਾਡੇ ਜੀਵਨ ਦਾ ਅਹਿਮ ਅੰਗ ਬਣ ਕੇ ਰਹਿ ਗਿਆ ਹੈ। ਨਿਆਣੇ ਝੂਠ ਬੋਲਣ ਤਾਂ ਅਸੀਂ ਉਨ੍ਹਾਂ ਨੂੰ ਰੋਕਦੇ ਹਾਂ; ਸਾਨੂੰ ਚੇਤਾ ਭੁੱਲ ਜਾਂਦਾ ਹੈ ਕਿ ਅਸੀਂ ਝੂਠ ਬੋਲਦੇ ਹੀ ਵੱਡੇ ਹੋਏ ਤੇ ਅੱਜ ਉਨ੍ਹਾਂ ਨੂੰ ਝੂਠ ਨਾ ਬੋਲਣ ਦੀ ਨਸੀਹਤ ਕਰਦੇ ਥੱਕਦੇ ਨਹੀਂ।

ਇਹ ਕੇਹੀ ਦਿਆਨਤਦਾਰੀ ਦੀ ਮਿਸਾਲ ਅਸੀਂ ਸਥਾਪਤ ਕਰਨ ਜਾ ਰਹੇ ਹਾਂ? ਇਹ ਆਪਣੇ ਆਪ 'ਚ ਇਕ ਪਖੰਡੀ ਵਤੀਰਾ ਹੈ। ਜ਼ਿੰਦਗੀ ਦੇ ਮਕਸਦ ਹੁੰਦੇ ਹਨ, ਕਿਸੇ ਵੱਡੀ ਮੰਦਭਾਗੀ ਘਟਨਾ ਨੂੰ ਟਾਲਣ ਲਈ ਬੋਲਿਆ ਝੂਠ ਉਸਾਰੂ ਯੋਗਦਾਨ ਪਾ ਸਕਦਾ ਹੈ। ਕਿਸੇ ਦੀ ਜਾਨ ਬਚਾਉਣ ਲਈ ਬੋਲਿਆ ਝੂਠ ਸੱਚ ਨਾਲੋਂ ਵਧੀਆ ਕੰਮ ਕਰੇਗਾ; ਪਰ ਜੇ ਸਿਰਫ ਝੂਠ, ਝੂਠ ਬੋਲਣ ਦੀ ਬਣੀ ਆਦਤ ਕਾਰਨ ਹੀ ਬੋਲਿਆ ਹੈ ਤਾਂ ਉਸ ਦਾ ਕੀ ਮਕਸਦ?

ਇਕ ਦਿਨ ਮੈਂ ਸਵੇਰੇ ਸਵੇਰੇ ਅਖਬਾਰਾਂ ਲੈਣ ਗਿਆ, ਜਦ ਮੈਂ ਅਖਬਾਰਾਂ ਦਾ ਥੱਬਾ ਇਕੱਠਾ ਕਰ ਕਾਰ 'ਚ ਬੈਠਣ ਲੱਗਾ ਤਾਂ ਅੱਧਖੜ ਉਮਰ ਦਾ ਬੰਦਾ ਕਹਿੰਦਾ, ਭਾਜੀ ਮੈਨੂੰ ਰੋਟੀ ਖਾਣ ਲਈ ਦੋ ਡਾਲਰ ਦੇ ਦਿਉ। ਸੁਤੇ ਸੁਭਾਅ ਹੀ ਮੈਂ ਮੂੰਹੋਂ ਤੜੱਕ ਦੇ ਕੇ ਜੁਆਬ ਕੱਢ ਮਾਰਿਆ ਕਿ ਮੇਰੇ ਕੋਲ ਤਾਂ ਬਟੂਆ ਹੀ ਹੈ ਨਹੀਂ, ਤੈਨੂੰ ਮੈਂ ਕਿੱਥੋਂ ਦੋ ਡਾਲਰ ਦੇ ਦਿਆਂ! ਉਹ ਜੁਆਬ ਸੁਣ ਤੁਰਦਾ ਬਣਿਆ। ਅਖਬਾਰਾਂ ਚੁੱਕ ਕੇ ਮੈਂ ਘਰ ਨੂੰ ਤਾਂ ਆ ਗਿਆ, ਪਰ ਘਰੇ ਆ ਕੇ ਮੇਰਾ ਮੁਫਤ ਦੀਆਂ ਚੁੱਕੀਆਂ ਅਖਬਾਰਾਂ ਦੇ ਥੱਬੇ ਵੱਲ ਮੂੰਹ ਕਰਨ ਨੂੰ ਜੀਅ ਨਾ ਕਰੇ, ਪੜ੍ਹਨ ਦੀ ਗੱਲ ਤਾਂ ਪਰੇ ਰਹਿ ਗਈ। ਉਸ ਨੂੰ ਦਿੱਤਾ ਜੁਆਬ ਮੇਰੇ ਅੰਦਰ ਰੋੜੇ ਵਾਂਗ ਰੜਕੇ। ਦੋ ਡਾਲਰ ਬਦਲੇ ਮੈਂ ਕਿੱਡਾ ਝੂਠ ਬੋਲ ਗਿਆ। ਮੇਰੀ ਆਤਮਾ ਮੈਨੂੰ ਲਾਹਨਤਾਂ ਪਾਵੇ ਕਿ ਤੇਰੇ ਇਮਾਨ ਦੀ ਕੀਮਤ ਸਿਰਫ ਦੋ ਡਾਲਰ? ਹਾਂ, ਜੇ ਮੈਂ ਇਉਂ ਕਹਿ ਦਿੰਦਾ ਕਿ ਮੈਂ ਨਹੀਂ ਦਿੰਦਾ ਬਈ, ਤੂੰ ਕਿਹੜੀ ਸਵੇਰੇ ਸਵੇਰੇ ਰੋਟੀ ਖਾਣੀ ਹੈ; ਤੇਰਾ ਤਾਂ ਰਾਤ ਦਾ ਨਸ਼ਾ ਟੁੱਟਾ ਹੋਊ, ਤੂੰ ਤਾਂ ਦਾਰੂ ਲਈ ਪੈਸੇ ਮੰਗਦੈਂ। ਮਨ ਦੀ ਅਸਲੀ ਗੱਲ ਕਹਿਣ ਦੀ ਤਾਂ ਮੇਰੀ ਹਿੰਮਤ ਨਾ ਪਈ, ਪਰ ਕੋਰਾ ਝੂਠ ਮਾਰ ਦਿੱਤਾ ਕਿ ਮੇਰੇ ਕੋਲ ਤਾਂ ਬਟੂਆ ਹੀ ਹੈ ਨਹੀਂ। ਆਪਣੀ ਆਤਮਾ ਨੂੰ ਸਾਫ ਸੁਥਰਾ ਰੱਖਣ ਲਈ ਕਿਉਂ ਨਾ ਚੁੱਪ ਕਰਕੇ ਦੋ ਡਾਲਰ ਦੇ ਦਿੱਤੇ? ਜਦੋਂ ਕਿ ਦੋ-ਚਾਰ ਡਾਲਰ ਦੀ ਭਾਨ ਕਾਰ 'ਚ ਹੋਣਾ ਆਮ ਗੱਲ ਹੈ। ਸੋਚਾਂ ਦੇ ਉਤਰਾ-ਚੜਾਅ ਸਾਰਾ ਦਿਨ ਬੇਚੈਨ ਕਰਦੇ ਰਹੇ।

ਲੇਖਕ ਬੜਾ ਜਜ਼ਬਾਤੀ ਤੇ ਸੂਖਮ ਸੁਭਾਅ ਦਾ ਹੁੰਦੈ, ਲਿਖ ਕੇ ਆਪਣੀ ਭਾਵਨਾ ਸਾਂਝੀ ਕਰ ਲੈਂਦਾ ਹੈ। ਕਹਾਣੀ, ਕਵਿਤਾ ਤੇ ਲੇਖ ਇਸ ਸੂਖਮ ਸੁਭਾਅ ਦੀ ਹੀ ਉਪਜ ਹੁੰਦੇ ਹਨ। ਮੈਨੂੰ ਇਹ ਖਿਆਲ ਆਵੇ ਕਿ ਜੇ ਉਸ ਨੇ ਦੋ ਦੋ ਡਾਲਰ ਇਕੱਠੇ ਕਰਕੇ ਆਪਣੇ ਨਸ਼ੇ ਦੀ ਲਤ ਹੀ ਪੂਰੀ ਕਰਨੀ ਹੋਵੇ ਤਾਂ ਹੋਰ ਦੁਨੀਆਂ ਕਿਹੜਾ ਨਹੀਂ ਕਰਦੀ? ਮੈਂ ਤਾਂ ਉਸ ਨੂੰ ਇਉਂ ਜੁਆਬ ਦੇ ਦਿੱਤਾ ਜਿਵੇਂ ਮੇਰੇ ਪੈਸੇ ਨਾ ਦੇਣ ਨਾਲ ਉਸ ਨੇ ਨਸ਼ਾ ਕਰਨੋਂ ਹਟ ਜਾਣਾ ਹੈ। ਜੇ ਜ਼ਬਰਦਸਤੀ ਮੈਥੋਂ ਮੇਰਾ ਬਟੂਆ ਹੀ ਖੋਹ ਲੈਂਦਾ ਤਾਂ ਮੇਰੇ ਕੋਲ ਕਿਹੜੀ ਭੰਗੀਆਂ ਵਾਲੀ ਤੋਪ ਸੀ, ਜੋ ਮੈਂ ਚਲਾ ਦੇਣੀ ਸੀ। ਕਦੇ ਸੋਚਾਂ, ਉਸ ਨੇ ਮੈਨੂੰ ਸਿੱਧਾ ਕਿਉਂ ਨਾ ਕਿਹਾ ਕਿ ਭਾਈ ਮੇਰਾ ਨਸ਼ਾ ਟੁੱਟਿਐ, ਮੈਨੂੰ ਦੋ ਡਾਲਰ ਦੇਹ। ਝੂਠ ਤਾਂ ਉਸ ਨੇ ਵੀ ਬੋਲਿਆ, ਝੱਟ ਪੱਟ ਮੈਂ ਵੀ ਝੂਠਾ ਜੁਆਬ ਕੱਢ ਮਾਰਿਆ। ਬੰਦਾ ਜਦੋਂ ਗਲਤੀ ਕਰਦੈ, ਉਸ ਨੂੰ ਸਹੀ ਸਿੱਧ ਕਰਨ ਲਈ ਮਨ 'ਚ ਕਈ ਦਲੀਲਾਂ ਘੜਦੈ; ਆਖਿਰ ਕੋਈ ਨਾ ਕੋਈ ਜੁਗਤ ਜੁਗਾੜ ਬਣਾ ਮਨ ਨੂੰ ਧਾਰਸ ਦੇ ਹੀ ਲੈਂਦਾ ਕਿ ਮੈਂ ਜੋ ਕੀਤਾ, ਠੀਕ ਕੀਤਾ।

ਕਈ ਵਾਰੀ ਸਾਡੀ ਇਹ ਫਿਤਰਤ ਹੀ ਬਣੀ ਹੁੰਦੀ ਹੈ ਕਿ ਝੂਠ ਬੋਲਦਿਆਂ ਪਤਾ ਹੀ ਨਹੀਂ ਲੱਗਦਾ ਕਿ ਅਸੀਂ ਝੂਠ ਬੋਲ ਰਹੇ ਹਾਂ। ਸਿਆਸਤਦਾਨਾਂ ਦੀ ਇੱਕ ਖਾਸ ਜਮਾਤ ਤਾਂ ਝੂਠ ਬੋਲੇ ਬਿਨਾ ਸਾਹ ਵੀ ਨਹੀਂ ਲੈ ਸਕਦੀ। ਝੂਠ ਦੇ ਪੁਲੰਦਿਆਂ ਨਾਲ ਹੀ ਉਨ੍ਹਾਂ ਦੀ ਸਿਆਸੀ ਜ਼ਿੰਦਗੀ ਜੁੜੀ ਹੋਈ ਹੁੰਦੀ ਹੈ। ਦੇਖੋ ਚੋਣਾਂ ਸਮੇਂ ਕਿਵੇਂ ਨਵੇਂ ਤੋਂ ਨਵੇਂ ਲਾਰੇ ਲਾਏ ਜਾਂਦੇ ਹਨ, ਚੋਣਾਂ ਜਿੱਤਣ ਪਿਛੋਂ ਕਿਵੇਂ ਉਨ੍ਹਾਂ ਹੀ ਕੀਤੇ ਵਾਦਿਆਂ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ। ਝੂਠ ਦੇ ਪੁਲੰਦੇ ਖੜੇ ਕਰ ਨਵੀਆਂ ਲੜਾਈਆਂ ਵਿੱਢੀਆਂ ਜਾਂਦੀਆਂ ਹਨ ਤੇ ਇੰਜ ਇਹ ਖੁਦਗਰਜ਼ ਸਿਆਸਤਦਾਨ ਲੋਕਾਂ ਦਾ ਘਾਣ ਕਰਨੋਂ ਨਹੀਂ ਝਿਜਕਦੇ। ਦੇਖੋ ਕਿਵੇਂ ਇਰਾਕ 'ਤੇ ਹਮਲਾ ਕਰਕੇ ਝੂਠਾ ਬਹਾਨਾ ਇਹ ਘੜਿਆ ਗਿਆ ਕਿ ਇਰਾਕ ਦੇ ਪ੍ਰਧਾਨ ਸੱਦਾਮ ਹੁਸੈਨ ਕੋਲ ਮਾਰੂ ਰਸਾਇਣਕ ਹਥਿਆਰ ਹਨ। ਸਮੇਤ ਅਮਰੀਕਾ, ਇੰਗਲੈਂਡ ਤੇ ਹੋਰ ਨਾਟੋ ਮੁਲਕਾਂ ਨੇ ਕਈ ਸਾਲ ਝੂਠ ਨੂੰ ਸੱਚ ਬਣਾ ਬਣਾ ਕੇ ਇਰਾਕੀ ਲੋਕਾਂ ਨੂੰ ਮਾਰਿਆ, ਕੁੱਟਿਆ ਤੇ ਲੁੱਟਿਆ। ਆਖਿਰ ਕੋਈ ਰਸਾਇਣਕ ਹਥਿਆਰ ਨਾ ਲੱਭੇ ਤੇ ਮੰਨਣਾ ਪਿਆ ਕਿ ਇਹ ਹਮਲਾ ਕਰਨਾ ਗਲਤੀ ਸੀ।

ਮੇਰੇ ਅੰਦਰ ਅਜਿਹੀਆਂ ਵਾਪਰੀਆਂ ਘਟਨਾਵਾਂ ਬਾਰੇ ਵਿਚਾਰ ਕਿ ਮੈਂ ਦੋ ਡਾਲਰ ਲਈ ਝੂਠ ਬੋਲ ਕੇ ਪ੍ਰੇਸ਼ਾਨ ਹੋ ਰਿਹਾਂ, ਕੀ ਇਹ ਵੱਡੇ ਮੁਲਕਾਂ ਦੇ ਸਿਆਸੀ ਨੇਤਾਵਾਂ ਨੂੰ ਲੱਖਾਂ ਲੋਕਾਂ ਦਾ ਘਾਣ ਕਰਵਾ ਕੇ ਅਤੇ ਝੂਠ ਦੇ ਪੁਲੰਦਿਆਂ ਦੇ ਆਧਾਰ 'ਤੇ ਮੁਲਕੀ ਜੰਗਾਂ ਸ਼ੁਰੂ ਕਰ ਕਰਾ ਕੇ ਰਾਤ ਨੂੰ ਨੀਂਦ ਕਿਸ ਤਰ੍ਹਾਂ ਆਉਂਦੀ ਹੈ? ਇਨ੍ਹਾਂ ਲੀਡਰਾਂ ਦੀ ਜ਼ਮੀਰ ਕਿੱਥੇ ਹੈ?

ਆਮ ਕੰਮ ਕਰਕੇ ਜੀਵਨ ਬਸਰ ਕਰਨ ਵਾਲਾ ਜੇ ਟੈਕਸ ਅਦਾ ਨਾ ਕਰੇ ਤਾਂ ਕਿਸ ਤਰ੍ਹਾਂ ਟੈਕਸ ਮਹਿਕਮਾ ਉਸ ਦੀ ਖਿਚਾਈ ਕਰਦੈ। ਦੂਜੇ ਪਾਸੇ ਵੱਡੀਆਂ ਵੱਡੀਆਂ ਕਮਾਈਆਂ ਕਰਨ ਵਾਲੇ ਤੇ ਬਹੁਕੌਮੀ ਕਾਰਪੋਰੇਸ਼ਨਾਂ ਕਿਵੇਂ ਚੋਰ ਮੋਰੀਆਂ ਰਾਹੀਂ ਟੈਕਸ ਦੇਣੋਂ ਬਚ ਨਿਕਲਦੇ ਹਨ। ਕੀ ਇਹ ਸਾਰਾ ਝੂਠ ਦਾ ਪੁਲੰਦਾ ਨਹੀਂ? ਜੇ ਨਹੀਂ ਤਾਂ ਫਿਰ ਇਹ ਕੀ ਹੈ? ਕੀ ਇਹ ਮੇਰੇ ਖਿਆਲੀ ਪਲਾਉ ਹੀ ਹਨ ਜਾਂ ਮੈਂ ਜਜ਼ਬਾਤੀ ਹੋ ਦੋ ਡਾਲਰ ਦੇ ਝੂਠ ਲਈ ਸੋਚੀ ਜਾ ਰਿਹਾਂ? ਬੰਦਾ ਗੁੰਝਲਾਂ ਤੇ ਉਲਝਣਾਂ 'ਚ ਫਸਿਆ ਪਿਆ, ਇਸੇ ਕਰਕੇ ਇਸ ਦੀ ਜ਼ਿੰਦਗੀ 'ਚ ਟਿਕਾਓ ਨਹੀਂ ਆਉਂਦਾ; ਇਸੇ ਕਰਕੇ ਇਹ ਭਟਕਣ 'ਚ ਪਿਆ ਰਹਿੰਦਾ। ਇੱਕ ਗੁੰਝਲ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦਾ ਦੂਜੀ 'ਚ ਉਲਝ ਜਾਂਦਾ। ਇੰਜ ਇਸ ਦੇ ਮਨ 'ਚ ਸਥਿਰਤਾ ਤੇ ਟਕਾਓ ਨਹੀਂ ਬਣਦੇ। ਬੰਦਾ ਆਪਣੇ ਆਪ ਨੂੰ ਸਹੀ ਸਿੱਧ ਕਰਨ ਦੇ ਯਤਨ ਕਰਦਾ ਹੀ ਖਫਾ ਹੋਇਆ ਰਹਿੰਦਾ ਹੈ।

ਨਿਰਮਲ ਬਿਰਤੀ ਬੱਚੇ ਬਹੁਤ ਹੀ ਸੱਚੇ ਤੇ ਸਪਸ਼ਟ ਹੁੰਦੇ ਹਨ, ਜੋ ਉਨ੍ਹਾਂ ਦੇ ਮਨ 'ਚ ਹੁੰਦਾ, ਉਹ ਝੱਟ ਹੀ ਪ੍ਰਗਟ ਕਰ ਦਿੰਦੇ ਹਨ, ਪਰ ਸਿਆਣੇ ਹੋ ਕੇ ਉਨ੍ਹਾਂ ਦੀ ਬਿਰਤੀ ਸਾਡੇ ਵਲ ਵੇਖ ਕੇ ਵਿਗੜ ਜਾਂਦੀ ਹੈ, ਜਾਂ ਸਹਿਜ ਸੁਭਾ ਅਸੀਂ ਹੀ ਵਿਗਾੜ ਦਿੰਦੇ ਹਾਂ। ਬੱਚਿਆਂ ਦੀ ਉੱਤਮ ਬਿਰਤੀ ਤੇ ਨਿਰਛਲ ਸੁਭਾਅ ਤੋਂ ਅਸੀਂ ਕਿਉਂ ਸੇਧ ਨਹੀਂ ਲੈਂਦੇ? ਇਹ ਵਿਚਾਰ ਆ ਆ ਮੇਰੇ ਅੰਦਰ ਕੁਰਬਲ ਕੁਰਬਲ ਹੋ ਰਹੀ ਹੈ। ਜੇ ਕਿਤੇ ਇਉਂ ਅਸੀਂ ਮਨ ਨੂੰ ਦ੍ਰਿੜਤਾ ਨਾਲ ਪ੍ਰੇਰ ਕੇ ਨੇਮ ਧਾਰ, ਸੱਚ ਨੂੰ ਸਨਮੁੱਖ ਜੀਵਨ ਸੇਧ ਬਣਾਈਏ ਤਾਂ ਉਪਰ ਜ਼ਿਕਰ ਕੀਤੀਆਂ ਘਟਨਾਵਾਂ ਕਾਰਨ ਹੋਏ ਬੇਹਿਸਾਬੇ ਕਤਲੇਆਮ, ਆਰਥਕ ਨੁਕਸਾਨ ਤੇ ਮਨ ਦੀਆਂ ਪਈਆਂ ਪ੍ਰਣਾਈਆਂ ਉਲਝਣਾਂ ਤੋਂ ਬਚ ਸਕਦੇ ਹਾਂ। ਇੰਜ ਦੋ ਡਾਲਰ ਕੀ, ਕਰੋੜਾਂ ਡਾਲਰਾਂ ਲਈ ਵੀ ਅਸੀਂ ਝੂਠ ਬੋਲਣੋਂ ਮੁਕਤ ਹੋ ਜਾਵਾਂਗੇ।

# ਮਾਂ ਦਾ ਖਤ ਧੀ ਦੇ ਨਾਮ

***ਚੈਕੋਸਲੋਵਾਕੀਆ ਦੀ ਮਿਲਾਡਾ ਹੋਰਾਕੋਵਾ (25 ਦਸੰਬਰ 1901-27 ਜੂਨ 1950) ਨੂੰ ਕਮਿਊਨਿਸਟ ਸਰਕਾਰ ਦਾ ਤਖਤਾ ਪਲਟਾਉਣ ਦੀ ਸਾਜ਼ਿਸ਼ ਵਿਚ ਸ਼ਾਮਿਲ ਹੋਣ ਦੇ ਦੋਸ਼ ਵਿਚ ਫਾਂਸੀ 'ਤੇ ਲਟਕਾ ਦਿੱਤਾ ਗਿਆ ਸੀ। ਆਪਣੀ ਮੌਤ ਤੋਂ ਐਨ ਪਹਿਲਾਂ ਉਸ ਨੇ ਆਪਣੀ ਧੀ ਜਾਨਾ ਅਤੇ ਪਤੀ ਬੋਹੂਸਲਾਵ ਹੋਰਾਕੋਵਾ ਨੂੰ ਖਤ ਲਿਖੇ। ਇਨ੍ਹਾਂ ਖਤਾਂ ਦੀ ਇਬਾਰਤ ਦੱਸਦੀ ਹੈ ਕਿ ਉਸ ਦਾ ਜ਼ਿੰਦਗੀ ਪ੍ਰਤੀ ਨਜ਼ਰੀਆ ਕਿਸ ਤਰ੍ਹਾਂ ਦਾ ਸੀ। ਜੰਗ ਬਹਾਦੁਰ ਗੋਇਲ ਨੇ ਆਪਣੇ ਇਸ ਲੇਖ ਵਿਚ 16 ਵਰ੍ਹਿਆਂ ਦੀ ਜਾਨਾ ਨੂੰ ਲਿਖੇ ਖਤ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ। -ਸੰਪਾਦਕ***

ਚੈਕੋਸਲੋਵਾਕੀਆ ਦੀ ਮਿਲਾਡਾ ਹੋਰਾਕੋਵਾ ਅਜਿਹੀ ਜਾਂਬਾਜ਼ ਵੀਰਾਂਗਣਾ ਸੀ, ਜਿਸ ਨੇ ਆਪਣੇ ਦੇਸ਼ ਦੀ ਆਜ਼ਾਦੀ, ਮਨੁੱਖੀ ਹੱਕਾਂ ਦੀ ਰਾਖੀ ਅਤੇ ਲੋਕਤੰਤਰ ਦੀ ਸਥਾਪਨਾ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਉਸ ਨੇ 20ਵੀਂ ਸਦੀ ਦੇ ਦੋ ਤਾਨਾਸ਼ਾਹਾਂ-ਹਿਟਲਰ ਤੇ ਸਟਾਲਿਨ ਦੇ ਜ਼ੁਲਮ ਹੱਸਦਿਆਂ-ਹੱਸਦਿਆਂ ਝੱਲੇ। ਹਿਟਲਰ ਦੇ ਹੱਥੋਂ ਤਾਂ ਉਸ ਦੀ ਜਾਨ ਬਚ ਗਈ, ਪਰ ਚੈਕੋਸਲੋਵਾਕੀਆ ਦੀ ਸਟਾਲਿਨ ਪੱਖੀ ਕਮਿਊਨਿਸਟ ਹਕੂਮਤ ਨੇ ਉਸ ਨੂੰ 27 ਜੂਨ 1950 ਨੂੰ ਫਾਂਸੀ ਦੇ ਤਖਤੇ 'ਤੇ ਲਟਕਾ ਦਿੱਤਾ।

**ਜੰਗ ਬਹਾਦੁਰ ਗੋਇਲ**
**ਫੋਨ: +91-98551-23499**

ਉਸ ਸਮੇਂ ਦੇ ਅਮਰੀਕਾ ਦੇ ਰਾਸ਼ਟਰਪਤੀ ਰੂਜ਼ਵੈਲਟ, ਇੰਗਲੈਂਡ ਦੇ ਪ੍ਰਧਾਨ ਮੰਤਰੀ ਚਰਚਿਲ, ਮਹਾਨ ਵਿਗਿਆਨੀ ਅਲਬਰਟ ਆਈਨਸਟਾਈਨ, ਮੰਨੇ-ਪ੍ਰਮੰਨੇ ਲੇਖਕਾਂ-ਜਾਨ ਪਾਲ ਸਾਰਤਰ, ਜਾਰਜ ਬਰਨਾਰਡ ਸ਼ਾਅ, ਅਲਬੇਅਰ ਕਾਮੂ ਤੇ ਆਂਦਰੇ ਜੀਦ ਨੇ ਸਟਾਲਿਨ ਕੋਲ ਰਹਿਮ ਦੀ ਅਪੀਲ ਕੀਤੀ, ਪਰ ਕੋਈ ਅਸਰ ਨਾ ਹੋਇਆ।

ਮਿਲਾਡਾ ਦਾ ਜਨਮ 1901 ਵਿਚ ਕ੍ਰਿਸਮਸ ਵਾਲੇ ਦਿਨ ਚੈਕੋਸਲੋਵਾਕੀਆ ਦੇ ਸ਼ਹਿਰ ਪਰਾਗ ਵਿਚ ਯਹੂਦੀ ਪਰਿਵਾਰ ਵਿਚ ਹੋਇਆ। ਉਸ ਦਾ ਪਿਤਾ ਪੈਨਸਿਲਾਂ ਬਣਾਉਣ ਵਾਲੀ ਕੰਪਨੀ ਦਾ ਮੈਨੇਜਰ ਸੀ। ਉਹ ਬਚਪਨ ਵਿਚ ਹੀ ਆਪਣੀ ਉਮਰ ਤੋਂ ਕਿਤੇ ਵੱਧ ਸਿਆਣੀ ਤੇ ਸਮਝਦਾਰ ਕੁੜੀ ਸੀ। ਪਹਿਲੇ ਵਿਸ਼ਵ ਯੁੱਧ ਦੀ ਸਮਾਪਤੀ ਸਮੇਂ ਅਜੇ ਉਹ ਸਕੂਲ ਵਿਚ ਹੀ ਪੜ੍ਹ ਰਹੀ ਸੀ ਕਿ ਉਸ ਨੇ ਰੈਡਕਰਾਸ ਦੀ ਵਾਲੰਟੀਅਰ ਵਜੋਂ ਯੁੱਧ-ਪੀੜਤ ਸੈਨਿਕਾਂ ਅਤੇ ਪਰਿਵਾਰਾਂ ਦੀ ਭਲਾਈ ਲਈ ਦਿਨ-ਰਾਤ ਕੰਮ ਕੀਤਾ।

ਮਿਲਾਡਾ ਨੇ 1926 ਵਿਚ ਚਾਰਲਸ ਯੂਨੀਵਰਸਿਟੀ ਵਿਚੋਂ ਕਾਨੂੰਨ ਦੇ ਵਿਸ਼ੇ ਵਿਚ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ। ਉਸੇ ਸਾਲ ਉਹ ਪਰਾਗ ਮਿਉਂਸਪਲ ਕੌਂਸਲ ਵਿਚ ਬਾਲ ਕਲਿਆਣ ਵਿਭਾਗ ਦੀ ਮੁਖੀ ਬਣ ਗਈ। ਅਗਲੇ ਵਰ੍ਹੇ ਹੀ ਉਸ ਦੀ ਸ਼ਾਦੀ ਬੋਹੂਸਲਾਵ ਹੋਰਾਕੋਵਾ ਨਾਲ ਹੋ ਗਈ, ਜੋ ਨਿਡਰ ਪੱਤਰਕਾਰ ਅਤੇ ਸੰਵੇਦਨਸ਼ੀਲ ਕਵੀ ਸੀ। ਉਹ ਇਕ ਦੂਜੇ ਦੇ ਪੂਰਕ ਸਨ-ਦੋ ਜਿੰਦ ਤੇ ਇਕ ਜਾਨ! ਉਨ੍ਹਾਂ ਦੀ ਇਕੋ-ਇਕ ਸੰਤਾਨ ਜਾਨਾ ਦਾ ਜਨਮ 1933 ਵਿਚ ਹੋਇਆ।

ਦੂਜੇ ਵਿਸ਼ਵ ਯੁੱਧ ਦੇ ਮੁਢਲੇ ਦੌਰ ਵਿਚ ਹੀ ਜਰਮਨ ਦੀਆਂ ਨਾਜ਼ੀ ਫੌਜਾਂ ਨੇ ਚੈਕੋਸਲੋਵਾਕੀਆ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਦੇਸ਼ ਵਿਚ ਭੈਅ ਦਾ ਵਾਤਾਵਰਣ ਸੀ। ਇਸ ਦੇ ਬਾਵਜੂਦ ਮਿਲਾਡਾ ਅਤੇ ਉਸ ਦਾ ਪਤੀ, ਨਾਜ਼ੀ ਹਕੂਮਤ ਦਾ ਵਿਰੋਧ ਕਰਨ ਵਾਲਿਆਂ ਵਿਚ ਮੁੱਖ ਰੂਪ ਵਿਚ ਸ਼ਾਮਿਲ ਸਨ।

ਨਾਜ਼ੀ ਦਰਿੰਦੇ ਯਹੂਦੀਆਂ ਦੇ ਕੱਟੜ ਦੁਸ਼ਮਣ ਸਨ। ਯਹੂਦੀ ਹੋਣ ਕਰ ਕੇ ਮਿਲਾਡਾ ਅਤੇ ਉਸ ਦੇ ਪਤੀ ਨੂੰ 22 ਜੁਲਾਈ 1940 ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਨ੍ਹਾਂ ਨੂੰ ਵੱਖ ਵੱਖ ਤਸੀਹਾ ਕੇਂਦਰਾਂ ਵਿਚ ਭੇਜ ਦਿੱਤਾ ਗਿਆ। ਮਿਲਾਡਾ ਨੂੰ ਸਜ਼ਾ-ਏ-ਮੌਤ ਦਿੱਤੀ ਗਈ, ਜੋ ਬਾਅਦ ਵਿਚ ਉਮਰ ਕੈਦ ਵਿਚ ਬਦਲ ਦਿੱਤੀ ਗਈ। ਦੂਜੇ ਵਿਸ਼ਵ ਯੁੱਧ ਦੀ ਸਮਾਪਤੀ 'ਤੇ ਜਦੋਂ ਅਮਰੀਕਨ ਫੌਜ ਨੇ ਨਾਜ਼ੀਆਂ ਨੂੰ ਚੈਕੋਸਲੋਵਾਕੀਆ ਵਿਚੋਂ ਬਾਹਰ ਕੱਢ ਦਿੱਤਾ ਤਾਂ ਮਿਲਾਡਾ ਅਤੇ ਉਸ ਦਾ ਪਤੀ ਹਿਟਲਰ ਦੀ ਕੈਦ ਵਿਚੋਂ ਰਿਹਾ ਹੋ ਕੇ ਆਪਣੇ ਦੇਸ਼ ਪਰਤੇ।

ਮਿਲਾਡਾ 1945 ਵਿਚ ਨੈਸ਼ਨਲ ਸੋਸ਼ਲਿਸਟ ਪਾਰਟੀ ਦੀ ਮੈਂਬਰ ਬਣ ਗਈ ਅਤੇ ਚੈਕੋਸਲੋਵਾਕੀਆ ਵਿਚ ਜਦੋਂ ਲੋਕਤੰਤਰ ਬਹਾਲ ਹੋਇਆ ਤਾਂ ਉਹ ਦੇਸ਼ ਦੀ ਪਾਰਲੀਮੈਂਟ ਮੈਂਬਰ ਚੁਣੀ ਗਈ। ਉਸ ਨੂੰ ਨੈਸ਼ਨਲ ਵਿਮੈਨ ਕੌਂਸਲ ਦੀ ਪ੍ਰਧਾਨ ਨਿਯੁਕਤ ਕੀਤਾ ਗਿਆ, ਪਰ ਫਰਵਰੀ 1948 ਵਿਚ ਕਮਿਊਨਿਸਟ ਪਾਰਟੀ ਨੇ ਚੈਕੋਸਲੋਵਾਕੀਆ ਦੀ ਲੋਕਤੰਤਰੀ ਸਰਕਾਰ ਦਾ ਤਖਤਾ ਪਲਟ ਦਿੱਤਾ ਅਤੇ ਵਿਰੋਧੀਆਂ ਨੂੰ ਹਿਰਾਸਤ ਵਿਚ ਲੈਣਾ ਸ਼ੁਰੂ ਕਰ ਦਿੱਤਾ। ਮਿਲਾਡਾ ਨੂੰ 27 ਸਤੰਬਰ 1949 ਨੂੰ ਗ੍ਰਿਫਤਾਰ ਕਰ ਲਿਆ ਗਿਆ, ਪਰ ਉਸ ਦਾ ਪਤੀ ਪੁਲਿਸ ਦੇ ਹੱਥ ਨਾ ਆਇਆ। ਉਸ ਦੀ ਗੁੰਮਸ਼ੁਦਗੀ ਅੱਜ ਵੀ ਰਹੱਸ ਬਣੀ ਹੋਈ ਹੈ। ਉਨ੍ਹਾਂ ਦੀ ਇਕਲੌਤੀ ਧੀ ਜਾਨਾ ਨੂੰ ਉਸ ਦੀ ਮਾਸੀ ਵੇਰਾ ਨੇ ਪਾਲਿਆ। ਵੇਰਾ ਮਿਲਾਡਾ ਤੋਂ ਕਰੀਬ 12 ਸਾਲ ਛੋਟੀ ਸੀ। ਮਿਲਾਡਾ 'ਤੇ ਦੇਸ਼-ਧ੍ਰੋਹ ਦਾ ਦੋਸ਼ ਲਾਇਆ ਗਿਆ। ਜੇਲ੍ਹ ਵਿਚ ਮਿਲਾਡਾ ਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਉਸ ਦਾ ਮਨੋਬਲ ਤੋੜਨ ਅਤੇ ਉਸ ਦਾ 'ਬ੍ਰੇਨ ਵਾਸ਼' ਕਰਨ ਲਈ ਉਸ 'ਤੇ ਬੇਸ਼ੁਮਾਰ ਜ਼ੁਲਮ ਢਾਹੇ ਗਏ। ਉਸ ਨੂੰ ਕਈ-ਕਈ ਘੰਟੇ ਬਰਫੀਲੇ ਪਾਣੀ ਵਿਚ ਖੜ੍ਹੇ ਰੱਖਿਆ ਗਿਆ। ਭੈਭੀਤ ਕਰਨ ਲਈ ਟਿਕੀ ਰਾਤ ਵਿਚ ਭਿਆਨਕ ਚੀਕਾਂ ਦੀ ਰਿਕਾਰਡ ਕੀਤੀ ਅਵਾਜ਼ ਸੁਣਾਈ ਜਾਂਦੀ ਰਹੀ।

ਆਖਰ ਮਿਲਾਡਾ ਦੇ ਮੁਕੱਦਮੇ ਦੀ ਸੁਣਵਾਈ 8 ਜੂਨ 1950 ਨੂੰ ਸ਼ੁਰੂ ਹੋਈ, ਜੋ ਇਕ ਹਫਤਾ ਚੱਲੀ। ਇਹ ਮੁਕੱਦਮਾ ਮਹਿਜ਼ 'ਸ਼ੋਅ ਟਰਾਇਲ' ਸੀ (ਇਹ ਕਾਫਕਾ ਦੇ ਨਾਵਲ 'ਟਰਾਇਲ' ਤੋਂ ਵੀ ਕਿਤੇ ਵੱਧ ਭਿਆਨਕ ਸੀ। ਇਸ ਨੂੰ ਸੰਜੋਗ ਹੀ ਕਿਹਾ ਜਾ ਸਕਦਾ ਹੈ ਕਿ 'ਟਰਾਇਲ' ਦਾ ਲੇਖਕ ਵੀ ਪਰਾਗ ਸ਼ਹਿਰ ਦਾ ਹੀ ਵਾਸੀ ਸੀ)। ਕਮਿਊਨਿਸਟ ਹਕੂਮਤ ਦੇ ਕਾਰਕੁਨਾਂ ਰਾਹੀਂ ਤਿਆਰ ਕੀਤੀ 'ਸਕ੍ਰਿਪਟ' ਮਿਲਾਡਾ ਦੇ ਹੱਥ ਵਿਚ ਸੌਂਪ ਦਿੱਤੀ ਗਈ। ਜਨਤਾ ਵਿਚ ਦਹਿਸ਼ਤ ਪੈਦਾ ਕਰਨ ਲਈ ਮੁਕੱਦਮੇ ਦੀ ਰਿਕਾਰਡਿੰਗ ਹਰ ਰੋਜ਼ ਰੇਡੀਓ ਤੋਂ ਨਸ਼ਰ ਕੀਤੀ ਜਾਂਦੀ। ਮਿਲਾਡਾ ਨਾਲ ਉਸ ਦੇ ਕੁਝ ਹੋਰ ਸਾਥੀਆਂ 'ਤੇ ਵੀ ਮੁਕੱਦਮਾ ਚਲਾਇਆ ਜਾ ਰਿਹਾ ਸੀ। ਮਿਲਾਡਾ ਨੇ ਸਰਕਾਰੀ ਸਕ੍ਰਿਪਟ ਪਰਾਂ ਰੱਖ ਦਿੱਤੀ ਅਤੇ ਬੜੇ ਬੇਬਾਕ ਢੰਗ ਨਾਲ ਆਪਣਾ ਪੱਖ ਜਿਊਰੀ ਸਾਹਮਣੇ ਪੇਸ਼ ਕੀਤਾ। ਉਸ ਨੇ ਆਪਣੀ ਕੁੰਠ ਅਵਾਜ਼ ਵਿਚ ਕਿਹਾ,

"ਜੇ ਮੁਢਲੇ ਮਨੁੱਖੀ ਹੱਕਾਂ ਲਈ ਲੜਨਾ ਅਪਰਾਧ ਹੈ, ਜੇ ਆਜ਼ਾਦੀ ਦੀ ਮੰਗ ਕਰਨਾ ਅਪਰਾਧ ਹੈ, ਜੇ ਸਭ ਲਈ ਨਿਆਂ ਤੇ ਬਰਾਬਰੀ ਦੀ ਮੰਗ ਕਰਨਾ ਅਪਰਾਧ ਹੈ ਤਾਂ ਮੈਂ ਅਜਿਹੇ ਅਪਰਾਧ ਵਾਰ-ਵਾਰ ਕਰਦੀ ਰਹਾਂਗੀ। ਜੇ ਮੈਨੂੰ ਰਿਹਾ ਵੀ ਕਰ ਦਿੱਤਾ ਜਾਂਦਾ ਹੈ ਤਾਂ ਵੀ ਮੈਂ ਆਪਣੀ ਲੜਾਈ ਜਾਰੀ ਰੱਖਾਂਗੀ।"

ਮੁਕੱਦਮਾ ਤਾਂ ਦੁਨੀਆਂ ਸਾਹਮਣੇ ਸਿਰਫ ਇਕ ਵਿਖਾਵਾ ਸੀ। ਫੈਸਲਾ ਤਾਂ ਪਹਿਲਾਂ ਹੀ ਲਿਖਿਆ ਜਾ ਚੁਕਾ ਸੀ, ਸਿਰਫ ਉਸ ਨੂੰ ਸੁਣਾਉਣਾ ਬਾਕੀ ਸੀ। ਉਸ ਨੂੰ ਅਤੇ ਉਸ ਦੇ ਹੋਰ ਸਾਥੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਇਹ ਖਬਰ ਜਦੋਂ ਅਖਬਾਰਾਂ ਵਿਚ ਛਪੀ ਤਾਂ ਦੁਨੀਆਂ ਭਰ ਦੇ ਸਿਆਸੀ ਆਗੂਆਂ ਅਤੇ ਬੁੱਧੀਜੀਵੀਆਂ ਨੇ ਚੈਕੋਸਲੋਵਾਕੀਆ ਦੇ ਰਾਸ਼ਟਰਪਤੀ ਕਲੇਮੈਂਟ ਗੋਟਾਵਲਾ ਅਤੇ ਸਟਾਲਿਨ ਕੋਲ ਰਹਿਮ ਦੀ ਅਪੀਲ ਕੀਤੀ, ਪਰ ਤਾਨਾਸ਼ਾਹਾਂ 'ਤੇ ਕੋਈ ਅਸਰ ਨਾ ਹੋਇਆ। ਆਖਰਕਾਰ ਮਿਲਾਡਾ ਨੂੰ ਪਰੇਕਾਂਕ ਜੇਲ੍ਹ ਦੇ ਵਿਹੜੇ ਵਿਚ 27 ਜੂਨ 1950 ਨੂੰ ਸਵੇਰੇ 5.38 ਵਜੇ ਫਾਂਸੀ 'ਤੇ ਲਟਕਾ ਦਿੱਤਾ ਗਿਆ। ਜ਼ੁਲਮ ਦੀ ਹੱਦ ਹੋ ਗਈ, ਜਦੋਂ ਉਸ ਦੀ ਮ੍ਰਿਤਕ ਦੇਹ ਵੀ ਉਸ ਦੇ ਵਾਰਿਸਾਂ ਨੂੰ ਨਾ ਸੌਂਪੀ ਗਈ।

ਫਾਂਸੀ ਲੱਗਣ ਤੋਂ ਪਹਿਲਾਂ ਮਿਲਾਡਾ ਨੇ ਆਪਣੀ ਸੱਸ, ਪਤੀ ਅਤੇ ਧੀ ਦੇ ਨਾਮ ਖਤ ਲਿਖੇ। ਇਨ੍ਹਾਂ ਖਤਾਂ ਨੂੰ ਵੀ ਕਮਿਊਨਿਸਟ ਹਕੂਮਤ ਨੇ ਜ਼ਬਤ ਕਰ ਲਿਆ ਸੀ। ਚੈਕੋਸਲੋਵਾਕੀਆ ਵਿਚ ਜਦੋਂ 1989 ਵਿਚ ਤਾਨਾਸ਼ਾਹੀ ਹਕੂਮਤ ਦਾ ਅੰਤ ਹੋਇਆ ਤਾਂ ਇਹ ਖਤ ਜੇਲ੍ਹ ਦੇ ਰਿਕਾਰਡ ਵਿਚੋਂ ਪ੍ਰਾਪਤ ਹੋਏ। ਮਿਲਾਡਾ ਨੂੰ 1990 ਵਿਚ ਹੀ ਚੈਕੋਸਲੋਵਾਕੀਆ ਵਿਖੇ ਆਪਣੇ ਦੇਸ਼ ਦੀ 'ਮਹਾਨ ਵੀਰਾਂਗਣਾ' ਹੋਣ ਦਾ ਮਾਣ-ਸਨਮਾਨ ਹਾਸਲ ਹੋਇਆ।



*ਮਿਲਾਡਾ ਹੋਰਾਕੋਵਾ ਅਤੇ (ਸੱਜੇ) ਅਦਾਲਤੀ ਸੁਣਵਾਈ ਦੌਰਾਨ ਮਿਲਾਡਾ ਹੋਰਾਕੋਵਾ*

ਇਹ ਇਕ ਮੰਨਿਆ-ਪ੍ਰਮੰਨਿਆ ਮਨੋਵਿਗਿਆਨਕ ਤੱਥ ਹੈ ਕਿ ਫਾਂਸੀ ਤੋਂ ਪਹਿਲਾਂ ਵੱਡੇ-ਵੱਡੇ ਬਹਾਦਰ ਯੋਧੇ ਵੀ ਆਪਣਾ ਮਾਨਸਿਕ ਸੰਤੁਲਨ ਗਵਾ ਬਹਿੰਦੇ ਹਨ, ਪਰ ਮਿਲਾਡਾ ਨੇ ਜਿਸ ਸ਼ਾਂਤ, ਸੰਤੁਲਿਤ ਤਾਰਕਿਕ ਅਤੇ ਠਰ੍ਹੰਮੇ ਨਾਲ ਇਹ ਖਤ ਲਿਖੇ ਸਨ, ਉਹ ਉਸ ਦੇ ਬੇਮਿਸਾਲ ਹੌਸਲੇ ਤੇ ਨੈਤਿਕ ਸ਼ਕਤੀ ਦੇ ਪ੍ਰਤੀਕ ਹਨ। ਮਿਲਾਡਾ ਦਾ ਆਪਣੀ ਧੀ ਜਾਨਾ ਦੇ ਨਾਮ ਲਿਖਿਆ ਖਤ ਪਾਠਕਾਂ ਦੇ ਰੂ-ਬ-ਰੂ ਹੈ, ਜਿਸ ਖਤ ਦਾ ਹਰਫ-ਹਰਫ ਜ਼ਿੰਦਗੀ ਵਿਚ ਉਤਾਰਨ ਵਾਲਾ ਹੈ:

ਮੇਰੀ ਪਿਆਰੀ ਬੇਟੀ ਜਾਨਾ,

ਮੇਰੀ ਕੁੱਖੋਂ ਜਨਮ ਲੈ ਕੇ ਤੂੰ ਮੈਨੂੰ ਸੰਪੂਰਨ ਔਰਤ ਬਣਾ ਦਿੱਤਾ। ਤੇਰੇ ਪਿਤਾ ਨੇ ਜਰਮਨ ਦੀ ਜੇਲ੍ਹ ਵਿਚ ਤੇਰੇ ਲਈ ਕਵਿਤਾ ਲਿਖੀ ਸੀ,

ਪਰਮਾਤਮਾ ਨੇ ਤੈਨੂੰ
ਵਰਦਾਨ ਦੇ ਰੂਪ ਵਿਚ ਸਾਨੂੰ ਭੇਟ ਕੀਤਾ ਹੈ
ਕਿਉਂਕਿ ਉਹ ਸਾਨੂੰ ਬੇਹੱਦ ਪਿਆਰ ਕਰਦਾ ਹੈ।

ਤੇਰੇ ਮਿਕਨਾਤੀਸੀ ਪਿਤਾ ਦੇ ਬੇਅੰਤ ਪਿਆਰ ਪਿਛੋਂ ਮੇਰੀ ਤਕਦੀਰ ਨੇ ਮੈਨੂੰ ਜੋ ਸਭ ਤੋਂ ਵੱਡੀ ਸੌਗਾਤ ਬਖਸ਼ੀ ਹੈ, ਉਹ ਤੂੰ ਹੈਂ ਪਰ ਮੇਰੀ ਕਿਸਮਤ ਨੇ ਮੇਰੀ ਜ਼ਿੰਦਗੀ ਦਾ ਤਾਣਾ-ਬਾਣਾ ਕੁਝ ਇਸ ਤਰ੍ਹਾਂ ਬੁਣਿਆ ਕਿ ਮੈਂ ਤੈਨੂੰ ਉਹ ਕੁਝ ਨਹੀਂ ਦੇ ਸਕੀ, ਜੋ ਦੇਣਾ ਚਾਹੁੰਦੀ ਸਾਂ। ਇਸ ਦਾ ਕਾਰਨ ਇਹ ਬਿਲਕੁਲ ਨਹੀਂ ਕਿ ਮੇਰੇ ਪਿਆਰ ਵਿਚ ਕੋਈ ਕਮੀ ਸੀ। ਮੈਂ ਤੈਨੂੰ ਓਨੀ ਹੀ ਸ਼ਿੱਦਤ ਨਾਲ ਪਿਅਰ ਕਰਦੀ ਹਾਂ, ਜਿੰਨੀ ਸ਼ਿੱਦਤ ਨਾਲ ਇਸ ਦੁਨੀਆਂ ਦੀ ਹਰ ਮਾਂ ਆਪਣੀ ਧੀ ਨਾਲ ਕਰਦੀ ਹੈ। ਮੈਂ ਆਪਣਾ ਇਹ ਫਰਜ਼ ਸਮਝਦੀ ਸਾਂ ਕਿ ਮੈਂ ਤੇਰੇ ਲਈ ਕੁਝ ਚੰਗਾ ਕਰਾਂ ਤੇ ਇਹ ਯਕੀਨੀ ਬਣਾਵਾਂ ਕਿ ਤੇਰੀ ਜ਼ਿੰਦਗੀ ਹਰ ਲਿਹਾਜ਼ ਨਾਲ ਬਿਹਤਰ ਅਤੇ ਸੋਹਣੀ ਹੋਵੇ, ਪਰ ਇਹ ਉਸ ਸੂਰਤ ਵਿਚ ਹੀ ਸੰਭਵ ਹੋ ਸਕਦਾ ਸੀ, ਜੇ ਤੇਰੇ ਜਿਹੇ ਸਭ ਬੱਚਿਆਂ ਨੂੰ ਸੋਹਣੀ ਜ਼ਿੰਦਗੀ ਨਸੀਬ ਹੋਵੇ। ਇਸ ਉਦੇਸ਼ ਦੀ ਪ੍ਰਾਪਤੀ ਲਈ ਮੈਂ ਰੁੱਝੀ ਰਹੀ ਤੇ ਸਾਨੂੰ ਇਕ ਦੂਜੇ ਤੋਂ ਦੂਰ ਰਹਿਣਾ ਪਿਆ। ਇਸ ਨੂੰ ਕਿਸਮਤ ਦਾ ਹੇਰ-ਫੇਰ ਹੀ ਕਿਹਾ ਜਾ ਸਕਦਾ ਹੈ ਕਿ ਅਸੀਂ ਫੇਰ ਜੁਦਾ ਹੋ ਰਹੇ ਹਾਂ ਤੇ ਇਸ ਵਾਰ ਮੈਂ ਕਦੇ ਵਾਪਿਸ ਨਹੀਂ ਆਵਾਂਗੀ। ਇਹ ਪੜ੍ਹ ਕੇ ਨਾ ਉਦਾਸ ਹੋਵੀਂ ਤੇ ਨਾ ਭੈ-ਭੀਤ।

ਮੇਰੀ ਬੱਚੀ! ਚੰਗਾ ਹੋਵੇਗਾ ਜੇ ਤੂੰ ਇਹ ਗੱਲ ਬਿਨਾ ਕਿਸੇ ਹੋਰ ਦੇਰੀ ਤੋਂ ਸਿੱਖ ਲਵੇਂ ਕਿ ਜ਼ਿੰਦਗੀ ਬਹੁਤ ਹੀ ਕਠੋਰ ਤੇ ਕਠਿਨ ਹੈ। ਇਹ ਕਿਸੇ ਨਾਲ ਵੀ ਲਾਡ ਨਹੀਂ ਲਡਾਉਂਦੀ। ਜੇ ਇਹ ਇਕ ਵਾਰ ਪਿਆਰ ਨਾਲ ਪਿੱਠ ਥਾਪੜਦੀ ਹੈ ਤਾਂ ਦਸ ਵਾਰ ਥਪੇੜੇ ਵੀ ਮਾਰਦੀ ਹੈ। ਇਸ ਹਾਲਤ ਨਾਲ ਜਿੰਨੀ ਜਲਦੀ ਹੋ ਸਕੇ, ਸਮਝੌਤਾ ਕਰ ਲਵੀਂ। ਜ਼ਿੰਦਗੀ ਦੀਆਂ ਔਕੜਾਂ 'ਤੇ ਜਿੱਤ ਹਾਸਲ ਕਰਨ ਲਈ ਜ਼ਰੂਰੀ ਹੈ ਕਿ ਤੇਰਾ ਹੌਸਲਾ ਬੁਲੰਦ ਹੋਵੇ ਤੇ ਤੇਰੀ ਨਜ਼ਰ ਹਮੇਸ਼ਾ ਤੇਰੇ ਟੀਚੇ 'ਤੇ ਟਿਕੀ ਹੋਵੇ। ਅਜੇ ਬਹੁਤ ਕੁਝ ਅਜਿਹਾ ਹੈ, ਜੋ ਤੇਰੀ ਸੋਚ ਤੋਂ ਪਰ੍ਹਾਂ ਹੈ। ਉਨ੍ਹਾਂ ਸਭ ਗੱਲਾਂ ਦਾ ਖੁਲਾਸਾ ਕਰਨ ਲਈ ਮੇਰੇ ਕੋਲ ਸਮਾਂ ਹੀ ਨਹੀਂ ਬਚਿਆ। ਮੇਰੇ ਕੋਲ ਤੇਰੇ ਸਵਾਲਾਂ ਦਾ ਜਵਾਬ ਦੇਣ ਦੀ ਮੋਹਲਤ ਵੀ ਨਹੀਂ ਹੈ।

ਹੋ ਸਕਦਾ ਹੈ ਕਿ ਤੂੰ ਵੱਡੀ ਹੋ ਕੇ ਹੈਰਾਨੀ ਨਾਲ ਇਹ ਸੋਚੇਂ ਕਿ ਤੇਰੀ ਮਾਂ, ਜਿਸ ਲਈ ਤੂੰ ਰੱਬ ਦਾ ਸਭ ਤੋਂ ਵੱਡਾ ਵਰਦਾਨ ਸੀ, ਉਸ ਨੇ ਆਪਣੀ ਜ਼ਿੰਦਗੀ ਦੀ ਵਿਉਂਤਬੰਦੀ ਇੰਨੇ ਅਨੋਖੇ ਢੰਗ ਨਾਲ ਕਿਉਂ ਕੀਤੀ? ਸੋਚਦਿਆਂ-ਸੋਚਦਿਆਂ ਤੂੰ ਖੁਦ ਹੀ ਕਿਸੇ ਸਿੱਟੇ 'ਤੇ ਅੱਪੜ ਜਾਵੇਂਗੀ। ਸ਼ਾਇਦ ਤੇਰਾ ਸਿੱਟਾ ਮੇਰੇ ਵਿਸ਼ਲੇਸ਼ਣਾਂ ਤੋਂ ਬਿਹਤਰ ਹੋਵੇਗਾ। ਮੇਰੀ ਜਾਚੇ ਜਦੋਂ ਤੂੰ ਸਾਰੇ ਤੱਥ ਜਾਣ ਲਵੇਂਗੀ ਤਾਂ ਤੂੰ ਸਾਰੇ ਹਾਲਾਤ ਦਾ ਸਹੀ ਪ੍ਰਸੰਗ ਵਿਚ ਮੁਲੰਕਣ ਕਰਨ ਦੇ ਯੋਗ ਹੋ ਜਾਵੇਂਗੀ।

ਸਿਰਫ ਕਿਤਾਬਾਂ ਤੋਂ ਹੀ ਨਹੀਂ, ਲੋਕਾਂ ਤੋਂ ਵੀ ਸਿੱਖੋ-ਸਭ ਕਿਸਮ ਦੇ ਲੋਕਾਂ ਤੋਂ, ਭਾਵੇਂ ਉਹ ਕਿੰਨੇ ਹੀ ਆਮ ਤੇ ਖਾਸ ਹੋਣ। ਦੁਨੀਆਂ 'ਚ ਅੱਖਾਂ ਖੋਲ੍ਹ ਕੇ ਵਿਚਰੋ। ਸਿਰਫ ਆਪਣੇ ਫਾਇਦੇ-ਨੁਕਸਾਨ ਬਾਰੇ ਹੀ ਨਾ ਸੋਚੋ, ਸਗੋਂ ਹੋਰ ਲੋਕਾਂ ਦੀ ਭਲਾਈ ਅਤੇ ਉਨ੍ਹਾਂ ਦੀਆਂ ਆਸਾਂ-ਉਮੀਦਾਂ ਬਾਰੇ ਵੀ ਵਿਚਾਰ ਕਰੋ। ਕਿਸੇ ਵੀ ਗੱਲ ਨੂੰ ਲੈ ਕੇ ਇਹ ਨਾ ਕਹਿਣਾ ਕਿ ਮੇਰਾ ਇਸ ਗੱਲ ਨਾਲ ਕੀ ਵਾਸਤਾ! ਨਹੀਂ, ਹਰ ਚੀਜ਼ ਨਾਲ ਤੁਹਾਡਾ ਵਾਸਤਾ ਹੈ, ਹਰ ਚੀਜ਼ ਵਿਚ ਤੁਹਾਡੀ ਦਿਲਚਸਪੀ ਹੋਣੀ ਚਾਹੀਦੀ ਹੈ, ਤੇ ਹਰ ਗੱਲ ਬਾਰੇ ਤੈਨੂੰ ਸੋਚਣਾ-ਵਿਚਾਰਨਾ ਚਾਹੀਦਾ ਹੈ ਤੇ ਉਸ 'ਤੇ ਡੂੰਘਾ ਚਿੰਤਨ ਕਰਨਾ ਚਾਹੀਦਾ ਹੈ। ਕੋਈ ਵੀ ਮਨੁੱਖ ਇਕੱਲਿਆਂ ਨਹੀਂ ਜੀਅ ਸਕਦਾ। ਇਕੱਠ ਵਿਚ ਰਹਿ ਕੇ ਖੁਸ਼ੀ ਹਾਸਲ ਹੁੰਦੀ ਹੈ ਤੇ ਦੂਜਿਆਂ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਵੀ ਹੁੰਦਾ ਹੈ। ਸਾਡੀ ਜ਼ਿੰਮੇਵਾਰੀ ਆਪਣੇ ਬਾਰੇ ਨਹੀਂ, ਲੋਕਾਂ ਲਈ ਹੈ। ਆਪਣੇ ਨਿਜੀ ਹਿਤਾਂ ਨੂੰ ਲੋਕਾਈ ਦੇ ਹਿਤਾਂ 'ਤੇ ਵਾਰ ਦੇਣਾ ਹੀ ਤੇਰੀ ਜ਼ਿੰਦਗੀ ਦਾ ਮਕਸਦ ਹੋਣਾ ਚਾਹੀਦਾ ਹੈ।

ਮੈਂ ਇਹ ਨਹੀਂ ਚਾਹੁੰਦੀ ਕਿ ਤੂੰ ਲੋਕਾਂ ਦੀ ਭੀੜ ਦਾ ਹਿੱਸਾ ਬਣ ਕੇ ਆਪਣੇ ਨਿੱਜ ਨੂੰ ਹੀ ਗਵਾ ਬੈਠੇਂ। ਮੈਂ ਕਹਿਣਾ ਇਹ ਚਾਹੁੰਦੀ ਹਾਂ ਕਿ ਤੇਰੇ ਲਈ ਇਹ ਭਲੀ-ਭਾਂਤ ਜਾਣਨਾ ਜ਼ਰੂਰੀ ਹੈ ਕਿ ਤੂੰ ਸਭ ਲੋਕਾਂ 'ਚੋਂ ਇਕ ਇਕਾਈ ਹੈਂ ਤੇ ਤੇਰਾ ਫਰਜ਼ ਬਣਦਾ ਹੈ ਕਿ ਤੂੰ ਆਪਣੇ ਜਿਹੇ ਲੋਕਾਂ ਦੀ ਭਲਾਈ ਲਈ ਆਪਣਾ ਸਭ ਕੁਝ ਵਾਰ ਦੇਵੇਂ। ਜੇ ਤੂੰ ਅਜਿਹਾ ਕਰਨ ਵਿਚ ਸਫਲ ਹੋ ਸਕੇਂ ਤਾਂ ਮੈਂ ਸਮਝਾਂਗੀ ਕਿ ਤੂੰ ਜਨਹਿਤ ਲਈ ਆਪਣੀ ਜ਼ਿੰਦਗੀ ਲੇਖੇ ਲਾਈ ਹੈ।

ਇਕ ਸੰਕਲਪ 'ਤੇ ਮੈਥੋਂ ਵੀ ਵੱਧ ਪਹਿਰਾ ਦੇਵੀਂ, ਜ਼ਿੰਦਗੀ ਵਿਚ ਹਰ ਚੀਜ਼ ਨੂੰ ਸਕਾਰਾਤਮਕ ਦ੍ਰਿਸ਼ਟੀ ਨਾਲ ਵੇਖਣਾ, ਨਾਂਹ ਪੱਖੀ ਸੋਚ ਤੋਂ ਜਿੰਨਾ ਬਚ ਸਕੇਂ, ਬਚੀਂ; ਪਰ ਜਿੱਥੇ ਕਿਤੇ ਵੀ ਬੁਰਾਈ ਵੇਖੇਂ, ਉਸ ਦਾ ਬਹਾਦਰੀ ਨਾਲ ਮੁਕਾਬਲਾ ਕਰੀਂ। ਹਰ ਹਾਲਤ ਵਿਚ ਸਕਾਰਾਤਮਕ ਸੋਚ ਰੱਖਣ ਵਾਲੇ ਆਦਮੀ ਕੋਲ ਵਿਵੇਕ-ਬੁਧੀ ਹੋਣੀ ਲਾਜ਼ਮੀ ਹੈ ਤਾਂ ਜੋ ਉਹ ਖਰੇ ਤੇ ਖੋਟੇ ਸੋਨੇ ਦਾ ਭੇਤ ਝੱਟ ਜਾਣ ਸਕੇ। ਮੇਰੀ ਪਿਆਰੀ ਬੇਟੀ! ਇਹ ਭੇਦ ਕਰਨਾ ਕਦੇ-ਕਦੇ ਬਹੁਤ ਮੁਸ਼ਕਿਲ ਹੋ ਜਾਂਦਾ ਹੈ, ਕਿਉਂਕਿ ਨਕਲੀ ਚਮਕ ਅੱਖਾਂ ਨੂੰ ਇਸ ਕਦਰ ਚੁੰਧਿਆ ਦਿੰਦੀ ਹੈ ਕਿ ਆਦਮੀ ਆਪਣੇ ਹੱਥ 'ਚ ਫੜੀ ਅਸਲੀ ਸੋਨੇ ਦੀ ਡਲੀ ਨੂੰ ਪਰਾਂ ਸੁੱਟ ਕੇ ਨਕਲੀ ਚਮਕ-ਦਮਕ ਵਾਲੀ ਚੀਜ਼ ਦੇ ਲੋਭ ਤੋਂ ਬਚ ਨਹੀਂ ਸਕਦਾ।

ਆਪਣੀ ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਦੀ ਤੱਕੜੀ ਨੂੰ ਸਮਤੋਲ ਰੱਖਣ ਲਈ ਸਿਰਫ ਆਪਣੇ-ਆਪ ਨੂੰ ਚੰਗੀ ਤਰ੍ਹਾਂ ਜਾਣ ਲੈਣਾ ਹੀ ਕਾਫੀ ਨਹੀਂ, ਉਸ ਵਾਸਤੇ ਇਹ ਵੀ ਜ਼ਰੂਰੀ ਹੈ ਕਿ ਕਦੇ-ਕਦਾਈਂ ਆਪਣੇ ਚਰਿੱਤਰ ਦਾ ਕਠੋਰਤਾ ਨਾਲ ਜਾਇਜ਼ਾ ਵੀ ਲਿਆ ਜਾਵੇ। ਆਪਣੇ ਇਰਦ-ਗਿਰਦ ਦੇ ਸੰਸਾਰ ਬਾਰੇ ਜਿੰਨਾ ਵੀ ਜਾਣ ਸਕੋ, ਜਾਣਨ ਦੀ ਕੋਸ਼ਿਸ਼ ਕਰੋ। ਸੰਖੇਪ ਵਿਚ ਮੈਂ ਕਹਿਣਾ ਚਾਹਾਂਗੀ ਕਿ 'ਜਾਣੂ ਹੋਣਾ, ਗਿਆਨਵਾਨ ਹੋਣਾ ਹੈ।'

ਆਪਣੇ ਕੰਨ ਕਦੇ ਵੀ ਬੰਦ ਨਹੀਂ ਕਰਨੇ। ਹੋਰਨਾਂ ਦੇ ਵਿਚਾਰ ਸੁਣਨ ਤੋਂ ਕਦੇ ਨਾਂਹ ਨਹੀਂ ਕਰਨੀ, ਭਾਵੇਂ ਉਹ ਤੈਨੂੰ ਪ੍ਰੇਸ਼ਾਨ ਕਰਨ ਵਾਲੇ ਹੀ ਕਿਉਂ ਨਾ ਹੋਣ। ਸਭ ਗੱਲਾਂ ਦੀ ਪਰਖ ਕਰੋ, ਉਨ੍ਹਾਂ 'ਤੇ ਗੰਭੀਰਤਾ ਨਾਲ ਸੋਚੋ। ਆਪਣੀ ਆਲੋਚਨਾ ਸਭ ਤੋਂ ਵੱਧ ਕਰੋ। ਜਦੋਂ ਵੀ ਤੈਨੂੰ ਸਹੀ ਤੱਥ ਪਤਾ ਲੱਗਣ ਤਾਂ ਉਨ੍ਹਾਂ ਨੂੰ ਸਵੀਕਾਰ ਕਰਨ ਵਿਚ ਕਦੇ ਸ਼ਰਮਿੰਦਗੀ ਮਹਿਸੂਸ ਨਹੀਂ ਕਰਨੀ, ਬੇਸ਼ਕ ਤੂੰ ਕੁਝ ਸਮਾਂ ਪਹਿਲਾਂ ਹੀ ਤਾਕਤ ਨਾਲ ਉਸ ਦੇ ਉਲਟ ਕੋਈ ਤੱਥ ਪੇਸ਼ ਕੀਤਾ ਹੋਵੇ। ਆਪਣੀ ਕਹੀ ਗੱਲ ਨੂੰ ਸੱਚ ਮੰਨਣਾ ਅਤੇ ਉਸ ਨੂੰ ਮੰਨਵਾਉਣ ਦੀ ਜ਼ਿਦ ਠੀਕ ਨਹੀਂ। ਜਦੋਂ ਤੈਨੂੰ ਕਿਸੇ ਗੱਲ ਦੀ ਸੱਚਾਈ ਦਾ ਪਤਾ ਲੱਗ ਜਾਵੇ ਤਾਂ ਫਿਰ ਤੈਨੂੰ ਉਸ ਲਈ ਲੜਨ-ਮਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਵਾਲਟੇਅਰ ਨੇ ਕਿਹਾ ਹੈ, 'ਮੌਤ ਬੁਰੀ ਨਹੀਂ ਹੈ, ਜਿਉਂਦੇ ਜੀਅ ਕਿਸ਼ਤ-ਦਰ-ਕਿਸ਼ਤ ਮਰਨਾ ਬੁਰੀ ਗੱਲ ਹੈ, ਸਰਾਪ ਹੈ।' ਮੇਰੀਏ ਧੀਏ! ਇਹ ਹਾਲਤ ਉਸ ਸਮੇਂ ਪੈਦਾ ਹੁੰਦੀ ਹੈ, ਜਦੋਂ ਕੋਈ ਆਦਮੀ ਜ਼ਿੰਦਗੀ ਦੀਆਂ ਹਕੀਕਤਾਂ ਤੋਂ ਟੁੱਟ ਕੇ ਜਿਉਣ ਲੱਗਦਾ ਹੈ।

ਤਕਦੀਰ ਜਿਸ ਥਾਂ ਦੀ ਤੁਹਾਡੇ ਲਈ ਚੋਣ ਕਰਦੀ ਹੈ, ਉਥੇ ਹੀ ਆਪਣੀਆਂ ਜੜ੍ਹਾਂ ਜਮਾ ਲਵੋ। ਤਕਦੀਰ ਖੁਦ ਹੀ ਜ਼ਿੰਦਗੀ ਵਿਚ ਆਪਣੇ ਰਾਹ ਦੀ ਤਲਾਸ਼ ਕਰਦੀ ਹੈ। ਆਪਣੀ ਪੂਰੀ ਜ਼ਾਤੀ ਆਜ਼ਾਦੀ ਨਾਲ ਇਹ ਚੋਣ ਕਰੋ ਤਾਂ ਜੋ ਫਿਰ ਕੋਈ ਵੀ ਤੁਹਾਨੂੰ ਆਪਣੇ ਚੁਣੇ ਹੋਏ ਰਸਤੇ ਤੋਂ ਭਟਕਾ ਨਾ ਸਕੇ। ਇਥੋਂ ਤੱਕ ਕਿ ਤੁਹਾਡੇ ਮਾਂ-ਬਾਪ ਦੀਆਂ ਯਾਦਾਂ ਵੀ ਇਸ ਵਿਚ ਵਿਘਨ ਨਾ ਪਾ ਸਕਣ। ਬਸ, ਕਦੇ ਵੀ ਉਸ ਰਾਹ 'ਤੇ ਨਾ ਤੁਰਨਾ, ਜੋ ਗਲਤ ਅਤੇ ਬੇਈਮਾਨ ਹੋਵੇ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਖਿਲਾਫ ਹੋਵੇ।

ਮੈਂ ਕਈ ਵਾਰ ਆਪਣੇ ਵਿਚਾਰ ਬਦਲੇ,

***(ਬਾਕੀ ਅਗਲੇ ਸਫੇ 'ਤੇ)***

***ਆਪਣੇ ਕੰਨ ਕਦੇ ਵੀ ਬੰਦ ਨਹੀਂ ਕਰਨੇ। ਹੋਰਨਾਂ ਦੇ ਵਿਚਾਰ ਸੁਣਨ ਤੋਂ ਕਦੇ ਨਾਂਹ ਨਹੀਂ ਕਰਨੀ, ਭਾਵੇਂ ਉਹ ਤੈਨੂੰ ਪ੍ਰੇਸ਼ਾਨ ਕਰਨ ਵਾਲੇ ਹੀ ਕਿਉਂ ਨਾ ਹੋਣ। ਸਭ ਗੱਲਾਂ ਦੀ ਪਰਖ ਕਰੋ, ਉਨ੍ਹਾਂ 'ਤੇ ਗੰਭੀਰਤਾ ਨਾਲ ਸੋਚੋ। ਆਪਣੀ ਆਲੋਚਨਾ ਸਭ ਤੋਂ ਵੱਧ ਕਰੋ। ਜਦੋਂ ਵੀ ਤੈਨੂੰ ਸਹੀ ਤੱਥ ਪਤਾ ਲੱਗਣ ਤਾਂ ਉਨ੍ਹਾਂ ਨੂੰ ਸਵੀਕਾਰ ਕਰਨ ਵਿਚ ਕਦੇ ਸ਼ਰਮਿੰਦਗੀ ਮਹਿਸੂਸ ਨਹੀਂ ਕਰਨੀ, ਬੇਸ਼ਕ ਤੂੰ ਕੁਝ ਸਮਾਂ ਪਹਿਲਾਂ ਹੀ ਤਾਕਤ ਨਾਲ ਉਸ ਦੇ ਉਲਟ ਕੋਈ ਤੱਥ ਪੇਸ਼ ਕੀਤਾ ਹੋਵੇ। ਆਪਣੀ ਕਹੀ ਗੱਲ ਨੂੰ ਸੱਚ ਮੰਨਣਾ ਅਤੇ ਉਸ ਨੂੰ ਮੰਨਵਾਉਣ ਦੀ ਜ਼ਿਦ ਠੀਕ ਨਹੀਂ। ਜਦੋਂ ਤੈਨੂੰ ਕਿਸੇ ਗੱਲ ਦੀ ਸੱਚਾਈ ਦਾ ਪਤਾ ਲੱਗ ਜਾਵੇ ਤਾਂ ਫਿਰ ਤੈਨੂੰ ਉਸ ਲਈ ਲੜਨ-ਮਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਵਾਲਟੇਅਰ ਨੇ ਕਿਹਾ ਹੈ, 'ਮੌਤ ਬੁਰੀ ਨਹੀਂ ਹੈ, ਜਿਉਂਦੇ ਜੀਅ ਕਿਸ਼ਤ-ਦਰ-ਕਿਸ਼ਤ ਮਰਨਾ ਬੁਰੀ ਗੱਲ ਹੈ, ਸਰਾਪ ਹੈ।' ਮੇਰੀਏ ਧੀਏ! ਇਹ ਹਾਲਤ ਉਸ ਸਮੇਂ ਪੈਦਾ ਹੁੰਦੀ ਹੈ, ਜਦੋਂ ਕੋਈ ਆਦਮੀ ਜ਼ਿੰਦਗੀ ਦੀਆਂ ਹਕੀਕਤਾਂ ਤੋਂ ਟੁੱਟ ਕੇ ਜਿਉਣ ਲੱਗਦਾ ਹੈ।***

ਆਪਣੀਆਂ ਮਾਨਤਾਵਾਂ ਨੂੰ ਪੁਨਰ-ਪਰਿਭਾਸ਼ਤ ਵੀ ਕੀਤਾ, ਪਰ ਮੈਂ ਕਦੇ ਵੀ ਜ਼ਿੰਦਗੀ ਦੇ ਮੁਢਲੇ ਨੈਤਿਕ ਸਿਧਾਂਤਾਂ ਦਾ ਪੱਲਾ ਨਹੀਂ ਛੱਡਿਆ। ਉਸ ਤੋਂ ਬਿਨਾ ਮੈਂ ਆਪਣੀ ਹੋਂਦ ਦੀ ਕਲਪਨਾ ਹੀ ਨਹੀਂ ਸਾਂ ਕਰ ਸਕਦੀ। ਇਹੋ ਮੇਰੀ ਅੰਤਰ-ਆਤਮਾ ਦੀ ਆਜ਼ਾਦੀ ਹੈ। ਮੈਂ ਸਹੀ ਸੀ ਜਾਂ ਗਲਤ, ਇਸ ਦਾ ਫੈਸਲਾ ਮੈਂ ਤੇਰੇ 'ਤੇ ਛੱਡਦੀ ਹਾਂ।

ਜ਼ਿੰਦਗੀ ਵਿਚ ਦੂਜੀ ਅਹਿਮ ਚੀਜ਼ ਹੈ, ਕੰਮ। ਆਪਣੇ ਕੰਮ ਨਾਲ ਪਿਆਰ ਕਰੋ। ਕੰਮ ਕੋਈ ਵੀ ਹੋਵੇ, ਉਸ ਨੂੰ ਪੂਰੀ ਤਨਦੇਹੀ ਨਾਲ ਕਰੋ। ਫਿਰ ਕੋਈ ਡਰ ਨਹੀਂ; ਸਭ ਕੁਝ ਆਪਣੇ ਆਪ ਸਹੀ ਹੁੰਦਾ ਜਾਵੇਗਾ। ਜ਼ਿੰਦਗੀ ਵਿਚ ਪਿਆਰ ਦੀ ਅਹਿਮੀਅਤ ਨੂੰ ਕਦੇ ਨਾ ਭੁੱਲਣਾ। ਇਸ ਵੇਲੇ ਮੈਂ ਉਸ 'ਲਾਲ ਗੁਲਾਬ' ਬਾਰੇ ਨਹੀਂ ਸੋਚ ਰਹੀ ਹਾਂ, ਜੋ ਕਿਸੇ ਨਾ ਕਿਸੇ ਦਿਨ ਤੇਰੇ ਦਿਲ ਦੇ ਬਗੀਚੇ ਵਿਚ ਜ਼ਰੂਰ ਖਿੜੇਗਾ। ਜੇ ਕਿਸਮਤ ਮਿਹਰਬਾਨ ਹੋਈ ਤਾਂ ਜਦੋਂ ਵੀ ਤੂੰ ਆਪਣੇ ਦਿਲ 'ਚ ਖਿੜੇ ਲਾਲ ਗੁਲਾਬ ਵਰਗਾ ਫੁੱਲ ਕਿਸੇ ਦੇ ਦਿਲ ਵਿਚ ਵੇਖੇਂਗੀ ਤਾਂ ਤੇਰੇ ਅਤੇ ਉਸ ਦੇ ਰਾਹ ਇਕ ਦੂਜੇ ਵਿਚ ਸਮੋ ਜਾਣਗੇ। ਮੈਂ ਪਿਆਰ ਦੇ ਸੰਕਲਪ ਬਾਰੇ ਗੱਲ ਕਰ ਰਹੀ ਹਾਂ, ਜਿਸ ਬਿਨਾ ਜ਼ਿੰਦਗੀ ਖੁਸ਼ਗਵਾਰ ਨਹੀਂ ਹੋ ਸਕਦੀ। ਪਿਆਰ ਨੂੰ ਕਦੇ ਟੁਕੜਿਆਂ ਵਿਚ ਨਾ ਵੰਡੀਂ। ਇਸ ਨੂੰ ਸੱਚੇ ਮਨ ਨਾਲ ਸੰਪੂਰਨ ਰੂਪ ਵਿਚ ਸਵੀਕਾਰ ਕਰਨਾ। ਮੇਰੀ ਜਾਨਾ! ਪਤਾ ਨਹੀਂ ਆਪਣਾ ਜੀਵਨ-ਸਾਥੀ ਪਾਉਣ ਵਿਚ ਤੂੰ ਆਪਣੀ ਮਾਂ ਜਿੰਨੀ ਹੀ ਭਾਗਸ਼ਾਲੀ ਹੋਵੇਂਗੀ ਜਾਂ ਨਹੀਂ, ਮੈਂ ਚਾਹੁੰਦੀ ਹਾਂ ਕਿ ਤੈਨੂੰ ਵੀ ਅਜਿਹੇ ਖੂਬਸੂਰਤ ਇਨਸਾਨ ਦਾ ਸਾਥ ਹਾਸਲ ਹੋਵੇ, ਜਿਹੋ ਜਿਹੇ ਜ਼ਹੀਨ ਇਨਸਾਨ ਦਾ ਸਾਥ ਮੈਨੂੰ ਹਾਸਲ ਹੋਇਆ।

ਤੇਰੇ ਲਈ ਪੇਪਿਕ ਅਤੇ ਵਰਸੂਕਾ ਜਿਸ ਤਰ੍ਹਾਂ ਵੀ ਕੁਰਬਾਨੀ ਕਰ ਰਹੀਆਂ ਹਨ, ਆਪਣੇ ਪਿਆਰ ਤੇਰੇ ਤੋਂ ਵਾਰ ਰਹੀਆਂ ਹਨ, ਉਸ ਲਈ ਹਮੇਸ਼ਾ ਤੂੰ ਉਨ੍ਹਾਂ ਪ੍ਰਤੀ ਵਫਾਦਾਰ ਰਹੀਂ। ਉਨ੍ਹਾਂ ਨਾਲ ਰਲ-ਮਿਲ ਕੇ ਖੁਸ਼ੀਆਂ ਦੀ ਬੁਨਿਆਦ ਨੂੰ ਹੋਰ ਪੁਖਤਾ ਕਰਨਾ। ਉਨ੍ਹਾਂ ਦੀ ਸੇਵਾ ਲਈ ਹਮੇਸ਼ਾ ਤਿਆਰ ਰਹਿਣਾ। ਅਜਿਹਾ ਕਰਕੇ ਸ਼ਾਇਦ ਤੇਰੇ ਅੰਦਰ ਵੀ ਉਨ੍ਹਾਂ ਵਾਲੇ ਸੁਨਹਿਰੀ ਗੁਣ ਆ ਸਕਣ।

ਮੈਨੂੰ ਮੇਰੇ ਕਾਨੂੰਨੀ ਸਲਾਹਕਾਰ ਤੋਂ ਇਹ ਜਾਣ ਕੇ ਖੁਸ਼ੀ ਹੋਈ ਕਿ ਤੂੰ ਸਕੂਲ ਵਿਚ ਬਹੁਤ ਚੰਗੀ ਤਰ੍ਹਾਂ ਪੜ੍ਹਾਈ ਕਰ ਰਹੀ ਹੈਂ ਅਤੇ ਅਗਾਂਹ ਪੜ੍ਹਨਾ ਚਾਹੁੰਦੀ ਹੈ। ਜੇ ਜ਼ਿੰਦਗੀ ਬਸਰ ਕਰਨ ਲਈ ਪੜ੍ਹਾਈ ਛੱਡ ਕੇ ਕੋਈ ਕੰਮ ਕਰਨਾ ਪਵੇ ਤਾਂ ਵੀ ਹਰਗਿਜ਼ ਪੜ੍ਹਨਾ-ਲਿਖਣਾ ਨਹੀਂ ਛੱਡਣਾ। ਮੈਂ ਤਾਂ ਤੈਨੂੰ ਡਾਕਟਰ ਬਣਿਆ ਵੇਖਣਾ ਚਾਹੁੰਦੀ ਸੀ। ਤੈਨੂੰ ਯਾਦ ਹੋਵੇਗਾ, ਸੋ ਇਸ ਬਾਬਤ ਕਿੰਨੀਆਂ ਗੱਲਾਂ ਕਰਦੀ ਹੁੰਦੀ ਸੀ। ਹੁਣ ਤਾਂ ਇਸ ਗੱਲ ਦਾ ਫੈਸਲਾ ਹਾਲਾਤ 'ਤੇ ਨਿਰਭਰ ਕਰਦਾ ਹੈ। ਜੇ ਤੂੰ ਡਾਕਟਰੀ ਦਾ ਡਿਪਲੋਮਾ ਹਾਸਲ ਕਰਨ ਵਿਚ ਕਾਮਯਾਬ ਹੋ ਜਾਵੇਂ ਤਾਂ ਸਰਟੀਫਿਕੇਟ ਨਾਲ ਅਜਿਹੀ ਯੋਗਤਾ ਲੈ ਕੇ ਆਵੀਂ, ਜਿਸ ਨਾਲ ਬਿਮਾਰੀ ਨਾਲ ਪ੍ਰੇਸ਼ਾਨ ਲੋਕਾਂ ਨੂੰ ਰਾਹਤ ਮਿਲ ਸਕੇ...ਤੇਰੀ ਮਾਂ ਨੂੰ ਉਸ ਦਿਨ ਬੇਹੱਦ ਖੁਸ਼ੀ ਹੋਵੇਗੀ, ਪਰ ਯਕੀਨ ਰੱਖੀਂ, ਤੇਰੀ ਮਾਂ ਤੈਨੂੰ ਹਰ ਹਾਲ ਵਿਚ ਵੇਖ ਕੇ ਖੁਸ਼ ਹੋਵੇਗੀ। ਚਾਹੇ ਤੂੰ ਆਪਣੇ ਬੱਚਿਆਂ ਨੂੰ ਝੂਲੇ ਵਿਚ ਲੋਰੀ ਦੇ ਕੇ ਸੁਲਾ ਰਹੀ ਹੋਵੇਂ ਜਾਂ ਰਸੋਈ ਵਿਚ ਖਾਣਾ ਤਿਆਰ ਕਰ ਰਹੀ ਹੋਵੇਂ। ਕੁਝ ਵੀ ਕਰੀਂ; ਪੂਰੀ ਲਗਨ, ਇਮਾਨਦਾਰੀ, ਤਨਦੇਹੀ ਅਤੇ ਖੁਸ਼ੀ-ਖੁਸ਼ੀ ਕਰੀਂ। ਫਿਰ ਹੀ ਤੈਨੂੰ ਸਕੂਨ ਹਾਸਲ ਹੋਵੇਗਾ।

ਜ਼ਿੰਦਗੀ ਤੋਂ ਕਦੇ ਕੁਝ ਮੰਗਣਾ ਨਹੀਂ। ਆਪਣਾ ਟੀਚਾ ਹਮੇਸ਼ਾ ਉਚਾ ਰੱਖਣਾ ਹੈ। ਮੰਗਣਾ ਤੋਂ ਮੇਰਾ ਭਾਵ ਹੈ, ਆਪਣੇ ਸੁਆਰਥ 'ਤੇ ਕਾਬੂ ਪਾਉਣਾ ਹੈ। ਯਾਦ ਰੱਖੀਂ, ਜਿਸ ਮੁਸ਼ਕਿਲ ਘੜੀ ਜੋ ਤੂੰ ਹੁਣ ਲੰਘਣ ਵਾਲੀ ਹੈਂ, ਉਸ ਵਿਚ ਤੇਰੇ ਦਾਦਾ-ਦਾਦੀ, ਵੇਰਾ ਤੇ ਪੇਪਿਕ ਤੇਰੀ ਹਰ ਮੁਮਕਿਨ ਢੰਗ ਨਾਲ ਮਦਦ ਕਰਨਗੇ। ਜੋ ਕੁਝ ਉਨ੍ਹਾਂ ਕੋਲ ਹੈ, ਉਹ ਤੇਰੇ ਤੋਂ ਵਾਰ ਦੇਣਗੇ। ਉਹ ਤੈਨੂੰ ਉਹ ਕੁਝ ਵੀ ਦੇਣ ਦਾ ਯਤਨ ਕਰਨਗੇ, ਜੋ ਉਨ੍ਹਾਂ ਦੀ ਪਹੁੰਚ ਵਿਚ ਨਹੀਂ ਹੈ, ਪਰ ਤੂੰ ਕਦੇ ਵੀ ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਦੀ ਇੱਛਾ ਜਾਹਰ ਨਾ ਕਰੀਂ। ਸਾਦਗੀ ਵਿਚ ਜਿਉਣਾ ਸਿੱਖੀਂ। ਜੇ ਸਾਦਗੀ ਤੇਰੀ ਆਦਤ ਬਣ ਗਈ ਤਾਂ ਫਿਰ ਤੈਨੂੰ ਕਿਸੇ ਚੀਜ਼ ਦੀ ਕੋਈ ਕਮੀ ਵਿਖਾਈ ਨਹੀਂ ਦੇਵੇਗੀ। ਸਾਦਗੀ ਭਰਪੂਰ ਜ਼ਿੰਦਗੀ ਜਿਉਣ ਵਾਲਾ ਆਦਮੀ ਫਜ਼ੂਲ ਜਿਹੇ ਝੰਜਟਾਂ ਤੋਂ ਦੂਰ ਰਹਿੰਦਾ ਹੈ। ਸਾਦਗੀ ਨੂੰ ਮੈਂ ਖੁਦ ਆਪਣੀ ਜ਼ਿੰਦਗੀ ਵਿਚ ਅਪਨਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਇਸ ਤੋਂ ਬੜੀ ਅਜੀਬ ਜਿਹੀ ਸ਼ਕਤੀ ਅਤੇ ਸ਼ਾਂਤੀ ਮਿਲਦੀ ਹੈ।

ਵੱਧ ਤੋਂ ਵੱਧ ਪੜ੍ਹੀਂ। ਵੱਧ ਤੋਂ ਵੱਧ ਭਾਸ਼ਾਵਾਂ ਵਿਚ ਨਿਪੁੰਨਤਾ ਹਾਸਲ ਕਰੀਂ। ਆਪਣੀ ਸ਼ਖਸੀਅਤ ਵਿਚ ਨਿਖਾਰ ਪੈਦਾ ਕਰੀਂ। ਮੇਰੀ ਜ਼ਿੰਦਗੀ ਵਿਚ ਅਜਿਹਾ ਪੜਾਅ ਵੀ ਆਇਆ ਸੀ, ਜਦੋਂ ਮੈਂ ਦਿਨ-ਰਾਤ ਕਿਤਾਬਾਂ ਪੜ੍ਹਦੀ ਹੁੰਦੀ ਸੀ। ਫਿਰ ਅਜਿਹਾ ਸਮਾਂ ਵੀ ਆਇਆ ਕਿ ਮੈਂ ਕੰਮ ਵਿਚ ਐਨੀ ਮਸ਼ਗੂਲ ਹੋ ਗਈ ਕਿ ਕਿਸੇ ਕਿਤਾਬ ਨੂੰ ਹੱਥ ਹੀ ਨਹੀਂ ਲਾ ਸਕੀ। ਇਹ ਮੇਰੇ ਲਈ ਸ਼ਰਮਨਾਕ ਗੱਲ ਸੀ। ਹੁਣ ਮੈਂ ਪਿਛਲੇ ਕਈ ਮਹੀਨਿਆਂ ਤੋਂ ਲਗਾਤਾਰ ਪੜ੍ਹ ਰਹੀ ਹਾਂ। ਕੁਝ ਅਜਿਹੀਆਂ ਪੁਸਤਕਾਂ ਵੀ, ਜੋ ਸ਼ਾਇਦ ਜੇਲ੍ਹ ਤੋਂ ਬਾਹਰ ਮੈਨੂੰ ਦਿਲਚਸਪ ਨਾ ਲਗਦੀਆਂ। ਦੁਨੀਆਂ ਦੀਆਂ ਮਹਾਨ ਅਤੇ ਅਹਿਮ ਪੁਸਤਕਾਂ ਪੜ੍ਹਨਾ ਬਹੁਤ ਜ਼ਰੂਰੀ ਹੈ। ਇਸ ਖਤ ਦੇ ਅੰਤ ਵਿਚ ਮੈਂ ਉਨ੍ਹਾਂ ਪੁਸਤਕਾਂ ਦੀ ਸੂਚੀ (ਇਹ ਸੂਚੀ ਖਤ ਸੈਂਸਰ ਕਰਨ ਵਾਲਿਆਂ ਨੇ ਸਾੜ ਦਿੱਤੀ ਸੀ) ਨੱਥੀ ਕਰ ਰਹੀ ਹਾਂ, ਜੋ ਮੈਂ ਇਨ੍ਹਾਂ ਦਿਨਾਂ ਵਿਚ ਪੜ੍ਹੀਆਂ ਹਨ। ਤੂੰ ਜਦੋਂ ਵੀ ਇਨ੍ਹਾਂ ਪੁਸਤਕਾਂ ਨੂੰ ਪੜ੍ਹੇਂਗੀ ਤਾਂ ਮੈਨੂੰ ਜ਼ਰੂਰ ਯਾਦ ਕਰੇਂਗੀ।

ਹਾਂ, ਹੁਣ ਕੁਝ ਗੱਲਾਂ ਸਰੀਰ ਦੀ ਸਾਂਭ-ਸੰਭਾਲ ਬਾਰੇ ਮੈਂ ਤੈਨੂੰ ਦੱਸਣਾ ਚਾਹੁੰਦੀ ਹਾਂ। ਮੇਰੇ ਕਾਨੂੰਨੀ ਸਲਾਹਕਾਰ ਤੋਂ ਮੈਨੂੰ ਪਤਾ ਲੱਗਾ ਹੈ ਕਿ ਤੂੰ ਖੇਡਾਂ ਵਿਚ ਵੀ ਦਿਲਚਸਪੀ ਲੈ ਰਹੀ ਹੈਂ। ਇਹ ਬਹੁਤ ਚੰਗੀ ਗੱਲ ਹੈ। ਮੇਰੀ ਜਾਚੇ ਕਸਰਤ ਵਿਚ ਵੀ ਸੰਗੀਤ ਦੀਆਂ ਧੁਨਾਂ ਵਾਂਗ ਤਰਤੀਬ ਹੋਣੀ ਚਾਹੀਦੀ ਹੈ। ਜਿਮਨਾਸਟਿਕਸ ਇਸ ਦੀ ਵਧੀਆ ਮਿਸਾਲ ਹੈ। ਸਵੇਰ ਵੇਲੇ ਕੀਤੀ ਅੱਧੇ ਘੰਟੇ ਦੀ ਕਸਰਤ ਤੇਰੀ ਕਮਰ ਦੇ ਆਕਾਰ ਨੂੰ ਸਹੀ ਰੱਖੇਗੀ। ਕਸਰਤ ਕਰਨ ਨਾਲ ਕੰਮ ਕਰਨ ਲਈ ਤਾਕਤ ਮਿਲਦੀ ਹੈ ਅਤੇ ਇੱਛਾ-ਸ਼ਕਤੀ ਵਧਦੀ ਹੈ। ਆਪਣੇ ਚਿਹਰੇ ਦੀ ਚਮੜੀ ਵਲ ਵੀ ਵਿਸ਼ੇਸ਼ ਧਿਆਨ ਦੇਣਾ, ਮੇਰਾ ਭਾਵ 'ਮੇਕ-ਅਪ' ਤੋਂ ਨਹੀਂ ਹੈ। ਇਹ ਬਨਾਵਟੀ ਢੰਗ ਹੈ। ਕੁਦਰਤੀ ਢੰਗ ਨਾਲ ਚਿਹਰੇ ਨੂੰ ਤਾਜ਼ਾ ਤੇ ਸਿਹਤਮੰਦ ਰੱਖਣ ਦੀ ਲੋੜ ਹੈ। ਆਪਣੀ ਗਰਦਨ ਅਤੇ ਹੱਥਾਂ-ਪੈਰਾਂ ਦਾ ਵੀ ਉਸੇ ਤਰ੍ਹਾਂ ਖਿਆਲ ਰੱਖੀਂ, ਜਿੰਨਾ ਤੂੰ ਆਪਣੇ ਚਿਹਰੇ ਦਾ ਰੱਖਦੀ ਹੈਂ। ਬੁਰਸ਼ ਤੇਰਾ ਦੋਸਤ ਬਣ ਜਾਣਾ ਚਾਹੀਦਾ ਹੈ। ਬੁਰਸ਼ ਨਾਲ ਸਾਰਾ ਸਰੀਰ ਹਰ ਰੋਜ਼ ਸਾਫ ਕਰੋ। ਹਵਾ ਅਤੇ ਧੁੱਪ ਵਿਚ ਕੁਝ ਦੇਰ ਰਹਿਣਾ ਬਹੁਤ ਜ਼ਰੂਰੀ ਹੈ, ਪਰ ਇਸ ਬਾਰੇ ਸਲਾਹ ਦੇਣ ਲਈ ਤੈਨੂੰ ਮੇਰੇ ਨਾਲੋਂ ਕਿਤੇ ਵੱਧ ਸਿਆਣੇ ਸਲਾਹਕਾਰ ਮਿਲ ਜਾਣਗੇ।



*ਮਿਲਾਡਾ ਹੋਰਾਕੋਵਾ ਦੀ ਧੀ ਜਾਨਾ ਜੋ ਅੱਜ ਕੱਲ੍ਹ ਅਮਰੀਕਾ ਵਿਚ ਰਹਿੰਦੀ ਹੈ ਅਤੇ (ਸੱਜੇ) ਅਦਾਕਾਰਾ ਅੱਯਾਲਿਤ ਜ਼ਿਊਰਰ ਜਿਸ ਨੇ ਮਿਲਾਡਾ ਬਾਰੇ ਬਣਾਈ ਫਿਲਮ 'ਮਿਲਾਡਾ' (2017) ਵਿਚ ਮੁੱਖ ਕਿਰਦਾਰ ਨਿਭਾਇਆ।*

ਤੇਰੀ ਫੋਟੋ ਵੇਖ ਕੇ ਮੈਨੂੰ ਜਾਪਿਆ, ਜਿਵੇਂ ਤੂੰ ਆਪਣਾ 'ਹੇਅਰ ਸਟਾਇਲ' ਬਦਲ ਲਿਆ ਹੈ, ਪਰ ਇੰਨੇ ਖੂਬਸੂਰਤ ਮੱਥੇ ਨੂੰ ਛੁਪਾਉਣ ਦੀ ਭਲਾ ਕੀ ਲੋੜ ਹੈ? ਸੱਚਮੁਚ, ਤੂੰ ਫੋਟੋ ਵਿਚ ਬਹੁਤ ਪਿਆਰੀ ਲੱਗੀ, ਪਰ ਤੇਰੀ ਮਾਂ ਦੀਆਂ ਨਜ਼ਰਾਂ ਨੇ ਉਸ ਵਿਚ ਇਕ ਖਾਮੀ ਲੱਭ ਹੀ ਲਈ। ਇਸ ਦਾ ਕਾਰਨ ਫੋਟੋ ਖਿਚਵਾਉਣ ਵੇਲੇ ਤੇਰੇ ਬੈਠਣ ਦਾ ਢੰਗ ਵੀ ਹੋ ਸਕਦਾ ਹੈ। ਕੀ ਤੈਨੂੰ ਨਹੀਂ ਲੱਗਦਾ ਕਿ ਪਿੱਠ ਪਾਸੇ ਤੇਰੀ ਗਰਦਨ ਦਾ ਹੇਠਲਾ ਹਿੱਸਾ ਕੁਝ ਜ਼ਿਆਦਾ ਹੀ ਨੰਗਾ ਨਜ਼ਰ ਆਉਂਦਾ ਹੈ? ਸੋਲ੍ਹਾਂ ਸਾਲ ਦੀ ਕੁੜੀ ਲਈ ਇੰਨਾ 'ਲੋਅ-ਕੱਟ' ਵਾਜਿਬ ਨਹੀਂ।

ਬੇ-ਸਲੀਕੇ ਜਿਹੇ ਢੰਗ ਨਾਲ ਵਾਲ ਬੰਨ੍ਹਣੇ ਛੱਡ ਦੇਹ। ਕੱਪੜੇ ਸਾਫ-ਸੁਥਰੇ ਤੇ ਸਲੀਕੇ ਨਾਲ ਪਾਇਆ ਕਰ। ਤੇਰਾ 'ਥਾਇਰੋਇਡ ਗਲੈਂਡ' ਕਿਹੋ ਜਿਹਾ ਹੈ? ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਦੀ ਲੋੜ ਨਹੀਂ। ਮੈਂ ਇਨ੍ਹਾਂ ਖਾਸ ਮੁੱਦਿਆਂ 'ਤੇ ਤੇਰਾ ਧਿਆਨ ਕੇਂਦਰਤ ਕਰਨ ਲਈ ਹੀ ਸਵਾਲ ਪੁੱਛ ਰਹੀ ਹਾਂ, ਜਵਾਬ ਜਾਣਨ ਲਈ ਨਹੀਂ।

ਲਿਪਾਜਿਰਾ ਜੇਲ੍ਹ ਵਿਚ ਮੈਂ ਆਸਟਰੀਆ ਦੀ ਮਹਾਰਾਣੀ ਮਾਰਿਆ ਥੈਰੇਸਾ (1717-1780) ਦੇ ਆਪਣੀ ਧੀ ਦੇ ਨਾਮ ਲਿਖੇ ਖਤ ਪੜ੍ਹੇ ਸਨ। ਮੈਂ ਪੜ੍ਹ ਕੇ ਬਹੁਤ ਪ੍ਰਭਾਵਿਤ ਹੋਈ ਕਿ ਮਹਾਰਾਣੀ ਨੇ ਮਾਂ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਆਪਣੀ ਧੀ ਦਾ ਖਤ ਰਾਹੀਂ ਮਾਰਗ-ਦਰਸ਼ਨ ਕੀਤਾ। ਇਹ ਪੁਸਤਕ ਮੈਂ ਮੂਲ ਜਰਮਨ ਭਾਸ਼ਾ 'ਚ ਪੜ੍ਹੀ ਸੀ। ਮੈਨੂੰ ਇਸ ਪੁਸਤਕ ਦੇ ਸੰਪਾਦਕ ਦਾ ਨਾਮ ਯਾਦ ਨਹੀਂ। ਜੇ ਕਦੇ ਇਹ ਪੁਸਤਕ ਤੇਰੇ ਹੱਥ ਲੱਗੇ ਤਾਂ ਯਾਦ ਕਰਨਾ ਕਿ ਤੇਰੀ ਮਾਂ ਨੇ ਵੀ ਉਸ ਦੀ ਤਰਜ਼ 'ਤੇ ਤੈਨੂੰ ਖਤ ਲਿਖਣ ਲਈ ਸੋਚਿਆ ਸੀ। ਮੇਰੇ ਕੋਲ ਸਮਾਂ ਹੁੰਦਾ ਤਾਂ ਮੈਂ ਜ਼ਰੂਰ ਆਪਣੇ ਅਨੁਭਵ ਤੇਰੇ ਨਾਲ ਸਾਂਝੇ ਕਰਦੀ ਤੇ ਤੈਨੂੰ ਕੁਝ ਸਲਾਹ-ਮਸ਼ਵਰਾ ਵੀ ਦਿੰਦੀ, ਪਰ ਅਫਸੋਸ! ਮੈਂ 'ਇਰਾਦੇ' ਤੋਂ ਅਗਾਂਹ ਨਹੀਂ ਵਧ ਸਕੀ।

ਧੀਏ! ਆਪਣੇ ਦਾਦਾ-ਦਾਦੀ ਦਾ ਖਿਆਲ ਰੱਖੀਂ। ਬਜੁਰਗਾਂ ਨੂੰ ਹਮਦਰਦੀ ਦੀ ਬਹੁਤ ਲੋੜ ਹੁੰਦੀ ਹੈ। ਉਨ੍ਹਾਂ ਨਾਲ ਵੱਧ ਤੋਂ ਵੱਧ ਸਮਾਂ ਬਿਤਾਈਂ। ਉਨ੍ਹਾਂ ਤੋਂ ਤੂੰ ਆਪਣੇ ਮਾਂ-ਬਾਪ ਦੀਆਂ ਕਹਾਣੀਆਂ ਸੁਣੀਂ ਤਾਂ ਜੋ ਉਨ੍ਹਾਂ ਨੂੰ ਆਪਣੀ ਸਿਮਰਤੀ ਵਿਚ ਦਰਜ ਕਰ ਕੇ ਆਪਣੇ ਬੱਚਿਆਂ ਨੂੰ ਵੀ ਸੁਣਾ ਸਕੇਂ। ਇਸ ਤਰ੍ਹਾਂ ਅਸੀਂ ਤੇਰੀਆਂ ਅਤੇ ਤੇਰੀ ਸੰਤਾਨ ਦੀਆਂ ਯਾਦਾਂ ਵਿਚ ਸਦਾ ਜਿਉਂਦੇ ਰਹਾਂਗੇ।

ਇਕ ਗੱਲ ਸੰਗੀਤ ਬਾਰੇ! ਤੇਰੇ ਦਾਦੇ ਨੇ ਤੈਨੂੰ ਪਿਆਨੋ ਭੇਟ ਕੀਤਾ ਸੀ। ਸ਼ੁਕਰਾਨੇ ਵਜੋਂ ਤੈਨੂੰ ਹਰ ਰੋਜ਼ ਪਿਆਨੋ ਵਜਾਉਣ ਦਾ ਰਿਆਜ਼ ਕਰਨਾ ਚਾਹੀਦਾ ਹੈ ਤਾਂ ਜੋ ਤੂੰ ਇਸ ਵਿਚ ਨਿਪੁੰਨਤਾ ਹਾਸਲ ਕਰ ਸਕੇਂ। ਪੇਪਿਕ ਜਦੋਂ ਵੀ ਵਾਇਲਨ ਵਜਾਉਂਦੀ ਸੀ ਤਾਂ ਉਸ ਦੀ ਇੱਛਾ ਹੁੰਦੀ ਸੀ ਕਿ ਕਾਸ਼! ਕੋਈ ਪਿਆਨੋ ਨਾਲ ਉਸ ਨਾਲ ਜੁਗਲਬੰਦੀ ਕਰੇ। ਹੁਣ ਤੂੰ ਉਸ ਨਾਲ ਜੁਗਲਬੰਦੀ ਕਰੀਂ, ਉਸ ਨੂੰ ਚੰਗਾ ਲੱਗੇਗਾ। ਜਦੋਂ ਤੁਸੀਂ ਇਕੱਠੇ ਪਿਆਨੋ ਵਜਾ ਰਹੇ ਹੋਵੋ ਤਾਂ ਮੇਰੇ ਲਈ ਪਾਰਥਾ-6 ਦੀ ਇਹ ਧੁਨ ਵਜਾਉਣਾ,

ਮੇਰੇ ਇਕਾਕੀ ਗੁਲਾਬ  
ਤੂੰ ਖਿੜ੍ਹ ਉਨ੍ਹਾਂ  
ਬਰਫ ਲੱਦਿਆਂ ਪਹਾੜਾਂ 'ਤੇ  
ਅਤੇ ਹਮੇਸ਼ਾ ਮੁਸਕਰਾਉਂਦਾ ਰਹਿ!  
ਫਿਰ ਮੋਜ਼ਾਰਟ ਦੀ ਇਹ ਧੁਨ,  
ਸੌਂ ਜਾ ਮੇਰੀ ਨੰਨ੍ਹੀ ਰਾਜਕਮੁਾਰੀ।

...ਤੇ ਤੇਰੇ ਪਿਤਾ ਦਾ ਉਹ ਪਸੰਦੀਦਾ ਗੀਤ, ਜੋ ਸੋਪਿਨ (ਆਸਟਰੀਆ ਦਾ ਸੰਗੀਤਕਾਰ, 1756-1791) ਨੇ ਗਾਇਆ ਸੀ, 'ਤੇਰੀ ਖਿੜਕੀ ਹੇਠਾਂ ਅੱਜ ਦੀ ਰਾਤ।' ਅਜਿਹੀ ਧੁਨ ਕੱਢੇਂਗੀ ਤਾਂ ਮੈਂ ਵੀ ਤੈਨੂੰ ਸੁਣ ਰਹੀ ਹੋਵਾਂਗੀ।

ਮੇਰੀ ਬੱਚੀ! ਆਪਣੇ ਦੋਸਤਾਂ ਦੀ ਚੋਣ ਸੋਚ-ਸਮਝ ਕੇ ਕਰੀਂ। ਹੋਰ ਗੱਲ ਤੋਂ ਇਲਾਵਾ ਕਿਸੇ ਆਦਮੀ ਦੀ ਪਛਾਣ ਉਸ ਦੀ ਸੰਗਤ ਤੋਂ ਵੀ ਕੀਤੀ ਜਾ ਸਕਦੀ ਹੈ। ਮੈਂ ਹੁਣ ਤੱਕ ਵੀ ਤੇਰੇ ਉਸ ਪਿਆਰੇ ਜਿਹੇ ਖਤ ਨੂੰ ਨਹੀਂ ਭੁੱਲ ਸਕੀ, ਜਿਸ ਨੂੰ ਤੂੰ ਮੇਰੇ ਸਿਰਹਾਣੇ ਨਾਲ ਟੰਗਿਆ ਸੀ। ਇਹ ਉਸ ਦਿਨ ਦੀ ਗੱਲ ਹੈ, ਜਿਸ ਦਿਨ ਮੈਂ ਤੈਨੂੰ ਘਰ ਦੀ ਦਹਿਲੀਜ਼ 'ਤੇ ਕੁਝ ਮੁੰਡੇ-ਕੁੜੀਆਂ ਨਾਲ ਖੇਡਦੇ ਦੇਖਿਆ ਸੀ। ਤੂੰ ਮੈਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਕਿ 'ਟੋਲੀ' ਬਣਾ ਕੇ ਰੱਖਣਾ ਕਿਉਂ ਜ਼ਰੂਰੀ ਹੈ। ਧੀਏ! 'ਟੋਲੀ' ਬਣਾਉਣ ਵਿਚ ਕੋਈ ਹਰਜ ਨਹੀਂ, ਜੇ ਇਹ ਟੋਲੀ ਭਲੇ, ਸਿਆਣੇ, ਸੂਝਵਾਨ ਅਤੇ ਚਰਿਤਰਵਾਨ ਦੋਸਤਾਂ ਦੀ ਹੋਵੇ। ਤੁਹਾਡੇ ਅੰਦਰ ਹਮੇਸ਼ਾ ਇਕ ਦੂਜੇ ਤੋਂ ਕੁਝ ਬਿਹਤਰ ਕਰਨ ਦੀ ਇੱਛਾ-ਸ਼ਕਤੀ ਹੋਣੀ ਚਾਹੀਦੀ ਹੈ।

ਬਹਾਰ ਦੀ ਰੁੱਤ ਵਾਂਗ ਆਈ ਜਵਾਨੀ ਵਿਚ ਜੇ ਕਿਸੇ ਵਲ ਖਿੱਚ ਮਹਿਸੂਸ ਹੋਵੇ ਤਾਂ ਉਸ ਨੂੰ ਪਿਆਰ ਨਾ ਸਮਝ ਲੈਣਾ। ਤੂੰ ਮੇਰੀ ਗੱਲ ਸਮਝ ਰਹੀ ਹੈਂ ਨਾ? ਜੇ ਨਹੀਂ, ਤਾਂ ਮਾਸੀ ਵੇਰਾ ਤੈਨੂੰ ਸਮਝਾ ਦੇਵੇਗੀ। ਮੇਰੀ ਪਿਆਰੀ ਬੱਚੀ! ਜ਼ਿੰਦਗੀ ਨੂੰ ਵਡਮੁੱਲੀ ਸੌਗਾਤ ਸਮਝ ਕੇ ਇਸ ਨਾਲ ਪਿਆਰ ਕਰਨਾ। ਮੈਂ ਤਾਂ ਆਪਣੀ ਜ਼ਿੰਦਗੀ ਦੇ ਆਖਰੀ ਸਾਹ ਤੱਕ ਤੇਰੇ ਚੰਗੇ ਭਵਿਖ ਲਈ ਪ੍ਰਭੂ ਅੱਗੇ ਅਰਦਾਸ ਕਰਦੀ ਰਹਾਂਗੀ।

ਮੇਰੀ ਪਿਆਰੀ ਬੱਚੀ! ਮੈਂ ਤੇਰੀਆਂ ਗੱਲ੍ਹਾਂ ਚੁੰਮਦੀ ਹਾਂ, ਤੇਰੇ ਵਾਲ ਚੋਖਦੀ ਹਾਂ, ਤੇਰੀਆਂ ਅੱਖਾਂ ਤੇ ਤੇਰੇ ਸੋਹਣੇ ਮੁਖੜੇ ਨੂੰ ਚੁੰਮਦੀ ਹਾਂ। ਮੈਂ ਤੈਨੂੰ ਆਪਣੀ ਗਲਵੱਕੜੀ ਵਿਚ ਘੁੱਟਦੀ ਹਾਂ। ਮੈਨੂੰ ਦੁੱਖ ਹੈ ਕਿ ਮੈਂ ਤੈਨੂੰ ਬਹੁਤ ਘੱਟ ਆਪਣੀ ਗੋਦ ਵਿਚ ਖਿਡਾਇਆ ਹੈ। ਹੁਣ ਮੈਂ ਹਮੇਸ਼ਾ ਤੇਰੇ ਨਾਲ ਰਹਾਂਗੀ।

**-ਤੇਰੀ ਮਾਂ।**

---

ਮਿਲਾਡਾ ਨੇ ਜਦੋਂ ਆਪਣੀ ਧੀ ਜਾਨਾ ਨੂੰ ਇਹ ਖਤ ਲਿਖਿਆ ਸੀ ਤਾਂ ਉਸ ਵੇਲੇ ਉਸ ਦੀ ਉਮਰ 16 ਸਾਲ ਦੀ ਸੀ। ਉਸ ਨੇ ਡਾਕਟਰ ਬਣ ਕੇ ਆਪਣੀ ਮਾਂ ਦਾ ਸੁਪਨਾ ਪੂਰਾ ਕੀਤਾ। ਉਹ 1968 ਵਿਚ ਅਮਰੀਕਾ ਚਲੀ ਗਈ ਤੇ ਉਥੇ ਹੀ ਵੱਸ ਗਈ। ਜਦੋਂ ਉਸ ਤੋਂ ਇਹ ਪੁੱਛਿਆ ਗਿਆ ਕਿ ਉਹ ਆਪਣੀ ਮਾਂ ਨੂੰ ਕਿਸ ਤਰ੍ਹਾਂ ਯਾਦ ਕਰਦੀ ਹੈ ਤਾਂ ਉਸ ਨੇ ਕਿਹਾ, "ਉਹ ਵਿਲੱਖਣ ਔਰਤ ਸੀ। ਉਸ ਦੇ ਦਿਲ ਵਿਚ ਬੇਮਿਸਾਲ ਹੌਸਲਾ ਅਤੇ ਮਨੁੱਖਤਾ ਲਈ ਅਸੀਮ ਪਿਆਰ ਭਰਿਆ ਹੋਇਆ ਸੀ। ਉਹ ਬੇਹੱਦ ਪ੍ਰਤਿਭਾਸ਼ਾਲੀ ਅਤੇ ਰੌਸ਼ਨ-ਦਿਮਾਗ ਦੀ ਮਾਲਕ ਸੀ।"

## ਨਿੱਕ-ਸੁੱਕ

# 1956 ਦਾ ਕਰੋਲ ਬਾਗ ਤੇ ਪੰਜਾਬੀ ਸਾਹਿਤਕਾਰ

**ਗੁਲਜ਼ਾਰ ਸਿੰਘ ਸੰਧੂ**

ਆਦਮਪੁਰ ਨੇੜਲੇ ਪਿੰਡ ਚੋਮੋ ਦੇ ਜਾਏ ਤੇ ਪੌਣੀ ਸਦੀ ਤੋਂ ਦਿੱਲੀ ਨਿਵਾਸੀ ਪ੍ਰੀਤਮ ਸਿੰਘ ਬੈਂਸ ਦੇ ਅਕਾਲ ਚਲਾਣੇ ਨੇ ਮੈਨੂੰ 1956 ਦੇ ਕਰੋਲ ਬਾਗ ਦੀ ਯਾਦ ਦਿਵਾ ਦਿੱਤੀ ਹੈ। ਉਦੋਂ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੀ ਬਿਲਡਿੰਗ ਵੀ ਕਰੋਲ ਬਾਗ ਹੀ ਹੁੰਦੀ ਸੀ। ਇਸ ਕਾਲਜ ਵਿਚ ਪ੍ਰੀਤਮ ਸਿੰਘ ਫਿਜ਼ੀਕਲ ਐਜੂਕੇਸ਼ਨ ਦਾ ਅਧਿਆਪਕ ਸੀ ਤੇ ਪਧਿਆਣੇ (ਆਦਮਪੁਰ) ਵਾਲਾ ਭਜਨ ਸਿੰਘ ਕੈਮਿਸਟਰੀ ਦਾ। ਕਾਲਜ ਕੋਲ ਹੋਸਟਲ ਲਈ ਕੋਈ ਥਾਂ ਨਹੀਂ ਸੀ। ਉਨ੍ਹਾਂ ਨੇ ਨੇੜੇ ਹੀ ਆਨੰਦ ਪਰਬਤ ਦੀਆਂ ਬੈਠਕਾਂ, ਜੋ ਅੱਠ ਸਾਲ ਪਹਿਲਾਂ ਪਾਕਿਸਤਾਨ ਤੋਂ ਉਜੜ ਕੇ ਆਏ ਸ਼ਰਨਾਰਥੀਆਂ ਲਈ ਉਸਾਰੀਆਂ ਗਈਆਂ ਸਨ, ਅਧਿਆਪਕਾਂ ਤੇ ਵਿਦਿਆਰਥੀਆਂ ਦੇ ਰਹਿਣ ਲਈ ਕਿਰਾਏ 'ਤੇ ਲੈ ਲਈਆਂ ਸਨ। ਸਰੀਰਿਕ ਵਿਗਿਆਨ ਵਾਲਾ ਪ੍ਰੀਤਮ ਸਿੰਘ ਉਸ ਦਾ ਵਾਰਡਨ ਸੀ। ਉਸ ਦੀ ਆਪਣੀ ਰਿਹਾਇਸ਼ ਵੀ ਇਨ੍ਹਾਂ ਬੈਠਕਾਂ ਵਿਚ ਹੀ ਸੀ, ਭਜਨ ਸਿੰਘ ਦੀ ਵੀ। ਭਜਨ ਸਿੰਘ ਮੇਰਾ ਮਸੇਰ ਭਾਈ ਸੀ। ਉਸ ਨੇ ਮੈਨੂੰ ਵੀ ਕਮਰਾ ਦਿਵਾ ਦਿੱਤਾ। ਪ੍ਰੀਤਮ ਸਿੰਘ ਦੀ ਨਵ-ਵਿਆਹੀ ਵਹੁਟੀ ਮਨਜੀਤ ਕੌਰ ਖਾਲਸਾ ਕਾਲਜ ਦੀ ਵਿਦਿਆਰਥਣ ਸੀ। ਉਹ ਦੋਵੇਂ ਮੇਰੇ ਤੇ ਭਜਨ ਸਿੰਘ ਦੇ ਮਿੱਤਰ ਬਣ ਗਏ।

ਉਨ੍ਹੀਂ ਦਿਨੀਂ ਪਾਕਿਸਤਾਨ ਤੋਂ ਆਏ ਬਹੁਤ ਸਾਰੇ ਪੰਜਾਬੀ ਸ਼ਰਨਾਰਥੀ ਇਸ ਇਲਾਕੇ ਵਿਚ ਹੀ ਆ ਕੇ ਵੱਸੇ ਸਨ। ਉਨ੍ਹਾਂ ਵਿਚ ਸਾਹਿਤਕਾਰ ਵੀ ਸ਼ਾਮਲ ਸਨ-ਅਜੀਤ ਕੌਰ, ਦੇਵਿੰਦਰ ਸਤਿਆਰਥੀ, ਵਣਜਾਰਾ ਬੇਦੀ, ਪ੍ਰੀਤਮ ਸਿੰਘ ਸਫੀਰ, ਅੰਮ੍ਰਿਤਾ ਪ੍ਰੀਤਮ ਤੇ ਈਸ਼ਵਰ ਚਿੱਤਰਕਾਰ। ਇਨ੍ਹਾਂ ਵਿਚ ਹਰਿਭਜਨ ਸਿੰਘ, ਅਮਰ ਸਿੰਘ ਕਬਰ ਪੁੱਟ, ਚਤਰ ਸਿੰਘ ਬੀਰ, ਤਾਰਾ ਸਿੰਘ ਕਾਮਲ, ਰਣਧੀਰ ਸਿੰਘ ਜੋਸ਼, ਅਮਰੀਕ ਸਿੰਘ, ਦੇਵਿੰਦਰ ਸਤਿਆਰਥੀ, ਜਸਵੰਤ ਸਿੰਘ ਨੇਕੀ, ਵਣਜਾਰਾ ਬੇਦੀ, ਬਿਸ਼ਨ ਸਿੰਘ ਉਪਾਸ਼ਕ, ਹਜ਼ਾਰਾ ਸਿੰਘ ਗੁਰਦਾਸਪੁਰੀ ਆਦਿ ਵੀ ਸ਼ਾਮਲ ਕਰ ਲਈਏ ਤਾਂ ਉਸ ਵੇਲੇ ਦਾ ਕਰੋਲ ਬਾਗ ਪੰਜਾਬੀ ਸਾਹਿਤ ਦੀ ਰਾਜਧਾਨੀ ਸੀ। ਅੰਮ੍ਰਿਤਸਰ, ਫਰੀਦਕੋਟ, ਬਠਿੰਡਾ, ਲੁਧਿਆਣਾ, ਜਲੰਧਰ, ਹੁਸ਼ਿਆਰਪੁਰ ਤੇ ਸ਼ਿਮਲਾ ਤੱਕ ਕਿਧਰੇ ਵੀ ਏਨੇ ਸਾਹਿਤਕਾਰ ਨਹੀਂ ਸਨ ਹੁੰਦੇ।

1942 ਵਿਚ ਸਥਾਪਤ ਹੋਈ ਪੰਜਾਬੀ ਸਾਹਿਤ ਸਭਾ ਨੂੰ ਸੰਤਾਲੀ ਦੀ ਵੰਡ ਤੋਂ ਪਿੱਛੋਂ ਚਾਰ ਚੰਨ ਲਾਉਣ ਵਾਲੇ ਵੀ ਇਹੀਓ ਸਨ। ਇਹ ਸਾਰੇ ਪਟੇਲ ਨਗਰ, ਆਨੰਦ ਪਰਬਤ, ਰੋਹਤਕ ਰੋਡ, ਔਰਿਜਲ ਰੋਡ, ਮੋਤੀਆ ਖਾਨ ਤੇ ਰਹਿਗੜਪੁਰਾ ਵਿਚ ਰਹਿੰਦੇ ਸਨ। ਰੂਸੀ ਸੂਚਨਾ ਵਿਭਾਗ ਵਾਲਾ ਦਰਸ਼ਨ ਸਿੰਘ ਤੇ ਅਮਰੀਕੀ ਸੂਚਨਾ ਵਿਭਾਗ ਵਾਲਾ ਹਰਬੰਸ ਸਿੰਘ ਨੂਰ ਵੀ ਇਥੇ ਹੀ ਸਨ, ਚਨਾ ਮਾਰਕਿਟ ਤੇ ਰਾਜਿੰਦਰਾ ਪਾਰਕ ਵਿਚ। ਹਰਿਭਜਨ ਤੇ ਅਮਰੀਕ ਸਿੰਘ ਤਾਂ ਪ੍ਰੀਤਮ ਸਿੰਘ ਦੇ ਕੁਲੀਗ ਹੀ ਸਨ। ਇਨ੍ਹਾਂ ਸਭਨਾ ਨੂੰ ਜੋੜੀ ਰੱਖਣ ਵਾਲੇ ਪ੍ਰੀਤਮ ਸਿੰਘ ਤੇ ਉਸ ਦੀ ਪਤਨੀ ਸਨ। ਪ੍ਰੀਤਮ ਸਿੰਘ 97 ਸਾਲ ਦੀ ਉਮਰ ਭੋਗ ਕੇ ਗਿਆ, ਜਦ ਕਿ ਮਨਜੀਤ ਕੌਰ ਉਸ ਤੋਂ ਸੱਤ ਮਹੀਨੇ ਪਹਿਲਾਂ। ਜੇ ਹੋਰ ਪੁੱਛਦੇ ਹੋ ਤਾਂ ਖੇਡਾਂ, ਖਿਡਾਰੀਆਂ ਬਾਰੇ ਲਿਖਣ ਵਾਲਾ ਸਰਵਣ ਸਿੰਘ ਵੀ ਕਰੋਲ ਬਾਗ ਵਾਲੇ ਕਾਲਜ ਵਿਚ ਦਾਖਲ ਹੋਇਆ ਸੀ।

1956 ਵਾਲੇ ਉਨ੍ਹਾਂ ਸਾਹਿਤਕਾਰਾਂ ਦੇ ਵਾਰਿਸ ਅੱਜ ਕਲ ਕਿੱਥੇ ਰਹਿੰਦੇ ਹਨ? ਇਸ ਲਈ ਵੱਖਰਾ ਲੇਖ ਲਿਖਣਾ ਪਵੇਗਾ। ਅੰਮ੍ਰਿਤਾ ਪ੍ਰੀਤਮ ਦੇ ਹੋਜ਼ ਖਾਸ ਵਾਲੇ ਵਾਰਿਸਾਂ ਨਾਲ ਕੀ ਬੀਤੀ ਸਭ ਜਾਣਦੇ ਹਨ। ਅਜੀਤ ਕੌਰ ਤੇ ਉਸ ਦੀ ਧੀ ਅਰਪਨਾ ਨੂੰ ਵੀ ਤੇ ਹਰਿਭਜਨ ਸਿੰਘ ਦੇ ਬੇਟੇ ਮਦਨ ਗੋਪਾਲ ਨੂੰ ਵੀ। ਪ੍ਰੀਤਮ ਸਿੰਘ ਸਭ ਤੋਂ ਲੰਮੀ ਉਮਰ ਭੋਗ ਕੇ ਹੱਸਦਾ, ਖੇਡਦਾ ਗਿਆ। ਉਸ ਦਾ ਬੇਟਾ ਰਿਸ਼ੀ ਰਾਜੌਰੀ ਗਾਰਡਨ ਦੀ ਅਜੇ ਐਨਕਲੇਵ ਵਿਚ ਰਹਿੰਦਾ ਹੈ। ਕਰੋਲ ਬਾਗ ਦਿੱਲੀ ਜ਼ਿੰਦਾਬਾਦ!

### ਕਰੋਨਾ ਤੇ ਕੁਦਰਤ

ਭਾਰਤ ਵਿਚ ਵਧਦੀ ਵੱਸੋਂ ਦੀ ਸਮੱਸਿਆ ਨੇ ਸਰਕਾਰਾਂ ਤੇ ਸਮਾਜ ਸੇਵਕਾਂ ਦੀ ਚਕਰੀ ਘੁਮਾ ਰੱਖੀ ਹੈ। ਕੁਦਰਤ ਦੇ ਸੋਮਿਆਂ ਨੂੰ ਵਕਤ ਪਾ ਰੱਖਿਆ ਹੈ। ਦਰਿਆਵਾਂ ਦੇ ਨਿਰਮਲ ਪਾਣੀਆਂ ਵਿਚ ਏਨਾ ਮਲ ਮੂਤਰ ਮਿਲਾ ਛਡਿਆ ਹੈ ਕਿ ਨ੍ਹਾਉਣਾ ਤੱਕ ਸੰਭਵ ਨਹੀਂ। ਸਰਕਾਰਾਂ ਨੇ ਕਰੋੜਾਂ ਰੁਪਏ ਖਰਚ ਕਰਕੇ ਗੰਗਾ ਦੇ ਪਾਣੀਆਂ ਨੂੰ ਸ਼ੁਧ ਕਰਨ ਦੇ ਯਤਨ ਕੀਤੇ ਹਨ, ਪਰ ਸਫਲ ਨਹੀਂ ਹੋਏ।

ਕਰੋਨਾ ਵਾਇਰਸ ਨੇ ਵੱਸੋਂ ਨੂੰ ਇਸ ਤਰ੍ਹਾਂ ਘਰਾਂ ਵਿਚ ਬੰਦ ਕੀਤਾ ਹੈ ਕਿ ਨਦੀਆਂ ਦੇ ਕੰਢੇ ਨਹੀਂ ਜਾ ਸਕਦੇ, ਗੰਗਾ ਯਮਨਾ ਦੇ ਕੰਢੇ ਵੀ ਨਹੀਂ। ਨਤੀਜੇ ਵਜੋਂ ਇਨ੍ਹਾਂ ਦਾ ਪਾਣੀ ਸਾਫ ਹੋ ਗਿਆ ਹੈ। ਇੰਨਾ ਜ਼ਿਆਦਾ ਕਿ ਪੀਤਾ ਜਾ ਸਕਦਾ ਹੈ। ਕੁਦਰਤ ਦੀ ਖੇਡ ਹੈ!

**ਅੰਤਿਕਾ: ਟੀ. ਐਨ. ਰਾਜ਼**

ਸਾਧੂਓਂ ਕਾ ਹੋਗਾ ਸੰਗਮ  
ਅਬ ਕੇ ਜਬ ਭੀ ਘਾਟ ਪਰ,  
ਹੈ ਖਬਰ ਸਭ ਐਸ਼-ਓ-ਇਸ਼ਰਤ  
ਟੈਂਟ ਹੀ ਮੇਂ ਪਾਏਂਗੇ।  
ਯੋਗਾ ਆਸਣ ਔਰ ਪ੍ਰਾਣਾਯਾਮ  
ਹੀ ਕੇ ਜ਼ੋਰ ਪਰ,  
ਭਗਤਨੋ ਕੇ ਸਵਾਮੀ  
ਏਕ ਦਿਨ ਉੜ ਜਾਏਂਗੇ।

# ਕਰਫਿਊ 'ਚ ਢਿੱਲ

ਕਰਫਿਊ 'ਚ ਮਿਲੀ ਢਿੱਲ ਸਮੇਂ ਮੈਂ ਕੁਝ ਜਰੂਰੀ ਸਮਾਨ ਲੈਣ ਬਾਜ਼ਾਰ ਗਿਆ। ਦਵਾਈਆਂ ਦੀਆਂ ਦੁਕਾਨਾਂ ਅੱਗੇ ਲੱਗੀਆਂ ਲਾਈਨਾਂ ਦੇਖ ਕੇ ਜੀ ਘਾਬਰਿਆ। ਥਾਂ ਥਾਂ ਖੜ੍ਹੇ ਪੁਲਿਸ ਵਾਲੇ ਡੰਡੇ ਉਲਾਰ ਉਲਾਰ ਉਨ੍ਹਾਂ ਨੂੰ ਡਰਾਉਣ, ਧਮਕਾਉਣ। ਕਰਿਆਨੇ ਦੀਆਂ ਦੁਕਾਨਾਂ ਜਮ੍ਹਾਂ ਈ ਬੰਦ। ਸਬਜ਼ੀ ਦੀਆਂ ਦੁਕਾਨਾਂ ਵੀ ਬੰਦ। ਗੱਲ ਕੀ, ਸਭ ਕੁਝ ਇਸ ਤਰ੍ਹਾਂ ਬੰਦ, ਜਿਵੇਂ ਕਾਲ ਪੈ ਗਿਆ ਹੋਵੇ।

ਕਾਲ ਸ਼ਬਦ ਜ਼ਿਹਨ ਵਿਚ ਆਉਂਦੇ ਹੀ ਮੈਨੂੰ ਸੱਤਵੀਂ ਦੀ ਪੰਜਾਬੀ ਦੀ ਪਾਠਕ ਪੁਸਤਕ ਵਿਚੋਂ ਪੜ੍ਹੀ ਹੋਈ ਵਿਧਾਤਾ ਸਿੰਘ ਤੀਰ ਦੀ ਕਵਿਤਾ 'ਪਾਂਡੀ ਪਾਤਸ਼ਾਹ' ਚੇਤੇ ਆ ਗਈ।



ਮੈਂ ਇਹ ਕਵਿਤਾ ਲੱਭੀ ਤੇ ਆਪਣੇ ਬੱਚਿਆਂ ਨੂੰ ਪੜ੍ਹ ਕੇ ਸੁਣਾਈ ਤਾਂ ਅੱਖਾਂ 'ਚ ਪਰਲ ਪਰਲ ਹੰਝੂ ਉਤਰ ਆਏ। ਵਾਰ ਵਾਰ ਅੱਖਾਂ ਸਾਫ ਕਰਕੇ, ਬੜੀ ਮੁਸ਼ਕਿਲ ਨਾਲ

**ਅਵਤਾਰ ਸਿੰਘ (ਪ੍ਰੋ.)**
ਫੋਨ: 91-9417518384

ਕਵਿਤਾ ਪੂਰੀ ਪੜ੍ਹ ਹੋਈ। ਕਵਿਤਾ ਮੁੱਕ ਗਈ, ਹੰਝੂ ਨਹੀਂ ਮੁੱਕੇ।

ਖਾਸ ਤੌਰ 'ਤੇ ਬੱਚੇ ਦੇ ਤੋਤਲੇ ਬੋਲ ਦਿਲ 'ਤੇ ਆਰੀ ਵਾਂਗ ਫਿਰ ਗਏ ਤੇ ਮਹਾਰਾਜੇ ਦੇ ਬੋਲ ਗਹਿਰੇ ਜ਼ਖਮਾਂ 'ਤੇ ਕੋਸੇ ਕੋਸੇ ਲੋਗੜ ਦੀ ਟਕੋਰ ਦੀ ਤਰ੍ਹਾਂ ਮਹਿਸੂਸ ਹੋਏ।

ਹਕੂਮਤ ਦੇ ਪਰਜਾ ਪ੍ਰਤੀ ਕਲਿਆਣਕਾਰੀ ਫਰਜ਼ ਦੀ ਕਨਸੋ ਤੋਤਲੇ ਬੱਚੇ ਦੇ ਦਿਲ ਤੱਕ ਸੱਚੀ ਆਸਥਾ ਵਜੋਂ ਪੁੱਜਣੀ ਚਾਹੀਦੀ ਹੈ।

ਆਫਰੀਂ ਵਿਧਾਤਾ ਸਿੰਘ ਤੀਰ ਦੀ ਸ਼ਾਇਰਾਨਾ ਕਰਤਾਰੀ ਕਲਪਨਾ ਦੇ, ਜਿਨ੍ਹੇ ਸਾਡੇ ਸਾਹਮਣੇ ਹਕੂਮਤ ਦਾ ਅਸਲ ਅਕਸ ਅਤੇ ਫਰਜ਼ ਪੇਸ਼ ਕੀਤਾ। ਅਜੋਕੇ ਹਾਲਾਤ ਦੇ ਮੱਦੇਨਜ਼ਰ ਅਜੋਕੀ ਹਕੂਮਤ ਨੂੰ ਇਸ ਕਵਿਤਾ ਦੀ ਨਜ਼ਰ ਨਾਲ ਦੇਖਣ ਅਤੇ ਸਮਝਣ ਦੀ ਲੋੜ ਹੈ। ਪੇਸ਼ ਹੈ, ਵਿਧਾਤਾ ਸਿੰਘ ਤੀਰ ਦੀ ਕਵਿਤਾ,

## ਪਾਂਡੀ ਪਾਤਸ਼ਾਹ

ਕੋਈ ਰੋਕੇ ਭਲਾ ਕਿਵੇਂ, ਸਾਹਿਬ ਦੇ ਭਾਣੇ ਨੂੰ,
ਇਕ ਵੇਲਾ ਐਸਾ ਵੀ, ਆਇਆ ਇਸ ਧਰਤੀ 'ਤੇ,
ਦਾਤਾ ਵੀ ਸਹਿਕ ਗਿਆ, ਜਦ ਇੱਕ ਇੱਕ ਦਾਣੇ ਨੂੰ।

ਭੁੱਖੇ ਬਘਿਆੜ ਜਿਉਂ, ਆ ਭੁੱਖਾ ਕਾਲ ਪਿਆ,
ਧਰਤੀ ਇਹ ਭਾਗ ਭਰੀ, ਪੰਜਾਂ ਦਰਿਆਵਾਂ ਦੀ,
ਮੂੰਹ ਆਈ ਆਫਤ ਦੇ, ਕੋਈ ਉਲਟਾ ਫਾਲ ਪਿਆ।

ਕੁੜੀਆਂ ਮੁਟਿਆਰਾਂ ਸਭ, ਪੂਣੀ ਰੰਗ ਹੋ ਗਈਆਂ,
ਪਿਤ ਪੈ ਗਏ ਭੋਖੋਂ ਦੇ, ਸਭ ਛੈਲ ਜਵਾਨਾਂ ਨੂੰ,
ਰੱਤਾਂ, ਵਿਚ ਨਾੜਾਂ ਦੇ, ਸੁੱਕੀਆਂ ਤੇ ਖਲੋ ਗਈਆਂ।

ਬੁੱਢਿਆਂ ਦਾ ਹਾਲ ਬੁਰਾ, ਗੱਭਰੂ ਵੀ ਝੁਕ ਗਏ ਸਨ,
ਨਾ ਪੇਟ ਪਿਆ ਝੁਲਕਾ, ਨਾ ਭੁੱਖ ਦੀ ਅੱਗ ਬੁੱਝੀ,
ਮਾਂਵਾਂ ਦੀ ਛਾਤੀ 'ਚੋਂ, ਦੁੱਧ ਸੜ ਸੜ ਸੁੱਕ ਗਏ ਸਨ।

ਕਈ ਹੀਰੇ ਮਾਂਵਾਂ ਦੇ, ਲੱਖ ਤਰਲੇ ਕਰਨ ਲੱਗੇ,
ਚੁੰਘ ਚੁੰਘ ਕੇ ਥਣ ਸੁੱਕੇ, ਲੈ ਲੈ ਕੇ ਵਿਲਕਣੀਆਂ,
ਜਦ ਜੀਵਣ ਜੋਗੇ ਵੀ, ਲੁਛ ਲੁਛ ਕੇ ਮਰਨ ਲੱਗੇ।

ਪੰਜਾਬ ਦੇ ਰਾਜੇ ਤੋਂ, ਰਣਜੀਤ ਪਿਆਰੇ ਤੋਂ,
ਇਹ ਝਾਕੀ ਦਰਦਾਂ ਦੀ, ਤਦ ਗਈ ਸਹਾਰੀ ਨਾ,
ਦੁਖੀਆਂ ਦੇ ਦਰਦੀ ਤੋਂ, ਲਿਸਿਆਂ ਦੇ ਸਹਾਰੇ ਤੋਂ।

ਢੰਡੋਰਾ ਦੇ ਦਿੱਤਾ, ਹੋਕਾ ਫਿਰਵਾ ਦਿੱਤਾ,
ਪੱਤਣਾਂ, ਚੌਰਾਹਿਆਂ ਤੇ, ਸ਼ਾਹੀ ਦਰਵਾਜੇ 'ਤੇ,
ਇਹ ਮੋਟੇ ਅੱਖਰਾਂ ਵਿਚ, ਲਿਖ ਕੇ ਲਗਵਾ ਦਿੱਤਾ।

ਰਾਜਾ ਤਾਂ ਰਾਖਾ ਹੈ ਭੰਡਾਰਾ ਪਰਜਾ ਦਾ,
ਤੜਕੇ ਤੋਂ ਸ਼ਾਮਾਂ ਤੱਕ, ਦਰਵਾਜੇ ਖੁੱਲ੍ਹੇ ਹਨ,
ਅੰਨ ਹਰ ਕੋਈ ਲੈ ਜਾਵੇ, ਹੈ ਸਾਰਾ ਪਰਜਾ ਦਾ।

ਇਕ ਵਾਰੀ ਜਿਤਨੇ ਵੀ, ਕੋਈ ਚਾ ਕੇ ਲੈ ਜਾਵੇ,
ਹਿੰਦੂ, ਸਿੱਖ, ਮੁਸਲਿਮ ਦਾ, ਕੋਈ ਖਾਸ ਮੁਲਾਹਜ਼ਾ ਨਹੀਂ,
ਹੈ ਜਿਸ ਨੂੰ ਲੋੜ ਬਣੀ, ਉਹ ਆ ਕੇ ਲੈ ਜਾਵੇ।

ਸੁੰਞੇਂ ਜਿਹੇ ਕੂਚੇ ਵਿਚ, ਲਾਹੌਰ ਦੀ ਬਸਤੀ ਵਿਚ,
ਇਕ ਮੋਚੀ-ਬੱਚੜੇ ਦੇ, ਕੰਨੀਂ ਇਹ ਭਿਣਕ ਪਈ,
ਇਕ ਆਸਾ ਚਮਕ ਪਈ, ਝਟ ਆਣ ਉਦਾਸੀ ਵਿਚ।

ਝਟ ਬੂਹਿਓਂ ਅੰਦਰ ਹੋ, ਦਾਦੇ ਦੁਖਿਆਰੇ ਨੂੰ,
ਇਉਂ ਪੋਤਾ ਕਹਿਣ ਲੱਗਾ, ਢਿਡ ਉਤੇ ਹੱਥ ਧਰ ਕੇ,
ਭੁੱਖਾਂ ਦੇ ਰੁਲਾਏ ਨੂੰ, ਵਖਤਾਂ ਦੇ ਮਾਰੇ ਨੂੰ।

ਬਾਬਾ ਦੀ ਲਾਦੇ ਦਾ, ਤਹਿ ਦਿਆ ਪਛਾਈ ਏ,
ਲਾਦੇ ਦੇ ਮਹਿਲਾਂ ਤੋਂ, ਝਬ ਦਾਣੇ ਲੈ ਆਵੋ,
ਉਥੇ ਤੋਈ ਧਾਟਾ ਨਹੀਂ, ਅਦ ਬੇ ਪਲਵਾਹੀ ਏ।

ਜੇ ਮੇਲੇ ਨਾਲ ਤਲੋ, ਦਾਣੇ ਲੈ ਆਵਾਂਦੇ,
ਦੰਦੋਲੀ ਉਲ੍ਹੇ ਕਲੋ, ਮੈਂ ਫਲਤੇ ਤੁਲਦਾ ਹਾਂ,
ਜੇ ਤਲ ਤੇ ਲੈ ਆਈਏ, ਲਜ ਲਜ ਤੇ ਥਾਂਵਾਂ ਦੇ।

ਸੁਣ ਬੁੱਢੜੇ ਮੋਚੀ ਨੂੰ ਲਗ ਸੀਨੇ ਤੀਰ ਗਿਆ,
ਪੋਤੇ ਦੀਆਂ ਲਾਡਲੀਆਂ, ਥੱਥੀਆਂ ਤੇ ਤੋਤਲੀਆਂ,
ਘਾ ਦਿਲ 'ਤੇ ਕਰ ਗਈਆਂ, ਨੈਣਾਂ 'ਚੋਂ ਨੀਰ ਗਿਆ।

ਤੱਕ ਹਿੰਮਤ ਆਪਣੀ ਨੂੰ, ਪਹਿਲੇ ਤਾਂ ਝੁਰਿਆ ਉਹ,
ਪਰ ਆਜਜ਼ ਪੋਤੇ ਦੀ, ਭੁੱਖ ਜਿੰਦ ਨੂੰ ਖਾਂਦੀ ਸੀ,
ਹੱਥਾਂ 'ਚ ਡੰਗੋਰੀ ਲੈ, ਲੱਕ ਬੰਨ੍ਹ ਕੇ ਟੁਰਿਆ ਉਹ।

ਹਿਚਕੋਲੇ ਖਾਂਦਾ ਉਹ, ਇਉਂ ਜਿਉਂਦਾ ਮਰਦਾ ਉਹ,
ਪੋਤੇ ਨੂੰ ਨਾਲ ਲਈ, ਡੰਗੋਰੀ ਫੜੀ ਹੋਈ,
ਪੁਜ ਗਿਆ ਭੰਡਾਰੇ 'ਤੇ, ਲੱਖ ਤਰਲੇ ਕਰਦਾ ਉਹ।

ਘਿਗਿਆਈ ਬੋਲੀ ਵਿਚ, ਉਸ ਅਰਜ਼ ਸੁਣਾ ਦਿੱਤੀ,
ਜਾ ਕੋਲ ਭੰਡਾਰੀ ਦੇ, ਮਾਰੇ ਲਾਚਾਰੀ ਦੇ,
ਮੈਲੀ ਜਿਹੀ ਚਾਦਰ ਇਕ, ਚੁਪ ਚਾਪ ਵਿਛਾ ਦਿੱਤੀ।

ਦਰਦੀ ਭੰਡਾਰੀ ਨੇ, ਝਟ ਚਾਦਰ ਭਰ ਦਿੱਤੀ,
ਉਸ ਦਰਦ ਰੰਵਾਣੇ ਦੀ, ਉਸ ਭੁੱਖਣ ਭਾਣੇ ਦੀ,
ਆਸਾ ਜੋ ਦਿਲ ਦੀ ਸੀ, ਝਟ ਪੂਰੀ ਕਰ ਦਿੱਤੀ।

ਪਰ ਪੰਡ ਜੋ ਬੰਨ੍ਹ ਧਰੀ, ਸੀ ਦੋ ਮਣ ਭਾਰੀ ਉਹ,
ਇੱਕ ਬਾਲ ਅੰਞਾਣਾ ਸੀ, ਇੱਕ ਬਾਬਾ ਬੁੱਢੜਾ ਸੀ,
ਪੰਡ ਚੁੱਕਦਾ ਕੌਣ ਭਲਾ, ਟੁਰਨੋਂ ਸੀ ਆਰੀ ਉਹ।

ਆਖਰ ਇਉਂ ਕੁਦਰਤ ਨੇ, ਇਕ ਢੋ ਢੁਕਾਇਆ ਏ,

## ਹਾਲਾਤ-ਏ-ਹਾਜ਼ਰਾ

ਇਕ ਸਿੱਖ ਚਿਟ-ਕਾਪੜੀਆ, ਦਾੜ੍ਹੀ ਸੂ ਦੁੱਧ ਜਿਹੀ,
ਉਸ ਬੁੱਢੜੇ ਬਾਬੇ ਵੱਲ, ਉਹ ਭੱਜਿਆ ਆਇਆ ਏ।

ਕੀਤੀ ਹਮਦਰਦੀ ਆ, ਐਵੇਂ ਨਾ ਝੁਰ ਬਾਬਾ,
ਮੈਂ ਤੇਰਾ ਪੁੱਤਰ ਹਾਂ, ਕਹਿ ਪੰਡ ਉਠਾ ਲੀਤੀ,
ਫਿਰ ਬੋਲਿਆ ਬਾਬੇ ਨੂੰ, ਚਲ ਘਰ ਨੂੰ ਟੁਰ ਬਾਬਾ।

ਤੱਕ ਬੁੱਢੜੇ ਮੋਚੀ ਨੇ, ਲੱਖ ਸ਼ੁਕਰ ਮਨਾਇਆ ਏ,
ਦਿਲ ਦੇ ਵਿਚ ਕਹਿੰਦਾ ਏ, ਇਹ ਬੰਦਾ ਬੰਦਾ ਨਹੀਂ,
ਇਸ ਆਜਜ਼ ਬੰਦੇ ਲਈ, ਇਹ ਅੱਲਾ ਆਇਆ ਏ।

ਔਹ ਪਾਂਡੀ ਜਾਂਦਾ ਜੇ, ਕਿਹਾ ਸੋਹਣਾ ਲੱਗਦਾ ਏ,
ਭਾਰੀ ਏ ਪੰਡ ਬੜੀ, ਪੈਂਡਾ ਵੀ ਚੋਖਾ ਏ,
ਪਾਂਡੀ ਦੇ ਪਿੰਡੇ 'ਚੋਂ, ਪਿਆ ਮੁੜ੍ਹਕਾ ਵਗਦਾ ਏ।

ਪੁੱਜ ਪਿਆ ਟਿਕਾਣੇ 'ਤੇ, ਮੋਚੀ ਦੇ ਘਰ ਆਇਆ,
ਪੰਡ ਸੁੱਟ ਕੇ ਮੁੜਿਆ ਜਾਂ, ਜਾਂ ਉਥੋਂ ਤੁਰਨ ਲੱਗਾ,
ਉਸ ਬੁੱਢੜੇ ਮੋਚੀ ਦਾ, ਦਿਲ ਡਾਢਾ ਭਰ ਆਇਆ।

ਉਸ ਪਿਆਰੇ ਪਾਂਡੀ ਦੀ, ਉਸ ਸੋਹਣੇ ਪਾਂਡੀ ਦੀ,
ਉਸ ਕੰਨੀ ਪਕੜ ਲਈ, ਮਨਮੋਹਣੇ ਪਾਂਡੀ ਦੀ,
ਦਿਲਦਾਰੀ ਇਉਂ ਕੀਤੀ, ਦਿਲ-ਖੋਹਣੇ ਪਾਂਡੀ ਦੀ।

ਸਰਦਾਰਾ! ਜਿਉਂਦਾ ਰਹੁ, ਕੀ ਨਾਂ ਹੈ ਦੱਸ ਤੇਰਾ,
ਤੂੰ ਮੁੱਲ ਲੈ ਲੀਤਾ ਏ, ਇਸ ਬੁੱਢੜੇ ਮੋਚੀ ਨੂੰ,
ਕਬਰਾਂ ਵਿਚ ਪੈ ਕੇ ਵੀ, ਗਾਵੇਗਾ ਜੱਸ ਤੇਰਾ।

ਉਸ ਹੀਰੇ ਪਾਂਡੀ ਨੇ, ਝਟ ਚਾਦਰ ਲਾਹ ਦਿੱਤੀ,
ਬਰਦੀ ਵੀ ਸ਼ਾਹੀ ਏ, ਸਿਰ 'ਤੇ ਵੀ ਕਲਗੀ ਏ,
ਬੁੱਢੜੇ ਦੇ ਦਿਲ ਅੰਦਰ, ਇਕ ਹਲਚਲ ਪਾ ਦਿੱਤੀ।

ਬਾਬਾ ਮੈਂ ਰਾਜਾ ਹਾਂ, ਨਾਂ ਹੈ ਰਣਜੀਤ ਮੇਰਾ,
ਨੇਕੀ ਹੈ ਕਾਰ ਮੇਰੀ, ਸਾਂਝਾ ਹੈ ਧਰਮ ਮੇਰਾ,
ਪਰਜਾ ਲਈ ਜਾਨ ਦਿਆਂ, ਪੇਸ਼ਾ ਹੈ ਪ੍ਰੀਤ ਮੇਰਾ।

ਕਾਬਲ ਦੀਆਂ ਕੰਧਾਂ ਤਕ, ਮੈਂ ਪਾਉਂਦਾ ਘੂਕਰ ਹਾਂ,
ਪਰ ਪਿਆਰੇ ਬਾਬਾ ਜੀ, ਪਰਜਾ ਦਾ ਕੂਕਰ ਹਾਂ।

# ਕਾਵਿ ਜਗਤ

## ਰੱਬੀ ਰੰਗ

ਆਪਿ ਉਪਾਵਣਹਾਰ ਆਪੇ ਮਾਰਦਾ
ਆਪੇ ਦਏ ਵਿਗਾੜ ਆਪਿ ਸਵਾਰਦਾ।
ਚੱਲੈ ਨਾਹੀ ਹੁਕਮ ਕਿਸੇ ਦਾ ਓਸ 'ਤੇ,
ਬੁੱਤੀਆਂ ਬੁੱਤੇ ਸਾਰੇ ਓਹੀ ਸਾਰਦਾ।

ਜੰਮਣ ਮਰਣ ਤਮਾਸ਼ਾ ਉਸ ਬਣਾਇਆ
ਜੀਆ ਜੰਤ ਉਪਾਇ ਖੇਲ ਰਚਾਇਆ।
ਸੁੱਝੈ ਨਾਹੀਂ ਕੀ ਹੈ ਮਕਸਦ ਓਸ ਦਾ,
ਦੁਨੀਆਂ ਬਾਗ ਰਚਾਇ ਆਪਿ ਸਜਾਇਆ।

ਆਪੇ ਸਿਰ ਨੂੰ ਪੀੜਾ ਓਹੀ ਲਾਂਵਦਾ
ਆਪੇ ਦੇ ਬੁਢੇਪਾ ਤਾਪ ਚੜ੍ਹਾਵੰਦਾ।
ਮਾਰੇ ਰੱਖੇ ਆਪੇ ਉਸ ਦੀ ਮੌਜ ਹੈ,
ਰੋਗੀ ਆਪਿ ਬਣਾਇ ਆਪੇ ਸਾਂਭਦਾ।

ਆਪੇ ਛਿੰਜ ਪਵਾਇ ਮੱਲ ਬੁਲਵੰਦਾ
ਵਿਚ ਅਖਾੜੇ ਘੋਲ ਆਪਿ ਕਰਾਵੰਦਾ।
ਹਾਰਨ ਜਿੱਤਣ ਖੇਲ ਆਪਿ ਰਚਾਇਕੇ,
ਆਪੇ ਢੋਲ ਵਜਾਇ ਡਗਾ ਲਗਾਵੰਦਾ।

ਆਪੇ ਰਹੇ ਅਡੋਲ ਨਾਹੀਂ ਡੋਲਦਾ
ਵਿਚ ਸਰੀਰਾਂ ਬੈਠ ਆਪੇ ਬੋਲਦਾ।
ਨੱਚਣ ਸਾਰੇ ਆਪਿ ਜਿਵੇਂ ਨਚਾਵੰਦਾ,
ਆਪੇ ਲਏ ਬਚਾਅ ਆਪਿ ਮਧੋਲਦਾ।

ਆਪ ਦੱਸੇ ਦਾਰੂ ਲਾ ਬਿਮਾਰੀਆਂ
ਖੇਡਾਂ ਖੇਡੇ ਆਪਿ ਬਹੁ ਨਿਆਰੀਆਂ।
ਆਪੇ ਹੱਥੀਂ ਪਾਲ ਆਪੇ ਮਾਰਦਾ,
ਗੱਲਾਂ ਹੈ ਅਜੀਵ ਕਰਦਾ ਸਾਰੀਆਂ।

ਆਪੇ ਕੁਦਰਤਿ ਸਾਜਿ ਵਿਚੇ ਵਸ ਰਿਹਾ
ਕੋਈ ਕਿਧਰੇ ਰੋਵੈ ਕਿਧਰੇ ਹੱਸ ਰਿਹਾ।
ਡੋਰੀ ਉਸ ਨੇ ਪਕੜੀ ਹੈ ਸੰਸਾਰ ਦੀ,
ਆਪੇ ਦਿੰਦਾ ਢਿੱਲ ਆਪੇ ਕੱਸ ਰਿਹਾ।

ਆਖੇ ਉਸ ਨੂੰ ਕੌਣ, ਏਦਾਂ ਕਰਿਆ ਕਰ
ਕੀਤੇ ਸਾਡੇ ਪਾਪ ਕੁਝ ਤਾਂ ਜਰਿਆ ਕਰ।
ਪੂਰਾਂ ਦੇ ਹੀ ਪੂਰ ਪਿਆ ਖਪਾਉਂਦਾ ਏਂ,
ਹੱਥੀਂ ਪਾਲੇ ਮਾਰਨ ਤੋਂ ਕੁਛ ਡਰਿਆ ਕਰ।

ਆਖੇ ਉਸ ਨੂੰ ਕੌਣ, ਵਾਇਰਸ ਮਾਰ ਦੇ
ਭੁੱਬਾਂ ਮਾਰਨ ਲੋਕੀਂ ਸਭ ਸੰਸਾਰ ਦੇ।
ਵਾਇਰਸ ਰਿਹਾ ਉਜਾੜ ਤੇਰਾ ਬਾਗ ਹੈ,
ਰਹਿੰਦੇ ਫੁੱਲਾਂ ਤਾਂਈਂ ਹੁਣ ਤਾਂ ਤਾਰ ਦੇ।

ਰੋਕੇ ਉਸ ਨੂੰ ਕੌਣ ਉਹਦੀ ਕਾਰ ਤੋਂ
ਦੁਨੀਆਂ ਰਾਹਤ ਪਾਏ ਪੈਂਦੀ ਮਾਰ ਤੋਂ।
ਉਸ ਦੇ ਮਨ ਦੀ ਬਾਤ ਜਾਣੇ ਕੋਈ ਨਾ,
ਕਿਹੜਾ ਮੁਕਤੀ ਪਾਊ ਚੁੱਕੇ ਭਾਰ ਤੋਂ।

*-ਕਸ਼ਮੀਰਾ ਸਿੰਘ (ਪ੍ਰੋ.)*

---

## ਦੋ ਗਜ਼ਲਾਂ

ਸਿਖਰ ਦੁਪਹਿਰੇ ਰਾਤ ਹੈ ਛਾਈ ਕਰੋਨਾ ਦੀ।
ਹਰ ਪਾਸੇ ਹੈ ਪਈ ਦੁਹਾਈ ਕਰੋਨਾ ਦੀ।

ਜਾਂ ਧਰਤੀ 'ਚੋਂ ਪੌਦਾ ਉਗਿਐ ਜ਼ਹਿਰੀਲਾ
ਜਾਂ ਅੰਬਰ ਤੋਂ ਬਾਰਸ਼ ਆਈ ਕਰੋਨਾ ਦੀ।

ਦੁਨੀਆਂ ਦੇ ਹਰ ਮੁਲਕ 'ਚ ਹਾਹਾਕਾਰ ਮੱਚੀ
ਕਿਸ ਨੇ ਹੈ ਇਹ ਖੇਡ ਰਚਾਈ ਕਰੋਨਾ ਦੀ।

ਬੱਚੇ, ਬੁੱਢੇ, ਨੌਜਵਾਨ ਸਭ ਡਰ ਰਹੇ ਨੇ
ਹਰ ਪਾਸੇ ਹੈ ਚੜ੍ਹੀ ਚੜ੍ਹਾਈ ਕਰੋਨਾ ਦੀ।

ਇਟਲੀ, ਲੰਡਨ, ਰੂਸ ਅਤੇ ਅਮਰੀਕਾ ਵੀ
ਲੜਦੇ ਪਏ ਨੇ ਸਖਤ ਲੜਾਈ ਕਰੋਨਾ ਦੀ।

ਅੰਦਰੀਂ ਵੜ ਕੇ ਵੱਕਤ ਲੰਘਾ ਬੰਦਿਆ ਓਇ!
ਦਿੰਦੀ ਹੈ ਅਵਾਜ਼ ਸੁਣਾਈ ਕਰੋਨਾ ਦੀ।

ਹਰ ਬੰਦਾ ਹੈ ਰੱਬ ਨੂੰ ਅਰਜ ਗੁਜਾਰ ਰਿਹਾ
ਦੁਨੀਆਂ 'ਚੋਂ ਕਰ ਦਿਓ ਸਫਾਈ ਕਰੋਨਾ ਦੀ।

ਇਕ ਦਿਨ ਕੋਈ ਮਸੀਹਾ ਸਭ ਨੂੰ ਦੱਸੇਗਾ
ਲੱਭ ਲਈ ਹੈ ਅਸੀਂ ਦਵਾਈ ਕਰੋਨਾ ਦੀ।

ਦੁਸ਼ਮਨ ਉਤੇ ਮਿਲ ਕੇ ਕਾਬੂ ਪਾਵਾਂਗੇ
ਜਿਤਾਂਗੇ 'ਸੁਰਜੀਤ' ਲੜਾਈ ਕਰੋਨਾ ਦੀ।

*(2)*

ਇਹ ਕਿਸ ਦੀ ਗੰਦੀ ਸੋਚ ਤੋਂ
ਬਣਿਆ ਕਰੋਨਾ ਕਹਿਰ ਹੈ।
ਪੌਣਾਂ ਦੇ ਵਿਚ ਵੀ ਜ਼ਹਿਰ ਹੈ,
ਸਾਹਾਂ ਦੇ ਵਿਚ ਵੀ ਜ਼ਹਿਰ ਹੈ।

ਧਰਤੀ ਹੈ ਧਾਹਾਂ ਮਾਰ ਰਹੀ
ਅਸਮਾਨ ਅੱਥਰੂ ਕੇਰਦਾ,
ਸਾਗਰ ਵੀ ਹਉਕੇ ਭਰ ਰਿਹਾ
ਰੋਂਦੀ ਪਈ ਹਰ ਲਹਿਰ ਹੈ।

ਹਰ ਘਰ ਦਾ ਬੂਹਾ ਬੰਦ ਹੈ
ਗਲੀਆਂ ਪਈਆਂ ਸੁੰਨਸਾਨ ਨੇ,
ਹਰ ਮੁਲਕ ਹੀ ਭੈਅ ਭੀਤ ਹੈ
ਕੰਬਦਾ ਪਿਆ ਹਰ ਸ਼ਹਿਰ ਹੈ।

ਬੱਚਿਆਂ ਦੇ ਝੁਟਮਟ ਤੈਰਦੇ
ਜਿਸ ਵਿਚ ਸੀ ਛਾਲਾਂ ਮਾਰ ਕੇ,
ਕਿਉਂ ਸਹਿਮੀ ਸਹਿਮੀ ਤੁਰ ਰਹੀ
ਮੇਰੇ ਪਿੰਡ ਵਾਲੀ ਨਹਿਰ ਹੈ।

ਰਾਤਾਂ ਦੀ ਨੀਂਦਰ ਉਜੜੀ
ਦਿਨ ਵੀ ਬੜੇ ਉਦਾਸ ਨੇ,
ਸ਼ਾਮਾਂ ਵੀ ਗੁੰਮ ਸੁੰਮ ਹੋ ਗਈਆਂ
ਪਈ ਤੜਪਦੀ ਹਰ ਪਹਿਰ ਹੈ।
ਅੱਜ ਸਾਜ਼ ਵੀ ਖਾਮੋਸ਼ ਨੇ
ਚੁੱਪ ਚਾਪ ਬੈਠਾ ਰਿਦਮ ਹੈ,
ਗੀਤਾਂ ਨੇ ਧੌਣਾਂ ਸੁਟੀਆਂ
ਗਜ਼ਲਾਂ ਦੀ ਉਖੜੀ ਬਹਿਰ ਹੈ।

ਬੱਸ ਇਕੋ ਹੀ ਗੱਲ ਯਾਦ ਹੈ
ਆ ਗਿਆ ਕਰੋਨਾ ਆ ਗਿਆ,
ਹੈ ਖੌਫ ਹਰ ਥਾਂ ਮੌਤ ਦਾ
ਡਰ ਕੇ ਵਕਤ ਗਿਆ ਠਹਿਰ ਹੈ।

ਸ੍ਰਿਸ਼ਟੀ ਬਚਾ ਲੈ ਮਾਲਕਾ
'ਸੁਰਜੀਤ' 'ਵਾਜਾਂ ਮਾਰਦੀ,
ਦੁਨੀਆਂ ਨੂੰ ਖਾਈ ਜਾਂਵਦੀ
ਇਹ ਪੀੜ ਅੱਠੋ ਪਹਿਰ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

---

## ਪੱਤਝੜ ਦਾ ਮੌਸਮ

ਪਿੰਜਰੇ ਦੇ ਵਿਚ ਰਹਿਣਾ ਸਿੱਖ ਲੈ,
'ਚੂਰੀ ਖਾਣੀ' ਕਹਿਣਾ ਸਿੱਖ ਲੈ।
ਝੂਠੀ ਗੱਲ ਨੂੰ ਸਹਿਣਾ ਸਿੱਖ ਲੈ,
ਮਾੜੇ ਅੱਗੇ ਢਹਿਣਾ ਸਿੱਖ ਲੈ।

ਬਿਨ ਹੰਝੂਆਂ ਤੋਂ ਰੋਣਾ ਸਿੱਖ ਲੈ,
ਸਮੇਂ ਦਾ ਹਾਣੀ ਹੋਣਾ ਸਿੱਖ ਲੈ।
ਬੱਚਿਆਂ ਦਾ ਮਨ ਟੋਹਣਾ ਸਿੱਖ ਲੈ,
ਆਪਣਾ ਭਾਰ ਤੂੰ ਢੋਣਾ ਸਿੱਖ ਲੈ।
ਕਹਿਣ ਨਾਲੋਂ ਹੁਣ ਸੁਣਨਾ ਸਿੱਖ ਲੈ,
ਪਿੱਛੇ ਲੱਗ ਕੇ ਤੁਰਨਾ ਸਿੱਖ ਲੈ।

ਨਵੀਂ ਜ਼ਿੰਦਗੀ ਨੂੰ ਬੁਣਨਾ ਸਿੱਖ ਲੈ,
ਮਿੱਟੀ ਵਾਂਗੂ ਖੁਰਨਾ ਸਿੱਖ ਲੈ।
ਪਿਛਲੇ ਦੌਰ ਨੂੰ ਭੁੱਲਣਾ ਸਿੱਖ ਲੈ,
ਅੱਜ ਦੇ ਦੌਰ 'ਚ ਘੁਲਣਾ ਸਿੱਖ ਲੈ।
ਤੱਕੜੀ 'ਤੇ ਹੁਣ ਤੁਲਨਾ ਸਿੱਖ ਲੈ,
ਬੁਡਾਪੇ ਵਾਂਗੂ ਰੁਲਣਾ ਸਿੱਖ ਲੈ।

*-ਪਰਦੀਪ*

---

## ਸਰਾਪ

ਇਸ ਵਾਰ ਜਦ ਬਹਾਰ ਆਈ
ਤਾਂ ਉਸ ਦੀ ਝੋਲੀ 'ਚ ਫੁੱਲ ਨਹੀਂ ਸਨ,
ਮੈਂ ਪੁੱਛਿਆ ਤਾਂ ਕਹਿਣ ਲੱਗੀ,
ਕਦੇ ਜਾ ਕੇ ਸਾਗਰਾਂ ਦੇ
ਗੰਧਲੇ ਪਾਣੀਆਂ ਨੂੰ ਪੁੱਛੋ
ਪਾਣੀਆਂ 'ਚ ਮਰਦੇ ਪ੍ਰਾਣੀਆਂ ਨੂੰ ਪੁੱਛੋ!
ਸਮੁੰਦਰਾਂ 'ਤੇ ਤੈਰਦੀ
ਪਲਾਸਟਿਕ ਦੀ ਫਸਲ ਨੂੰ ਪੁੱਛੋ,
ਉਸ ਨੂੰ ਰੰਗ-ਬਿਰੰਗੀਆਂ ਮੱਛੀਆਂ ਜਾਣ
ਚਾਈਂ ਚਾਈਂ ਚੁਗ ਕੇ ਮਰਦੇ
ਮਗਰਾਂ ਤੇ ਸਾਰਸਾਂ ਦੀ ਨਸਲ ਨੂੰ ਪੁੱਛੋ!

ਕਦੇ ਜਾਉ ਸਮੁੰਦਰ ਕੰਢੇ
ਅਤੇ ਰੇਤ 'ਤੇ ਸੜਦੇ
ਉਨ੍ਹਾਂ ਜੀਵਾਂ ਦੇ ਪਿੰਜਰਾਂ ਨੂੰ ਪੁੱਛੋ
ਪਿੰਜਰਾਂ ਦੇ ਢੇਰ 'ਤੇ ਰੋਂਦੇ
ਉਨ੍ਹਾਂ ਦੇ ਸਾਥੀਆਂ ਦੀਆਂ ਹਾਵਾਂ ਨੂੰ ਪੁੱਛੋ
ਵਾਤਾਵਰਣ 'ਚ ਵਗਦੀਆਂ
ਸਰਾਪੀਆਂ ਹਵਾਵਾਂ ਨੂੰ ਪੁੱਛੋ
ਤੇ ਫਿਰ ਮੈਨੂੰ ਪੁੱਛੋ ਕਿ
ਮੈਂ ਫੁੱਲਾਂ ਤੋਂ ਸੱਖਣੀ ਕਿਉਂ ਹਾਜ਼ਿਰ ਹੋਈ ਹਾਂ!

*-ਸੁਰਜੀਤ ਕੌਰ ਕੈਨੇਡਾ*
*ਈਮੇਲ: surjitk33@gmail.com*

---

## ਕੁਝ ਹਰਫ

ਕੁਝ ਹਰਫ ਜਖਮਾਂ ਲਈ ਮੱਲ੍ਹਮ ਦਵਾ ਜਿਹੇ ਨੇ।
ਕੁਝ ਹਰਫ ਬੁੱਲ੍ਹਾਂ 'ਤੇ ਮੁਕੱਦਸ ਦੁਆ ਜਿਹੇ ਨੇ।

ਕੁਝ ਹਰਫ ਰੋਸੇ ਪਿੱਛੋਂ ਹੋਈ ਸੁਲਾਹ ਜਿਹੇ ਨੇ।
ਕੁਝ ਹਰਫ ਅੱਖਾਂ ਨਾਲ ਹੋਈ ਸਲਾਹ ਜਿਹੇ ਨੇ।

ਕੁਝ ਹਰਫ ਅਹਿਸਾਸਾਂ ਲਈ ਪਨਾਹ ਜਿਹੇ ਨੇ।
ਕੁਝ ਹਰਫ ਤੇਰੇ ਨਾਲ ਪੀਣੀ ਜੋ ਚਾਹ ਜਿਹੇ ਨੇ।

ਕੁਝ ਹਰਫ ਜ਼ਹਿਨ ਵਿਚ ਪਏ ਗਾਹ ਜਿਹੇ ਨੇ।
ਕੁਝ ਹਰਫ ਅਣਭੋਲ ਇਸ਼ਕ ਗੁਨਾਹ ਜਿਹੇ ਨੇ।

ਕੁਝ ਹਰਫ ਮੁਲਾਕਾਤ ਵੇਲੇ ਦੇ ਚਾਅ ਜਿਹੇ ਨੇ।
ਕੁਝ ਹਰਫ ਨਿਰਦੋਸ਼ਾਂ ਨੂੰ ਮਿਲੀ ਸਜ਼ਾ ਜਿਹੇ ਨੇ।

ਕੁਝ ਹਰਫ ਤੇਰੇ ਸ਼ਹਿਰੋਂ ਆਉਂਦੀ ਹਵਾ ਜਿਹੇ ਨੇ।
ਕੁਝ ਹਰਫ ਪਿੰਡ ਲਾਲਪੁਰ ਦੇ ਰਾਹ ਜਿਹੇ ਨੇ।

*-ਰਵਿੰਦਰ ਸਿੰਘ ਲਾਲਪੁਰੀ*
*ਫੋਨ: 91-94634-52261*

# ਫਿਲਮ 'ਦੋ ਬਿਘਾ ਜ਼ਮੀਨ' ਦਾ ਜਲਵਾ

***ਉਘਾ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਸਿਰਫ ਅਦਾਕਾਰ ਹੀ ਨਹੀਂ ਸੀ, ਉਸ ਨੇ ਬਹੁਤ ਸੋਹਣੀ ਪੰਜਾਬੀ ਵਾਰਤਕ ਵੀ ਲਿਖੀ। ਪੰਜਾਬੀ ਵਿਚ ਲਿਖਣ ਦੀ ਪ੍ਰੇਰਨਾ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਮਿਲੀ, ਜਿਸ ਦੇ ਸ਼ਾਂਤੀ ਨਿਕੇਤਨ ਵਿਚ ਉਹ ਅੰਗਰਜ਼ੀ ਪੜ੍ਹਾਉਂਦਾ ਹੁੰਦਾ ਸੀ। ਇਸ ਲੇਖ ਵਿਚ ਉਸ ਨੇ ਆਪਣੀ ਮਸ਼ਹੂਰ ਫਿਲਮ 'ਦੋ ਬਿੱਘਾ ਜ਼ਮੀਨ' ਬਾਰੇ ਖੁੱਭ ਕੇ ਲਿਖਿਆ ਹੈ। -ਸੰਪਾਦਕ***

ਮਰਨ ਵੇਲੇ ਜੀਵਨ ਦੀ ਕਮ-ਸੇ-ਕਮ ਇਕ ਪ੍ਰਾਪਤੀ ਦਾ ਮੈਨੂੰ ਅਵੱਸ਼ ਮਾਣ ਹੋਵੇਗਾ ਕਿ ਮੈਂ 'ਦੋ ਬਿਘਾ ਜ਼ਮੀਨ' ਜਿਹੀ ਫਿਲਮ ਵਿਚ ਕੰਮ ਕੀਤਾ ਸੀ। ਇਹ ਕਹਿ ਚੁੱਕਣ ਪਿਛੋਂ ਥੋੜ੍ਹੇ ਜਿਹੇ ਤਕਨੀਕੀ ਨੁਕਤੇ ਬਿਆਨ ਕਰਨ ਦਾ ਵੀ ਮੇਰਾ ਹੱਕ ਬਣ ਜਾਂਦਾ ਹੈ। ਇਸ ਫਿਲਮ ਦਾ ਆਧਾਰ ਰਬਿੰਦਰ ਨਾਥ ਟੈਗੋਰ ਦੀ ਏਸ ਨਾਂ ਦੀ ਮਸ਼ਹੂਰ ਕਵਿਤਾ ਨੂੰ ਬਣਾਇਆ ਗਿਆ ਸੀ। ਮੇਰੇ ਖਿਆਲ ਵਿਚ, ਬਿਮਲ ਰਾਏ ਦਾ ਏਸ ਬਾਰੇ ਕਿਤੇ ਵੀ ਟੈਗੋਰ ਪ੍ਰਤੀ ਕਿਰਤੱਗਤਾ ਦਾ ਇਜ਼ਹਾਰ ਨਾ ਕਰਨਾ ਨਾਵਾਜਬ ਗੱਲ ਸੀ।

ਫਿਲਮ ਦੇ ਮੁੱਖ ਪਾਤਰ ਦਾ ਕਿਸੇ ਥਾਂ ਵੀ ਮੋਢੇ ਛੰਡ ਕੇ ਜ਼ੁਲਮ ਅਤੇ ਅਨਿਆਂ ਦੇ ਖਿਲਾਫ ਖੜ੍ਹਾ ਨਾ ਹੋਣਾ, ਉਸ ਦਾ ਸਦਾ ਆਪਣੀ ਜ਼ਾਤ, ਗੋਤਰ, ਗਵਾਂਢ ਨਾਲੋਂ ਅੱਡ ਰਹਿਣਾ, ਉਸ ਦੇ ਕਿਰਦਾਰ ਨੂੰ ਚੋਖੀ ਸੱਟ ਮਾਰਦਾ ਹੈ। ਦਰਸ਼ਕ ਹਮੇਸ਼ਾ ਆਪਣੇ ਆਪ ਨੂੰ ਨਾਇਕ ਨਾਲ ਜੋੜਨਾ ਚਾਹੁੰਦੇ ਹਨ ਪਰ ਅਜਿਹੇ ਲਿੱਸੇ ਤੇ ਸਵੈ-ਲਿਪਤ ਨਾਇਕ ਨਾਲ ਜੁੜਨਾ ਕੌਣ ਪਸੰਦ ਕਰੇਗਾ? ਉਸ ਉਪਰ

## ਬਲਰਾਜ ਸਾਹਨੀ

ਤਾਂ ਤਰਸ ਹੀ ਖਾਧਾ ਜਾ ਸਕਦਾ ਹੈ। ਏਸੇ ਕਾਰਨ 'ਦੋ ਬਿਘਾ ਜ਼ਮੀਨ' ਪੜ੍ਹੇ ਲਿਖੇ ਲੋਕਾਂ ਵਿਚ ਤਾਂ ਮਕਬੂਲ ਹੋਈ, ਪਰ ਆਮ ਜਨਤਾ ਵਿਚ ਨਹੀਂ।

ਕਿਸੇ ਨਾ ਕਿਸੇ ਮਾਤਰਾ ਵਿਚ ਇਹ ਦੋਸ਼ ਸਾਡੀ ਸਾਰੀ ਪ੍ਰਗਤੀਵਾਦੀ ਕਲਾ ਤੇ ਸਾਹਿਤ ਦਾ ਹੈ। ਅਸੀਂ ਦੇਸ਼ ਦੀ ਜਨਤਾ ਨਾਲ ਜੁੜਨ ਦੀ ਥਾਂ ਬਦੇਸ਼ੀ ਕਦਰਾਂ ਤੇ ਫਾਰਮੂਲਿਆਂ ਨਾਲ ਜੁੜਨ ਦਾ ਵਧੇਰੇ ਜਤਨ ਕਰਦੇ ਹਾਂ। 'ਦੋ ਬਿਘਾ ਜ਼ਮੀਨ' ਦੀ ਤਕਨੀਕ ਜਗਤ-ਪ੍ਰਸਿਧ ਇਤਾਲਵੀ ਨਿਰਦੇਸ਼ਕ ਵਿਤੋਰੀਓ ਦਿਸੀਕਾ ਦੀ ਫਿਲਮ 'ਬਾਈਸਿਕਲ ਚੋਰ' ਅਤੇ ਇਤਾਲਵੀ ਨਵ-ਯਥਾਰਥਵਾਦ ਤੋਂ ਬਹੁਤ ਪ੍ਰਭਾਵਤ ਸੀ। ਉਸ ਦੇ ਗਾਣਿਆਂ ਉਪਰ ਰੂਸੀ ਧੁਨਾਂ ਦੀ ਮੁਹਰ ਸੀ।

ਸ਼ਾਇਦ ਏਸੇ ਕਾਰਨ ਰੂਸ ਵਿਚ 'ਦੋ ਬਿਘਾ ਜ਼ਮੀਨ' ਨੂੰ ਕੇਵਲ ਸ਼ਲਾਘਾ ਮਿਲੀ, ਲੋਕਪ੍ਰਿਯਤਾ ਰਾਜ ਕਪੂਰ ਦੀ 'ਆਵਾਰਾ' ਲੈ ਤੁਰੀ। ਉਹ ਵੀ ਇਤਨੀ, ਜਿਸ ਦਾ ਕੋਈ ਹੱਦ-ਹਿਸਾਬ ਨਹੀਂ। ਸਾਂਝੇ ਖੇਤਾਂ ਤੇ ਫੈਕਟਰੀਆਂ ਵਿਚ ਕਰੋੜਾਂ ਮਜ਼ਦੂਰ ਤੇ ਕਿਸਾਨ 'ਆਵਾਰਾ ਹੂੰ' ਗਾਂਦੇ ਫਿਰਦੇ ਸਨ। ਰੂਸੀ ਫਿਲਮ ਅਦਾਕਾਰਾ ਨੂੰ ਪਿਛੇ ਛੱਡ ਕੇ ਰਾਜ ਕਪੂਰ ਸੋਵੀਅਤ ਯੂਨੀਅਨ ਦਾ ਮਹਿਬੂਬ ਕਲਾਕਾਰ ਬਣ ਗਿਆ। ਸਾਡੇ ਡੈਲੀਗੇਸ਼ਨ ਦੀਆਂ ਸੋਚਾਂ ਤੇ ਅੰਦਾਜ਼ਿਆਂ ਦੇ ਇਹ ਬਿਲਕੁਲ ਉਲਟ ਸੀ। ਅਸਾਂ ਸਮਾਜਵਾਦ ਤੇ ਤੀਰਥ-ਸਥਾਨ ਤੋਂ ਕਿਤੇ ਉਚੇਰੇ ਸੁਹਜ ਦੀ ਆਸ ਕੀਤੀ ਹੋਈ ਸੀ ਪਰ ਗੌਰ ਨਾਲ ਵੇਖਿਆ ਜਾਏ ਤਾਂ ਇਸ ਵਿਚ ਰੂਸੀਆਂ ਦਾ ਕੋਈ ਕਸੂਰ ਨਹੀਂ ਸੀ। 'ਆਵਾਰਾ' ਵਿਚ ਨਰੋਈ ਹਿੰਦੁਸਤਾਨੀਅਤ ਦੀ ਝਲਕ ਸੀ। ਇਹ ਉਸੇ ਤਰ੍ਹਾਂ ਦੀ ਗੱਲ ਹੈ, ਜਿਵੇਂ ਇੰਗਲਿਸਤਾਨ ਦਾ ਅੰਗਰੇਜ਼ ਉਸ ਹਿੰਦੁਸਤਾਨੀ ਦੀ ਬੋਲ-ਚਾਲ ਨੂੰ ਜ਼ਿਆਦਾ ਪਸੰਦ ਕਰਦਾ ਹੈ, ਜਿਸ ਨੂੰ ਸਿਰਫ ਟੁੱਟੀ-ਭੱਜੀ ਅੰਗਰੇਜ਼ੀ ਬੋਲਣੀ ਆਉਂਦੀ ਹੋਵੇ।

ਰੱਬ ਝੂਠ ਨਾ ਬੁਲਵਾਏ, ਜੇ ਇਸ਼ਤਿਹਾਰਬਾਜ਼ੀ ਚੰਗੀ ਨਾ ਹੁੰਦੀ, ਰਿਲੀਜ਼ ਦਾ ਪ੍ਰਬੰਧ ਵਧੀਆ ਨਾ ਕੀਤਾ ਗਿਆ ਹੁੰਦਾ ਤਾਂ ਅਸਚਰਜ ਨਹੀਂ ਸੀ ਕਿ 'ਦੋ ਬਿਘਾ ਜ਼ਮੀਨ' ਹਿੰਦੁਸਤਾਨ ਵਿਚ ਵੀ ਫੇਲ੍ਹ ਹੋ ਜਾਂਦੀ, ਜਿਵੇਂ ਉਸ ਤੋਂ ਪਹਿਲਾਂ 'ਧਰਤੀ ਦੇ ਲਾਲ' ਅਤੇ 'ਨੀਚਾ ਨਗਰ' ਫੇਲ੍ਹ ਹੋ ਚੁਕੀਆਂ ਸਨ। ਇਸ ਦਾ ਸਭ ਤੋਂ ਵੱਡਾ ਸਬੂਤ ਇਹ ਸੀ ਕਿ ਬਿਲਮ ਰਾਏ ਨੇ ਆਪ ਫੇਰ ਕਦੇ ਇਹੋ ਜਿਹੀ ਫਿਲਮ ਬਣਾਉਣ ਦਾ ਹੀਆ ਨਹੀਂ ਸੀ ਕੀਤਾ।

'ਦੋ ਬਿਘਾ ਜ਼ਮੀਨ' ਦੇ ਬਦੇਸ਼ੀ ਪ੍ਰਦਰਸ਼ਨ-ਅਧਿਕਾਰ ਰਾਜਬੰਸ ਖੰਨਾ ਤੇ ਉਸ ਦੇ ਭਾਗੀਦਾਰਾਂ ਰਾਜਿੰਦਰ ਸਿੰਘ ਹੋੜਾ ਤੇ ਗੁਰਮੁਖ ਸਿੰਘ ਕੋਲ ਸਨ। ਇਹ ਤਿੰਨੇ ਬੜੇ ਤਰੱਕੀ-ਪਸੰਦ ਵਿਚਾਰਾਂ ਵਾਲੇ ਤੇ ਵਿਦਿਆਰਥੀ-ਤਹਿਰੀਕ ਦੇ ਉਘੇ ਆਗੂ ਰਹਿ ਚੁਕੇ ਸਨ। ਉਹਨਾਂ ਇਸ ਫਿਲਮ ਦੀ ਕਾਮਯਾਬੀ ਲਈ ਪੂਰਾ ਟਿੱਲ ਲਾਇਆ। ਬੰਬਈ ਦੇ ਮੈਟਰੋ ਸਿਨੇਮਾ ਵਿਚ ਅਪੂਰਬ ਠਾਠ-ਬਾਠ ਨਾਲ ਫਿਲਮ ਰਿਲੀਜ਼ ਕੀਤੀ। ਸੋਵੀਅਤ ਯੂਨੀਅਨ, ਚੀਨ, ਫਰਾਂਸ, ਸਵਿਟਜ਼ਰਲੈਂਡ, ਤੇ ਹੋਰ ਕਿਤਨੇ ਦੇਸ਼ਾਂ ਵਿਚ ਹਾਸਲ ਕੀਤੀਆਂ ਸ਼ੁਹਰਤਾਂ ਉਹਨਾਂ ਸੱਜਣਾਂ ਦੀ ਅਣਥੱਕ ਮਿਹਨਤ ਦਾ ਹੀ ਫਲ ਸੀ।

'ਦੋ ਬਿਘਾ ਜ਼ਮੀਨ' ਤੇ 'ਪਰਿਣੀਤਾ' ਮਗਰੋਂ ਜੋ ਸ਼ੁਹਰਤ ਅਤੇ ਮਾਣ ਬਿਮਲ ਰਾਏ ਨੂੰ ਮਿਲਿਆ, ਉਹ ਕਦੇ ਦੇਵਕੀ ਬੋਸ, ਬਰੂਆ ਤੇ ਵੀ. ਸ਼ਾਂਤਾ ਰਾਮ ਦੇ ਹਿੱਸੇ ਵੀ ਆਇਆ ਸੀ ਪਰ ਉਹਨਾਂ ਵਾਂਗ ਬਿਲਮ ਰਾਏ ਵੀ ਉਹਨੂੰ ਪਚਾਉਣ ਅਤੇ ਆਪਣੀ ਨਿੱਗਰ ਨਿਰਮਾਣਤਾ ਨੂੰ ਕਾਇਮ ਰਖਣ ਵਿਚ ਅਸਮਰਥ ਹੀ ਰਹੇ। ਆਪਣੇ ਆਲੇ-ਦੁਆਲੇ ਵੱਡੇ-ਵੱਡੇ ਅਦਾਕਾਰਾਂ, ਸੇਠਾਂ ਤੇ ਡਿਸਟ੍ਰੀਬਿਊਟਰਾਂ ਦੀ ਭਿਣ-ਭਿਣ ਨੂੰ ਉਹ ਵੀ ਨਹੀਂ ਸਨ ਰੋਕ ਸਕੇ। ਨਤੀਜੇ ਵਜੋਂ ਆਪਣਾ ਯਥਾਰਥਵਾਦੀ ਤੇ ਅਗਾਂਹ-ਵਧੂ ਜ਼ਮੀਰ ਨਾਲ ਉਹ ਵੀ ਸਮਝੌਤੇ ਕਰਨ ਲੱਗ ਪਏ। ਇਤਨਾ ਹੀ ਨਹੀਂ, ਆਪਣੇ ਸਾਥੀਆਂ ਦੀ ਸ਼ਲਾਘਾ ਦਾ ਹਿੱਸਾ ਵੀ ਆਪਣੇ ਪੇਟੇ ਹੀ ਪਾਉਣ ਲੱਗ ਪਏ। ਨਤੀਜੇ ਵਜੋਂ ਸੱਚੇ ਹਿਤ-ਚਿੰਤਕ, ਗੁਣਵਾਨ ਸਾਥੀ ਸਾਥ ਛੱਡ ਗਏ। ਉਹਨਾਂ ਦੀ ਥਾਂ ਮੂਰਖਾਂ ਤੇ ਚਾਪਲੂਸਾਂ ਨੇ ਲੈ ਲਈ। ਤਕਨੀਕ ਦਾ ਪਲੜਾ ਰੋਜ਼ ਬਰੋਜ਼ ਭਾਰਾ ਹੁੰਦਾ ਗਿਆ, ਕਲਾ ਦੀ ਆਤਮਾ ਖੁਰਦੀ ਚਲੀ ਗਈ। ਬਦੇਸ਼ਾਂ ਵਿਚ ਜੋ ਥਾਂ ਬਿਮਲ ਰਾਏ ਨੇ ਬਣਾਈ ਸੀ, ਉਹ ਸਤਿਆਜੀਤ ਰੇਅ ਨੇ ਮੱਲ ਲਈ। ਫੇਰ ਵਪਾਰਕ ਸੂਝ-ਬੂਝ ਤਾਂ ਉਹਨਾਂ ਕੋਲ ਹੈ ਹੀ ਨਹੀਂ ਸੀ, ਆਖਰ ਕਲਾਕਾਰ ਸਨ। ਖਰਚੇ ਤੇ ਅਡੰਬਰ ਵਧਦੇ ਗਏ! ਐਸੇ ਗੋਰਖਧੰਦੇ ਵਿਚ ਫਸਦੇ ਗਏ, ਜਿਸ ਵਿਚੋਂ ਨਿਕਲਣ ਦਾ ਰਾਹ ਕਿਸੇ ਨੂੰ ਘਟ ਵਧ ਹੀ ਲੱਭਦਾ ਹੈ। ਅਖੀਰ, ਸੁਖ-ਸ਼ਾਂਤੀ, ਸਿਹਤ, ਸਭ ਨੇ ਜਵਾਬ ਦੇ ਦਿਤਾ ਅਤੇ ਪਚਵੰਜਾ ਸਾਲ ਦੀ ਛੋਟੀ ਉਮਰ ਵਿਚ ਹੀ ਅਕਾਲ ਚਲਾਣਾ ਕਰ ਗਏ। ਫਿਲਮ ਇੰਡਸਟਰੀ ਲਈ ਇਹ ਬਹੁਤ ਵੱਡਾ ਦੁਖਾਂਤ ਸੀ। ਉਹਨਾਂ ਦੇ ਜਾਣ ਨਾਲ ਇਕ ਖਲਾਅ ਜਿਹਾ ਪੈਦਾ ਹੋ ਗਿਆ ਸੀ ਜਿਸ ਨੂੰ ਅਜੇ ਤਕ ਪੂਰਿਆ ਨਹੀਂ ਜਾ ਸਕਿਆ। ਉਹਨਾਂ ਜਿਹੇ ਅਲੋਕਾਰ ਫਿਲਮਸਾਜ਼ ਰੋਜ਼-ਰੋਜ਼ ਪੈਦਾ ਨਹੀਂ ਹੁੰਦੇ।








***ਖੱਬਿਓਂ: ਬਲਰਾਜ ਸਾਹਨੀ, ਬਿਮਲ ਰਾਏ ਅਤੇ 'ਦੋ ਬਿਘਾ ਜ਼ਮੀਨ' ਦਾ ਪੋਸਟਰ।***

ਸ਼ੁਹਰਤ ਮੈਨੂੰ ਵੀ 'ਦੋ ਬਿਘਾ ਜ਼ਮੀਨ' ਨੇ ਖੂਬ ਦਿਵਾਈ। ਬੇਸੁਧ ਦੁਨੀਆਂ ਨੂੰ ਅਚਨਚੇਤ ਚੇਤਾ ਆ ਗਿਆ ਕਿ ਮੈਂ ਸ਼ਾਂਤੀ ਨਿਕੇਤਨ ਵਿਚ ਅਧਿਆਪਕ ਤੇ ਲੰਡਨ ਵਿਚ ਬੀ. ਬੀ. ਸੀ. ਦਾ ਅਨੌਂਸਰ ਰਹਿ ਚੁੱਕਾ ਸਾਂ। ਹੁਣ ਤਕ ਫਜ਼ੀਤੀ ਦੇ ਡਰ ਮਾਰਿਆਂ ਮੈਂ ਕਦੇ ਇਹਨਾਂ ਗੱਲਾਂ ਦਾ ਜ਼ਿਕਰ ਨਹੀਂ ਸੀ ਕੀਤਾ। ਉਹੀ ਅਖੌਤ ਕਿ 'ਜਿਹਦੇ ਪੱਲੇ ਦਾਣੇ, ਉਹਦੇ ਕਮਲੇ ਵੀ ਸਿਆਣੇ'।

ਕਈ ਅਕਲਾਂ ਦੇ ਕੋਠੇ ਮੈਨੂੰ ਇਨਕਲਾਬੀ ਖੰਭ ਵੀ ਲਾਉਣ ਲੱਗ ਪਏ। ਲਖਪਤੀ ਬਾਪ ਦਾ ਬੇਟਾ, ਜਿਹਦਾ ਦਿਲ ਗਰੀਬਾਂ ਤੇ ਸਿਰਫ ਗਰੀਬਾਂ ਲਈ ਹੀ ਧੜਕਦਾ ਹੈ। ਉਹ ਪੈਸੇ ਦੇ ਲਾਲਚ ਵਜੋਂ ਨਹੀਂ, ਫਿਲਮੀ ਦੁਨੀਆਂ ਨੂੰ ਇਨਕਲਾਬੀ ਮੋੜ ਦੇਣ ਲਈ ਮੈਦਾਨ ਵਿਚ ਉਤਰਿਆ ਹੈ। ਉਹ ਸਿਰਫ ਉਹਨਾਂ ਫਿਲਮਾਂ ਵਿਚ ਕੰਮ ਕਰਦਾ ਹੈ, ਜੋ ਮਿਹਨਤਕਸ਼ ਅਵਾਮ ਦੀ ਆਵਾਜ਼, ਸੱਚ, ਹੱਕ ਤੇ ਇਨਸਾਫ ਦੀ ਵੰਗਾਰ ਹੋਣ। ਤੇ ਲੁਤਫ ਦੀ ਗੱਲ ਇਹ ਕਿ ਜੋ ਤਸਵੀਰ ਮੇਰੀ ਅਖਬਾਰਾਂ ਨੇ ਖਿਚਣੀ ਸ਼ੁਰੂ ਕੀਤੀ, ਮੈਂ ਅਚਿੰਤੇ ਉਸੇ ਉਪਰ ਆਪਣੇ ਆਪ ਨੂੰ ਢਾਲਣ ਵੀ ਸ਼ੁਰੂ ਕਰ ਦਿਤਾ।

ਪਰ ਪੈਸੇ ਦੇ ਪੱਖੋਂ ਮੈਂ 'ਹਮ ਲੋਗ' ਵਾਂਗ 'ਦੋ ਬਿਘਾ ਜ਼ਮੀਨ' ਮਗਰੋਂ ਵੀ ਠੰਨ-ਠੰਨ ਗੋਪਾਲ ਹੀ ਰਿਹਾ। ਲਗਭਗ ਛੇ ਮਹੀਨੇ ਬੇਰੁਜ਼ਗਾਰੀ ਰਹੀ। ਜਦੋਂ ਕਦੇ ਕੰਮ ਦੀ ਭਾਲ ਵਿਚ ਸਟੂਡੀਓਆਂ ਦੇ ਗੇੜੇ ਮਾਰਦਾ, ਲੋਕਾਂ ਦੀਆਂ ਨਜ਼ਰਾਂ ਮੈਨੂੰ ਵਿੰਨ੍ਹਦੀਆਂ ਪ੍ਰਤੀਤ ਹੁੰਦੀਆਂ। ਜੇਲ੍ਹ 'ਚੋਂ ਲਿਆਂਦੀ ਪੇਚਸ਼ ਦੀ ਸੁਗਾਤ ਕਾਰਨ ਸਿਹਤ ਪਹਿਲਾਂ ਹੀ ਮਾਸ਼ਾਅੱਲਾ ਸੀ ਜੋ ਘਰ ਵਿਹਲੇ ਬਹਿ-ਬਹਿ ਕੇ ਹੋਰ ਵੀ ਨਿੱਘਰ ਗਈ। ਹੱਥਾਂ ਪੈਰਾਂ ਦੀਆਂ ਉਂਗਲਾਂ ਵਿਚ ਐਗਜ਼ੀਮੇ (ਖਾਰਸ਼) ਦਾ ਪੂਰਨ ਉਦਘਾਟਨ ਹੋ ਗਿਆ। ਇਹ ਸੋਚ ਕੇ ਵੀ ਡੋਬੂ ਪੈਂਦੇ ਕਿ ਕਿਤੇ ਮੇਰੇ ਨਾਂ ਨਾਲ ਲੱਗਾ 'ਕਮਿਊਨਿਸਟ' ਵਿਸ਼ੇਸ਼ਣ ਹੀ ਤਾਂ ਨਹੀਂ ਨਿਰਮਾਤਾਵਾਂ ਨੂੰ ਭੈਭੀਤ ਕਰ ਰਿਹਾ। ਅੰਤ ਖੁਦਾ-ਖੁਦਾ ਕਰਕੇ ਇਕ ਕਾਂਟਰੈਕਟ ਨਸੀਬ ਹੋ ਈ ਗਿਆ। ਉਸ ਫਿਲਮ ਦਾ ਨਾਂ ਸੀ 'ਬਾਜੂਬੰਦ'। ਰਾਮਾਨੰਦ ਸਾਗਰ ਨੇ ਨਿਰਦੇਸ਼ਕ ਕੀਤਾ ਸੀ। ਮੇਰਾ ਰੋਲ ਤਾਂ ਨਾਇਕ ਦਾ ਸੀ ਪਰ ਕਾਰੇ ਖਲਨਾਇਕ ਵਰਗੇ। ਇਕ ਐਸਾ ਸ਼ਰਾਬੀ-ਕਬਾਬੀ ਧਨੀ ਜੋ ਇਕ ਕੰਜਰੀ ਦੇ ਹੁਸਨ ਦਾ ਗੁਲਾਮ ਹੋ ਕੇ ਆਪਣੀ ਸੁਯੋਗ ਸੁਸ਼ੀਲ ਪਤਨੀ ਨੂੰ ਤਸੀਹੇ ਦੇਂਦਾ ਹੈ।

---

ਇਕ ਦਿਨ ਸੈੱਟ ਉਤੇ ਅਚਨਚੇਤ ਬਿਮਲ ਤਸ਼ਰੀਫ ਲੈ ਆਏ, ਜਿਵੇਂ ਕਦੇ 'ਹਮ ਲੋਗ' ਦੇ ਸੈੱਟ ਉਤੇ ਆਏ ਸਨ। ਬਨੌਟੀ ਨਸ਼ੇ ਵਿਚ ਗਿੱਠ ਭਰ ਮੂੰਹ ਲਮਕਾ ਕੇ ਮੈਂ ਕੰਜਰੀ ਦਾ ਨਾਚ ਵੇਖ ਰਿਹਾ ਸਾਂ। ਬਿਮਲ ਨੂੰ ਵੇਖ ਕੇ ਮੈਨੂੰ ਸ਼ਰਮ ਜਿਹੀ ਮਹਿਸੂਸ ਹੋਣ ਲੱਗ ਪਈ।

ਉਹਨਾਂ ਮੇਰੇ ਕੰਨ ਕੋਲ ਆ ਕੇ ਕਿਹਾ, "ਦੋ ਬਿਘਾ ਜ਼ਮੀਨ' ਮਗਰੋਂ ਇਹੋ ਜਿਹੀਆਂ ਫਿਲਮਾਂ ਵਿਚ ਕੰਮ ਕਰਨ ਲਗ ਪਏ ਓ?"

ਮੈਂ ਸੁਣ ਕੇ ਠਠੰਬਰ ਗਿਆ। ਕੋਈ ਜਵਾਬ ਨਾ ਬਣ ਸਕਿਆ ਮੈਥੋਂ। ਪਰ ਅੰਦਰੇ ਅੰਦਰ ਮੇਰਾ ਮਨ ਕੁੜਿੱਤਣ ਨਾਲ ਭਰ ਗਿਆ। ਦੂਸਰੇ ਦੀ ਅਲੋਚਨਾ ਕਰਨਾ ਕਿਤਨਾ ਸੌਖਾ ਹੁੰਦਾ ਹੈ! ਹਰ ਕੋਈ ਦੂਸਰੇ ਤੋਂ ਹੀ ਆਦਰਸ਼ ਇਨਸਾਨ ਤੇ ਕੁਰਬਾਨੀ ਦਾ ਮੁਜੱਸਮਾ ਬਣਨ ਦੀ ਉਮੈਦ ਕਰਦਾ ਹੈ। ਮੁਸ਼ਕਲਾਂ ਨਾਲ ਮੇਰਾ ਦਾਣਾ-ਪਾਣੀ ਫੇਰ ਤੁਰਿਆ ਸੀ। ਉਸ ਵੇਲੇ ਮੇਰੀ ਨਜ਼ਰ ਵਿਚ 'ਬਾਜੂਬੰਦ' ਦੀ ਕੀਮਤ 'ਦੋ ਬਿਘਾ ਜ਼ਮੀਨ' ਨਾਲੋਂ ਸੌ ਗੁਣਾਂ ਵਧੀਕ ਸੀ। ਉਸ ਦੇ ਸਹਾਰੇ ਮੇਰੇ ਬੱਚਿਆਂ ਦਾ ਪੇਟ ਪਲਦਾ ਸੀ। ਕੀ ਬਿਮਲ ਨੂੰ ਇਹੋ ਜਿਹਾ ਵਿਅੰਗ ਕਰਨਾ ਵਾਜਬ ਸੀ, ਜਦ ਆਪ ਉਹਨਾਂ ਮੇਰੀ ਬਾਤ ਨਹੀਂ ਸੀ ਪੁੱਛੀ?



***ਫਿਲਮ 'ਦੋ ਬਿਘਾ ਜ਼ਮੀਨ' ਦੇ ਇਕ ਦ੍ਰਿਸ਼ ਵਿਚ ਬਲਰਾਜ ਸਾਹਨੀ।***

ਕੀ ਪਤਾ, ਵਿਅੰਗ ਨਾ ਕੀਤਾ ਹੋਵੇ। ਕੀ ਪਤਾ, ਮੇਰੇ ਵਾਂਗ ਬਿਮਲ ਵੀ ਆਪਣੇ ਆਪ ਨੂੰ ਲੋਕਾਂ ਦੀਆਂ ਨਜ਼ਰਾਂ ਨਾਲ ਵੇਖਣ ਲਗ ਪਏ ਹੋਣ। ਜਿਵੇਂ ਇਨਕਲਾਬੀ ਫਿਲਮ ਨਹੀਂ ਬਣਾਈ ਸਗੋਂ ਸੱਚਮੁੱਚ ਇਨਕਲਾਬ ਕੀਤਾ ਹੋਵੇ। ਥੋੜ੍ਹਾ ਚਿਰ ਪਹਿਲਾਂ ਇਕ ਹੋਰ ਬੰਗਾਲੀ ਨਿਰਦੇਸ਼ਕ ਹੇਮੇਨ ਗੁਪਤਾ ਨੇ 'ਆਨੰਦ ਮੱਠ' ਬਣਾਈ ਸੀ। ਅੰਗਰੇਜ਼ ਦੇ ਜ਼ਮਾਨੇ ਵਿਚ ਹੇਮੇਨ ਗੁਪਤਾ ਆਪ ਪਿਸਤੌਲਬਾਜ਼ ਇਨਕਲਾਬੀ ਰਹਿ ਚੁੱਕੇ ਸਨ। '1942' ਅਤੇ 'ਭੂਲੀ ਨਾਈ' ਵਰਗੀਆਂ ਮਾਅਰਕੇ ਦੀਆਂ ਫਿਲਮਾਂ ਬੰਗਾਲੀ ਜ਼ਬਾਨ ਵਿਚ ਬਣਾਉਣ ਮਗਰੋਂ ਉਹ ਬੰਬਈ ਆਏ ਸਨ। 'ਆਨੰਦ ਮੱਠ' ਬੰਕਿਮ ਚੰਦਰ ਚੈਟਰਜੀ ਦੇ ਨਾਵਲ ਉਪਰ ਆਧਾਰਤ ਸੀ। ਉਹ ਵੀ ਇਨਕਲਾਬੀ ਤਹਿਰੀਕ ਬਾਰੇ ਲਿਖਿਆ ਹੋਇਆ ਨਾਵਲ ਹੈ। ਹੇਮੇਨ ਗੁਪਤਾ ਨੇ ਉਸ ਫਿਲਮ ਦੀ ਸ਼ੂਟਿੰਗ ਨੂੰ ਵੀ ਇਨਕਲਾਬੀ ਮਹਾਯੱਗ ਬਣਾ ਦਿੱਤਾ ਸੀ। ਅਦਾਕਾਰੀ ਦੀ ਜਾਨ ਨੂੰ ਖਤਰੇ ਵਿਚ ਪਾ ਕੇ ਸ਼ਾਟ ਲੈਂਦਿਆਂ ਉਹਨਾਂ ਨੂੰ ਇੰਜ ਮਹਿਸੂਸ ਹੁੰਦਾ ਸੀ, ਆਪਣੇ ਦੇਸ਼-ਬਲਿਦਾਨੀ ਬੀਤੇ ਨੂੰ ਫੇਰ ਜੀਊਂ ਰਹੇ ਹੋਣ। ਉਘੇ ਅਦਾਕਾਰਾਂ ਉਤੇ ਤਾਂ ਉਸ ਜੋਸ਼ ਦਾ ਪ੍ਰਭਾਵ ਨਹੀਂ ਸੀ ਪੈਂਦਾ, ਪਰ ਪੈਸੇ ਦੀ ਮਜਬੂਰੀ ਛੋਟੇ ਅਦਾਕਾਰਾਂ ਤੇ ਐਕਸਟਰਾਵਾਂ ਨੂੰ ਜ਼ਰੂਰ ਉਹਨਾਂ ਦਾ ਆਗਿਆਕਾਰੀ ਬਣਾ ਦੇਂਦਾ ਸੀ। ਉਹ ਉਹਨਾਂ ਤੋਂ ਆਪਣੇ ਹੁਕਮ ਉਤੇ ਮਰ ਮਿਟਣ ਦੀ ਉਵੇਂ ਹੀ ਆਸ ਕਰਦੇ ਸਨ, ਜਿਵੇਂ ਨੈਪੋਲੀਅਨ ਆਪਣੇ ਸਿਪਾਹੀਆਂ ਤੋਂ ਕਰਦਾ ਸੀ। ਤਿੰਨ-ਚਾਰ ਐਕਸਟਰਾ ਤਾਂ ਸੱਚਮੁੱਚ ਮਰ ਮਿਟੇ ਸਨ। 'ਦੋ ਬਿਘਾ ਜ਼ਮੀਨ' ਵਿਚ ਕੰਮ ਕਰਨ ਮਗਰੋਂ ਮੈਂ ਵੀ ਤਾਂ ਨਹੀਂ ਸਾਂ ਕਿਤੇ, ਬਿਮਲ ਦੀਆਂ ਨਜ਼ਰਾਂ ਵਿਚ, ਕਿਸੇ ਮਹਾ-ਯੱਗ ਲਈ ਵਕਫ ਹੋ ਗਿਆ? ਦੇਸ਼ ਉਹਨਾਂ ਨੂੰ ਯਥਾਰਥਵਾਦੀ ਕਲਾ ਦਾ ਇਸ਼ਟ-ਦੇਵ ਮਿੱਥ ਚੁਕਾ ਸੀ। ਫੇਰ, ਮੈਨੂੰ ਉਹਨਾਂ ਦੇ ਚਰਨਾਂ ਤੋਂ ਦੂਰ ਜਾਣ ਦਾ ਕੀ ਹੱਕ?

ਅਖਾਣ ਅਨੁਸਾਰ, ਸ਼ਬਦ ਦਾ ਫੱਟ ਮੁਸ਼ਕਲ ਨਾਲ ਮੌਲਦਾ ਹੈ; ਯਕੀਨਨ ਬਿਮਲ ਨੇ ਉਹ ਸ਼ਬਦ ਸਹਿਜ ਭਾਵ ਨਾਲ ਕਹੇ ਸਨ ਪਰ ਫੇਰ ਵੀ ਮੈਂ ਉਹਨਾਂ ਨੂੰ ਮਾਫ ਨਾ ਕਰ ਸਕਿਆ। ਮੇਰੀ ਮਨੋਦਸ਼ਾ ਹੀ ਕੁਝ ਐਸੀ ਸੀ। ਇੰਡੀਅਨ ਪੀਪਲਜ਼ ਥੀਏਟਰ ਅਤੇ ਕਮਿਊਨਿਸਟ ਪਾਰਟੀ ਨਾਲੋਂ ਟੁੱਟ ਕੇ ਜੀਵਨ ਬੇਮੁਹਾਰ ਸੀ। ਉਤੋਂ ਪੁਲਿਸ ਦੀਆਂ ਤੁੱਖਣੀਆਂ, ਜਿਨ੍ਹਾਂ ਵਿਚ ਮੈਨੂੰ ਮੁਖਬਿਰ ਬਣਾਉਣ ਦੀ ਕੋਸ਼ਿਸ਼ ਵੀ ਸ਼ਾਮਲ ਸੀ। ਤੇ ਸਾਥੀਆਂ ਦੇ ਟੋਕਾਂ ਮਾਰਨ ਦੇ ਅਧਿਕਾਰ ਦੀ ਦੁਰਵਰਤੋਂ ਨੇ ਬੇਜ਼ਾਰ ਕੀਤਾ ਹੋਇਆ ਸੀ। ਫਿਲਮਾਂ ਦੇ ਘਟੀਆ ਮਾਹੌਲ ਦੀ ਤਲਖੀ ਵੱਖਰੀ।

ਬਿਮਲ ਰਾਏ ਦੇ ਆਉਣ ਤੋਂ ਪਹਿਲਾਂ ਅਨਵਰ ਹੁਸੈਨ ਫਿਲਮ ਲਾਈਨ ਦੇ ਅਤੀ ਦੁਖਾਵੇਂ ਕਿੱਸੇ ਸੁਣਾ ਰਿਹਾ ਸੀ। ਉਹਨਾਂ ਵਿਚੋਂ ਇਕ ਮੈਨੂੰ ਅਜੇ ਤੀਕ ਯਾਦ ਹੈ। ਮੀਨਾ ਕੁਮਾਰੀ ਨੇ ਇਕ ਉਘੇ ਫਿਲਮ ਨਿਰਮਾਤਾ-ਨਿਰਦੇਸ਼ਕ ਦੀ ਫਿਲਮ 'ਸਾਈਨ' ਕੀਤੀ। ਸ਼ੂਟਿੰਗ ਦੇ ਪਹਿਲੇ ਦਿਨ ਹੀ ਲੰਚ ਵੇਲੇ ਟੇਬਲ ਹੇਠਾਂ ਸਾਹਿਬ ਨੇ ਮੀਨਾ ਕੁਮਾਰੀ ਦੇ ਪੈਰ ਉਤੇ ਪੈਰ ਧਰ ਦਿੱਤਾ (ਇਹੋ ਜਿਹੀਆਂ ਕੋਸ਼ਿਸ਼ਾਂ ਨਿਰਮਾਤਾ-ਨਿਰਦੇਸ਼ਕ ਆਪਣਾ ਹੱਕ ਸਮਝਦੇ ਹਨ। ਇੰਡਸਟਰੀ ਵਿਚ ਆਮ ਮਸ਼ਹੂਰ ਹੈ ਕਿ ਕਿਸੇ ਨਾ ਕਿਸੇ ਦੀਆਂ ਟੰਗਾਂ ਹੇਠੋਂ ਲੰਘੇ ਬਿਨਾਂ ਘਟ ਵਧ ਹੀ ਕੋਈ ਨਵੀਂ ਕੁੜੀ ਨਾਇਕਾ ਬਣਨ ਦੀ ਆਸ ਕਰ ਸਕਦੀ ਹੈ। ਕਈ ਤਾਂ ਲਾਰਿਆਂ ਉਤੇ ਇਤਬਾਰ ਕਰਕੇ ਹੀ ਆਪਣਾ ਆਪ ਬਰਬਾਦ ਕਰ ਬਹਿੰਦੀਆਂ ਹਨ)। ਮੀਨਾ ਕੁਮਾਰੀ ਕੋਈ ਛੋਟੀ ਮੋਟੀ ਹਸਤੀ ਨਹੀਂ ਸੀ। ਉਹਨੇ ਅਪਮਾਨਿਤ ਮਹਿਸੂਸ ਕੀਤਾ, ਤੇ ਅਲੱਗ ਲੈ ਜਾ ਕੇ ਸ਼ਰੀਫਾਂ ਵਾਂਗ ਪੇਸ਼ ਆਉਣ ਦੀ ਦਰਖਾਸਤ ਕੀਤੀ। ਬਦਲਾ ਲੈਣ ਲਈ ਨਿਰਮਾਤਾ ਨੇ ਇਕ ਐਸਾ ਸੀਨ ਲਿਖਾਇਆ ਜਿਸ ਵਿਚ ਨਾਇਕ ਨਾਇਕਾ ਨੂੰ ਕੱਸ ਕੇ ਚਪੇੜ ਮਾਰਦਾ ਹੈ। ਇਕੱਤੀ ਰੀਟੇਕ ਲਏ ਉਸ ਦੇ। ਤੇ ਨਾਇਕ ਵੀ ਕੋਈ ਮਾਮੂਲੀ ਅਦਾਕਾਰ ਨਹੀਂ ਸੀ। ਪਹਿਲੇ ਨੰਬਰ ਦਾ ਫਿਲਮੀ ਕਲਾਕਾਰ। ਹਿੰਦੁਸਤਾਨ ਦੀਆਂ ਲੱਖਾਂ ਕੁੜੀਆਂ ਉਸ ਦੇ ਨਾਂ ਨੂੰ ਪੂਜਦੀਆਂ, ਤੇ ਫੋਟੋ ਸਾਹਮਣੇ ਰਖ ਕੇ ਹਉਕਾ ਭਰਦੀਆਂ ਸਨ। ਨਾਇਕ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਚਪੇੜਾਂ ਕਿਉਂ ਮਰਵਾਈਆਂ ਜਾ ਰਹੀਆਂ ਸਨ। ਫੇਰ ਵੀ, ਮਰਦ ਦਾ ਪੁੱਤਰ ਮਾਰਦਾ ਹੀ ਗਿਆ। ਇਕੱਤੀ ਚਪੇੜਾਂ। ਮੀਨਾ ਕੁਮਾਰੀ ਨੇ ਉਫ ਨਹੀਂ ਕੀਤੀ। 'ਸ਼ਾਟ' ਮੁਕਾ ਕੇ ਮੇਕ-ਅਪ-ਰੂਮ ਵਿਚ ਗਈ, ਤੇ ਰੋਈ। ਇਕ ਗੱਲ ਹੋਰ ਯਾਦ ਆਉਂਦੀ ਹੈ। ਉਸ ਵੇਲੇ ਮੈਨੂੰ ਗਦਰੀ ਬਾਬਾ ਗੁਰਮੁਖ ਸਿੰਘ ਬਹੁਤ ਯਾਦ ਆਏ ਸਨ। ਜੇਲ੍ਹ 'ਚੋਂ ਉਮਰ-ਕੈਦ ਕੱਟ ਕੇ ਰਿਹਾ ਹੋਣ ਮਗਰੋਂ ਉਹ ਬੰਬਈ ਕਮਿਊਨਿਸਟ ਪਾਰਟੀ ਦੇ ਦਫਤਰ ਆ ਕੇ ਠਹਿਰੇ ਸਨ। ਇਕ ਕਾਮਰੇਡ ਮੈਨੂੰ ਉਹਨਾਂ ਦੇ ਦਰਸ਼ਨ ਕਰਾਉਣ ਲੈ ਗਿਆ ਸੀ। ਮੇਰੇ ਵਲ ਉਹਨਾਂ ਘੂਰ ਕੇ ਵੇਖਿਆ ਸੀ, ਤੇ ਕਿਹਾ ਸੀ, "ਓਏ ਬਲਰਾਜ, ਤੂੰ ਪੰਜਾਬੀ! ਪੰਜਾਬ ਕਿਉਂ ਨਹੀਂ ਜਾਂਦਾ? ਏਥੇ ਕੀ ਕਰ ਰਿਹਾ ਏਂ?"

ਮੈਂ ਉਹਨਾਂ ਦੀ ਗੱਲ ਨੂੰ ਹੱਸ ਕੇ ਗੁਆ ਛਡਿਆ ਸੀ। ਬੰਬਈ-ਸ਼ਾਖਾ ਦਾ ਜਨਰਲ ਸਕੱਤਰ ਹੋਣ ਕਰਕੇ ਮੈਂ ਬਦੋਬਦੀ ਕੁਲ-ਹਿੰਦ ਇਪਟਾ ਦਾ ਲੀਡਰ ਬਣਿਆ ਫਿਰਦਾ ਸਾਂ। ਪਰ ਉਹੀ ਸਵਾਲ ਮੇਰੇ ਮਨ ਵਿਚ ਬਾਰ-ਬਾਰ ਉੱਠਿਆ। ਪੰਜਾਬ ਜਾ ਕੇ ਫੇਰ ਕਿਉਂ ਵਾਪਸ ਆ ਗਿਆ ਮੈਂ ਇਸ ਕੁਲਹਿਣੀ ਨਗਰੀ ਵਿਚ? ਕਿਉਂ ਨਾ ਨੱਠ ਜਾਵਾਂ? ਆਪਣੇ ਲੋਕ, ਆਪਣੀ ਬੋਲੀ, ਆਪਣਾ ਅੰਨ-ਪਾਣੀ। ਪਰ ਉਥੇ ਜਾ ਕੇ ਕਰਾਂਗਾ ਕੀ? ਉਥੇ ਤਾਂ ਏਥੋਂ ਨਾਲੋਂ ਵੀ ਬੁਰੇ ਹਾਲ ਸਨ। ਮੇਰਾ ਭਰਾ ਭੀਸ਼ਮ (ਸਾਹਨੀ) ਥਾਂ-ਥਾਂ ਧੱਕੇ ਖਾ ਰਿਹਾ ਸੀ। ਰਾਜਬੰਸ, ਰਾਜਿੰਦਰ ਸਿੰਘ ਬੇਦੀ, ਸਾਹਿਰ ਲੁਧਿਆਣਵੀ ਤੇ ਕਿਤਨੇ ਹੋਰ ਸਾਥੀ ਰੁਜ਼ਗਾਰ ਦੀ ਭਾਲ ਵਿਚ ਬੰਬਈ ਨੱਠੇ ਆਉਂਦੇ ਸਨ। ਮੇਰਾ ਤਾਂ ਫੇਰ ਵੀ ਕਿਸੇ ਨਾ ਕਿਸੇ ਮਾਤਰਾ ਵਿਚ ਨਹੁੰ ਅੜਿਆ ਹੋਇਆ ਸੀ। ਮਾਰਦੀ ਰਹੇ ਦੁਨੀਆਂ ਟੋਕਾਂ। ਪਹਿਲਾ ਕੰਮ ਆਰਥਿਕ ਤੌਰ 'ਤੇ ਸੁਤੰਤਰ ਹੋਣਾ ਹੈ। ਉਸ ਬਿਨਾਂ ਚਾਰਾ ਨਹੀਂ। ਤੇ ਉਸ ਲਈ ਆਪਣੇ ਕੰਮ ਵਿਚ ਮੁਹਾਰਤ ਹਾਸਲ ਕਰਨੀ ਪਏਗੀ। ਹੋਰ ਮਿਹਨਤ ਕਰਨੀ ਪਏਗੀ। ਫਿਲਮਾਂ ਵਿਚ ਜੀਅ ਲਗਦਾ ਹੈ ਭਾਵੇਂ ਨਹੀਂ, ਮਾਹੌਲ ਭਾਵੇਂ ਕਿਹੋ ਜਿਹਾ ਹੈ, ਮੈਂ ਕਾਮਯਾਬ ਹੋ ਕੇ ਵਿਖਾਉਣਾ ਹੈ। ਪੰਜਾਬ ਨੂੰ ਯਾਦ ਕਰਨਾ ਭਜਾਕਲਪਣੇ ਤੋਂ ਛੁੱਟ ਹੋਰ ਕੁਝ ਨਹੀਂ।

---

ਕਹਿ ਨਹੀਂ ਸਕਦਾ ਕਿ ਮਨ ਦੇ ਤਰਕ-ਵਿਤਰਕ ਕਿਤਨੇ ਕੁ ਸੱਚੇ ਸਨ, ਕਿਉਂਕਿ ਉਸ ਪਿਛੋਂ ਹਾਲਾਤ ਬਹੁਤ ਛੇਤੀ ਖੁਸ਼-ਗਵਾਰ ਹੋਣੇ ਸ਼ੁਰੂ ਹੋ ਗਏ ਸਨ। ਕਮਿਊਨਿਸਟ ਪਾਰਟੀ ਨੇ ਆਪਣੀ ਨਹਿਰੂ-ਵਿਰੋਧੀ ਪਾਲਿਸੀ ਬਦਲ ਦਿੱਤੀ ਸੀ। ਮੇਰੇ ਜਿਹਾਂ ਦੇ ਮੂੰਹ ਤੋਂ ਵਰਗ-ਵੈਰੀ ਤੇ ਗਦਾਰ ਹੋਣ ਦਾ ਦਾਗ ਪੂੰਝਿਆ ਗਿਆ। ਲਗਭਗ ਉਸੇ ਵੇਲੇ ਇਕੋ ਸਾਹੇ ਚਾਰ-ਪੰਜ ਹੋਰ ਫਿਲਮਾਂ ਦੇ ਕਾਂਟਰੈਕਟ ਮਿਲ ਗਏ - 'ਔਲਾਦ', 'ਟਕਸਾਲ', 'ਆਕਾਸ਼', 'ਰਾਹੀ'। ਕਮ-ਸੇ-ਕਮ ਅਗਲੇ ਚਾਰ-ਪੰਜ ਸਾਲ ਜੀਵਨ ਸੌਖਾ-ਸੁਖਾਲਾ ਸੀ। ਮੈਂ ਆਪਣੇ ਢੰਗ ਜੀਅ ਸਕਦਾ ਸਾਂ। ਜੇ ਚਾਹਾਂ ਤਾਂ ਅਗਾਂਹ-ਵਧੂ ਤਹਿਰੀਕ ਨਾਲ ਫੇਰ ਰਿਸ਼ਤਾ ਜੋੜ ਸਕਦਾ ਸਾਂ। ਫਿਲਮਾਂ ਦੇ ਘਟੀਆ ਮਾਹੌਲ ਨੂੰ ਚੰਗੇਰਾ ਬਣਾਉਣ ਲਈ ਜੂਝ ਸਕਦਾ ਸਾਂ।

ਪਰ ਇਤਨੀ ਬਹਾਦਰੀ ਮੇਰੇ ਅੰਦਰ ਕਿਥੇ? ਕਾਮਯਾਬੀ ਮਗਰੋਂ ਮੇਰੀ ਕਿਸਮਤ ਵਿਚ ਵੀ ਜ਼ਮੀਰ ਨਾਲ ਸਮਝੌਤਾ ਕਰਨਾ ਹੀ ਲਿਖਿਆ ਹੋਇਆ ਸੀ। ਬਿਮਲ ਨੇ ਵਿਅੰਗ ਕੀਤਾ ਵਕਤ ਤੋਂ ਪਹਿਲਾਂ, ਪਰ ਕੀਤਾ ਠੀਕ ਹੀ।


Tel.: 317-426-5410
Ext 311 or 340
XPressCargo
Cell : 317-701-4230
Fax : 317-308-6424
Pay Every Week
Single upto 42 Cent + Team Upto 50 Cent
100%
OWNER OPERATOR
COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com